ੴ ਵਾਹਿਗੁਰੂ ਜੀ ਕੀ ਫ਼ਤਹਿ॥

## ਧਾਰਮਿਕ ਪ੍ਰੀਖਿਆ

ਲਈ ਨਿਰਧਾਰਿਤ ਪੁਸਤਕ

# ਗੁਰਮਤਿ ਗਿਆਨ

## ਦਰਜਾ - ਦੂਜਾ

ਲੇਖਕ :
ਡਾ. ਇੰਦਰਜੀਤ ਸਿੰਘ ਗੋਗੋਆਣੀ
*(ਐਮ.ਏ. ਧਰਮ ਅਧਿਐਨ, ਪੰਜਾਬੀ, ਸੰਗੀਤ, ਪੀਐਚ.ਡੀ.)*

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ, (ਸ਼੍ਰੋ: ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ :
ਸਕੱਤਰ, ਧਰਮ ਪ੍ਰਚਾਰ ਕਮੇਟੀ
(ਸ਼੍ਰੋ: ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ।

ਪਹਿਲੀ ਐਡੀ:
ਸਤੰਬਰ ੨੦੧੨ - ੧੫,੦੦੦
ਦੂਜੀ ਐਡੀ:
ਮਈ ੨੦੧੩ - ੨੦,੦੦੦
ਤੀਜੀ ਐਡੀ:
ਅਗਸਤ ੨੦੧੪ - ੨੦,੦੦੦

ਛਾਪਕ :
ਗੋਲਡਨ ਆਫ਼ਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

# (ਦਰਜਾ-ਦੂਜਾ)

**ਨੀਯਤ ਕੀਤੇ ਨਵੇਂ ਸਿਲੇਬਸ ਅਨੁਸਾਰ :**

ਪਰਚਾ ਪਹਿਲਾ-ਗੁਰ ਇਤਿਹਾਸ ਤੇ ਗੁਰਬਾਣੀ

**ਸਮਾਂ 3 ਘੰਟੇ** **ਕੁਲ ਅੰਕ 100**

(ੳ) ਛੇਵੇਂ ਪਾਤਸ਼ਾਹ ਜੀ ਤੋਂ ਦਸਵੇਂ ਪਾਤਸ਼ਾਹ ਜੀ ਤਕ ਸੰਖੇਪ ਜੀਵਨ ਇਤਿਹਾਸ **40**

(ਅ) ਕੰਠ ਬਾਣੀਆਂ—ਜਪੁ ਜੀ, 10 ਸਵੱਯੇ (ਸ੍ਰਾਵਗ ਸੁੱਧ),
ਅਨੰਦੁ ਸਾਹਿਬ ਪੂਰਾ, ਰਹਰਾਸਿ, ਸੋਹਿਲਾ **20**

(ੲ) ਅਰਥ ਬਾਣੀਆਂ—ਰਹਰਾਸਿ, ਸੋਹਿਲਾ **20**

(ਸ) ਦਸ ਪ੍ਰਸ਼ਨਾਂ ਦੇ ਸੰਖੇਪ ਉੱਤਰ :
ਦਸ ਪ੍ਰਸ਼ਨਾਂ ਦੇ ਸੰਖੇਪ ਉੱਤਰ : ਭਾਗ-ੳ (ਗੁਰ ਇਤਿਹਾਸ)
ਅਤੇ ਭਾਗ-ਅ (ਗੁਰਬਾਣੀ) ਵਿੱਚੋਂ ਹੋਣਗੇ। **20**

# ਤਤਕਰਾ

ਸੰਦੇਸ਼ 5

ਗੁਰਮਤਿ ਗਿਆਨ ਸੰਬੰਧੀ 6

ਛੇਵੇਂ ਪਾਤਸ਼ਾਹ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 7

ਸੱਤਵੇਂ ਪਾਤਸ਼ਾਹ
ਸ੍ਰੀ ਗੁਰੂ ਹਰਿਰਾਇ ਸਾਹਿਬ ਜੀ 25

ਅੱਠਵੇਂ ਪਾਤਸ਼ਾਹ
ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 34

ਨੌਂਵੇਂ ਪਾਤਸ਼ਾਹ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 42

ਦਸਵੇਂ ਪਾਤਸ਼ਾਹ
ਸ੍ਰੀ ਗੁਰੂ ਗੋਬਿੰਦ ਸਿੰਘ ਜੀ 54

ਗੁਰਬਾਣੀ (ਪ੍ਰਸ਼ਨ-ਉੱਤਰ) 75

ਗੁਰਬਾਣੀ ਕੰਠ ਕਰਨ ਲਈ ਅਭਿਆਸ

ਜਪੁ ਜੀ ਸਾਹਿਬ, ਤ੍ਵਪ੍ਰਸਾਦਿ॥ ਸਵੱਯੇ॥ ਪਾ: ੧੦, ਅਨੰਦੁ ਸਾਹਿਬ
ਰਹਰਾਸਿ, ਸੋਹਿਲਾ 85-93

ਪ੍ਰਸ਼ਨ ਪੱਤਰ ਦੀ ਰੂਪ ਰੇਖਾ 94-96

~~~~~~~~~~~~~~~~~~~~
~~~~~~~~~~~~~~~~~~~~

**ੴ ਵਾਹਿਗੁਰੂ ਜੀ ਕੀ ਫ਼ਤਹਿ॥**

# ਸੰਦੇਸ਼

**ਪ੍ਰਧਾਨ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ।**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਦਾ ਹੀ ਯਤਨਸ਼ੀਲ ਰਹੀ ਹੈ। ਇਹ ਜਿਥੇ ਸੰਗਤਾਂ ਨੂੰ ਗੁਰਮਤਿ ਸਮਾਗਮਾਂ/ ਕੈਂਪਾਂ, ਸੈਮੀਨਰਾਂ, ਧਾਰਮਿਕ ਫਿਲਮਾਂ/ਨਾਟਕਾਂ ਰਾਹੀਂ ਗੁਰਮਤਿ ਦੀ ਬਹੁਪੱਖੀ ਜਾਣਕਾਰੀ ਦੇਣ ਲਈ ਕਾਰਜਸ਼ੀਲ ਹੈ, ਉਥੇ ਹੀ ਆਪਣੇ ਧਾਰਮਿਕ ਪ੍ਰੀਖਿਆ ਵਿਭਾਗ ਰਾਹੀਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚਲੇ ਸਰਕਾਰੀ ਅਤੇ ਗ਼ੈਰ-ਸਰਕਾਰੀ ਸਕੂਲਾਂ/ਕਾਲਜਾਂ ਵਿਚ ਦੁਨਿਆਵੀ ਵਿੱਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਧਰਮ ਦੀ ਵਿੱਦਿਆ ਗ੍ਰਹਿਣ ਕਰਵਾਉਣ ਦੇ ਆਸ਼ੇ ਨਾਲ ਇਸ ਪ੍ਰੀਖਿਆ ਰਾਹੀਂ ਗੁਰ-ਇਤਿਹਾਸ, ਸਿੱਖ-ਇਤਿਹਾਸ, ਗੁਰਬਾਣੀ ਅਤੇ ਸਿੱਖ ਰਹਿਤ ਮਰਯਾਦਾ ਨੂੰ ਦ੍ਰਿੜ੍ਹ ਕਰਵਾਉਣ ਲਈ ਚੰਗੀਆਂ ਪ੍ਰਾਪਤੀਆਂ ਕਰ ਰਹੀ ਹੈ। ਧਰਮ ਪ੍ਰਚਾਰ ਕਮੇਟੀ ਹਰ ਸਾਲ ਧਾਰਮਿਕ ਪ੍ਰੀਖਿਆ ਵਿਚੋਂ ਸਫ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ਲੱਖਾਂ ਰੁਪਏ ਵਜ਼ੀਫੇ ਅਤੇ ਪ੍ਰਮਾਣ-ਪੱਤਰ ਦੇ ਕੇ ਨਿਵਾਜਦੀ ਹੈ।

ਸਾਲ 2012 ਵਿਚ ਧਰਮ ਪ੍ਰਚਾਰ ਕਮੇਟੀ ਵਲੋਂ ਧਾਰਮਿਕ ਪਰੀਖਿਆ ਲਈ ਵਿਸ਼ੇਸ਼ ਤੌਰ 'ਤੇ ਦੋ ਪੁਸਤਕਾਂ ਛੇਵੀਂ ਤੋਂ ਅੱਠਵੀਂ ਕਲਾਸ ਤੱਕ (ਗੁਰਮਤਿ ਗਿਆਨ-ਦਰਜਾ ਪਹਿਲਾ) ਅਤੇ ਨੌਵੀਂ ਤੋਂ ਬਾਰ੍ਹਵੀਂ ਕਲਾਸ ਤੱਕ (ਗੁਰਮਤਿ ਗਿਆਨ-ਦਰਜਾ ਦੂਜਾ) ਡਾ. ਇੰਦਰਜੀਤ ਸਿੰਘ ਗੋਗੋਆਣੀ-ਖ਼ਾਲਸਾ ਕਾਲਜ ਅੰਮ੍ਰਿਤਸਰ ਪਾਸੋਂ ਤਿਆਰ ਕਰਵਾਈਆਂ। ਲੇਖਕ ਨੇ ਦੋਵੇਂ ਪੁਸਤਕਾਂ ਬਹੁਤ ਹੀ ਵਧੀਆ ਤੇ ਸਰਲ ਢੰਗ ਨਾਲ ਤਿਆਰ ਕੀਤੀਆਂ ਜੋ ਸਮੂਹ ਵਿਦਿਆਰਥੀਆਂ, ਧਾਰਮਿਕ ਅਧਿਆਪਕਾਂ ਤੇ ਸੰਗਤਾਂ ਵਲੋਂ ਬੇਹੱਦ ਪਸੰਦ ਕੀਤੀਆਂ ਗਈਆਂ। ਇਨ੍ਹਾਂ ਪੁਸਤਕਾਂ ਦੀ ਮੰਗ ਨੂੰ ਮੱਦੇ-ਨਜ਼ਰ ਰੱਖਦਿਆਂ ਧਰਮ ਪ੍ਰਚਾਰ ਕਮੇਟੀ ਵਲੋਂ ਨਵੀਂ ਐਡੀਸ਼ਨ ਛਾਪੀ ਜਾ ਰਹੀ ਹੈ।

ਮੈਂ ਜਿਥੇ ਇਹਨਾਂ ਪੁਸਤਕਾਂ ਦੇ ਲੇਖਕ ਡਾ. ਇੰਦਰਜੀਤ ਸਿੰਘ ਗੋਗੋਆਣੀ ਨੂੰ ਹਾਰਦਿਕ ਵਧਾਈ ਦਿੰਦਾ ਹਾਂ, ਉਥੇ ਹੀ ਸ. ਸਤਬੀਰ ਸਿੰਘ, ਸਕੱਤਰ-ਧਰਮ ਪ੍ਰਚਾਰ ਕਮੇਟੀ ਅਤੇ ਧਾਰਮਿਕ ਵਿਭਾਗ ਦੇ ਸਮੂਹ ਅਮਲੇ ਨੂੰ ਵਧਾਈ ਦਿੰਦਾ ਹਾਂ। ਗੁਰਮਤਿ ਗਿਆਨ ਦਾ ਨਵਾਂ ਐਡੀਸ਼ਨ ਵਿਦਿਆਰਥੀਆਂ ਨੂੰ ਭੇਟ ਕਰਦਿਆਂ ਮੈਂ ਅਪਾਰ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ।

**ਗੁਰੂ ਪੰਥ ਦਾ ਦਾਸ**

**(ਅਵਤਾਰ ਸਿੰਘ)**

# ਗੁਰਮਤਿ ਗਿਆਨ ਸੰਬੰਧੀ

ਗੁਰਮਤਿ ਗਿਆਨ ਦਾ ਸ਼ਾਬਦਿਕ ਅਰਥ ਸਪੱਸ਼ਟ ਹੈ ਕਿ ਸਤਿਗੁਰਾਂ ਦੇ ਸਿਧਾਂਤ ਦਾ ਗਿਆਨ ਜਾਂ ਗੁਰਾਂ ਦੇ ਥਾਪੇ ਧਰਮ ਦੇ ਨਿਯਮਾਂ ਦੀ ਜਾਣਕਾਰੀ। ਅੱਜ ਸਾਡੇ ਪਾਸ ਇਸ ਜਾਣਕਾਰੀ ਦਾ ਮੁੱਖ ਅਧਾਰ ਗੁਰ ਇਤਿਹਾਸ, ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ ਹੈ, ਜਿਸ ਦਾ ਡੂੰਘਾ ਅਧਿਐਨ ਕਰਕੇ ਇਕ ਸਿੱਖ ਦੇ ਮਨ ਵਿਚ, ਗੁਰੂ ਦੇ ਸਿੱਖ ਹੋਣ ਦਾ ਮਾਣ ਪੈਦਾ ਹੁੰਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਆਪਣੇ ਧਰਮ ਤੇ ਵਿਰਸੇ ਪ੍ਰਤੀ ਦ੍ਰਿੜ੍ਹ ਕਰਨ ਲਈ ਹਰ ਸਾਲ ਧਾਰਮਿਕ ਪ੍ਰੀਖਿਆ ਲਈ ਜਾਂਦੀ ਹੈ। ਇਸ ਵਿਚ ਵੱਡੀ ਗਿਣਤੀ ਵਿਚ ਵਿਦਿਆਰਥੀ ਭਾਗ ਲੈਂਦੇ ਹਨ। ਜਦੋਂ ਸਿਲੇਬਸ ਵਿਚ ਸੋਧ ਕਰਕੇ ਨਵਾਂ ਸਿਲੇਬਸ ਨਿਯਤ ਕੀਤਾ ਗਿਆ ਤਾਂ ਇਸ ਸਬੰਧੀ ਛੇਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਤਕ ਦਰਜਾ ਪਹਿਲਾ ਤੇ ਦਰਜਾ ਦੂਜਾ ਲਈ ਸੰਨ 2012 ਵਿਚ ਦੋ ਪੁਸਤਕਾਂ ਲਿਖਣ ਦਾ ਸੁਭਾਗ ਮੈਨੂੰ ਪ੍ਰਾਪਤ ਹੋਇਆ। ਮੈਂ ਵਿਦਿਆਰਥੀਆਂ ਦੇ ਪੱਧਰ ਨੂੰ ਮੁੱਖ ਰੱਖ ਕੇ ਕੋਸ਼ਿਸ਼ ਕੀਤੀ ਹੈ ਕਿ ਸਮੁੱਚੇ ਸਿਲੇਬਸ ਨੂੰ ਸਰਲ, ਸਪੱਸ਼ਟ ਤੇ ਆਮ ਸਮਝਣ ਯੋਗ ਤਰੀਕੇ ਨਾਲ ਹੱਲ ਕੀਤਾ ਜਾਵੇ। ਇਕ ਤਾਂ ਵਿਦਿਆਰਥੀ ਧਾਰਮਿਕ ਵਿੱਦਿਆ ਨੂੰ ਸ਼ੌਂਕ ਨਾਲ ਪੜ੍ਹਨ, ਦੂਸਰਾ ਧਾਰਮਿਕ ਪ੍ਰੀਖਿਆ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਉਤਸ਼ਾਹਤ ਹੋਣ ਅਤੇ ਤੀਸਰਾ ਗੁਰਮਤਿ ਗਿਆਨ ਪ੍ਰਤੀ ਸਪੱਸ਼ਟਤਾ ਵੀ ਹੋਵੇ।

ਇਹ ਵੀ ਸੱਚਾਈ ਹੈ ਕਿ ਅਜੋਕੇ ਯੁੱਗ ਵਿਚ ਵਾਦ-ਵਿਵਾਦ ਤੇ ਦੁਬਿਧਾ ਪੈਦਾ ਕਰਨ ਵਾਲੀ ਨੀਤੀ ਨਾਲੋਂ ਸਮੇਂ ਦੀ ਵੱਡੀ ਲੋੜ ਹੈ ਕਿ ਸਿੱਖ ਵਿਦਿਆਰਥੀਆਂ ਵਿਚ ਸ਼ਰਧਾ-ਭਾਵਨਾ, ਸਿਦਕ, ਸਿਮਰਨ, ਗੁਰਮਤਿ ਗਿਆਨ, ਚੰਗੀ ਵਿਦਿਆ, ਚੰਗੇ ਸੰਸਕਾਰ, ਜੀਵਨ-ਜਾਚ ਤੇ ਸਿੱਖ ਹੋਣ ਦਾ ਮਾਣ ਪੈਦਾ ਕੀਤਾ ਜਾਵੇ। ਇਸ ਲਈ ਅਕਾਦਮਿਕ ਵਿਦਿਆ ਦੇ ਨਾਲ-ਨਾਲ ਗੁਰਮਤਿ ਗਿਆਨ—ਵਿਰਸੇ ਦੇ ਵਾਰਸ ਹੋਣ ਦਾ ਦ੍ਰਿੜ੍ਹ ਵਿਸ਼ਵਾਸ, ਸਵੈ ਦਾ ਵਿਕਾਸ, ਆਤਮ ਪ੍ਰਗਾਸ (ਪ੍ਰਕਾਸ਼) ਅਤੇ ਸਦਾ ਸਦਾ ਵਿਗਾਸ ਪੈਦਾ ਕਰਦਾ ਹੈ। ਇਸ ਮਿਸ਼ਨ ਨੂੰ ਮੁੱਖ ਰੱਖ ਕੇ ਧਰਮ ਪ੍ਰਚਾਰ ਕਮੇਟੀ ਕਾਰਜਸ਼ੀਲ ਹੈ।

ਗੁਰਮਤਿ ਗਿਆਨ (ਦਰਜਾ ਪਹਿਲਾ ਤੇ ਦਰਜਾ ਦੂਜਾ) ਦੋਹਾਂ ਹੀ ਪੁਸਤਕਾਂ ਦੀ ਵਿਦਿਆਰਥੀਆਂ ਤੇ ਧਾਰਮਿਕ ਅਧਿਆਪਕਾਂ ਵਲੋਂ ਭਰਪੂਰ ਪ੍ਰਸ਼ੰਸਾ ਹੋਈ। ਨਵੀਂ ਐਡੀਸ਼ਨ ਦੀ ਪ੍ਰਕਾਸ਼ਨਾ ਲਈ ਮੈਂ ਜਥੇਦਾਰ ਅਵਤਾਰ ਸਿੰਘ ਜੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ. ਸਤਬੀਰ ਸਿੰਘ ਜੀ, ਸਕੱਤਰ-ਧਰਮ ਪ੍ਰਚਾਰ ਕਮੇਟੀ ਦਾ ਅਤਿ ਧੰਨਵਾਦੀ ਹਾਂ। ਇਸ ਦੇ ਨਾਲ ਅਮਲਾ ਧਾਰਮਿਕ ਪਰੀਖਿਆ ਵਿਭਾਗ, ਮੈਨੇਜਰ ਗੋਲਡਨ ਆਫਸੈਟ ਪ੍ਰੈੱਸ ਅਤੇ ਸਮੂਹ ਸਹਿਯੋਗੀ ਗੁਰਮੁਖ ਪਿਆਰਿਆਂ ਦਾ ਵੀ ਧੰਨਵਾਦੀ ਹਾਂ।

**160-ਪ੍ਰਤਾਪ ਐਵੀਨਿਊ, ਅੰਮ੍ਰਿਤਸਰ** — **ਸਤਿਕਾਰ ਸਹਿਤ**
**ਮੋਬਾ. 098159-85559** — **ਡਾ. ਇੰਦਰਜੀਤ ਸਿੰਘ ਗੋਗੋਆਣੀ**

# ਛੇਵੇਂ ਪਾਤਸ਼ਾਹ
# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

***ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥***
***ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥***
***ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ॥***
***ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥***

(ਭਾਈ ਗੁਰਦਾਸ ਜੀ)

ਭਾਵ ਅਰਥ :

* ਛੇਵੇਂ ਪਾਤਸ਼ਾਹ ਜੀ ਨੇ ਪੰਜ ਪਿਆਲੇ (ਸਤ, ਸੰਤੋਖ, ਦਯਾ, ਧਰਮ, ਧੀਰਜ ਦੇ ਪੀਤੇ) ਤੇ ਇਹ ਬਖ਼ਸ਼ਿਸ਼, ਪੰਜ ਪੀਰ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ) ਤੋਂ ਪ੍ਰਾਪਤ ਹੋਈ। ਹੁਣ ਛਠਮ ਪੀਰ—(ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਗੁਰ ਭਾਰੀ (ਵੱਡੇ ਤੇਜ ਪ੍ਰਤਾਪ ਵਾਲੇ) ਮੀਰੀ-ਪੀਰੀ ਦੀਆਂ ਤੇਗਾਂ ਪਹਿਨ ਕੇ ਗੁਰਤਾ ਗੱਦੀ ਉੱਪਰ ਸੁਭਾਇਮਾਨ ਹੋਏ।
* ਇਹ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਆਪਣੀ ਕਾਇਆਂ (ਸਰੀਰ) ਬਦਲ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਰੂਪ ਧਾਰਨ ਕਰ ਲਿਆ।
* ਹੁਣ ਸੋਢੀਆਂ ਦੀ ਪੀੜ੍ਹੀ ਅੱਗੇ ਤੁਰ ਪਈ ਤੇ ਗੁਰੂ ਸਾਹਿਬਾਨ ਵਾਰੋ ਵਾਰੀ ਆਪਣਾ ਰੂਪ ਦਿਖਾਵਣਗੇ ਭਾਵ ਵੱਖ-ਵੱਖ ਜਾਮਿਆਂ ਵਿਚ ਕਲਾ ਵਰਤਾਉਣਗੇ।
* ਚੌਥੀ ਪੰਕਤੀ ਵਿਚ ਭਾਈ ਗੁਰਦਾਸ ਜੀ ਕਥਨ ਕਰਦੇ ਹਨ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਲਿਭੰਜਨ (ਦੁਸ਼ਮਣ ਦੇ ਦਲਾਂ ਨੂੰ ਤੋੜਨ ਵਾਲੇ) ਸੂਰਮੇ, ਵੱਡੇ ਯੋਧੇ ਅਤੇ ਸੰਸਾਰ ਨੂੰ ਸੱਚੇ ਧਰਮ ਦਾ ਉਪਦੇਸ਼ ਦੇਣ ਵਾਲੇ ਮਹਾਨ ਪਰਉਪਕਾਰੀ ਸਤਿਗੁਰੂ ਹਨ।

## ਸੰਖੇਪ ਜੀਵਨ ਦਰਸ਼ਨ—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਮਾਤਾ :— ਮਾਤਾ ਗੰਗਾ ਜੀ

ਪਿਤਾ :—ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਕਾਸ਼ :—19 ਜੂਨ 1595 ਈ.

ਸਥਾਨ :—ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ

ਸੁਪਤਨੀਆਂ :—ਸ੍ਰੀ ਦਮੋਦਰੀ ਜੀ, ਸ੍ਰੀ ਨਾਨਕੀ ਜੀ, ਸ੍ਰੀ ਮਹਾਂਦੇਵੀ ਜੀ

ਸੰਤਾਨ :—ਬਾਬਾ ਗੁਰਦਿੱਤਾ ਜੀ, ਸੂਰਜ ਮੱਲ ਜੀ, ਅਣੀ ਰਾਇ ਜੀ, ਅਟੱਲ ਰਾਇ ਜੀ, (ਸ੍ਰੀ ਗੁਰੂ) ਤੇਗ ਬਹਾਦਰ ਜੀ (ਪੰਜ ਸਪੁੱਤਰ) ਅਤੇ ਬੀਬੀ ਵੀਰੋ ਜੀ (ਸਪੁੱਤਰੀ)

ਗੁਰੂ ਕਾਲ :—25 ਮਈ 1606 ਈ. ਤੋਂ 3 ਮਾਰਚ 1644 ਈ.

## ਮਹਾਨ ਕਾਰਜ (ਪਰਉਪਕਾਰ)

ਮੀਰੀ ਤੇ ਪੀਰੀ ਦੀਆਂ ਦੋ ਤੇਗਾਂ ਪਹਿਨ ਕੇ, ਪੀਰੀ (ਭਗਤੀ) ਤੇ ਮੀਰੀ (ਸ਼ਕਤੀ) ਭਾਵ ਧਰਮ ਤੇ ਰਾਜਨੀਤੀ ਦਾ ਸੁਮੇਲ ਕੀਤਾ। ਧਰਮ ਤੇ ਸਵੈਮਾਣ ਦੀ ਰੱਖਿਆ ਲਈ ਸਿੱਖ ਫ਼ੌਜ ਤਿਆਰ ਕੀਤੀ। ਕੌਮ ਨੂੰ ਏਕਤਾ ਵਿਚ ਪ੍ਰੋਅ ਕੇ ਅਜ਼ਾਦ ਹਸਤੀ ਦ੍ਰਿੜ੍ਹ ਕਰਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕੀਤੀ। ਅੰਮ੍ਰਿਤਸਰ ਵਿਖੇ ਲੋਹਗੜ੍ਹ ਨਾਉਂ ਦਾ ਕਿਲ੍ਹਾ ਬਣਵਾਇਆ ਅਤੇ ਕੌਲਸਰ ਤੇ ਬਿਬੇਕਸਰ—ਸਰੋਵਰ ਬਣਵਾਏ। ਜਬਰ ਜ਼ੁਲਮ ਨਾਲ ਜੂਝਦਿਆਂ ਚਾਰ ਧਰਮ ਯੁੱਧ ਕੀਤੇ ਤੇ ਚੌਹਾਂ ਵਿਚ ਫ਼ਤਹਿ ਪਾਈ। ਅਨੇਕਾਂ ਨਗਰ ਵਸਾਏ ਅਤੇ ਸਿੱਖੀ ਦੇ ਪ੍ਰਚਾਰ ਲਈ ਦੂਰ-ਦੂਰ ਤਕ ਯਾਤਰਾ ਕੀਤੀ।

ਜੋਤੀ ਜੋਤ :—3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ

ਕੁੱਲ ਉਮਰ :—48 ਸਾਲ 8 ਮਹੀਨੇ 15 ਦਿਨ

## (ੳ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼, ਬਾਲ-ਅਵਸਥਾ ਤੇ ਵਿੱਦਿਆ:

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ 1579 ਈ. ਨੂੰ ਪਿੰਡ ਮਉ, ਜ਼ਿਲ੍ਹਾ ਜਲੰਧਰ ਦੇ ਵਾਸੀ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਗੰਗਾ ਦੇਵੀ ਜੀ ਨਾਲ ਹੋਈ। ਤਕਰੀਬਨ 15 ਸਾਲ ਬੀਤ ਗਏ, ਪਰ ਆਪ ਦੇ ਘਰ ਸੰਤਾਨ ਨਹੀਂ ਸੀ ਹੋਈ। ਆਪ ਦਾ ਵੱਡਾ ਭਾਈ ਪ੍ਰਿਥੀ ਚੰਦ ਇਹ ਸਮਝਦਾ ਸੀ ਕਿ ਗੁਰੂ ਜੀ ਦੇ ਘਰ ਕੋਈ ਪੁੱਤਰ ਨਹੀਂ, ਇਸ ਲਈ ਮੇਰਾ ਪੁੱਤਰ ਹੀ ਗੁਰਗੱਦੀ ਦਾ ਵਾਰਸ ਹੋਵੇਗਾ। ਪ੍ਰਿਥੀ ਚੰਦ ਦੀ ਸੁਪਤਨੀ ਬੀਬੀ ਕਰਮੋ ਨੇ ਤਾਂ ਇਕ ਦਿਨ ਮਾਤਾ ਗੰਗਾ ਜੀ ਨੂੰ ਪੁੱਤਰ ਨਾ ਹੋਣ ਦਾ ਮੇਹਣਾ ਵੀ ਮਾਰਿਆ।

ਮਾਤਾ ਗੰਗਾ ਜੀ ਨੇ ਪੰਚਮ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਆਪ ਸੰਸਾਰ ਨੂੰ ਬਖ਼ਸ਼ਿਸ਼ਾਂ ਕਰਦੇ ਹੋ, ਸਭ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਪਰ ਸਾਨੂੰ ਸੰਤਾਨ ਦੀ ਦਾਤ ਕਦੋਂ ਪ੍ਰਾਪਤ ਹੋਵੇਗੀ। ਇਹ ਸੁਣ ਕੇ ਗੁਰੂ ਜੀ ਨੇ ਫ਼ੁਰਮਾਇਆ ਕਿ ਬਾਬਾ ਬੁੱਢਾ ਜੀ ਗੁਰੂ ਨਾਨਕ ਘਰ ਦੇ ਭਜਨ ਬੰਦਗੀ ਵਾਲੇ ਮਹਾਂ ਪੁਰਖ ਹਨ। ਉਹਨਾਂ ਦੀ ਸੇਵਾ ਕਰੋ ਤੇ ਪ੍ਰਸੰਨ ਹੋ ਕੇ ਉਹ ਬਖ਼ਸ਼ਿਸ਼ ਕਰਨਗੇ। ਇਹ ਗੱਲ ਵੀ ਵਿਚਾਰਨਯੋਗ ਹੈ ਕਿ ਭਾਵੇਂ ਪੰਚਮ ਪਾਤਸ਼ਾਹ ਜੀ ਸਰਬ ਸਮਰੱਥ ਸਨ, ਪਰ ਕਈ ਵਾਰ ਗੁਰੂ ਕਲਾ ਵਰਤਦੀ ਹੈ ਕਿ ਬੰਦਗੀ ਵਾਲੀਆਂ ਰੂਹਾਂ ਨੂੰ ਪ੍ਰਗਟ ਕਰਨਾ ਹੁੰਦਾ ਹੈ। ਇਥੇ ਪੰਚਮ ਪਾਤਸ਼ਾਹ ਜੀ ਅਜਿਹੀ ਕਲਾ ਹੀ ਵਰਤਾ ਰਹੇ ਸਨ ਅਤੇ 'ਸਾਧ ਬਚਨ' ਦੀ ਸ਼ਕਤੀ ਪ੍ਰਗਟ ਹੋਣੀ ਸੀ।

ਪੰਚਮ ਪਾਤਸ਼ਾਹ ਜੀ ਦੀ ਆਗਿਆ ਪਾ ਕੇ ਮਾਤਾ ਗੰਗਾ ਜੀ ਨੇ ਮਿੱਸੇ ਪ੍ਰਸ਼ਾਦੇ, ਗੰਢੇ, ਲੱਸੀ, ਮੱਖਣ ਆਦਿ ਸ਼ਰਧਾ ਨਾਲ ਤਿਆਰ ਕੀਤੇ ਅਤੇ ਗੁਰੂ ਕੀ ਬੀੜ ਜੋ ਅੰਮ੍ਰਿਤਸਰ ਤੋਂ ਵੀਹ ਕੁ ਕਿਲੋਮੀਟਰ ਦੀ ਦੂਰੀ 'ਤੇ ਸੀ, ਉਥੇ ਪਹੁੰਚ ਗਏ। ਉਸ ਸਮੇਂ ਬਾਬਾ ਬੁੱਢਾ ਜੀ ਦੀ ਉਮਰ 75 ਸਾਲ ਦੇ ਕਰੀਬ ਸੀ। ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ ਅਤੇ ਜਿਵੇਂ ਇਕ ਪਿਤਾ ਆਪਣੀ ਬੱਚੀ ਨੂੰ ਅਸ਼ੀਰਵਾਦ ਦਿੰਦਾ ਹੈ, ਇਸੇ ਤਰ੍ਹਾਂ ਬਾਬਾ ਬੁੱਢਾ ਜੀ ਨੇ ਬਚਨ ਕੀਤਾ ਕਿ ਗੰਗਾ ਜੀ ! ਆਪ ਦੇ ਘਰ ਪਰਮਾਤਮਾ ਅਜਿਹਾ ਮਹਾਂਬਲੀ ਪੁਰਖ ਭੇਜੇਗਾ ਜੋ ਦੁਸ਼ਟਾਂ ਦੇ ਸਿਰ ਇਉਂ ਭੰਨੇਗਾ ਜਿਵੇਂ ਅਸੀਂ ਗੰਢਾ ਭੰਨਿਆਂ ਹੈ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਨੇ ਸੰਬੋਧਨ ਹੁੰਦਿਆਂ ਫ਼ੁਰਮਾਇਆ, ''ਤੁਮਰੇ ਗ੍ਰਿਹ ਪ੍ਰਗਟੇਗਾ ਜੋਧਾ।''

ਇਹ ਸਾਧ ਬਚਨ ਸੁਣ ਕੇ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਏ ਅਤੇ ਖ਼ੁਸ਼ੀ ਭਰੇ ਹਿਰਦੇ ਨਾਲ ਅੰਮ੍ਰਿਤਸਰ ਪਹੁੰਚੇ।

ਸੰਨ 1595 ਵਿਚ ਮਾਝੇ ਦੇ ਇਲਾਕੇ 'ਚ ਬਹੁਤ ਸਖ਼ਤ ਔੜ ਕਾਰਨ ਕਾਲ ਪੈ ਗਿਆ। ਪੰਚਮ ਪਾਤਸ਼ਾਹ ਜੀ ਕਾਲ ਪੀੜਤਾਂ ਦੀ ਸਹਾਇਤਾ ਲਈ ਪਿੰਡ-ਪਿੰਡ ਪਹੁੰਚ ਰਹੇ ਸਨ। ਉਸ ਸਮੇਂ ਸਤਿਗੁਰਾਂ ਦਾ ਨਿਵਾਸ ਆਪਣੇ ਪਰਿਵਾਰ ਸਮੇਤ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਛੇ ਕੁ ਮੀਲ ਦੀ ਵਿੱਥ 'ਤੇ ਛੋਟੇ ਜਿਹੇ ਪਿੰਡ ਵਡਾਲੀ ਵਿਖੇ ਸੀ। ਅਕਾਲ ਪੁਰਖ ਨੇ ਮਿਹਰ

ਕੀਤੀ ਅਤੇ ਬਾਬਾ ਬੁੱਢਾ ਜੀ ਦੀ ਅਰਦਾਸ ਪੂਰੀ ਹੋਈ। ਇੱਥੇ ਹੀ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 19 ਜੂਨ 1595 ਈ. ਨੂੰ ਹੋਇਆ। ਸਤਿਗੁਰਾਂ ਦਾ ਪ੍ਰਕਾਸ਼ ਸਥਾਨ ਹੋਣ ਕਰਕੇ ਹੁਣ ਇਹ ਪਿੰਡ ਗੁਰੂ ਕੀ ਵਡਾਲੀ ਕਰਕੇ ਜਾਣਿਆ ਜਾਂਦਾ ਹੈ। ਪੰਚਮ ਪਾਤਸ਼ਾਹ ਜੀ ਨੇ ਸਾਹਿਬਜ਼ਾਦੇ ਦੇ ਜਨਮ ਦੀ ਖ਼ੁਸ਼ੀ ਵਿਚ ''ਸਤਿਗੁਰ ਸਾਚੈ ਦੀਆ ਭੇਜਿ'' ਸ਼ਬਦ ਉਚਾਰ ਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਉਸ ਸਮੇਂ ਲੋਕਾਂ ਦੀ ਲੋੜ ਨੂੰ ਮੁਖ ਰੱਖ ਕੇ ਸਪੁੱਤਰ ਦੇ ਜਨਮ ਦੀ ਖ਼ੁਸ਼ੀ ਵਿਚ ਸਤਿਗੁਰਾਂ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ ਜੋ ਅੱਜ ਇਕ ਵੱਡਾ ਕਸਬਾ ਛੇਹਰਟਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ।

ਬਾਲ ਹਰਿਗੋਬਿੰਦ ਜੀ ਦੀ ਉਮਰ ਦੇ ਪਹਿਲੇ ਸਾਲ ਅੰਮ੍ਰਿਤਸਰ ਦੇ ਲਹਿੰਦੇ ਪਾਸੇ ਦੇ ਪਿੰਡਾਂ ਵਿਚ ਹੀ ਬੀਤੇ। ਉਧਰ ਪੰਚਮ ਪਾਤਸ਼ਾਹ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਤੇ ਉਸ ਦੀ ਪਤਨੀ ਕਰਮੋ, ਈਰਖਾ ਵਸ ਬਾਲ ਹਰਿਗੋਬਿੰਦ ਜੀ ਨੂੰ ਖ਼ਤਮ ਕਰਨਾ ਚਾਹੁੰਦੇ ਸਨ। ਉਹਨਾਂ ਨੇ ਬੁਰੀ ਨੀਅਤ ਨਾਲ ਕਈ ਖ਼ੂਨੀ ਵਾਰ ਕੀਤੇ। ਪਹਿਲਾਂ ਇਕ ਦਾਈ ਨੂੰ ਭੇਜਿਆ, ਜਿਸ ਨੇ ਛਾਤੀ ਉੱਪਰ ਜ਼ਹਿਰ ਲਾਈ ਹੋਈ ਸੀ। ਬੁਰੀ ਭਾਵਨਾ ਇਹ ਸੀ ਕਿ ਉਹ ਬਾਲ ਨੂੰ ਧੋਖੇ ਨਾਲ ਦੁੱਧ ਪਿਲਾ ਕੇ ਮਾਰ ਦੇਵੇਗੀ, ਪਰ ਜ਼ਹਿਰ ਸਖ਼ਤ ਹੋਣ ਕਰਕੇ ਉਹ ਬੇਹੋਸ਼ ਹੋ ਕੇ ਮਰ ਗਈ। ਫਿਰ ਪ੍ਰਿਥੀ ਚੰਦ ਨੇ ਇਕ ਸਪੇਰੇ ਨੂੰ ਭੇਜਿਆ ਕਿ ਉਹ ਬਾਲ ਦੇ ਸਾਹਮਣੇ ਸੱਪਾਂ ਦਾ ਤਮਾਸ਼ਾ ਦਿਖਾਵੇਗਾ ਤੇ ਉਸ ਦਾ ਸਿਖਾਇਆ ਸੱਪ ਬਾਲ ਹਰਿਗੋਬਿੰਦ ਨੂੰ ਡੰਗ ਮਾਰੇਗਾ। ਇਸ ਘਟਨਾ ਵਿਚ ਬਾਲ ਹਰਿਗੋਬਿੰਦ ਜੀ ਨੇ ਸੱਪ ਦਾ ਸਿਰ ਆਪਣੀ ਮੁੱਠੀ ਵਿਚ ਘੁੱਟ ਲਿਆ ਤੇ ਸੱਪ ਖ਼ਤਮ ਕਰ ਦਿੱਤਾ। ਜਦ ਇਹ ਵਾਰ ਵੀ ਖ਼ਾਲੀ ਗਿਆ ਤਾਂ ਪ੍ਰਿਥੀਏ ਨੇ ਇਕ ਰਸੋਈਏ ਰਾਹੀਂ ਬਾਲ ਹਰਿਗੋਬਿੰਦ ਜੀ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਖਵਾਣਾ ਚਾਹਿਆ। ਇਹ ਵੀ ਭੇਤ ਖੁੱਲ੍ਹ ਗਿਆ ਤੇ ਉਹ ਰਸੋਈਆ ਪੇਟ ਵਿਚ ਸਖ਼ਤ ਦਰਦ ਹੋਣ ਕਰਕੇ ਮਰ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਚ ਵਿਚਾਰ ਕੇ ਆਪਣੇ ਪਰਿਵਾਰ ਨੂੰ ਵਡਾਲੀ ਤੋਂ ਅੰਮ੍ਰਿਤਸਰ ਬੁਲਾ ਲਿਆ। ਉਸ ਸਮੇਂ ਚੇਚਕ ਦੀ ਬੀਮਾਰੀ ਵੀ ਫੈਲੀ ਹੋਈ ਸੀ। ਇਸ ਬੀਮਾਰੀ ਦਾ ਬਾਲ ਹਰਿਗੋਬਿੰਦ ਜੀ ਉੱਪਰ ਵੀ ਹੱਲਾ ਹੋਇਆ। ਇਸ ਬੀਮਾਰੀ ਨੂੰ ਅੱਜ ਕਲ੍ਹ ਸਮਾਲ ਪੋਕਸ ਕਿਹਾ ਜਾਂਦਾ ਹੈ ਤੇ ਉਸ ਸਮੇਂ ਸੀਤਲਾ ਮਾਤਾ ਦਾ ਕਹਿਰ ਵੀ ਕਿਹਾ ਜਾਂਦਾ ਸੀ। ਕੁਝ ਲੋਕਾਂ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਸੀਤਲਾ ਦੀ ਪੂਜਾ ਕਰੋ, ਪਰ ਪੰਚਮ ਪਾਤਸ਼ਾਹ ਜੀ ਨੇ ਫ਼ੁਰਮਾਇਆ ਕਿ, ਉਸ ਇਕ ਅਕਾਲ ਪੁਰਖ ਤੋਂ ਵੱਡੀ, ਹੋਰ ਕੋਈ ਸ਼ਕਤੀ ਨਹੀਂ ਹੈ। ਉਸੇ ਦਾ ਹੀ ਨਾਮ ਜਪੋ, ਸਾਰੇ ਦੁੱਖ ਦੂਰ ਹੋਣਗੇ।' ਕੁਝ ਹੀ ਦਿਨਾਂ ਵਿਚ ਬਾਲ ਹਰਿਗੋਬਿੰਦ ਜੀ ਤੰਦਰੁਸਤ ਹੋ ਗਏ। ਪੰਚਮ ਪਾਤਸ਼ਾਹ ਜੀ ਨੇ ਪ੍ਰਭੂ ਦੇ ਸ਼ੁਕਰਾਨੇ ਵਿਚ ਸ਼ਬਦ ਉਚਾਰਿਆ :

***ਸੀਤਲਾ ਤੇ ਰਖਿਆ ਬਿਹਾਰੀ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥***

(ਪੰਨਾ ੨੦੦)

ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਿੱਖ ਨੇ ਕਿਸੇ ਵੀ ਦੇਵੀ-ਦੇਵਤੇ ਜਾਂ ਕਬਰ-ਮੜ੍ਹੀ ਨੂੰ ਨਹੀਂ ਮੰਨਣਾ, ਸਗੋਂ ਸਤਿਗੁਰਾਂ ਦੀ ਬਾਣੀ ਉੱਪਰ ਭਰੋਸਾ ਕਰਕੇ ਸਿਮਰਨ ਕਰਨਾ ਹੈ। ਅਸੀਂ ਇਕ ਅਕਾਲ ਦੇ ਪੁਜਾਰੀ ਹਾਂ ਤੇ ਗੁਰਬਾਣੀ ਤੋਂ ਵੱਡਾ ਹੋਰ ਕੋਈ ਵੀ ਪੂਜਾ ਜਾਂ ਮੰਤਰ ਨਹੀਂ ਹੈ।

ਹੁਣ ਬਾਲ ਹਰਿਗੋਬਿੰਦ ਜੀ ਦੀ ਉਮਰ ਛੇ ਸਾਲ ਦੀ ਹੋ ਚੁੱਕੀ ਸੀ। ਇਸ ਸਮੇਂ ਪੰਚਮ ਪਾਤਸ਼ਾਹ ਜੀ ਦੇ ਪਾਸ ਭਜਨ ਬੰਦਗੀ ਤੇ ਉੱਚੀ ਕਰਨੀ ਵਾਲੇ ਗੁਰਸਿੱਖ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਸਨ। ਪੰਚਮ ਪਾਤਸ਼ਾਹ ਜੀ ਨੇ ਬਾਲ ਹਰਿਗੋਬਿੰਦ ਜੀ ਦੀ ਵਿੱਦਿਆ ਤੇ ਸਿਖਲਾਈ ਦੀ ਸੇਵਾ ਬਾਬਾ ਬੁੱਢਾ ਜੀ ਨੂੰ ਸੌਂਪ ਦਿੱਤੀ। ਅੱਖਰੀ ਵਿੱਦਿਆ ਤੇ ਨੀਤੀ ਵਿੱਦਿਆ ਦੇ ਨਾਲ-ਨਾਲ ਘੋੜ-ਸਵਾਰੀ ਤੇ ਸ਼ਸਤਰਾਂ ਦੀ ਸਿਖਲਾਈ ਵੀ ਬਾਲ ਹਰਿਗੋਬਿੰਦ ਜੀ ਨੂੰ ਦਿੱਤੀ ਗਈ। ਉਸ ਸਮੇਂ ਮੁਗ਼ਲ ਹਾਕਮਾਂ ਦੀਆਂ ਨੀਤੀਆਂ ਤੋਂ ਵੀ ਸਾਫ਼ ਦਿੱਸ ਰਿਹਾ ਸੀ ਕਿ ਗੁਰੂ ਘਰ ਦੇ ਉਪਦੇਸ਼ਾਂ ਨਾਲ ਲੋਕਾਂ ਵਿਚ ਆਈ ਜਾਗਰਤੀ ਨੂੰ ਉਹ ਪਸੰਦ ਨਹੀਂ ਕਰ ਰਹੇ ਸਨ। ਇਸੇ ਲਈ ਸ਼ਸਤਰ ਵਿੱਦਿਆ ਵਿਚ ਸ੍ਰੀ ਹਰਿਗੋਬਿੰਦ ਜੀ ਦੀ ਮੁਹਾਰਤ ਨੂੰ ਵੇਖ ਕੇ ਬਾਬਾ ਬੁੱਢਾ ਜੀ ਕਹਿ ਦਿਆ ਕਰਦੇ ਸਨ ਕਿ ਇਹ ਜੋਧਾ ਗੁਰੂ ਨਾਨਕ ਘਰ ਦੇ ਦੋਖੀਆਂ ਅਤੇ ਜਬਰ-ਜ਼ੁਲਮ ਦਾ ਨਾਸ ਕਰੇਗਾ। ਸ੍ਰੀ ਹਰਿਗੋਬਿੰਦ ਜੀ ਸਰੀਰਕ ਤੌਰ 'ਤੇ ਬਹੁਤ ਸੁੰਦਰ ਤੇ ਬਲਵਾਨ ਸਨ। ਦਰਸ਼ਨ ਕਰਨ ਵਾਲੇ ਨਿਹਾਲ ਹੋ ਜਾਂਦੇ ਸਨ।

## (ਅ) ਛੇਵੇਂ ਪਾਤਸ਼ਾਹ ਜੀ ਦੀ ਗੁਰਿਆਈ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਤੇ ਸਿੱਖ ਫ਼ੌਜ :

***'ਪੰਜਿ ਪਿਆਲੇ ਪੰਜ ਪੀਰ - ਛਠਮੁ ਪੀਰ ਬੈਠਾ ਗੁਰ ਭਾਰੀ'***

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 30 ਮਈ 1606 ਈ. ਨੂੰ ਲਾਹੌਰ ਵਿਖੇ ਜਹਾਂਗੀਰ ਬਾਦਸ਼ਾਹ ਦੀ ਤੰਗ-ਦਿਲੀ ਤੇ ਧਾਰਮਿਕ ਕੱਟੜਪੁਣੇ ਕਰਕੇ ਸ਼ਹੀਦ ਹੋ ਗਏ। ਪੰਚਮ ਪਾਤਸ਼ਾਹ ਜੀ ਭਵਿੱਖ ਬਾਰੇ ਪਹਿਲਾਂ ਹੀ ਜਾਣ ਗਏ ਸਨ ਕਿ ਸੱਚਖੰਡ ਵਾਪਸੀ ਦਾ ਸਮਾਂ ਆ ਰਿਹਾ ਹੈ। ਲਾਹੌਰ ਨੂੰ ਜਾਣ ਸਮੇਂ ਆਪ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾ ਗੱਦੀ ਲਈ ਨੀਯਤ ਕਰ ਗਏ ਸਨ। ਇਸ ਦੇ ਨਾਲ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਤਾਕੀਦ ਵੀ ਕੀਤੀ ਕਿ ਬਦਲ ਰਹੇ ਸਮੇਂ ਅਨੁਸਾਰ ਸ਼ਸਤ੍ਰਧਾਰੀ ਹੋ ਕੇ ਰਹਿਣਾ, ਕਿਉਂਕਿ ਹੁਣ ਇਸ ਘਰ ਨਾਲ ਤੁਰਕਾਂ ਦੀ ਬਣੇਗੀ ਨਹੀਂ। ਸਤਿਗੁਰਾਂ ਨੇ ਮਹਿਸੂਸ ਕਰ ਲਿਆ ਸੀ ਕਿ ਬਗੈਰ ਸ਼ਸਤਰਾਂ ਦੇ ਸਿੱਖ ਕੌਮ ਦਾ ਬਚਣਾ ਮੁਸ਼ਕਲ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ 11 ਸਾਲ ਦੀ ਸੀ ਜਦ ਉਹ ਆਪਣੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਏ। ਜਦੋਂ ਗੁਰਿਆਈ ਦਾ ਤਿਲਕ ਲਗਾ ਕੇ ਬਾਬਾ ਬੁੱਢਾ ਜੀ ਨੇ ਉਸ ਸਮੇਂ ਦੀ ਪ੍ਰਚਲਤ

ਰੀਤੀ ਅਨੁਸਾਰ *ਸੇਲ੍ਹੀ-ਟੋਪੀ ਪੇਸ਼ ਕੀਤੀ ਤਾਂ ਛੇਵੇਂ ਪਾਤਸ਼ਾਹ ਜੀ ਨੇ ਬਾਬਾ ਬੁੱਢਾ ਜੀ ਨੂੰ ਸਤਿਕਾਰ ਨਾਲ ਫ਼ੁਰਮਾਇਆ ਕਿ ਬਾਬਾ ਜੀ ! ਇਹ ਵਸਤਾਂ ਹੁਣ ਤੋਸ਼ੇਖ਼ਾਨੇ ਵਿਚ ਸਾਂਭ ਦਿਓ ਅਤੇ ਸਾਨੂੰ ਦਸਤਾਰ, ਕਲਗੀ ਤੇ ਤਲਵਾਰ ਬਖ਼ਸ਼ੋ।

ਬਾਬਾ ਬੁੱਢਾ ਜੀ ਨੇ ਪ੍ਰਸੰਨ ਹੋ ਕੇ ਦਸਤਾਰ ਅਤੇ ਕਲਗੀ ਦੇ ਨਾਲ ਸਤਿਗੁਰਾਂ ਨੂੰ ਮੀਰੀ ਤੇ ਪੀਰੀ ਦੀਆਂ ਦੋ ਤੇਗਾਂ ਪਹਿਨਾਈਆਂ। ਮੀਰੀ ਤੋਂ ਭਾਵ ਸੰਸਾਰਕ ਮਾਮਲਿਆਂ ਵਿਚ ਅਗਵਾਈ ਕਰਨ ਵਾਲੀ 'ਸ਼ਕਤੀ' ਲਈ ਤੇਗ ਸੀ ਅਤੇ ਪੀਰੀ ਤੋਂ ਭਾਵ ਆਤਮਿਕ ਮੰਡਲ ਦੀ ਅਗਵਾਈ ਕਰਨ ਵਾਲੀ 'ਭਗਤੀ ਲਈ' ਤੇਗ ਸੀ। ਇਸੇ ਕਰਕੇ ਛੇਵੇਂ ਪਾਤਸ਼ਾਹ ਜੀ ਨੂੰ ਮੀਰੀ-ਪੀਰੀ ਦੇ ਮਾਲਕ ਕਿਹਾ ਜਾਂਦਾ ਹੈ। ਸਤਿਗੁਰਾਂ ਨੇ ਦਸਤਾਰ ਵੀ ਸ਼ਾਹੀ ਠਾਠ ਵਾਲੀ ਸਜਾਈ ਅਤੇ ਗੁਰਤਾ ਗੱਦੀ ਵੇਲੇ ਅਬਦੁੱਲਾ ਤੇ ਨੱਥ ਮੱਲ ਦੋ ਢਾਡੀਆਂ ਨੇ ਇਹ ਬੀਰ ਰਸ ਭਰਪੂਰ ਵਾਰ ਗਾਇਨ ਕੀਤੀ :

***ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ॥***
***ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ॥***

ਇਸੇ ਲਈ ਕਿਹਾ ਜਾਂਦਾ ਹੈ ਕਿ ਸਿੱਖ ਕੌਮ ਵਿਚ ਢਾਡੀ ਵਾਰਾਂ ਦਾ ਪ੍ਰਚਲਤ ਹੋਣਾ ਛੇਵੇਂ ਪਾਤਸ਼ਾਹ ਜੀ ਦੀ ਬਖ਼ਸ਼ਿਸ਼ ਹੈ। ਇਹ ਬਹਾਦਰੀ ਦੇ ਰਸ ਦੀ ਵਾਰ ਸੁਣ ਕੇ ਨੌਜਵਾਨਾਂ ਦੇ ਡੌਲੇ ਫਰਕੇ ਤੇ ਕੌਮ ਵਿਚ ਨਵਾਂ ਜੋਸ਼ ਠਾਠਾਂ ਮਾਰਨ ਲੱਗਾ। ਫਿਰ ਸਤਿਗੁਰਾਂ ਨੇ ਮਸੰਦਾਂ ਨੂੰ ਤੇ ਉਹਨਾਂ ਦੇ ਰਾਹੀਂ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਅੱਗੇ ਤੋਂ ਬਾਕੀ ਭੇਟਾਵਾਂ ਦੇ ਨਾਲ ਚੰਗੇ ਘੋੜੇ ਤੇ ਸ਼ਸਤਰ ਵੀ ਲਿਆਇਆ ਕਰੋ ਅਤੇ ਆਪ ਵੀ ਘੋੜ-ਸਵਾਰੀ ਤੇ ਸ਼ਸਤਰ ਚਲਾਉਣ ਦੀ ਜਾਚ ਸਿੱਖੋ। ਉਸ ਸਮੇਂ ਜਹਾਂਗੀਰ ਦਾ ਇਹ ਵੀ ਐਲਾਨ ਸੀ ਕਿ ਕੋਈ ਵੀ ਆਪਣੇ ਬੈਠਣ ਲਈ ਨਿੱਜੀ ਥੜ੍ਹਾ ਵੀ ਦੋ ਫੁੱਟ ਤੋਂ ਉੱਚਾ ਨਹੀਂ ਰੱਖ ਸਕਦਾ। ਸਤਿਗੁਰਾਂ ਨੇ 'ਸ੍ਰੀ ਅਕਾਲ ਤਖ਼ਤ' ਦੀ ਸਥਾਪਨਾ ਦਾ ਐਲਾਨ ਕੀਤਾ। ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਸਾਹਿਬ ਦੀ ਪਹਿਲੀ ਇੱਟ ਆਪਣੇ ਪਵਿੱਤਰ ਕਰ-ਕਮਲਾਂ ਨਾਲ ਰੱਖੀ। ਇਸ ਤਖ਼ਤ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਸੰਪੂਰਨ ਕੀਤਾ। ਇਸ ਦਾ ਵੇਰਵਾ ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਉਂ ਦਰਜ ਹੈ :

***ਕਿਸੀ ਰਾਜ ਨਹਿ ਹਾਥ ਲਗਾਯੋ॥ ਬੁੱਢੇ ਔਰ ਗੁਰਦਾਸ ਬਨਾਯੋ॥***

ਇਸ ਉੱਚੇ ਤਖ਼ਤ ਦਾ ਅਕਾਰ 14 ਫੁੱਟ ਲੰਬਾ, 8 ਫੁੱਟ ਚੌੜਾ ਤੇ 7 ਫੁੱਟ ਉੱਚਾ ਸੀ। ਛੇਵੇਂ ਸਤਿਗੁਰਾਂ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਸਿਰਫ਼ ਪੱਕੇ ਥੜ੍ਹੇ ਦੇ ਰੂਪ ਵਿਚ ਸੁਸ਼ੋਭਿਤ ਰਿਹਾ, ਜਿਸ ਉੱਪਰ ਬਾਦਸ਼ਾਹਾਂ ਵਾਂਗ ਸਿੰਘਾਸਨ ਸਜਾ ਕੇ, ਗੁਰੂ ਜੀ ਦੋ ਤਲਵਾਰਾਂ ਪਹਿਨ ਕੇ ਸੀਸ ਉੱਪਰ ਕਲਗੀ, ਮੋਢੇ ਉੱਪਰ ਧਨੁਸ਼ ਤੇ ਤੀਰਾਂ ਦਾ ਭੱਥਾ ਸਜਾ ਕੇ ਸੰਗਤਾਂ ਨੂੰ

*ਇਹ ਉਨ ਜਾਂ ਰੇਸ਼ਮ ਦੀ ਗੁੰਦਵੀਂ ਰੱਸੀ ਜੋ ਸੰਤ-ਫ਼ਕੀਰ ਟੋਪੀ ਜਾਂ ਸਾਫ਼ੇ ਉੱਪਰ ਬੰਨ੍ਹਦੇ ਸਨ।

ਨਿਹਾਲ ਕਰਦੇ ਸਨ। ਇਥੇ ਸਤਿਗੁਰੂ ਅਧਿਆਤਮਿਕ ਉਪਦੇਸ਼ ਦਿੰਦੇ ਅਤੇ ਸੰਗਤਾਂ ਦੀ ਅਗਵਾਈ ਕਰਦੇ ਸਨ। ਇਸੇ ਤਖ਼ਤ 'ਤੇ ਸਜ ਕੇ ਲੋਕਾਂ ਦੇ ਝਗੜੇ ਨਿਬੇੜਦੇ, ਫ਼ੈਸਲਾ ਸੁਣਾਉਂਦੇ ਤੇ ਹੁਕਮਨਾਮੇ ਜਾਰੀ ਕਰਦੇ ਸਨ। ਜਦੋਂ ਇਥੇ ਢਾਡੀ ਬੀਰ ਰਸੀ ਵਾਰਾਂ ਗਾਉਂਦੇ ਤਾਂ ਕੌਮ ਵਿਚ ਜੋਸ਼ ਭਰਦਾ ਸੀ। ਇਸ ਮਰਯਾਦਾ ਨੇ ਸਿੱਖ ਕੌਮ ਨੂੰ ਉਮਾਹ ਬਖ਼ਸ਼ਿਆ। ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਬਾਅਦ ਜਿਨ੍ਹਾਂ ਸਿੱਖਾਂ ਉੱਪਰ ਨਿਰਾਸ਼ਾ ਦਾ ਪ੍ਰਭਾਵ ਸੀ ਉਹ ਚੜ੍ਹਦੀ ਕਲਾ ਵਾਲੇ ਮਹਾਨ ਯੋਧੇ ਬਣ ਗਏ। ਰੋਜ਼ਾਨਾ ਹੀ ਸਿੱਖ ਬਹੁਤ ਉਤਸ਼ਾਹ ਨਾਲ ਘੋੜੇ, ਸ਼ਸਤਰ ਅਤੇ ਜਵਾਨੀਆਂ ਭੇਟ ਕਰਦੇ। ਸਤਿਗੁਰਾਂ ਨੇ ਚੋਣਵੇਂ ਬਵੰਜਾ ਜੋਧੇ ਆਪਣੇ ਨਾਲ ਰੱਖ ਲਏ ਜੋ ਸਿਰ ਕੱਢ ਜਵਾਨ ਸਨ ਤੇ ਉਹਨਾਂ ਨਾਲ ਫ਼ੌਜ ਦਾ ਮੁੱਢ ਬੱਝ ਗਿਆ। ਉਹਨਾਂ ਦੀ ਚੜ੍ਹਤ ਨੂੰ ਵੇਖਦਿਆਂ ਮਾਝੇ, ਮਾਲਵੇ ਤੇ ਦੁਆਬੇ ਦੇ ਪੰਜ ਸੌ ਨੌਜਵਾਨ ਸਤਿਗੁਰਾਂ ਦੀ ਫ਼ੌਜ ਵਿਚ ਆ ਸ਼ਾਮਲ ਹੋਏ। ਉਹਨਾਂ ਨੇ ਇਹ ਵੀ ਪ੍ਰਣ ਕੀਤਾ ਕਿ ਉਹ ਗੁਰੂ ਘਰ ਦੇ ਹੁਕਮ ਦੀ ਪਾਲਣਾ ਕਰਦਿਆਂ ਸਿਰ-ਧੜ ਦੀ ਬਾਜ਼ੀ ਲਾ ਦੇਣਗੇ। ਸਤਿਗੁਰਾਂ ਨੇ ਉਹਨਾਂ ਨੂੰ ਘੋੜੇ ਤੇ ਸ਼ਸਤਰ ਦਿੱਤੇ। ਇਸ ਤਰ੍ਹਾਂ ਇਕ ਯੋਧਿਆਂ ਦੀ ਫ਼ੌਜ ਤਿਆਰ ਹੋ ਗਈ। ਸਤਿਗੁਰਾਂ ਨੇ ਇਕ ਨਗਾਰਾ ਵੀ ਤਿਆਰ ਕਰਵਾਇਆ ਅਤੇ ਨਿਸ਼ਾਨ ਵੀ ਝੁਲਾਇਆ। ਇਹ ਸੰਤ-ਸਿਪਾਹੀਆਂ ਦੀ ਫ਼ੌਜ ਸੀ। ਜਿਵੇਂ ਵੱਧਦੀ ਤਾਕਤ ਨੂੰ ਕਿਲ੍ਹੇ ਦੀ ਲੋੜ ਹੁੰਦੀ ਹੈ, ਇਵੇਂ ਸਤਿਗੁਰਾਂ ਨੇ ਲੰਬੀ ਵੀਚਾਰ ਤੋਂ ਬਾਅਦ ਅੰਮ੍ਰਿਤਸਰ ਵਿਚ ਇਕ ਕਿਲ੍ਹਾ ਬਣਾਇਆ ਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ ਗਿਆ। ਸਿੱਖਾਂ ਦਾ ਇਹ ਪਹਿਲਾ ਕਿਲ੍ਹਾ ਹੈ। ਇਸ ਦੇ ਨਾਲ ਕੌਮ ਦੇ ਹੌਸਲੇ ਹੋਰ ਬੁਲੰਦ ਹੋਏ ਤੇ ਸਵੈ ਵਿਸ਼ਵਾਸ ਦੀ ਭਾਵਨਾ ਬਲਵਾਨ ਹੋਈ।

ਸਿੱਖੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਖ਼ਸੀਅਤ ਦਾ ਵਰਨਣ ਕਰਦਿਆਂ ਇਹੋ ਵਿਚਾਰ ਦਿੱਤਾ ਹੈ 'ਛਠਮ ਪੀਰ ਬੈਠਾ ਗੁਰ ਭਾਰੀ।' ਭਾਵ ਛੇਵੇਂ ਪਾਤਸ਼ਾਹ (ਛਠਮ ਪੀਰ) ਵੱਡੇ ਤੇਜ ਪ੍ਰਤਾਪ ਵਾਲੇ ਹਨ। ਕਿਸੇ ਜਹਾਂਗੀਰ ਵਰਗੇ ਜ਼ਾਲਮ ਬਾਦਸ਼ਾਹ ਦੀ ਪ੍ਰਵਾਹ ਨਹੀਂ, ਸਗੋਂ ਦੋ ਤੇਗਾਂ ਪਹਿਨੀਆਂ, ਤਖ਼ਤ ਸਿਰਜਿਆ, ਹੁਕਮਨਾਮੇ ਭੇਜੇ, ਫ਼ੌਜਾਂ ਤਿਆਰ ਕੀਤੀਆਂ, ਕਿਲ੍ਹੇ ਬਣਾਏ, ਬੀਰ ਰਸੀ ਵਾਰਾਂ ਪ੍ਰਚਲਤ ਹੋਈਆਂ, ਕੌਮ ਨੂੰ ਸ਼ਸਤਰਧਾਰੀ ਬਣਾਇਆ, ਨਗਾਰੇ ਖੜਕੇ, ਨਿਸ਼ਾਨ ਝੂਲੇ ਤੇ ਉਚੇ ਤਖ਼ਤ ਉੱਪਰ ਸੁਭਾਇਮਾਨ ਹੋ ਕੇ ਸਿੱਖ ਕੌਮ ਦੀ ਅਗਵਾਈ ਕੀਤੀ। ਇਸ ਦਾ ਮੂਲ ਅਧਾਰ ਕੀ ਸੀ ? ਛੇਵੇਂ ਪਾਤਸ਼ਾਹ ਜੀ ਨੇ ਪੰਜ ਪਿਆਲੇ, ''ਸਤ-ਸੰਤੋਖ-ਦਯਾ-ਧਰਮ-ਧੀਰਜ'' ਦੇ ਪੀਤੇ ਅਤੇ ਇਹ ਬਖ਼ਸ਼ਿਸ਼ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਸੀ। ਇਸੇ ਨੂੰ ਭਾਈ ਗੁਰਦਾਸ ਜੀ ਨੇ ਪੰਜ ਪੀਰ ਕਿਹਾ ਹੈ।

### (ੲ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬੰਦੀ-ਛੋੜ ਸਤਿਗੁਰੂ ਕਿਵੇਂ ਕਹਾਏ :

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ, ਸਿੱਖ ਫ਼ੌਜ ਦੀ ਸਿਰਜਣਾ ਅਤੇ ਚੜ੍ਹਦੀ ਕਲਾ ਵਾਲੀ ਸ਼ਾਨੋ ਸ਼ੌਕਤ ਨੂੰ ਵੇਖ ਕੇ ਗੁਰੂ-ਘਰ ਦੇ ਦੋਖੀਆਂ ਨੇ ਇਹ ਸਾਰੀਆਂ ਗੱਲਾਂ ਜਹਾਂਗੀਰ ਤਕ ਵਧਾ ਚੜ੍ਹਾ ਕੇ ਪੁੱਜਦੀਆਂ ਕੀਤੀਆਂ।

ਉਹਨਾਂ ਕਿਹਾ ਕਿ ਹਰਿਗੋਬਿੰਦ ਜੀ ਨੇ ਫ਼ੌਜ ਰੱਖ ਲਈ ਹੈ, ਨਗਾਰੇ ਵਜਾਉਂਦੇ ਹਨ, ਨਿਸ਼ਾਨ ਝੂਲਦੇ ਹਨ, ਸ਼ਿਕਾਰ ਲਈ ਚੜ੍ਹਦੇ ਹਨ, ਆਪਣੇ ਲਈ ਤਖ਼ਤ ਬਣਾ ਲਿਆ ਹੈ ਅਤੇ ਸੰਗਤਾਂ ਉਹਨਾਂ ਨੂੰ ਸੱਚਾ ਪਾਤਸ਼ਾਹ ਕਹਿੰਦੀਆਂ ਹਨ। ਇਹ ਇਕ ਦਿਨ ਹਕੂਮਤ ਲਈ ਖ਼ਤਰਨਾਕ ਸਾਬਤ ਹੋਣਗੇ।

ਮੁਗ਼ਲ ਬਾਦਸ਼ਾਹ ਇਹਨਾਂ ਤਿਆਰੀਆਂ ਤੋਂ ਡਰ ਗਿਆ। ਉਸ ਨੇ ਪਹਿਲਾ ਕੰਮ ਇਹ ਕੀਤਾ ਕਿ ਪੰਚਮ ਪਾਤਸ਼ਾਹ ਜੀ ਨੂੰ ਤਸੀਹੇ ਦੇਣ ਵਾਲੇ ਮੁਰਤਜ਼ਾ ਖ਼ਾਨ ਨੂੰ ਪੰਜਾਬ ਦਾ ਨਵਾਬ ਥਾਪ ਦਿੱਤਾ। ਉਸ ਨੇ ਜਹਾਂਗੀਰ ਕੋਲੋਂ ਸਤਿਗੁਰਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਲਿਆ ਕੇ ਵਜ਼ੀਰ ਖ਼ਾਨ ਤੇ ਗੁੰਚਾ ਬੇਗ ਨੂੰ ਗੁਰੂ ਜੀ ਪਾਸ ਭੇਜਿਆ ਕਿ ਉਹ ਆਗਰੇ ਪੇਸ਼ ਹੋਣ। ਗੁਰੂ ਜੀ ਨੇ ਪ੍ਰਮੁੱਖ ਸਿੱਖਾਂ ਨਾਲ ਸਲਾਹ ਕੀਤੀ ਅਤੇ ਤਿੰਨ ਕੁ ਸੌ ਸੂਰਮੇ ਨਾਲ ਲੈ ਕੇ ਤਰਨ ਤਾਰਨ, ਗੋਇੰਦਵਾਲ, ਦੁਆਬੇ ਤੇ ਮਾਲਵੇ ਵਿਚ ਦੀ ਹੁੰਦੇ ਹੋਏ ਦਿੱਲੀ ਪੁੱਜੇ। ਕੁਝ ਸਮਾਂ ਬਾਦਸ਼ਾਹ ਨੇ ਉਹਨਾਂ ਦਾ ਆਦਰ ਭਾ ਕੀਤਾ ਅਤੇ ਉਹਨਾਂ ਨੂੰ ਪ੍ਰੇਰ ਕੇ ਆਪਣਾ ਮਿੱਤਰ ਬਣਾਉਣ ਦਾ ਯਤਨ ਕੀਤਾ। ਉਸ ਨੂੰ ਇਹ ਵੀ ਯਕੀਨ ਹੋ ਗਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਤੇ ਉਹਨਾਂ ਦੇ ਗੁਰੂ ਨੂੰ ਭੈ-ਭੀਤ ਕਰਨ ਦੀ ਥਾਂ, ਸਗੋਂ ਦਲੇਰ ਤੇ ਨਿਰਭੈ ਕਰ ਦਿੱਤਾ ਹੈ। ਉਸ ਨੇ ਸੋਚਿਆ ਕਿ ਸਿੱਖਾਂ ਨੂੰ ਦਬਾਉਣਾ ਚਾਹੀਦਾ ਹੈ।

ਇਹ ਘਟਨਾ 1609 ਈ. ਦੀ ਹੈ ਜਦ ਜਹਾਂਗੀਰ ਨੇ ਗੁਰੂ ਜੀ ਨੂੰ ਸ਼ਾਹੀ ਕੈਦੀ ਦੀ ਹੈਸੀਅਤ ਵਿਚ 12 ਸਾਲ ਦੀ ਕੈਦ ਦਾ ਹੁਕਮ ਸੁਣਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ। ਗਵਾਲੀਅਰ ਇਕ ਬਦਨਾਮ ਕਿਲ੍ਹਾ ਸੀ। ਉਸ ਸਮੇਂ ਇਹ ਗੱਲ ਪ੍ਰਚੱਲਤ ਸੀ ਕਿ ਜਿਸ ਕੈਦੀ ਤੋਂ ਛੁਟਕਾਰਾ ਪਾਉਣਾ ਹੁੰਦਾ ਸੀ, ਉਸ ਨੂੰ ਗਵਾਲੀਅਰ ਬੰਦੀ ਬਣਾ ਕੇ ਭੇਜ ਦਿੱਤਾ ਜਾਂਦਾ ਸੀ। ਅਕਬਰ ਬਾਦਸ਼ਾਹ ਨੇ ਸ਼ਾਹੀ ਕੈਦੀ ਇਥੇ ਰੱਖਣ ਦੀ ਰੀਤ ਤੋਰੀ ਸੀ। ਖੁਸਰੋ ਦੀ ਮੌਤ ਤੋਂ ਬਾਅਦ ਕਈ ਰਾਜਪੂਤਾਂ ਤੇ ਪਹਾੜੀ ਰਾਜਿਆਂ ਨੇ ਜਹਾਂਗੀਰ ਦੀ ਈਨ ਨਹੀਂ ਸੀ ਮੰਨੀ ਅਤੇ ਬਗਾਵਤ ਕੀਤੀ ਸੀ। ਇਤਿਹਾਸ ਵਿਚ ਇਹਨਾਂ ਦੀ ਗਿਣਤੀ 52 ਲਿਖੀ ਹੈ। ਇਹਨਾਂ ਕੈਦੀਆਂ ਉੱਪਰ ਬਹੁਤ ਸਖ਼ਤੀ ਕੀਤੀ ਜਾਂਦੀ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਆਉਣ ਨਾਲ ਸਭ ਕੈਦੀ ਰਾਜਿਆਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਪਹਿਲੇ ਦਿਨ ਹੀ ਜਦ ਉਹਨਾਂ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ ਤਾਂ ਉਹਨਾਂ ਨੂੰ ਜਾਪਿਆ ਕਿ ਸਾਨੂੰ ਬੰਦੀ ਵਿਚੋਂ ਛੁਡਾਣ ਵਾਲਾ ਮਹਿਰਮ ਆ ਗਿਆ ਹੈ। ਸਤਿਗੁਰਾਂ ਦੀ ਬੰਦਗੀ ਵਾਲੀ ਦੈਵੀ ਸ਼ਖ਼ਸੀਅਤ ਦਾ ਸਭਨਾਂ ਉੱਪਰ ਪ੍ਰਭਾਵ ਪੈਣਾ ਕੁਦਰਤੀ ਸੀ। ਉਧਰ ਸਿੱਖਾਂ ਵਿਚ ਸਤਿਗੁਰਾਂ ਦੇ ਬੰਦੀ ਬਣਨ ਨਾਲ ਬੇਚੈਨੀ ਵੱਧ ਗਈ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਹੇਠ ਸਿੱਖ ਕੌਮ ਨੇ ਰੋਸ ਕਰਨਾ ਆਰੰਭਿਆ। ਰਾਤ ਨੂੰ ਮਿਸ਼ਾਲਾਂ ਜਗਾ ਕੇ ਸਿੱਖ ਸ਼ਬਦ ਪੜ੍ਹਦੇ ਤੇ ਵਿਖਾਵੇ ਕਰਦੇ ਸਨ। ਕਈ ਜੱਥੇ ਪੰਜਾਬ ਤੋਂ ਚੱਲ ਕੇ ਗਵਾਲੀਅਰ ਪੁੱਜਦੇ ਤੇ ਕਿਲ੍ਹੇ ਦੀ ਪਰਕਰਮਾ ਕਰਕੇ ਜਥਿਆਂ ਦੀ ਸ਼ਕਲ ਵਿਚ ਵਾਪਸ ਮੁੜਦੇ। ਇਧਰ ਜਿੱਥੇ ਸਿੱਖ ਕੌਮ ਵਿਚ

ਬੇਚੈਨੀ ਸੀ, ਉਧਰ ਸਾਈਂ ਮੀਆਂ ਮੀਰ ਜੀ ਵੀ ਕੋਸ਼ਿਸ਼ ਵਿਚ ਸਨ। ਉਹਨਾਂ ਦਾ ਇਹ ਪ੍ਰਭਾਵ ਸੀ ਕਿ ਜਹਾਂਗੀਰ ਦੀ ਪਤਨੀ ਨੂਰਜਹਾਨ ਸ਼ਾਦੀ ਤੋਂ ਪਹਿਲਾਂ ਲਾਹੌਰ ਵਿਖੇ ਸਾਈਂ ਮੀਆਂ ਮੀਰ ਜੀ ਦੇ ਦਰਸ਼ਨਾਂ ਲਈ ਕਈ ਵਾਰ ਗਈ ਸੀ। ਉਸ ਉੱਪਰ ਸੂਫ਼ੀ ਖ਼ਿਆਲਾਂ ਦਾ ਪ੍ਰਭਾਵ ਸੀ। ਸਾਈਂ ਮੀਆਂ ਮੀਰ ਜੀ ਤੋਂ ਹੀ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰਖਵਾਈ ਸੀ। ਜਹਾਂਗੀਰ ਦੇ ਹੁਕਮ ਨਾਲ ਜਦ ਪੰਚਮ ਪਾਤਸ਼ਾਹ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਸਾਈਂ ਮੀਆਂ ਮੀਰ ਜੀ ਬਹੁਤ ਬੇਚੈਨ ਰਹੇ ਸਨ। ਹੁਣ ਉਹਨਾਂ ਲਈ ਚੁੱਪ ਰਹਿਣਾ ਮੁਸ਼ਕਲ ਹੋ ਗਿਆ ਸੀ।

ਕੁਝ ਸਮੇਂ ਬਾਅਦ ਜਹਾਂਗੀਰ ਬਹੁਤ ਸਖ਼ਤ ਬੀਮਾਰ ਹੋ ਗਿਆ। ਜਦੋਂ ਹਕੀਮਾਂ ਤੋਂ ਠੀਕ ਹੋਣ ਦੀ ਆਸ ਮੁੱਕ ਗਈ ਤਾਂ ਨੂਰਜਹਾਨ ਨੇ ਪੀਰਾਂ ਫ਼ਕੀਰਾਂ ਦਾ ਸਹਾਰਾ ਲਿਆ। ਜਦ ਨੂਰਜਹਾਨ ਆਪਣੇ ਪਤੀ ਜਹਾਂਗੀਰ ਨੂੰ ਫ਼ਕੀਰ ਨਿਜ਼ਾਮ-ਉਦ-ਦੀਨ ਔਲੀਆ ਪਾਸ ਲੈ ਕੇ ਆਈ ਤਾਂ ਉਥੇ ਸਾਈਂ ਮੀਆਂ ਮੀਰ ਜੀ ਵੀ ਬੈਠੇ ਸਨ। ਸਾਰਾ ਹਾਲ ਜਾਣ ਕੇ ਉਸ ਫ਼ਕੀਰ ਤੇ ਸਾਈਂ ਮੀਆਂ ਮੀਰ ਜੀ ਨੇ ਕਿਹਾ ਕਿ ਇਹ ਖ਼ਤਰਨਾਕ ਬੀਮਾਰੀ ਉਸ ਪੀਰ ਨੂੰ ਦੁੱਖ ਦੇਣ ਕਰਕੇ ਹੈ। ਇਸ ਗੱਲ ਦਾ ਜਹਾਂਗੀਰ ਉੱਪਰ ਐਸਾ ਅਸਰ ਹੋਇਆ ਕਿ ਉਸ ਨੇ ਗਲਤੀ ਲਈ ਪਛਤਾਵਾ ਕੀਤਾ। ਜਹਾਂਗੀਰ ਨੇ ਵਾਪਸ ਆ ਕੇ ਜਲਦੀ ਹੀ ਸਤਿਗੁਰਾਂ ਦੀ ਰਿਹਾਈ ਦਾ ਹੁਕਮ ਭੇਜਿਆ।

ਗਵਾਲੀਅਰ ਦੇ ਕਿਲ੍ਹੇ ਵਿਚ ਸਤਿਗੁਰਾਂ ਦੀ ਬੰਦੀ ਦਾ ਸਮਾਂ ਸਵਾ ਕੁ ਦੋ ਸਾਲ ਬਣਦਾ ਹੈ। ਵਜ਼ੀਰ ਖ਼ਾਨ ਸਤਿਗੁਰਾਂ ਦੀ ਰਿਹਾਈ ਦਾ ਹੁਕਮ ਲੈ ਕੇ ਗਵਾਲੀਅਰ ਪੁੱਜਾ ਤਾਂ ਗੁਰੂ ਜੀ ਨੇ ਇਕੱਲਿਆਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਸਤਿਗੁਰਾਂ ਫ਼ੁਰਮਾਇਆ, ਜਦ ਤਾਈਂ ਇਹ ਬੇਦੋਸ਼ੇ ਬਵੰਜਾ ਰਾਜੇ ਕੈਦ ਵਿਚੋਂ ਰਿਹਾਅ ਨਹੀ ਕੀਤੇ ਜਾਂਦੇ, ਤਦ ਤਕ ਅਸੀਂ ਵੀ ਬਾਹਰ ਜਾਣ ਲਈ ਤਿਆਰ ਨਹੀਂ ਹਾਂ। ਜਦੋਂ ਇਹ ਗੱਲ ਜਹਾਂਗੀਰ ਤਕ ਪੁੱਜੀ ਤਾਂ ਉਸ ਨੇ ਕਿਹਾ ਕਿ ਜਿਤਨੇ ਕੈਦੀ ਗੁਰੂ ਦਾ ਪੱਲਾ ਫੜ ਕੇ ਬਾਹਰ ਨਿਕਲ ਜਾਣਗੇ, ਉਹ ਰਿਹਾਅ ਹੋ ਜਾਣਗੇ। ਸਮਰੱਥ ਸਤਿਗੁਰਾਂ ਨੇ ਬਵੰਜਾ ਕਲੀਆਂ ਵਾਲਾ ਚੋਲਾ ਪਹਿਨ ਕੇ ਬਵੰਜਾ ਰਾਜਿਆਂ ਨੂੰ ਬੰਦੀ ਤੋਂ ਮੁਕਤ ਕਰਵਾਇਆ। ਇਸ ਇਤਿਹਾਸਕ ਘਟਨਾ ਤੋਂ ਪ੍ਰਭਾਵਤ ਹੋ ਕੇ ਸਿੱਖ ਕੌਮ ਤੇ ਬਾਕੀ ਸਮਾਜ ਗੁਰੂ ਜੀ ਨੂੰ ਬੰਦੀ ਛੋੜ ਦਾਤਾ ਕਹਿਣ ਲੱਗ ਪਏ। ਇਹ ਘਟਨਾ 1612 ਈ. ਦੀ ਹੈ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਤੋਂ ਅੰਮ੍ਰਿਤਸਰ ਪਹੁੰਚੇ ਤਾਂ ਉਹ ਦੀਵਾਲੀ ਦਾ ਦਿਨ ਸੀ। ਸਿੱਖਾਂ ਨੇ ਖ਼ੁਸ਼ੀ ਵਿਚ ਘਿਉ ਦੇ ਦੀਪ ਜਲਾਏ ਅਤੇ ਮਿਠਿਆਈਆਂ ਵੰਡੀਆਂ। ਉਸ ਸਮੇਂ ਤੋਂ ਸਿੱਖ ਪੰਥ ਦੀਵਾਲੀ ਦੇ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਉਂਦਾ ਹੈ। ਅਜੋਕੇ ਸਮੇਂ ਵਿਚ ਵੀ ਇਸ ਦਿਨ ਛੇਵੇਂ ਪਾਤਸ਼ਾਹ ਜੀ ਦੇ ਸਿਰਜੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਜੀ ਸਿੱਖ ਕੌਮ ਦੇ ਨਾਉਂ ਸੰਦੇਸ਼ ਜਾਰੀ ਕਰਦੇ ਹਨ।

ਸਤਿਗੁਰਾਂ ਦੇ ਇਸ ਇਤਿਹਾਸ ਨੂੰ ਪੇਸ਼ ਕਰਦਿਆਂ ਹੀ ਕਿਸੇ ਕਵੀ ਨੇ ਲਿਖਿਆ,

''ਬੰਦੀ ਛੋੜ ਸਤਿਗੁਰਾਂ, ਬੰਦੀਓਂ ਬੰਦੀ ਛੁਡਾਇਆ ਬੰਦੀਆਂ ਨੂੰ'। ਇਸ ਤੋਂ ਬਾਅਦ ਜਹਾਂਗੀਰ ਨੂੰ ਆਪਣੇ ਪਾਪਾਂ ਦਾ ਐਸਾ ਅਹਿਸਾਸ ਹੋਇਆ ਕਿ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਦੁਸ਼ਮਣੀ ਵਾਲਾ ਵਿਹਾਰ ਤਿਆਗ ਕੇ ਮਿੱਤਰਤਾ ਪੈਦਾ ਕਰ ਲਈ। ਸਤਿਗੁਰਾਂ ਨੇ ਵੀ ਇਸ ਸ਼ਾਂਤੀ ਦੇ ਸਮੇਂ ਵਿਚ ਦੂਰ-ਦੂਰ ਤਕ ਸਿੱਖ ਧਰਮ ਦਾ ਪ੍ਰਚਾਰ ਕੀਤਾ।

(ਸ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਰਿਵਾਰ, ਵਸਾਏ ਨਗਰ ਤੇ ਅਸਥਾਨ :

ਪਰਿਵਾਰ :—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਤਿੰਨ ਸੁਪਤਨੀਆਂ ਸਨ। ਆਪ ਜੀ ਦੀ ਪਹਿਲੀ ਸ਼ਾਦੀ ਡੱਲਾ ਨਿਵਾਸੀ, ਸ੍ਰੀ ਨਾਰਾਇਣ ਦਾਸ ਜੀ ਦੀ ਸਪੁੱਤਰੀ ਸ੍ਰੀ ਦਮੋਦਰੀ ਜੀ ਨਾਲ ਹੋਈ। ਇਹਨਾਂ ਦੀ ਕੁੱਖੋਂ ਬਾਬਾ ਗੁਰਦਿੱਤਾ ਜੀ, ਬੀਬੀ ਵੀਰੋ ਜੀ ਤੇ ਅਣੀ ਰਾਇ ਜੀ ਦਾ ਜਨਮ ਹੋਇਆ।

ਸਤਿਗੁਰਾਂ ਦੀ ਦੂਜੀ ਸ਼ਾਦੀ ਬਕਾਲਾ ਨਿਵਾਸੀ ਸ੍ਰੀ ਹਰੀ ਚੰਦ ਜੀ ਦੀ ਸਪੁੱਤਰੀ ਨਾਨਕੀ ਜੀ ਨਾਲ ਹੋਈ। ਮਾਤਾ ਨਾਨਕੀ ਜੀ ਦੀ ਕੁੱਖੋਂ ਬਾਬਾ ਅਟੱਲ ਰਾਇ ਜੀ ਅਤੇ ਸ੍ਰੀ (ਗੁਰੂ) ਤੇਗ ਬਹਾਦਰ ਜੀ ਦਾ ਜਨਮ ਹੋਇਆ।

ਸਤਿਗੁਰਾਂ ਦੀ ਤੀਸਰੀ ਸ਼ਾਦੀ ਮੰਡਿਆਲੀ ਨਿਵਾਸੀ ਸ੍ਰੀ ਦਇਆ ਰਾਮ ਜੀ ਦੀ ਸਪੁੱਤਰੀ ਮਹਾਂਦੇਵੀ ਜੀ ਨਾਲ ਹੋਈ ਤੇ ਇਹਨਾਂ ਦੀ ਕੁੱਖੋਂ ਸ੍ਰੀ ਸੂਰਜ ਮੱਲ ਜੀ ਨੇ ਜਨਮ ਲਿਆ। ਸਤਿਗੁਰਾਂ ਦੇ ਪੰਜ ਸਪੁੱਤਰ ਤੇ ਇਕ ਧੀ ਸੀ।

ਵਸਾਏ ਨਗਰ ਤੇ ਅਸਥਾਨ :— ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1606 ਈ. ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ। ਸੈਨਿਕ ਸ਼ਕਤੀ ਨੂੰ ਮੁਖ ਰੱਖ ਕੇ 1609 ਈ. ਵਿਚ ਲੋਹਗੜ੍ਹ ਨਾਉਂ ਦਾ ਕਿਲ੍ਹਾ ਤਿਆਰ ਕਰਵਾਇਆ। ਇਸ ਤਰ੍ਹਾਂ ਅੰਮ੍ਰਿਤਸਰ ਸਾਹਿਬ ਵਿਖੇ ਸਿੱਖਾਂ ਦਾ ਪਹਿਲਾ ਤਖ਼ਤ ਅਤੇ ਪਹਿਲਾ ਕਿਲ੍ਹਾ ਸਥਾਪਤ ਹੋਇਆ। ਇਸ ਤੋਂ ਇਲਾਵਾ ਲਾਹੌਰ ਦੇ ਕਿਲ੍ਹੇ ਦੇ ਪਾਸ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾਏ ਸਨ, ਉਥੇ ਡੇਹਰਾ ਸਾਹਿਬ ਲਾਹੌਰ 1612 ਈ. ਵਿਚ ਸਥਾਪਤ ਕੀਤਾ।

ਸਤਿਗੁਰਾਂ ਨੇ ਕੀਰਤਪੁਰ ਸਾਹਿਬ 1626 ਈ. ਵਿਚ ਕਹਿਲੂਰ ਦੇ ਰਾਜਾ ਤਾਰਾ ਚੰਦ ਪਾਸੋਂ ਜ਼ਮੀਨ ਖ਼ਰੀਦ ਕੇ ਵਸਾਇਆ ਅਤੇ ਗੁਰੂ ਜੀ 1634 ਈ. ਵਿਚ ਇਥੇ ਆ ਕੇ ਵਸੇ ਤੇ ਫਿਰ ਅੰਤ ਸਮੇਂ ਤਕ ਇਥੇ ਹੀ ਰਹੇ। ਇਸੇ ਤਰ੍ਹਾਂ ਮਹਿਰਾਜ ਨਗਰ ਮਾਲਵੇ ਵਿਚ ਗੁਰੂ ਜੀ ਨੇ 1627 ਈ. ਵਿਚ ਵਸਾਇਆ। ਇਕ ਵਾਰ ਸਿੱਖੀ ਦਾ ਪ੍ਰਚਾਰ ਕਰਦੇ ਕਰਦੇ ਗੁਰੂ ਜੀ ਜਦ ਲਾਹੌਰ ਗਏ ਤਾਂ ਮੁਜੰਗ ਵਿਖੇ ਸਾਈਂ ਮੀਆਂ ਮੀਰ ਜੀ ਦਰਸ਼ਨ ਲਈ ਆਏ। ਉਹਨਾਂ ਕਿਹਾ ਕਿ ਕਾਜ਼ੀ ਰੁਸਤਮ ਖ਼ਾਨ ਦੀ ਧੀ ਬੀਬੀ ਕੌਲਾਂ ਸਾਡੀ ਮੁਰੀਦ ਹੈ ਤੇ ਖ਼ੁਦਾ ਦੀ ਬੰਦਗੀ ਕਰਦੀ ਹੈ। ਉਹ ਆਪ ਦੇ ਸਤਿਸੰਗ ਤੋਂ ਪ੍ਰਭਾਵਤ ਹੈ। ਉਸ ਦਾ ਪਿਉ ਉਸ ਨੂੰ ਕਾਫ਼ਰ ਹੋ ਗਈ ਸਮਝ ਕੇ ਕਤਲ ਕਰਨਾ ਚਾਹੁੰਦਾ ਹੈ, ਇਸ ਲਈ ਤੁਸੀਂ ਉਸ ਨੂੰ ਪਨਾਹ ਦਿਉ।

ਸਤਿਗੁਰਾਂ ਨੇ ਸਾਈਂ ਜੀ ਨਾਲ ਪਨਾਹ ਦੇਣ ਦਾ ਇਕਰਾਰ ਕੀਤਾ। ਬੀਬੀ ਕੌਲਾਂ ਅੰਮ੍ਰਿਤਸਰ ਪਹੁੰਚ ਗਈ ਤੇ ਉਸ ਨੂੰ ਵੱਖਰਾ ਮਕਾਨ ਦਿੱਤਾ ਗਿਆ। ਉਹ ਭਜਨ ਬੰਦਗੀ ਕਰਦੀ ਰਹੀ। ਸਤਿਗੁਰਾਂ ਨੇ 1624 ਈ. ਵਿਚ ਇਕ ਤਾਲ ਸ਼ੁਰੂ ਕਰਵਾਇਆ ਜੋ 1627 ਈ. ਵਿਚ ਸੰਪੂਰਨ ਹੋਇਆ। ਇਸ ਦਾ ਨਾਉਂ ਬੀਬੀ ਕੌਲਾਂ ਦੇ ਨਾਂ ਉਤੇ ਕੌਲਸਰ ਰੱਖਿਆ ਗਿਆ।

ਸੰਨ 1628 ਵਿਚ ਸਤਿਗੁਰਾਂ ਨੇ ਬਿਬੇਕੀ ਸਿੰਘਾਂ ਦੇ ਟਿਕਣ ਲਈ ਜਿੱਥੇ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਕਰਦੇ ਹੁੰਦੇ ਸਨ, ਉਥੇ ਬਿਬੇਕਸਰ ਸਰੋਵਰ ਤਿਆਰ ਕਰਵਾਇਆ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੰਜ ਸਰੋਵਰਾਂ ਵਿਚੋਂ ਦੋ ਸਰੋਵਰ ਕੌਲਸਰ ਤੇ ਬਿਬੇਕਸਰ ਛੇਵੇਂ ਪਾਤਸ਼ਾਹ ਦੀ ਜੀ ਬਖ਼ਸ਼ਿਸ਼ ਨਾਲ ਤਿਆਰ ਹੋਏ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1597 ਈ. ਵਿਚ ਜ਼ਿਲ੍ਹਾ ਗੁਰਦਾਸਪੁਰ ਵਿਖੇ ਹਰਿਗੋਬਿੰਦਪੁਰ ਨਗਰ ਵਸਾਇਆ ਸੀ। ਬਾਅਦ ਵਿਚ ਚੰਦੂ ਦੀ ਸ਼ਰਾਰਤ ਨਾਲ ਇਹ ਪਿੰਡ ਭਗਵਾਨ ਦਾਸ ਘੇਰੜ ਨੂੰ ਮਿਲ ਗਿਆ। ਸੰਨ 1630 ਵਿਚ ਜਦ ਛੇਵੇਂ ਪਾਤਸ਼ਾਹ ਜੀ ਇਥੇ ਆਏ ਤਾਂ ਇਥੇ ਯੁੱਧ ਵੀ ਹੋਇਆ। ਇਥੇ ਸਤਿਗੁਰਾਂ ਨੇ ਮੁਸਲਮਾਨ ਭਰਾਵਾਂ ਲਈ ਇਕ ਮਸੀਤ ਵੀ ਬਣਵਾਈ। ਸਤਿਗੁਰਾਂ ਦੀ ਸ਼ਖ਼ਸੀਅਤ ਸੰਬੰਧੀ ਭਾਈ ਗੁਰਦਾਸ ਜੀ ਨੇ 'ਬਡ ਜੋਧਾ ਬਹੁ ਪਰਉਪਕਾਰੀ' ਲਿਖਿਆ ਹੈ। ਇਸ ਪ੍ਰਕਾਰ ਬਹੁ ਪਰਉਪਕਾਰੀ ਸਤਿਗੁਰੂ ਨੇ ਸਮੂਹ ਧਰਮਾਂ ਦਾ ਸਤਿਕਾਰ ਕਰਦਿਆਂ ਮਨੁੱਖਤਾ ਨੂੰ ਜੀਵਨ ਜੀਣ ਦੀ ਜਾਚ ਸਿਖਾਈ।

(ਹ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਾਰ ਜੰਗ :

ਸੰਨ 1627 ਵਿਚ ਜਹਾਂਗੀਰ ਦੀ ਮੌਤ ਹੋ ਗਈ ਅਤੇ ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਗੱਦੀ 'ਤੇ ਬੈਠਾ। ਇਸ ਨਵੇਂ ਬਾਦਸ਼ਾਹ ਦੀ ਨੀਤੀ ਗੈਰ ਮੁਸਲਮਾਨਾਂ ਪ੍ਰਤੀ ਚੰਗੀ ਨਹੀਂ ਸੀ। ਜਹਾਂਗੀਰ ਨੇ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਚੰਗੀ ਨੇੜਤਾ ਕਾਇਮ ਕਰ ਲਈ ਸੀ। ਉਸ ਨੂੰ ਗੁਰੂ ਘਰ ਨਾਲ ਕੀਤੇ ਆਪਣੇ ਪਾਪਾਂ ਦਾ ਅਹਿਸਾਸ ਵੀ ਜ਼ਰੂਰ ਸੀ। ਸੰਨ 1612 ਤੋਂ 1627 ਤਕ ਸ਼ਾਂਤਮਈ ਸਮਾਂ ਸੀ। ਇਧਰ ਗੁਰੂ ਘਰ ਦਾ ਮਿਸ਼ਨ ਸੱਚੇ ਧਰਮ ਦਾ ਪ੍ਰਚਾਰ ਤੇ ਪਸਾਰ ਕਰਨਾ ਸੀ। ਭਾਵੇਂ ਸਤਿਗੁਰਾਂ ਪਾਸ ਤਕੜੀ ਫ਼ੌਜ ਸੀ, ਪਰ ਉਹਨਾਂ ਕਿਧਰੇ ਵੀ ਜੰਗ ਨੂੰ ਪਹਿਲ ਨਹੀਂ ਦਿੱਤੀ।

ਉਧਰ ਗੁਰੂ ਘਰ ਦੇ ਦੋਖੀ, ਜਿਹਨਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਜਹਾਂਗੀਰ ਦੀ ਨੇੜਤਾ ਚੰਗੀ ਨਹੀਂ ਲੱਗਦੀ ਸੀ, ਉਹਨਾਂ ਨੇ ਮੌਕਾ ਪਾ ਕੇ ਸ਼ਾਹਜਹਾਨ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਇਸ ਸਮੇਂ ਪ੍ਰਿਥੀ ਦਾ ਪੁੱਤਰ ਮਿਹਰਬਾਨ ਤੇ ਚੰਦੂ ਦਾ ਪੁੱਤਰ ਕਰਮ ਚੰਦ ਪੱਗ ਵੱਟ ਭਰਾ ਬਣ ਗਏ। ਇਹਨਾਂ ਨੇ ਵੀ ਅਨੇਕਾਂ ਸਾਜਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਦੂਜੇ ਪਾਸੇ ਸ਼ਾਹਜਹਾਨ ਦੀ ਨੀਤੀ ਪਹਿਲਾਂ ਹੀ ਠੀਕ ਨਹੀਂ ਸੀ।

ਸੰਨ 1628 ਦੀ ਘਟਨਾ ਹੈ ਕਿ ਇਕ ਦਿਨ ਸ਼ਾਹਜਹਾਨ ਅੰਮ੍ਰਿਤਸਰ ਦੇ ਨਜਦੀਕ ਸ਼ਿਕਾਰ ਖੇਡ ਰਿਹਾ ਸੀ। ਉਧਰ ਸਿੱਖਾਂ ਦਾ ਇਕ ਜੱਥਾ ਵੀ ਸ਼ਿਕਾਰ ਖੇਡਣ ਗਿਆ। ਸ਼ਾਹੀ

ਬਾਜ ਨੂੰ ਸਿੱਖਾਂ ਦੇ ਬਾਜ ਨੇ ਜਾ ਦਬੋਚਿਆ। ਜਦੋਂ ਬਾਦਸ਼ਾਹ ਦੇ ਸ਼ਿਕਾਰੀਆਂ ਨੇ ਸਿੱਖਾਂ ਕੋਲੋਂ ਆਪਣਾ ਬਾਜ ਮੰਗਿਆ ਤਾਂ ਇਹਨਾਂ ਇਨਕਾਰ ਕਰ ਦਿੱਤਾ। ਸ਼ਿਕਾਰੀਆਂ ਨੇ ਸ਼ਾਹਜਹਾਨ ਨੂੰ ਕਿਹਾ ਕਿ ਅੱਜ ਸਿੱਖਾਂ ਨੇ ਬਾਜ ਨੂੰ ਹੱਥ ਪਾਇਆ ਹੈ ਤਾਂ ਕੱਲ੍ਹ ਤਾਜ ਨੂੰ ਵੀ ਪਾਉਣਗੇ। ਸ਼ਾਹਜਹਾਨ ਦੇ ਕਹਿਣ ਤੇ ਇਕ ਫ਼ੌਜੀ ਟੋਲੀ ਮੁਖ਼ਲਿਸ ਖ਼ਾਂ ਦੀ ਕਮਾਨ ਹੇਠ ਭੇਜੀ ਗਈ। ਇਧਰ ਗੁਰੂ ਜੀ ਜੰਗ ਲਈ ਤਿਆਰ ਨਹੀਂ ਸਨ, ਕਿਉਂਕਿ ਉਹਨਾਂ ਦੀ ਸਪੁੱਤਰੀ ਬੀਬੀ ਵੀਰੋ ਜੀ ਦੇ ਵਿਆਹ ਦੀ ਤਿਆਰੀ ਹੋ ਰਹੀ ਸੀ। ਜਦ ਸਤਿਗੁਰਾਂ ਨੂੰ ਸ਼ਾਹਜਹਾਨ ਦੀਆਂ ਫ਼ੌਜਾਂ ਦੀ ਚੜ੍ਹਾਈ ਦਾ ਪਤਾ ਲੱਗਾ ਤਾਂ ਉਹਨਾਂ ਨੇ ਆਪਣੇ ਸੇਵਕਾਂ ਨਾਲ ਫ਼ੈਸਲਾ ਕੀਤਾ ਕਿ ਸ਼ਾਹੀ ਫ਼ੌਜ ਦਾ ਟਾਕਰਾ ਕੀਤਾ ਜਾਵੇ।

ਸਤਿਗੁਰਾਂ ਦੀ ਇਹ ਪਹਿਲੀ ਜੰਗ 1628 ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਪਿੱਪਲੀ ਸਾਹਿਬ ਦੇ ਲਾਗੇ ਮੌਜੂਦਾ ਖ਼ਾਲਸਾ ਕਾਲਜ ਦੇ ਸਥਾਨ 'ਤੇ ਹੋਈ। ਇਹ ਯੁੱਧ ਤਿੰਨ ਦਿਨ ਹੁੰਦਾ ਰਿਹਾ। ਸ਼ਾਹੀ ਫ਼ੌਜ ਕਈ ਗੁਣਾ ਸੀ, ਪਰ ਇਧਰ ਸਿੱਖੀ ਸਿਦਕ ਜ਼ੁਲਮ ਨਾਲ ਡੱਟ ਕੇ ਜੂਝਿਆ। ਇਸ ਜੰਗ ਦਾ ਅੰਤ ਨਾ ਹੁੰਦਾ ਵੇਖ ਕੇ ਮੁਖ਼ਲਿਸ ਖ਼ਾਂ ਨੇ ਆਹਮੋ ਸਾਹਮਣੇ ਦੁਵੱਲੇ ਯੁੱਧ ਲਈ ਸਤਿਗੁਰਾਂ ਨੂੰ ਵੰਗਾਰਿਆ। ਦਲਿਭਜੰਨ ਗੁਰ ਸੂਰਮੇ ਪਾਤਸ਼ਾਹ ਨੇ ਮੁਖ਼ਲਿਸ ਖ਼ਾਂ ਨੂੰ ਪਹਿਲਾਂ ਵਾਰ ਕਰਨ ਦਾ ਸਮਾਂ ਦਿੱਤਾ, ਪਰ ਉਸ ਦਾ ਵਾਰ ਖ਼ਾਲੀ ਗਿਆ। ਫੇਰ ਸਤਿਗੁਰਾਂ ਨੇ ਖੰਡੇ ਨਾਲ ਐਸਾ ਵਾਰ ਕੀਤਾ ਕਿ ਮੁਖ਼ਲਿਸ ਖ਼ਾਂ ਢਹਿ ਢੇਰੀ ਹੋ ਗਿਆ। ਉਸ ਦੀ ਮੌਤ ਤੋਂ ਬਾਅਦ ਸ਼ਾਹੀ ਫ਼ੌਜ ਨੂੰ ਭਾਜੜਾਂ ਪੈ ਗਈਆਂ। ਸਿੱਖ ਫ਼ੌਜਾਂ ਦੀ ਜਿੱਤ ਹੋਈ। ਇਸ ਜੰਗ ਵਿਚ ਭਾਈ ਬਿਧੀ ਚੰਦ ਤੇ ਪੈਂਦੇ ਖ਼ਾਂ ਆਦਿ ਯੋਧਿਆਂ ਨੇ ਚੰਗੇ ਕਰਾਰੇ ਹੱਥ ਦਿਖਾਏ। ਸਿੱਖ ਇਤਿਹਾਸ ਵਿਚ ਮੁਗ਼ਲਾਂ ਤੇ ਸਿੱਖਾਂ ਵਿਚਕਾਰ ਇਹ ਪਹਿਲੀ ਜੰਗ ਸੀ। ਸਤਿਗੁਰਾਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਅਤੇ ਝਬਾਲ ਜਾ ਕੇ ਬੀਬੀ ਵੀਰੋ ਜੀ ਦੇ ਵਿਆਹ ਦੀ ਮਰਯਾਦਾ ਨਿਭਾਈ।

ਸਤਿਗੁਰਾਂ ਦੀ ਦੂਜੀ ਜੰਗ 1629 ਈ. ਨੂੰ ਜਲੰਧਰ ਦੇ ਹਾਕਮ ਅਬਦੁੱਲਾ ਖ਼ਾਂ ਨਾਲ ਹੋਈ। ਇਹ ਸ੍ਰੀ ਹਰਿਗੋਬਿੰਦਪੁਰ ਦੀ ਜੰਗ ਕਹੀ ਜਾਂਦੀ ਹੈ। ਇਹ ਨਗਰ ਪੰਚਮ ਪਾਤਸ਼ਾਹ ਜੀ ਨੇ 1597 ਈ. ਵਿਚ ਵਸਾਇਆ ਸੀ। ਸਤਿਗੁਰਾਂ ਦੀ ਸ਼ਹੀਦੀ ਤੋਂ ਬਾਅਦ ਚੰਦੂ ਦੀ ਸ਼ਰਾਰਤ ਨਾਲ ਇਹ ਪਿੰਡ,, ਭਗਵਾਨ ਦਾਸ ਘੇਰੜ ਨੂੰ ਮਿਲ ਗਿਆ। ਆਪਣੀਆਂ ਬੁਰੀਆਂ ਨੀਤੀਆਂ ਕਾਰਨ ਉਹ ਸਿੱਖਾਂ ਹੱਥੋਂ ਮਾਰਿਆ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 1630 ਈ. ਵਿਚ ਇਥੇ ਗਏ। ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫ਼ੌਜਦਾਰ ਅਬਦੁੱਲਾ ਖ਼ਾਂ ਪਾਸ ਫ਼ਰਿਆਦ ਕੀਤੀ। ਉਹ ਵੱਡੀ ਫ਼ੌਜ ਚਾੜ੍ਹ ਲਿਆਇਆ। ਇਥੇ ਘਮਸਾਨ ਦਾ ਯੁੱਧ ਹੋਇਆ। ਇਸ ਯੁੱਧ ਵਿਚ ਅਬਦੁੱਲਾ ਖ਼ਾਂ ਦੇ ਮਰਨ ਦੀ ਦੇਰ ਸੀ ਕਿ ਉਸ ਦੀ ਫ਼ੌਜ ਭੱਜ ਨਿਕਲੀ। ਸਿੱਖ ਫ਼ੌਜਾਂ ਦੀ ਫ਼ਤਹਿ ਹੋਈ। ਸਤਿਗੁਰਾਂ ਦਾ ਨਾ ਤਾਂ ਕਿਸੇ ਨਾਲ ਵੈਰ ਸੀ ਅਤੇ ਨਾ ਹੀ ਉਹਨਾਂ ਨੇ ਕਿਸੇ ਧਰਤੀ ਉੱਪਰ ਕਬਜ਼ਾ ਕੀਤਾ। ਇਥੇ ਹਰਿਗੋਬਿੰਦਪੁਰ ਵਿਖੇ ਸਤਿਗੁਰਾਂ ਨੇ ਭਗਵਾਨ ਦਾਸ ਘੇਰੜ ਦੇ ਘਰ ਵਾਲੇ ਸਥਾਨ ਉੱਪਰ

ਮੁਸਲਮਾਨਾਂ ਲਈ ਮਸੀਤ ਬਣਾ ਕੇ ਦਿੱਤੀ।

ਸਤਿਗੁਰਾਂ ਦੀ ਤੀਜੀ ਜੰਗ 1631 ਈ. ਨੂੰ ਮਾਲਵੇ ਦੇ ਪਿੰਡ ਮਹਿਰਾਜ (ਮਰਾੜ) ਵਿਖੇ ਹੋਈ। ਗੁਰੂ ਜੀ ਉਸ ਇਲਾਕੇ ਵਿਚ ਧਰਮ ਪ੍ਰਚਾਰ ਲਈ ਗਏ ਸਨ ਕਿ ਕਾਬਲ ਤੋਂ ਆਏ ਇਕ ਮਸੰਦ ਨੇ ਵਾਰਤਾ ਸੁਣਾਈ ਕਿ ਉਹ ਸਤਿਗੁਰਾਂ ਲਈ ਦਿਲਬਾਗ ਤੇ ਗੁਲਬਾਗ ਨਾਮ ਦੇ ਦੋ ਘੋੜੇ ਸੰਗਤਾਂ ਵਲੋਂ ਭੇਟ ਕੀਤੇ ਲਿਆ ਰਿਹਾ ਸੀ। ਉਹ ਘੋੜੇ ਲਾਹੌਰ ਦੇ ਨਵਾਬ ਦੇ ਕਹਿਣ ਉਤੇ ਫ਼ੌਜਦਾਰ ਲੱਲਾ ਬੇਗ ਨੇ ਖੋਹ ਲਏ ਹਨ। ਇਹ ਦੋਵੇਂ ਘੋੜੇ ਭਾਈ ਬਿਧੀ ਚੰਦ ਜੀ ਨੇ ਇਕ ਵਾਰ ਘਾਹੀ ਬਣ ਕੇ ਤੇ ਦੂਜੀ ਵਾਰ ਨਜੂਮੀਆਂ ਬਣ ਕੇ ਗੁਰੂ-ਘਰ ਮੋੜ ਵੀ ਲਿਆਂਦੇ। ਉਧਰ ਸ਼ਾਹੀ ਦਰਬਾਰ ਨੇ ਆਪਣੀ ਹੱਤਕ ਸਮਝੀ। ਕਮਰ ਬੇਗ ਤੇ ਲੱਲਾ ਬੇਗ ਵੀਹ ਹਜ਼ਾਰ ਦੇ ਲਗਭਗ ਫ਼ੌਜ ਲੈ ਕੇ ਯੁੱਧ ਲਈ ਆਏ। ਮਹਿਰਾਜ ਦੀ ਖੁੱਲ੍ਹੀ ਜੂਹ ਵਿਚ ਦੋਹਾਂ ਦਲਾਂ ਦਾ ਟਾਕਰਾ ਹੋਇਆ। ਪਹਿਲੇ ਦਿਨ ਪੂਰਾ ਘਮਸਾਨ ਦਾ ਯੁੱਧ ਹੋਇਆ ਤੇ ਸਿੱਖ ਸਿਪਾਹੀਆਂ ਦੇ ਹੌਂਸਲੇ ਪੂਰੇ ਬੁਲੰਦ ਸਨ। ਦੂਜੇ ਦਿਨ ਲੱਲਾ ਬੇਗ ਨੇ ਗੁਰੂ ਜੀ ਨੂੰ ਦੁਵੱਲੇ ਯੁੱਧ ਲਈ ਲਲਕਾਰਿਆ। ਸਤਿਗੁਰਾਂ ਨੇ ਲੱਲਾ ਬੇਗ ਨੂੰ ਵਾਰ ਕਰਨ ਦੀ ਪਹਿਲ ਦਿੱਤੀ। ਜਦ ਉਸ ਦਾ ਵਾਰ ਖ਼ਾਲੀ ਗਿਆ ਤਾਂ ਗੁਰੂ ਜੀ ਨੇ ਐਸਾ ਵਾਰ ਕੀਤਾ ਕਿ ਲੱਲਾ ਬੇਗ ਦੇ ਧਰਤੀ ਉੱਪਰ ਡਿੱਗਣ ਦੀ ਦੇਰ ਸੀ ਕਿ ਸ਼ਾਹੀ ਫ਼ੌਜ ਭੱਜ ਖਲੋਤੀ। ਸਿੱਖ ਫ਼ੌਜਾਂ ਦੀ ਫ਼ਤਹਿ ਹੋਈ ਤੇ ਸਤਿਗੁਰਾਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਫਿਰ ਸ਼ਹੀਦ ਸਿੱਖਾਂ ਦਾ ਸਸਕਾਰ ਕੀਤਾ ਗਿਆ ਅਤੇ ਮੁਸਲਮਾਨਾਂ ਦੀਆਂ ਦੇਹਾਂ ਨੂੰ ਦਫਨਾਇਆ ਗਿਆ। ਜਿੱਥੇ ਇਹ ਜੰਗ ਹੋਈ ਉਥੇ ਗੁਰੂ ਜੀ ਨੇ ਇਕ ਸਰੋਵਰ 'ਗੁਰੂ ਸਰ' ਬਣਵਾਇਆ ਜੋ ਨਥਾਨੇ ਪਿੰਡ ਦੇ ਪਾਸ ਹੈ।

ਸਤਿਗੁਰਾਂ ਦੀ ਚੌਥੀ ਜੰਗ 1634 ਈ. ਨੂੰ ਕਰਤਾਰਪੁਰ (ਜਲੰਧਰ) ਵਿਖੇ ਹੋਈ। ਗੁਰੂ ਜੀ ਮਾਲਵੇ ਤੇ ਦੁਆਬੇ 'ਚ ਧਰਮ ਪ੍ਰਚਾਰ ਕਰਦੇ 1632 ਵਿਚ ਕਰਤਾਰਪੁਰ ਆ ਗਏ। ਤੀਜੀ ਜੰਗ ਦਾ ਹਾਲ ਸੁਣ ਕੇ ਬਹੁਤ ਸਾਰੇ ਸਿੱਖ ਦੂਰੋਂ-ਦੂਰੋਂ ਸਤਿਗੁਰਾਂ ਦੇ ਦਰਸ਼ਨ ਕਰਨ ਆ ਰਹੇ ਸਨ। ਸਤਿਗੁਰਾਂ ਦੀ ਫ਼ੌਜ ਵਿਚ ਪਠਾਣ ਵੀ ਨੌਕਰ ਸਨ, ਜਿਹਨਾਂ ਵਿਚ ਪੈਂਦੇ ਖ਼ਾਂ ਵੀ ਸੀ। ਗੁਰੂ ਜੀ ਨੇ ਇਸ ਨੂੰ ਰੀਝ ਨਾਲ ਪਾਲਿਆ ਸੀ, ਪਰ ਇਹ ਜਲਦੀ ਹੀ ਹੰਕਾਰੀ ਹੋ ਗਿਆ। ਫਿਰ ਇਸ ਨੂੰ ਫ਼ੌਜ ਵਿੱਚੋਂ ਕੱਢ ਦਿੱਤਾ ਗਿਆ। ਲੋਕ ਮੁਹਾਵਰਾ ਹੈ, 'ਹੰਕਾਰਿਆ ਸੋ ਮਾਰਿਆ।' ਇਹ ਨਮਕ ਹਰਾਮੀ ਪੈਂਦੇ ਖ਼ਾਂ ਜਲੰਧਰ ਦੇ ਫ਼ੌਜਦਾਰ ਰਾਹੀਂ ਲਾਹੌਰ ਦੇ ਸੂਬੇਦਾਰ ਨੂੰ ਮਿਲ ਕੇ ਕਾਲੇ ਖ਼ਾਂ ਦੀ ਕਮਾਨ ਹੇਠ ਵੱਡੀ ਫ਼ੌਜ ਚਾੜ੍ਹ ਲਿਆਇਆ। ਇਹ ਕਾਲੇ ਖ਼ਾਂ ਉਸ ਮੁਖ਼ਲਿਸ ਖ਼ਾਂ ਦਾ ਭਰਾ ਸੀ ਜੋ ਅੰਮ੍ਰਿਤਸਰ ਦੀ ਜੰਗ ਵਿਚ ਸਤਿਗੁਰਾਂ ਹੱਥੋਂ ਦੁਵੱਲੇ ਯੁੱਧ ਵਿਚ ਮਾਰਿਆ ਗਿਆ ਸੀ। ਉਧਰ ਤੁਰਕ ਤਨਖ਼ਾਹਦਾਰ ਸੀ ਤੇ ਇਧਰ ਸਿੱਖ ਸਿਪਾਹੀ ਸਵੈ ਅਜ਼ਾਦੀ ਤੇ ਅਣਖ ਲਈ ਮੈਦਾਨੇ ਜੰਗ ਵਿਚ ਸਿਦਕ ਨਾਲ ਜੂਝ ਰਹੇ ਸਨ। ਇਸੇ ਜੰਗ ਵਿਚ ਸਤਿਗੁਰਾਂ ਦੇ ਤੇਰਾਂ ਸਾਲਾਂ ਦੇ ਸਪੁੱਤਰ ਤੇਗ ਮੱਲ ਜੀ ਨੇ ਤੇਗ ਦੇ ਚੰਗੇ ਜੌਹਰ ਵਿਖਾਏ ਤੇ ਉਹਨਾਂ ਨੂੰ ਗੁਰੂ ਪਿਤਾ ਜੀ ਤੋਂ ਤੇਗ ਬਹਾਦਰ ਦਾ ਖਿਤਾਬ ਮਿਲਿਆ। ਇਸ ਜੰਗ

ਵਿਚ ਭਾਈ ਬਿਧੀ ਚੰਦ ਤੇ ਬਾਬਾ ਗੁਰਦਿੱਤਾ ਜੀ ਨੇ ਵੀ ਤਕੜੀ ਅਗਵਾਈ ਕੀਤੀ। ਜਦ ਕਾਲੇ ਖ਼ਾਂ ਤੇ ਅਸਮਾਨ ਖ਼ਾਂ ਇਸ ਜੰਗ ਵਿਚ ਮਾਰੇ ਗਏ ਤਾਂ ਪੈਂਦੇ ਖ਼ਾਂ ਨੇ ਸਤਿਗੁਰਾਂ ਨੂੰ ਆਹਮੋ ਸਾਹਮਣੇ ਲੜਾਈ ਲਈ ਲਲਕਾਰਿਆ। ਸਤਿਗੁਰਾਂ ਨੇ ਉਸ ਨੂੰ ਵੀ ਪਹਿਲਾਂ ਵਾਰ ਕਰਨ ਦੀ ਪਹਿਲ ਦਿੱਤੀ। ਉਸ ਨੇ ਹੰਕਾਰ ਵਿਚ ਤਿੰਨ ਵਾਰ ਕੀਤੇ, ਪਰ ਜਦ ਸਤਿਗੁਰਾਂ ਨੇ ਵਾਰ ਕੀਤਾ ਤਾਂ ਪੈਂਦੇ ਖ਼ਾਂ ਧਰਤੀ ਉੱਪਰ ਢੇਰੀ ਹੋ ਗਿਆ। ਪਰਉਪਕਾਰੀ ਸਤਿਗੁਰੂ ਨੇ ਉਸ ਨੂੰ ਢਾਲ ਦੀ ਛਾਂ ਕਰਕੇ ਕਿਹਾ, ਪੈਂਦੇ ਖ਼ਾਂ ! ਖ਼ੁਦਾ ਨੂੰ ਯਾਦ ਕਰ ਲੈ। ਪੈਂਦੇ ਖ਼ਾਂ ਦਾ ਹੰਕਾਰ ਟੁੱਟ ਗਿਆ ਤੇ ਕਹਿੰਦਾ, ਸੱਚੇ ਪਾਤਸ਼ਾਹ ! ਤੁਸੀਂ ਹੀ ਮੇਰੇ ਖ਼ੁਦਾ ਹੋ। ਪੈਂਦੇ ਖ਼ਾਂ ਨੂੰ ਢੇਰੀ ਹੋਇਆ ਦੇਖ ਕੇ ਸ਼ਾਹੀ ਸੈਨਾ ਦੇ ਹਾਰੇ ਸਿਪਾਹੀ ਮੈਦਾਨ ਛੱਡ ਕੇ ਨੱਸ ਗਏ। ਕਰਤਾਰਪੁਰ ਦੀ ਜੰਗ ਫ਼ਤਹਿ ਹੋਈ। ਸਤਿਗੁਰਾਂ ਨੇ ਸ਼ਹੀਦ ਸਿੱਖਾਂ ਦਾ ਸਸਕਾਰ ਕੀਤਾ ਅਤੇ ਕਰਤਾਰਪੁਰ ਦੀ ਸੰਭਾਲ ਕਰਕੇ ਕੀਰਤਪੁਰ ਸਾਹਿਬ ਵੱਲ ਰਵਾਨਾ ਹੋ ਗਏ। ਇਸ ਤਰ੍ਹਾ ਸਤਿਗੁਰਾਂ ਨੇ ਚਾਰ ਜੰਗਾਂ ਲੜੀਆਂ ਅਤੇ ਹਰ ਵਾਰੀ ਉਹਨਾਂ ਦੀ ਜਿੱਤ ਹੋਈ।

(ਕ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਧਰਮ ਪ੍ਰਚਾਰ ਤੇ ਅੱਗੋਂ ਗੁਰਤਾ ਗੱਦੀ :

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 11 ਸਾਲ ਦੀ ਉਮਰ ਵਿਚ 1606 ਈ. ਨੂੰ ਗੁਰਤਾ ਗੱਦੀ ਉੱਪਰ ਸੁਭਾਇਮਾਨ ਹੋਏ। ਇਹ ਆਪ ਜੀ ਦੇ ਪ੍ਰਚਾਰ ਦਾ ਹੀ ਕਮਾਲ ਸੀ ਕਿ ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਕੌਮ ਵਿਚ ਮਾਯੂਸੀ ਨਹੀਂ ਹੋਣ ਦਿੱਤੀ। ਦੂਜਾ ਪੱਖ ਇਹ ਵੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਛੇਵੇਂ ਪਾਤਸ਼ਾਹ ਜੀ ਸਿੱਖੀ ਦੇ ਪ੍ਰਚਾਰ ਲਈ ਪੰਜਾਬ ਤੋਂ ਬਾਹਰ ਦੂਰ-ਦੂਰ ਤਕ ਗਏ। ਸਤਿਗੁਰੂ ਜੀ ਉਤਰ ਵਿਚ ਕਸ਼ਮੀਰ ਤਕ ਅਤੇ ਪੂਰਬ ਵਿਚ ਪੀਲੀਭੀਤ ਦੇ ਲਾਗੇ ਨਾਨਕ ਮਤੇ ਤਕ ਗਏ। ਸਮੇਂ ਦੇ ਹਾਕਮਾਂ ਦੇ ਦੱਬੇ ਤੇ ਲਿਤਾੜੇ ਲੋਕ ਗੁਰੂ ਜੀ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਧੜਾ ਧੜ ਸਿੱਖੀ ਧਾਰਨ ਕਰਦੇ ਤੇ ਬੇਅੰਤ ਹਿੰਦੂ ਤੇ ਮੁਸਲਮਾਨ ਸਿੱਖ ਬਣ ਗਏ।

ਛੇਵੇਂ ਪਾਤਸ਼ਾਹ ਜੀ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਨਾਲ ਜੋ ਵੀ ਸਬੰਧਿਤ ਸਥਾਨ ਸਨ, ਉਹਨਾਂ ਦੀ ਯਾਤਰਾ ਕੀਤੀ। ਉਥੇ ਯਾਦਗਾਰਾਂ ਵੀ ਬਣਾਈਆਂ ਅਤੇ ਇਹਨਾਂ ਗੁਰਦੁਆਰਿਆਂ ਵਿਚ ਬਕਾਇਦਾ ਪੂਜਾ ਪਾਠ ਕਰਨ ਦੇ ਪ੍ਰਬੰਧ ਵੀ ਪੱਕੇ ਕੀਤੇ।

ਸੰਨ 1612 ਵਿਚ ਆਪ ਗਵਾਲੀਅਰ ਤੋਂ ਬੰਦੀ ਰਾਜਿਆਂ ਨੂੰ ਮੁਕਤ ਕਰਾ ਕੇ ਰਸਤੇ ਵਿਚ ਪ੍ਰਚਾਰ ਕਰਦੇ ਅੰਮ੍ਰਿਤਸਰ ਪਧਾਰੇ ਸਨ। ਤਕਰੀਬਨ 1627 ਈ. ਤਕ 15 ਸਾਲ ਦਾ ਸਮਾਂ ਸ਼ਾਂਤਮਈ ਰਿਹਾ। ਗੁਰੂ ਜੀ ਮਾਝੇ ਵਿਚ ਸਿੱਖੀ ਦੇ ਪ੍ਰਚਾਰ ਲਈ ਗਏ। ਇਥੇ ਹੀ ਚੱਬੇ ਪਿੰਡ ਦੀ ਸੁਲੱਖਣੀ ਨਾਂ ਦੀ ਔਰਤ ਨੇ ਸਤਿਗੁਰਾਂ ਪਾਸੋਂ ਸੰਤਾਨ ਦੀ ਦਾਤ ਮੰਗੀ ਸੀ। ਇਸ ਦੇ ਘਰ ਸੱਤ ਪੁੱਤਰਾਂ ਨੇ ਜਨਮ ਲਿਆ, ਜਿਹਨਾਂ ਨੇ ਸਮੇਂ-ਸਮੇਂ ਗੁਰੂ ਘਰ ਵਿਚ ਰੱਜ ਕੇ ਸੇਵਾ ਕੀਤੀ। ਮਾਝੇ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਕਰਦੇ ਗੁਰੂ ਜੀ ਦੁਆਬੇ ਦੇ ਇਲਾਕੇ ਵਿਚ ਗਏ। ਆਪ ਨੇ ਮੁੱਖ ਟਿਕਾਣਾ ਕਰਤਾਰਪੁਰ ਸਾਹਿਬ ਰੱਖਿਆ। ਇਲਾਕੇ ਦੀਆਂ ਸੰਗਤਾਂ

ਵਹੀਰਾਂ ਘੱਤ ਕੇ ਦਰਸ਼ਨਾਂ ਲਈ ਆਈਆਂ। ਸਤਿਗੁਰਾਂ ਦੇ ਦੈਵੀ ਸਰੂਪ ਤੋਂ ਪ੍ਰਭਾਵਤ ਹੋ ਕੇ ਕੁਝ ਪਠਾਣ ਵੀ ਸਿੱਖ ਫ਼ੌਜ ਵਿਚ ਸ਼ਾਮਲ ਹੋ ਗਏ। ਇਸ ਤਰ੍ਹਾਂ ਮਾਝੇ ਤੇ ਦੁਆਬੇ ਵਿਚ ਸਿੱਖੀ ਪ੍ਰਫੁੱਲਤ ਹੋਈ।

ਕੁਝ ਸਮਾਂ ਅੰਮ੍ਰਿਤਸਰ ਬਿਤਾ ਕੇ ਸਤਿਗੁਰੂ ਲਾਹੌਰ ਦੇ ਇਲਾਕੇ ਵਿਚ ਗਏ। ਉਥੇ ਪ੍ਰਚਾਰ ਦੇ ਨਾਲ-ਨਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਅਸਥਾਨ ਚੂਨਾ ਮੰਡੀ ਲਾਹੌਰ ਦੀ ਉਸਾਰੀ ਕਰਵਾਈ। ਇਥੇ ਸੇਵਾ ਸੰਭਾਲ ਤੇ ਪ੍ਰਚਾਰ ਲਈ ਕੁਝ ਸਿੱਖਾਂ ਨੂੰ ਨੀਯਤ ਕੀਤਾ। ਫਿਰ ਅੰਮ੍ਰਿਤਸਰ ਪਰਤ ਕੇ ਕਸ਼ਮੀਰ ਵੱਲ ਰਵਾਨਾ ਹੋਏ। ਉਥੋਂ ਸੰਗਤਾਂ ਨੂੰ ਤਾਰਦੇ ਸਿਆਲਕੋਟ ਗਏ। ਇਹ ਵਿਦਵਾਨਾਂ ਦਾ ਸ਼ਹਿਰ ਕਰਕੇ ਪ੍ਰਸਿੱਧ ਸੀ। ਇਥੇ ਹੀ ਸਤਿਗੁਰਾਂ ਪਥਰੀਲੀ ਧਰਤੀ ਵਿਚ ਨੇਜ਼ਾ ਮਾਰ ਕੇ ਜਲ ਕੱਢਿਆ ਤੇ ਇਥੇ ਬਾਅਦ ਵਿਚ ਸਰੋਵਰ ਬਣਾਇਆ ਗਿਆ। ਫਿਰ ਸਤਿਗੁਰੂ ਸ੍ਰੀਨਗਰ ਪੁੱਜੇ ਤੇ ਇਥੇ ਬਿਰਧ ਮਾਤਾ ਭਾਗ ਭਰੀ ਨੇ ਸਤਿਗੁਰਾਂ ਨੂੰ ਚੋਲਾ ਭੇਟ ਕੀਤਾ। ਇਥੇ ਸੰਗਤਾਂ ਵਿਚ ਭਾਰੀ ਉਤਸ਼ਾਹ ਸੀ ਤੇ ਸੰਗਤਾਂ ਬਹੁਤ ਸ਼ਰਧਾ ਨਾਲ ਭੇਟਾਵਾਂ ਲੈ ਕੇ ਹਾਜ਼ਰ ਹੁੰਦੀਆਂ। ਫਿਰ ਕਸ਼ਮੀਰ ਵਿਚ ਗੁਰੂ ਜੀ ਨੇ ਤਿੰਨ ਮਹੀਨੇ ਦੇ ਕਰੀਬ ਠਹਿਰਾਉ ਕੀਤਾ। ਇਸ ਤੋਂ ਬਾਅਦ ਗੁਜਰਾਤ ਰਸਤੇ ਆਉਂਦਿਆਂ ਫ਼ਕੀਰ ਸ਼ਾਹ ਦੌਲਾ ਨਾਲ ਵਾਰਤਾ ਹੋਈ ਤਾਂ ਉਸ ਨੇ ਸਵਾਲ ਕੀਤਾ ਸੀ :

ਹਿੰਦੂ ਕੀ ਤੇ ਪੀਰੀ ਕੀ ?

ਔਰਤ ਕੀ ਤੇ ਫ਼ਕੀਰੀ ਕੀ ?

ਪੁੱਤਰ ਕੀ ਤੇ ਵੈਰਾਗ ਕੀ ?

ਦੌਲਤ ਕੀ ਤੇ ਤਿਆਗ ਕੀ ?

ਇਹ ਸੁਣ ਕੇ ਸਤਿਗੁਰਾਂ ਨੇ ਜੋ ਉੱਤਰ ਦਿੱਤਾ, ਉਸ ਵਿਚ ਗੰਭੀਰ ਰਮਜ਼ ਸੀ ਕਿ ''ਔਰਤ ਈਮਾਨ, ਪੁੱਤਰ ਨਿਸ਼ਾਨ, ਦੌਲਤ ਗੁਜ਼ਰਾਨ, ਫ਼ਕੀਰ ਨਾ ਹਿੰਦੂ ਨਾ ਮੁਸਲਮਾਨ।''

ਗੁਜਰਾਤ ਤੋਂ ਚੱਲ ਕੇ ਗੁਰੂ ਜੀ ਹਾਫ਼ਿਜ਼ਾਬਾਦ ਗਏ ਅਤੇ ਇਥੇ ਸੰਗਤਾਂ ਨੇ ਸਤਿਗੁਰਾਂ ਦੇ ਮੁਖੋਂ ਜਪੁ ਜੀ ਸਾਹਿਬ ਦੇ ਅਰਥ ਸਰਵਣ ਕੀਤੇ। ਇਥੇ ਹੀ ਗੁਰੂ ਜੀ ਨੇ ਧਰਮ ਪ੍ਰਚਾਰਕਾਂ ਨੂੰ ਚਰਚਾ ਕਰਨ ਦੀ ਸਿੱਖਿਆ ਦਿੱਤੀ ਕਿ ਪਿਆਰ ਸਤਿਕਾਰ ਨਾਲ ਗੋਸ਼ਟੀ ਕਰਕੇ ਸਿੱਟਾ ਕੱਢੀਦਾ ਹੈ। ਆਪਣੀ ਜ਼ਿੱਦ ਕਰਕੇ ਖੰਡਨ ਹੀ ਕਰੀ ਜਾਣਾ ਕੋਈ ਸਿਆਣਪ ਨਹੀਂ ਹੁੰਦੀ। ਹਾਫ਼ਿਜ਼ਾਬਾਦ ਦੀਆਂ ਸੰਗਤਾਂ ਨੂੰ ਉਪਦੇਸ ਦਿੰਦੇ ਸਤਿਗੁਰੂ, ਲਾਹੌਰ ਦੇ ਰਾਹੀਂ ਅੰਮ੍ਰਿਤਸਰ ਪਹੁੰਚ ਗਏ।

ਕੁਝ ਸਮਾਂ ਅੰਮ੍ਰਿਤਸਰ ਬਿਤਾ ਕੇ ਧਰਮ ਪ੍ਰਚਾਰ ਕਰਦੇ ਹੋਏ ਸਤਿਗੁਰੂ ਨਾਨਕ ਮਤਾ ਪਹੁੰਚੇ। ਇਥੇ ਜੋਗੀਆਂ ਦੇ ਭਰਮ ਦੂਰ ਕੀਤੇ। ਇਥੇ ਬਾਬਾ ਅਲਮਸਤ ਜੀ ਸਿੱਖੀ ਦਾ ਪ੍ਰਚਾਰ

ਕਰਦੇ ਸਨ। ਇਥੇ ਸੰਗਤਾਂ ਦਰਸ਼ਨ ਕਰਕੇ ਬਹੁਤ ਨਿਹਾਲ ਹੋਈਆਂ। ਗੁਰੂ ਜੀ ਵਾਪਸੀ ਸਮੇਂ ਬਰੇਲੀ, ਹਰਿਦੁਆਰ, ਰਿਖੀਕੇਸ਼ ਅਤੇ ਹੋਰ ਅਨੇਕਾਂ ਪੀਰਾਂ-ਫ਼ਕੀਰਾਂ ਨਾਲ ਧਰਮ ਵੀਚਾਰਾਂ ਕਰਦੇ ਮਾਲਵੇ ਦੇ ਇਲਾਕੇ ਵਿਚ ਗਏ। ਮਾਲਵੇ ਵਿਚ ਪਿੰਡ ਡਰੋਲੀ ਵਿਖੇ ਆਪ ਦਾ ਸਾਂਢੂ ਭਾਈ ਸਾਈਂ ਦਾਸ ਰਹਿੰਦਾ ਸੀ। ਸਤਿਗੁਰਾਂ ਨੇ ਮਾਲਵੇ ਵਿਚ ਤਕੜਾ ਪ੍ਰਚਾਰ ਕੀਤਾ। ਕੁਝ ਸਮਾਂ ਮਾਲਵੇ ਵਿਚ ਬਿਤਾ ਕੇ ਜਦ ਸਤਿਗੁਰੂ ਅੰਮ੍ਰਿਤਸਰ ਆਏ ਤਾਂ ਇਕ ਦਿਨ ਦੀਵਾਨ ਲੱਗਾ ਸੀ। ਗੁਰੂ ਜੀ ਨੇ ਫ਼ੁਰਮਾਇਆ ਕਿ ਕੋਈ ਸਿੱਖ ਜਪੁ ਜੀ ਸਾਹਿਬ ਦਾ ਸ਼ੁੱਧ ਪਾਠ ਸੁਣਾਵੇ। ਭਾਈ ਗੁਪਾਲਾ ਜੀ ਨੇ ਬੜੀ ਸੁੰਦਰ ਲੈਅ ਵਿਚ ਸ਼ੁੱਧ ਪਾਠ ਕੀਤਾ। ਗੁਰੂ ਜੀ ਨੇ ਭਾਈ ਗੁਪਾਲਾ ਜੀ ਦੀ ਉਮੰਗ ਤੋਂ ਖ਼ੁਸ਼ ਹੋ ਕੇ ਇਕ ਘੋੜਾ ਬਖ਼ਸ਼ ਦਿੱਤਾ। ਇਸ ਤੋਂ ਪ੍ਰੇਰਨਾ ਵੀ ਮਿਲਦੀ ਹੈ ਕਿ ਸ਼ੁੱਧ ਪਾਠ ਕਰਨਾ ਸਤਿਗੁਰੂ ਦੀ ਬਖ਼ਸ਼ਿਸ਼ ਦਾ ਪਾਤਰ ਬਣਨਾ ਹੈ। ਮਨੋਂ ਮੰਗੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ।

ਇਸੇ ਤਰ੍ਹਾਂ ਇਕ ਵਾਰ ਛੇਵੇਂ ਪਾਤਸ਼ਾਹ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੂੰ ਮਿਲਣ ਪਿੰਡ ਬਾਰਠ ਵਿਖੇ ਗਏ। ਇਹ ਸਥਾਨ ਪਠਾਨਕੋਟ ਦੇ ਨਜ਼ਦੀਕ ਹੈ। ਇਥੇ ਆਪ ਨੇ ਵੱਡਾ ਸਪੁੱਤਰ ਬਾਬਾ ਗੁਰਦਿੱਤਾ ਜੀ, ਸ੍ਰੀ ਚੰਦ ਜੀ ਨੂੰ ਸੌਂਪ ਦਿੱਤਾ। ਇਸ ਤਰ੍ਹਾਂ ਉਦਾਸੀ ਮੱਤ ਗੁਰੂ-ਘਰ ਨਾਲ ਹੀ ਜੁੜ ਗਿਆ ਤੇ ਉਦਾਸੀਆਂ ਨੇ ਵੀ ਸਿੱਖੀ ਪ੍ਰਚਾਰ ਲਈ ਬਹੁਤ ਯੋਗਦਾਨ ਪਾਇਆ।

ਸੰਨ 1627 ਵਿਚ ਜਹਾਂਗੀਰ ਦੀ ਮੌਤ ਹੋ ਗਈ ਅਤੇ ਉਸ ਤੋਂ ਬਾਅਦ ਸ਼ਾਹਜਹਾਨ ਦੀ ਨੀਤੀ ਗੁਰੂ ਘਰ ਦੇ ਵਿਰੁੱਧ ਹੀ ਰਹੀ। ਸੰਨ 1628 ਤੋਂ 1634 ਦੇ ਦਰਮਿਆਨ ਗੁਰੂ ਜੀ ਨੂੰ ਚਾਰ ਧਰਮ ਯੁੱਧ ਕਰਨੇ ਪਏ ਤੇ ਜਿੱਤ ਸਤਿਗੁਰਾਂ ਦੀ ਹੋਈ। ਸੰਨ 1634 ਵਿਚ ਗੁਰੂ ਜੀ ਪੱਕੇ ਰੂਪ ਵਿਚ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਆ ਵਸੇ ਅਤੇ ਅੰਤ ਤਕ ਏਥੇ ਹੀ ਰਹੇ। ਇਥੋਂ ਸਤਿਗੁਰਾਂ ਨੇ ਧਰਮ ਪ੍ਰਚਾਰ ਆਰੰਭਿਆ ਤੇ ਗੁਰਮਤਿ ਪ੍ਰਚਾਰ ਲਈ ਕਈ ਥਾਈਂ ਉਦਾਸੀ ਸਿੱਖਾਂ ਨੂੰ ਵੀ ਸਿੱਖੀ ਦੇ ਪ੍ਰਚਾਰ ਲਈ ਭੇਜਿਆ। ਇਹ ਪ੍ਰਚਾਰਕ ਸਿੱਖੀ ਦੀ ਮਿਸ਼ਾਲ ਲੈ ਕੇ ਥਾਂ-ਥਾਂ ਪਹੁੰਚੇ। ਜਿਸ ਕਰਕੇ ਬਿਹਾਰ, ਬੰਗਾਲ, ਆਸਾਮ ਤਕ ਸਿੱਖ ਧਰਮ ਚੰਗਾ ਸਥਾਪਤ ਹੋ ਗਿਆ। ਧਰਮ ਪ੍ਰਚਾਰ ਲਈ ਬਾਬਾ ਬਿਧੀ ਚੰਦ ਜੀ ਨੂੰ ਬੰਗਾਲ ਵਿਚ ਭੇਜਿਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ। ਇਹਨਾਂ ਵਿਚੋਂ ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਜੀ ਤੇ ਅਣੀ ਰਾਇ ਜੀ ਸਤਿਗੁਰਾਂ ਦੇ ਜੀਵਨ ਕਾਲ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਬਾਬਾ ਸੂਰਜ ਮੱਲ ਦਾ ਝੁਕਾਅ ਦੁਨੀਆਂਦਾਰੀ ਵੱਲ ਸੀ ਤੇ ਸ੍ਰੀ (ਗੁਰੂ) ਤੇਗ਼ ਬਹਾਦਰ ਜੀ ਤਿਆਗੀ ਸੁਭਾਅ ਦੇ ਸਨ। ਸਤਿਗੁਰਾਂ ਦੀ ਦ੍ਰਿਸ਼ਟੀ ਵਿਚ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਹਰਿਰਾਇ ਜੀ ਹਰੇਕ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਸਨ।

ਅੰਤ 3 ਮਾਰਚ 1644 ਈ. ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਪੋਤਰੇ ਸ੍ਰੀ

ਹਰਿਰਾਇ ਜੀ ਨੂੰ ਗੁਰਿਆਈ ਬਖ਼ਸ਼ ਕੇ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਸੰਗਤਾਂ ਬਹੁਤ ਹੀ ਵੈਰਾਗ ਵਿਚ ਸਨ। ਸ੍ਰੀ ਗੁਰੂ ਹਰਿ ਰਾਇ ਜੀ ਨੇ ਸਭਨਾਂ ਨੂੰ ਧੀਰਜ ਦਿੱਤਾ। ਸਤਿਗੁਰਾਂ ਦੀ ਦੇਹ ਦਾ ਸਸਕਾਰ ਕੀਰਤਪੁਰ ਸਾਹਿਬ ਵਿਖੇ ਸਤਲੁਜ ਦੇ ਕੰਢੇ ਕੀਤਾ ਗਿਆ। ਉਸ ਅਸਥਾਨ ਦਾ ਨਾਂ ਗੁਰਦੁਆਰਾ ਪਤਾਲਪੁਰੀ ਸਾਹਿਬ ਪ੍ਰਸਿੱਧ ਹੈ।

*ਅਭਿਆਸ ਲਈ ਵੱਡੇ ਪ੍ਰਸ਼ਨ :—*

ਪ੍ਰਸ਼ਨ (ੳ) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼, ਬਾਲ ਅਵਸਥਾ ਤੇ ਵਿੱਦਿਆ ਸਬੰਧੀ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ਅ) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੁਰਿਆਈ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਤੇ ਸਿੱਖ ਫ਼ੌਜ ਦੀ ਸ਼ਕਤੀ ਸੰਬੰਧੀ ਚਾਨਣਾ ਪਾਓ।

ਪ੍ਰਸ਼ਨ (ੲ) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੰਦੀ ਛੋੜ ਸਤਿਗੁਰੂ ਕਿਉਂ ਕਿਹਾ ਜਾਂਦਾ ਹੈ ?

ਪ੍ਰਸ਼ਨ (ਸ) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਰਿਵਾਰ, ਵਸਾਏ ਨਗਰਾਂ ਤੇ ਅਸਥਾਨਾਂ ਸੰਬੰਧੀ ਜਾਣਕਾਰੀ ਦਿਓ।

ਪ੍ਰਸ਼ਨ (ਹ) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਚਾਰ ਜੰਗਾਂ ਬਾਰੇ ਚਾਨਣਾ ਪਾਓ।

ਪ੍ਰਸ਼ਨ (ਕ) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਧਰਮ ਪ੍ਰਚਾਰ ਤੇ ਅੱਗੋਂ ਗੁਰਤਾ ਗੱਦੀ ਦਾ ਇਤਿਹਾਸ ਵਰਣਨ ਕਰੋ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਆਪ ਜੀ ਦਾ ਪ੍ਰਕਾਸ਼ 19 ਜੂਨ 1595 ਈ. ਨੂੰ ਪਿੰਡ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।

ਪ੍ਰਸ਼ਨ 2 : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ-ਪਿਤਾ ਜੀ ਦਾ ਨਾਮ ਦੱਸੋ।

ਉੱਤਰ : ਗੁਰੂ ਜੀ ਦੇ ਮਾਤਾ ਦਾ ਨਾਮ ਮਾਤਾ ਗੰਗਾ ਜੀ ਅਤੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਸਨ।

ਪ੍ਰਸ਼ਨ 3 : ਛੇਹਰਟਾ ਸਾਹਿਬ ਦਾ ਕੀ ਇਤਿਹਾਸ ਹੈ ?

ਉੱਤਰ : ਪੰਚਮ ਪਾਤਸ਼ਾਹ ਜੀ ਨੇ ਆਪਣੇ ਸਪੁੱਤਰ ਹਰਿਗੋਬਿੰਦ ਜੀ ਦੇ ਪ੍ਰਕਾਸ਼ ਦੀ ਖ਼ੁਸ਼ੀ ਵਿਚ, ਇਲਾਕੇ ਦੀ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਛੇ ਹਰਟਾਂ ਵਾਲਾ ਖੂਹ ਲਗਵਾਇਆ, ਜੋ ਹੁਣ ਛੇਹਰਟਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ।

ਪ੍ਰਸ਼ਨ 4 : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁੱਢਲੀ ਵਿੱਦਿਆ ਤੇ ਸਿਖਲਾਈ ਦਾ

ਕਾਰਜ ਕਿਨ੍ਹਾਂ ਨੇ ਕੀਤਾ ?

ਉੱਤਰ : ਸਤਿਗੁਰਾਂ ਦੀ ਮੁੱਢਲੀ ਵਿੱਦਿਆ ਤੇ ਸਿਖਲਾਈ ਦਾ ਕਾਰਜ ਬਾਬਾ ਬੁੱਢਾ ਜੀ ਨੇ ਕੀਤਾ।

ਪ੍ਰਸ਼ਨ 5 : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਤਾ ਗੱਦੀ 'ਤੇ ਕਦੋਂ ਸੁਭਾਇਮਾਨ ਹੋਏ?

ਉੱਤਰ : ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਬਾਅਦ 1606 ਈ. ਵਿਚ ਸ੍ਰੀ ਹਰਿਗੋਬਿੰਦ ਸਾਹਿਬ 11 ਸਾਲ ਦੀ ਉਮਰ ਵਿਚ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਏ।

ਪ੍ਰਸ਼ਨ 6 : ਮੀਰੀ-ਪੀਰੀ ਤੋਂ ਕੀ ਭਾਵ ਹੈ ?

ਉੱਤਰ : ਮੀਰੀ ਤੋਂ ਭਾਵ ਸ਼ਕਤੀ ਅਤੇ ਪੀਰੀ ਤੋਂ ਭਾਵ ਭਗਤੀ ਹੈ। ਸਤਿਗੁਰਾਂ ਨੇ ਮੀਰੀ ਤੇ ਪੀਰੀ ਦੀਆਂ ਦੋ ਤੇਗਾਂ ਪਹਿਨੀਆਂ। ਇਕ ਸੰਸਾਰਕ ਮਾਮਲਿਆਂ ਵਿਚ ਅਗਵਾਈ ਲਈ ਤੇ ਦੂਜੀ ਆਤਮਿਕ ਮੰਡਲ ਦੀ ਅਗਵਾਈ ਕਰਨ ਵਾਲੀ।

ਪ੍ਰਸ਼ਨ 7 : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੰਦੀ ਛੋੜ ਸਤਿਗੁਰੂ ਕਿਉਂ ਕਿਹਾ ਜਾਂਦਾ ਹੈ ?

ਉੱਤਰ : ਸਤਿਗੁਰਾਂ ਨੇ 1612 ਈ. ਵਿਚ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਆਪਣੇ ਨਾਲ 52 ਕੈਦੀ ਰਾਜਿਆਂ ਨੂੰ ਰਿਹਾਅ ਕਰਵਾਇਆ ਸੀ। ਇਸ ਲਈ ਗੁਰੂ ਜੀ ਨੂੰ ਬੰਦੀ ਛੋੜ ਸਤਿਗੁਰੂ ਕਿਹਾ ਜਾਂਦਾ ਹੈ।

ਪ੍ਰਸ਼ਨ 8 : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿੰਨੇ ਧਰਮ ਯੁੱਧ ਕੀਤੇ ?

ਉੱਤਰ : ਸਤਿਗੁਰਾਂ ਨੇ 1628 ਤੋਂ 1634 ਈ. ਦੇ ਦੌਰਾਨ ਚਾਰ ਧਰਮ ਯੁੱਧ ਕੀਤੇ ਅਤੇ ਚੌਹਾਂ ਜੰਗਾਂ ਵਿਚ ਸਤਿਗੁਰਾਂ ਦੀ ਫ਼ਤਹਿ ਹੋਈ।

ਪ੍ਰਸ਼ਨ 9 : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਤਾਨ ਬਾਰੇ ਤੁਸੀਂ ਕੀ ਜਾਣਦੇ ਹੋ ?

ਉੱਤਰ : ਸਤਿਗੁਰਾਂ ਦੇ ਪੰਜ ਸਪੁੱਤਰ ਬਾਬਾ ਗੁਰਦਿੱਤਾ ਜੀ, ਸ੍ਰੀ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, ਸ੍ਰੀ (ਗੁਰੂ) ਤੇਗ ਬਹਾਦਰ ਜੀ, ਸ੍ਰੀ ਸੂਰਜ ਮੱਲ ਜੀ ਅਤੇ ਇਕ ਸਪੁੱਤਰੀ ਬੀਬੀ ਵੀਰੋ ਜੀ ਸੀ।

ਪ੍ਰਸ਼ਨ 10 : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੱਗੋਂ ਗੁਰਿਆਈ ਕਿਨ੍ਹਾਂ ਨੂੰ ਬਖ਼ਸ਼ਿਸ਼ ਕੀਤੀ ?

ਉੱਤਰ : ਸਤਿਗੁਰਾਂ ਨੇ ਆਪਣੇ ਪੋਤਰੇ ਹਰਿਰਾਇ ਜੀ ਨੂੰ, ਜੋ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ, ਉਹਨਾਂ ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ। ਸਤਿਗੁਰੂ 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

# ਸੱਤਵੇਂ ਪਾਤਸ਼ਾਹ
# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

*ਸ੍ਰੀ ਸਤਿਗੁਰ ਹਰਿ ਰਾਇ ਜੀ*
*ਬੈਠੇ ਤਖ਼ਤ ਸੁਹਾਇ॥*
*ਪਦ ਸਾਚੇ ਪਾਤਸ਼ਾਹ ਕੌ*
*ਤਿਨਹੀ ਕੌ ਬਨਿ ਆਇ॥*

(ਕਵੀ ਸੰਤੋਖ ਸਿੰਘ ਜੀ)

ਇਹ ਪੰਕਤੀਆਂ ਕਵੀ ਸੰਤੋਖ ਸਿੰਘ ਜੀ ਦੀ ਰਚਨਾ ਹਨ। ਆਪ ਦਾ ਜਨਮ 1787 ਈ. ਵਿਚ ਸ੍ਰ. ਦੇਵਾ ਸਿੰਘ ਦੇ ਘਰ, ਮਾਤਾ ਰਾਜ ਦੇਈ ਦੀ ਕੁੱਖੋਂ, ਪਿੰਡ ਨੂਰ ਦੀ ਸਰਾਂ ਜ਼ਿਲ੍ਹਾ ਅੰਮ੍ਰਿਤਸਰ (ਅੱਜ-ਕਲ੍ਹ ਜ਼ਿਲ੍ਹਾ ਤਰਨ ਤਾਰਨ) ਵਿਖੇ ਹੋਇਆ। ਆਪ ਮਹਾਨ ਵਿਦਵਾਨ ਸਨ। ਇਹਨਾਂ ਨੇ ਲੰਬੀ ਮਿਹਨਤ ਨਾਲ 'ਗੁਰ ਪ੍ਰਤਾਪ ਸੂਰਜ ਗ੍ਰੰਥ' ਲਿਖਿਆ, ਜਿਸ ਵਿਚ ਦਸਾਂ ਪਾਤਸ਼ਾਹੀਆਂ ਦਾ ਇਤਿਹਾਸ, ਬ੍ਰਿਜ ਭਾਸ਼ਾ ਵਿਚ, ਕਾਵਿ ਰੂਪ ਵਿਚ ਅੰਕਿਤ ਹੈ। ਉਪਰੋਕਤ ਪੰਕਤੀਆਂ ਸੱਤਵੇਂ ਪਾਤਸ਼ਾਹ ਜੀ ਦੀ ਮਹਾਨ ਸ਼ਖ਼ਸੀਅਤ ਸੰਬੰਧੀ ਉਸ ਗ੍ਰੰਥ ਵਿਚੋਂ ਲਈਆਂ ਹਨ :

ਭਾਵ ਅਰਥ :

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤਖ਼ਤ 'ਤੇ ਬੈਠੇ ਸ਼ੋਭ ਰਹੇ ਹਨ, ਕਿਉਂਕਿ ਸੱਚੇ ਪਾਤਸ਼ਾਹ ਜੀ ਦੀ ਪਦਵੀ ਉਨ੍ਹਾਂ ਨੂੰ ਹੀ ਬਣ ਆਉਂਦੀ ਹੈ—ਭਾਵ ਉਨ੍ਹਾਂ ਦਾ ਬੈਠਣਾ ਹੀ ਯੋਗ ਹੈ।

## ਸੰਖੇਪ ਜੀਵਨ ਦਰਸ਼ਨ : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਮਾਤਾ :—ਨਿਹਾਲ ਕੌਰ ਜੀ

ਪਿਤਾ :—ਬਾਬਾ ਗੁਰਦਿੱਤਾ ਜੀ

ਪ੍ਰਕਾਸ਼ :—16 ਜਨਵਰੀ 1630 ਈ.

ਸਥਾਨ :—ਕੀਰਤਪੁਰ ਸਾਹਿਬ, ਜ਼ਿਲ੍ਹਾ ਰੋਪੜ

ਸੁਪਤਨੀ :—ਸ੍ਰੀ ਕ੍ਰਿਸ਼ਨ ਕੌਰ ਜੀ

ਸੰਤਾਨ :—ਸ੍ਰੀ ਰਾਮ ਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ

ਗੁਰੂ ਕਾਲ :—3 ਮਾਰਚ 1644 ਈ. ਤੋਂ 6 ਅਕਤੂਬਰ 1661 ਈ.

## ਮਹਾਨ ਕਾਰਜ : (ਪਰਉਪਕਾਰ) :

ਕੀਰਤਪੁਰ ਸਾਹਿਬ ਵਿਖੇ ਰੋਗੀਆਂ ਲਈ ਦਵਾਖ਼ਾਨਾ ਬਣਾਇਆ, ਜਿਸ ਦੀਆਂ ਦਵਾਈਆਂ ਦੂਰ-ਦੂਰ ਤਕ ਪ੍ਰਸਿੱਧ ਸਨ। ਬਾਈ ਸੌ ਘੋੜ-ਸਵਾਰਾਂ ਦੀ ਤਿਆਰ-ਬਰ-ਤਿਆਰ ਫ਼ੌਜ ਰੱਖੀ। ਕਾਲ ਪੀੜਤਾਂ ਦੀ ਸਹਾਇਤਾ ਕੀਤੀ। ਦੂਰ-ਦੂਰ ਤਕ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਵੱਖ-ਵੱਖ ਇਲਾਕਿਆਂ ਵਿਚ ਪ੍ਰਚਾਰਕ ਨਿਯੁਕਤ ਕੀਤੇ।

ਜੋਤੀ ਜੋਤ :—6 ਅਕਤੂਬਰ 1661 ਈ. ਨੂੰ ਕੀਰਤਪੁਰ ਸਾਹਿਬ ਵਿਖੇ

ਕੁਲ ਉਮਰ :—31 ਸਾਲ 8 ਮਹੀਨੇ 21 ਦਿਨ

## (ੳ) ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਆਰੰਭਿਕ ਜੀਵਨ, ਪਰਿਵਾਰ ਤੇ ਗੁਰਤਾ ਗੱਦੀ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਛੇਵੇਂ ਪਾਤਸ਼ਾਹ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ। ਆਪ ਦਾ ਪ੍ਰਕਾਸ਼ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ 16 ਜਨਵਰੀ 1630 ਈ. ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਦੀ ਮੁੱਢਲੀ ਵਿੱਦਿਆ ਤੇ ਸਿਖਲਾਈ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦੇਖ ਰੇਖ ਵਿਚ ਹੋਈ। ਧਾਰਮਿਕ ਵਿੱਦਿਆ ਦੇ ਨਾਲ-ਨਾਲ ਸਤਿਗੁਰਾਂ ਨੇ ਸ਼ਸਤਰ ਵਿੱਦਿਆ ਵੀ ਸਿਖਾਈ। ਬਾਲ ਉਮਰ ਤੋਂ ਹੀ ਆਪ ਜੀ ਸਾਧੂ ਸੁਭਾਅ ਤੇ ਦਇਆ ਭਰਪੂਰ ਹਿਰਦੇ ਵਾਲੇ ਸਨ। ਸਰੀਰਕ ਤੌਰ 'ਤੇ ਬਲਵਾਨ ਅਤੇ ਸੂਰਬੀਰਾਂ ਵਾਲੇ ਗੁਣ ਵੀ ਰੱਖਦੇ ਸਨ। ਮੀਰੀ ਪੀਰੀ ਦੇ ਮਾਲਕ ਸਤਿਗੁਰੂ ਆਪਣੇ ਪੋਤਰੇ ਹਰਿਰਾਇ ਜੀ ਨੂੰ ਬਹੁਤ ਪਿਆਰ ਕਰਦੇ ਸਨ।

ਸ੍ਰੀ ਗੁਰੂ ਹਰਿਰਾਇ ਜੀ ਦੇ ਬਚਪਨ ਦੀ ਪ੍ਰਚੱਲਤ ਸਾਖੀ ਹੈ ਕਿ ਆਪ ਇਕ ਦਿਨ ਬਾਗ਼ ਵਿਚ ਟਹਿਲ ਰਹੇ ਸਨ। ਹਵਾ ਚੱਲਣ ਕਰਕੇ ਆਪ ਦੇ ਜਾਮੇ ਵਿਚ ਅੜ ਕੇ ਕੁਝ ਫੁੱਲ ਟੁੱਟ ਗਏ। ਇਹ ਦੇਖ ਕੇ ਆਪ ਉਹਨਾਂ ਬੂਟਿਆਂ ਪਾਸ ਖਲੋ ਗਏ ਅਤੇ ਮਨ ਵਿਚ ਹੀ ਸੋਚਣ ਲੱਗੇ ਕਿ ਇਹ ਬੇਗੁਨਾਹ ਫੁੱਲ ਮੇਰੇ ਜਾਮੇ ਨਾਲ ਕਿਉਂ ਟੁੱਟ ਗਏ ਹਨ। ਉਸ ਸਮੇਂ ਛੇਵੇਂ ਪਾਤਸ਼ਾਹ ਜੀ ਆ ਗਏ ਤੇ ਪੁੱਛਿਆ ਕਿ ਬੇਟਾ ! ਕੀ ਸੋਚ ਰਹੇ ਹੋ ?

ਸ੍ਰੀ ਹਰਿਰਾਇ ਜੀ ਨੇ ਕਿਹਾ ਕਿ ਮੇਰਾ ਜਾਮਾ ਖਿੰਡਣ ਨਾਲ ਇਹ ਬੇਗੁਨਾਹ ਫੁੱਲ ਟੁੱਟ ਗਏ ਹਨ। ਇਹ ਸੁਣ ਕੇ ਛੇਵੇਂ ਪਾਤਸ਼ਾਹ ਜੀ ਨੇ ਸਿੱਖਿਆ ਦਿੰਦਿਆਂ ਫੁਰਮਾਇਆ, ਬੇਟਾ ! ਜਦੋਂ ਵੱਡਾ ਜਾਮਾ ਪਹਿਨੀਏਂ ਜਾਂ ਵੱਡੀ ਜ਼ਿੰਮੇਵਾਰੀ ਲਈਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ, ਤਾਂ ਕਿ ਕਿਸੇ ਬੇਗੁਨਾਹ ਦਾ ਨੁਕਸਾਨ ਨਾ ਹੋ ਜਾਏ। ਇਹਨਾਂ ਬੋਲਾਂ ਰਾਹੀਂ ਛੇਵੇਂ ਪਾਤਸ਼ਾਹ ਜੀ ਨੇ ਆਪਣੇ ਪੋਤਰੇ ਨੂੰ ਡੂੰਘੀ ਸਿੱਖਿਆ ਦਿੱਤੀ।

ਇਤਿਹਾਸਕ ਨਜ਼ਰੀਏ ਤੋਂ ਦੇਖੀਏ ਤਾਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਪੂਰੀ ਉਮਰ ਇਸ ਸਿੱਖਿਆ ਉੱਪਰ ਪਹਿਰਾ ਦਿੱਤਾ। ਛੇਵੇਂ ਪਾਤਸ਼ਾਹ ਜੀ ਦੇ ਜੀਵਨ ਦਾ ਪ੍ਰਭਾਵ ਇਹਨਾਂ ਉੱਪਰ ਬਹੁਤ ਸੀ। ਉਹਨਾਂ ਦਾ ਧਰਮ ਪ੍ਰਚਾਰ ਦਾ ਢੰਗ, ਸਿਮਰਨ, ਸ਼ਬਦ ਵੀਚਾਰ, ਸੰਗਤਾਂ ਨਾਲ ਗੋਸ਼ਟੀ, ਸ਼ਸਤਰਾਂ ਦਾ ਸਤਿਕਾਰ ਤੇ ਸਮੇਂ-ਸਮੇਂ ਸਾਧੂ ਮਹਾਤਮਾ ਦੇ ਬਚਨ ਬਿਲਾਸ ਆਦਿ ਚਲਦੇ ਰਹਿੰਦੇ ਸਨ। ਗੱਲ ਕੀ ਕੀਰਤਪੁਰ ਸਾਹਿਬ ਦਾ ਮਾਹੌਲ ਹੀ ਧਰਮ ਦੇ ਰੰਗ ਵਿਚ ਰੰਗਿਆ ਹੋਇਆ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤਿੰਨ ਸਪੁੱਤਰ ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ ਤੇ ਸ੍ਰੀ ਅਣੀ ਰਾਇ ਜੀ ਉਹਨਾਂ ਦੇ ਜੀਵਨ ਕਾਲ ਵਿਚ ਹੀ ਜੋਤੀ ਜੋਤ ਸਮਾ ਗਏ ਸਨ। ਸ੍ਰੀ ਸੂਰਜ ਮੱਲ ਜੀ ਦਾ ਝੁਕਾਅ ਦੁਨੀਆਂਦਾਰੀ 'ਚ ਜ਼ਿਆਦਾ ਸੀ ਤੇ ਸ੍ਰੀ ਤੇਗ ਬਹਾਦਰ ਜੀ ਤਿਆਗੀ ਸੁਭਾਅ ਦੇ ਸਨ। ਛੇਵੇਂ ਪਾਤਸ਼ਾਹ ਜੀ ਗੁਰਤਾ ਗੱਦੀ ਲਈ ਸਭ ਤੋਂ ਯੋਗ ਆਪਣੇ ਪੋਤਰੇ ਸ੍ਰੀ ਹਰਿਰਾਇ ਜੀ ਨੂੰ ਸਮਝਦੇ ਸਨ। ਭਾਵੇਂ ਹਰਿ ਰਾਇ ਜੀ ਦਾ

ਵੱਡਾ ਭਰਾ ਧੀਰ ਮੱਲ ਸੀ, ਪਰ ਸਤਿਗੁਰੂ ਉਹਦੇ ਲੱਛਣਾਂ ਨੂੰ ਵੇਖ ਕੇ ਦੂਜਾ ਪ੍ਰਿਥੀਆ ਕਹਿੰਦੇ ਸਨ ਤੇ ਇਹ ਗੱਲ ਸੱਚ ਹੋਈ। ਇਸ ਦੀਆਂ ਚਾਲਾਂ ਗੁਰੂ ਘਰ ਦੇ ਵਿਰੋਧ ਵਿਚ ਰਹੀਆਂ। ਗੁਰਤਾ ਗੱਦੀ ਬਹੁਤ ਵੱਡੀ ਜ਼ਿੰਮੇਵਾਰੀ ਸੀ। ਇਸ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ 3 ਮਾਰਚ 1644 ਈ. ਨੂੰ ਆਪਣੇ ਪੋਤਰੇ ਹਰਿ ਰਾਇ ਸਾਹਿਬ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਉਸ ਸਮੇਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਉਮਰ 14 ਸਾਲਾਂ ਦੇ ਕਰੀਬ ਸੀ। ਗੁਰਿਆਈ ਦੀ ਮਰਯਾਦਾ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਨੇ ਨਿਭਾਈ।

ਗੁਰਤਾ ਗੱਦੀ 'ਤੇ ਸੁਭਾਇਮਾਨ ਹੋਣ ਸਮੇਂ ਜਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਤਾਂ ਸਭ ਇਹੋ ਕਹਿ ਰਹੇ ਸਨ ਕਿ ਇਹਨਾਂ ਵਿਚ ਦਾਦਾ ਗੁਰੂ ਵਾਲੀ ਭਗਤੀ, ਸ਼ਕਤੀ, ਗਿਆਨ ਤੇ ਪਵਿੱਤਰਤਾ ਉਸੇ ਤਰ੍ਹਾਂ ਹੈ। ਹੁਣ ਨਾਨਕ ਜੋਤ, ਸੱਤਵੇਂ ਜਾਮੇ ਵਿਚ ਕਲਾ ਵਰਤਾ ਰਹੀ ਸੀ। ਸਤਿਗੁਰੂ ਪਹਿਰ ਰਾਤ ਰਹਿੰਦੀ ਜਾਗਦੇ, ਇਸ਼ਨਾਨ ਕਰਕੇ ਪ੍ਰਭੂ ਬੰਦਗੀ ਕਰਦੇ, ਸੰਗਤ ਵਿਚ ਗੁਰਬਾਣੀ ਦਾ ਜਾਪ ਤੇ ਆਸਾ ਕੀ ਵਾਰ ਦਾ ਕੀਰਤਨ ਹੁੰਦਾ। ਸਤਿਗੁਰੂ ਸੰਗਤਾਂ ਨਾਲ ਬਚਨ ਬਿਲਾਸ ਕਰਦੇ ਤੇ ਅਰਦਾਸ ਉਪਰੰਤ ਲੰਗਰ ਪ੍ਰਸ਼ਾਦਾ ਛਕਿਆ ਜਾਂਦਾ।

ਸਤਿਗੁਰੂ ਗੁਰਬਾਣੀ ਦਾ ਕਿੰਨਾ ਸਤਿਕਾਰ ਕਰਦੇ ਸਨ। ਉਹਨਾਂ ਦੇ ਜੀਵਨ ਦੀ ਸਾਖੀ ਹੈ ਕਿ ਇਕ ਦਿਨ ਲੌਢੇ ਪਹਿਰ ਆਪ ਮੰਜੇ ਉਤੇ ਲੇਟੇ ਹੋਏ ਸਨ। ਇਕ ਸਿੱਖ ਜੱਥਾ ਦਰਸ਼ਨਾਂ ਲਈ ਆਇਆ। ਉਹ ਜੋਟੀਆਂ ਦੇ ਸ਼ਬਦ ਗਾਉਂਦੇ ਆ ਰਹੇ ਸਨ। ਸਤਿਗੁਰਾਂ ਦੇ ਕੰਨੀਂ ਸ਼ਬਦ ਦੀ ਅਵਾਜ਼ ਪਈ ਤਾਂ ਆਪ ਜਲਦੀ ਨਾਲ ਉਠੇ। ਕਾਹਲੀ ਵਿਚ ਗੋਡੇ ਉੱਪਰ ਸੱਟ ਲੱਗ ਗਈ। ਗੁਰਮਤਿ ਵਿਚ ਗੁਰੂ ਤੇ ਗੁਰੂ ਦੀ ਬਾਣੀ ਇਕ ਰੂਪ ਹਨ। ਇਸ ਲਈ ਗੁਰਬਾਣੀ ਦਾ ਸਤਿਕਾਰ, ਗੁਰੂ ਦਾ ਸਤਿਕਾਰ ਹੈ। ਇਸ ਸਾਖੀ ਵਿਚ ਇਹੋ ਸਿੱਖਿਆ ਮਿਲਦੀ ਹੈ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਪਾਸ 2200 ਘੋੜ-ਸਵਾਰ ਸੀ। ਆਪ ਸੰਤ ਸਿਪਾਹੀ ਸਨ, ਪਰ ਅਮਨ ਤੇ ਆਪਸੀ ਭਾਈਚਾਰੇ ਦੀ ਨੀਤੀ ਉੱਪਰ ਚਲਣ ਲਈ ਦ੍ਰਿੜ੍ਹ ਸਨ। ਸਤਿਗੁਰੂ ਜੇਕਰ ਸ਼ਿਕਾਰ ਲਈ ਵੀ ਜਾਂਦੇ ਤਾਂ ਕਿਸੇ ਜਾਨਵਰ ਨੂੰ ਮਾਰਨ ਨਾਲੋਂ ਉਸ ਨੂੰ ਜੀਉਂਦਾ ਪਕੜਨਾ ਸਤਿਗੁਰਾਂ ਦਾ ਸ਼ੌਂਕ ਸੀ। ਉਹਨਾਂ ਨੇ ਅਨੇਕਾਂ ਕਿਸਮ ਦੇ ਜਾਨਵਰ ਪਕੜ ਕੇ ਵਾੜੇ ਵਿਚ ਛੱਡ ਦਿੱਤੇ ਅਤੇ ਇਕ ਰੱਖ ਬਣਾ ਦਿੱਤੀ। ਦੂਰ-ਦੂਰ ਤੋਂ ਲੋਕ ਇਹ ਕੌਤਕ ਦੇਖਣ ਲਈ ਆਉਂਦੇ ਤੇ ਹੈਰਾਨ ਵੀ ਹੁੰਦੇ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਉਮਰ 17 ਸਾਲ ਸੀ ਜਦ 1647 ਈ. ਨੂੰ ਆਪ ਦਾ ਵਿਆਹ, ਉਤਰ ਪ੍ਰਦੇਸ ਦੇ ਨਿਵਾਸੀ ਸ੍ਰੀ ਦਇਆ ਰਾਮ ਜੀ ਦੀ ਸਪੁੱਤਰੀ ਸ੍ਰੀ ਕ੍ਰਿਸ਼ਨ ਕੌਰ ਜੀ ਨਾਲ ਹੋਇਆ। ਆਪ ਦੇ ਘਰ ਸ੍ਰੀ ਰਾਮ ਰਾਇ ਅਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ

ਦੋ ਸਪੁੱਤਰਾਂ ਨੇ ਜਨਮ ਲਿਆ।

ਹੁਣ ਬੀਤੇ ਕਈ ਸਾਲਾਂ ਤੋਂ ਕੀਰਤਪੁਰ ਸਾਹਿਬ ਵਿਖੇ ਸਿੱਖੀ ਦੀ ਘਾੜਤ ਘੜੀ ਜਾ ਰਹੀ ਸੀ ਤੇ ਧਰਮ ਪ੍ਰਚਾਰ ਹੋ ਰਿਹਾ ਸੀ। ਉਸ ਨੂੰ ਸਥਾਪਤ ਕਰਨਾ ਤੇ ਅੱਗੋਂ ਪਾਸਾਰ ਕਰਨਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਵੱਡੀ ਜ਼ਿੰਮੇਵਾਰੀ ਬਣ ਗਈ ਸੀ। ਇਸ ਲਈ ਆਪਣੇ ਗੁਰਤਾ ਕਾਲ ਦੌਰਾਨ ਸਤਿਗੁਰਾਂ ਨੇ ਹਰ ਪੱਖੋਂ ਸਿੱਖੀ ਦੇ ਪ੍ਰਚਾਰ ਦਾ ਕਾਰਜ ਸੰਭਾਲਿਆ।

### (ਅ) ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਵੱਲੋਂ ਸਿੱਖ ਧਰਮ ਦਾ ਪ੍ਰਚਾਰ ਤੇ ਜੋਤੀ ਜੋਤ :

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜੱਸ ਸਭ ਪਾਸੇ ਸੂਰਜ ਦੀਆਂ ਕਿਰਨਾਂ ਵਾਂਗ ਫੈਲ ਰਿਹਾ ਸੀ। ਉਹਨਾਂ ਦੇ ਦਰਬਾਰ ਦੀ ਸ਼ਾਨ ਵੀ ਨਿਰਾਲੀ ਸੀ। ਆਪ ਜੀ ਗ਼ਰੀਬਾਂ ਤੇ ਲੋੜਵੰਦਾਂ ਦੀ ਸੇਵਾ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੰਦੇ ਸਨ। ਜਦ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਤਾਂ ਉਹਨਾਂ ਨੂੰ ਪੁੱਛਦੇ ਕਿ ਤੁਸੀਂ ਲੰਗਰ ਚਲਾਉਂਦੇ ਹੋ ਤੇ ਵੰਡ ਕੇ ਛਕਦੇ ਹੋ।

ਸੰਨ 1646 ਵਿਚ ਪੰਜਾਬ ਵਿਚ ਕਾਲ ਪੈ ਗਿਆ। ਮੀਂਹ ਨਾ ਪੈਣ ਕਰਕੇ ਪੰਜਾਬ ਦਾ ਬੁਰਾ ਹਾਲ ਸੀ। ਸ਼ਾਹਜਹਾਨ ਨੇ ਜਿਥੇ ਸ਼ਾਹੀ ਖ਼ਜ਼ਾਨੇ ਵਿੱਚੋਂ ਕੁਝ ਲੰਗਰ ਖੁੱਲ੍ਹਵਾਏ, ਉਥੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਕਾਲ ਪੀੜ੍ਹਤਾਂ ਦੀ ਬਹੁਤ ਮਦਦ ਕੀਤੀ। ਵੱਖ-ਵੱਖ ਸੂਬਿਆਂ ਵਿਚ ਸੁਖੀ ਵੱਸਦੇ ਸਿੱਖਾਂ ਨੇ ਵੀ ਸਤਿਗੁਰਾਂ ਦੇ ਖ਼ਜਾਨੇ ਵਿਚ ਦਿਲ ਖੋਲ੍ਹ ਕੇ ਹਿੱਸਾ ਪਾਇਆ। ਇਹ ਆਪਣੇ ਆਪ ਵਿਚ ਧਰਮ ਦਾ ਪ੍ਰਚਾਰ ਸੀ, ਕਿਉਂਕਿ ਕੋਈ ਵੀ ਧਰਮ ਤਦ ਵਧਦਾ ਫੁਲਦਾ ਹੈ, ਜਦ ਉਹ ਲੋੜਵੰਦਾਂ ਦੀ ਹਰ ਪੱਖੋਂ ਮਦਦ ਕਰਨ ਦੇ ਯੋਗ ਹੋਵੇ। ਸਿੱਖ ਧਰਮ ਵਲੋਂ ਕੀਤੇ ਲੋਕ ਭਲਾਈ ਦੇ ਕੰਮਾਂ ਨੇ ਲੋਕਾਂ ਦਾ ਮਨ ਸਦਾ ਹੀ ਜਿੱਤਿਆ ਹੈ।

ਸਿੱਖ ਧਰਮ ਦੇ ਪ੍ਰਚਾਰ ਨੂੰ ਮੁੱਖ ਰੱਖ ਕੇ ਸਤਿਗੁਰਾਂ ਨੇ ਮਾਝੇ, ਮਾਲਵੇ, ਦੁਆਬੇ ਵਿਚ ਲੰਬਾ ਸਮਾਂ ਗੁਜ਼ਾਰਿਆ। ਨਨਕਾਣਾ ਸਾਹਿਬ, ਕਰਤਾਰਪੁਰ, ਸਿਆਲਕੋਟ ਤੇ ਜੰਮੂ ਕਸ਼ਮੀਰ ਤਕ ਵੀ ਧਰਮ ਪ੍ਰਚਾਰ ਲਈ ਗਏ। ਸਤਿਗੁਰਾਂ ਦੇ ਪਿਤਾ ਬਾਬਾ ਗੁਰਦਿੱਤਾ ਜੀ ਨੇ ਬਾਬਾ ਸ੍ਰੀ ਚੰਦ ਜੀ ਨਾਲ ਮਿਲਾਪ ਤੋਂ ਬਾਅਦ ਸਿੱਖੀ ਪ੍ਰਚਾਰ ਲਈ ਚਾਰ ਮੁੱਖ ਕੇਂਦਰ ਧੂਣੇਂ ਥਾਪੇ ਸਨ। ਧੂੰਣੇਂ ਤੋਂ ਭਾਵ ਗੱਦੀ ਦਾ ਅਸਥਾਨ ਹੈ। ਇਸ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਕੁਝ ਹੋਰ ਪ੍ਰਚਾਰ ਦੇ ਟਿਕਾਣੇ ਬਖ਼ਸ਼ਿਸ਼ਾਂ ਦੇ ਰੂਪ ਵਿਚ ਥਾਪੇ। ਫਿਰ ਹਰੇਕ ਬਖ਼ਸ਼ਿਸ਼ ਉਦਾਸੀ ਸਿੱਖਾਂ ਦੇ ਸਪੁਰਦ ਕੀਤੀ। ਇਹਨਾਂ ਵਿਚ ਵਿਸ਼ੇਸ਼ ਸੀ, 'ਸੁਥਰੇ ਸ਼ਾਹੀ ਬਖ਼ਸ਼ਿਸ਼, ਭਗਤ ਭਗਵਾਨੀਏ ਅਤੇ ਸੰਗਤ ਸਾਹਿਬੀਏ'।

'ਸੁਥਰੇ ਸ਼ਾਹੀ ਬਖ਼ਸ਼ਿਸ਼' ਦਾ ਮੁਖੀ ਸੁਥਰੇ ਸ਼ਾਹ ਸੀ। ਇਸ ਨੇ ਦਿੱਲੀ ਵਿਚ ਤੇ ਹੋਰ ਦੂਰ-ਦੂਰ ਤਕ ਸਿੱਖੀ ਦਾ ਪ੍ਰਚਾਰ ਕੀਤਾ। ਇਸੇ ਤਰ੍ਹਾਂ 'ਭਗਤ ਭਗਵਾਨੀਏ ਬਖ਼ਸ਼ਿਸ਼' ਦਾ ਮੁਖੀ ਭਗਤ ਭਗਵਾਨ ਸੀ। ਇਸ ਨੇ ਆਪਣੇ ਉਦਾਸੀ ਸਿੱਖਾਂ ਨਾਲ ਪੂਰਬ ਅਤੇ ਬਿਹਾਰ

ਦੇ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। 'ਸੰਗਤ ਸਾਹਿਬੀਏ' ਬਖ਼ਸ਼ਿਸ਼ ਦਾ ਮੁਖੀ ਭਾਈ ਫੇਰੂ ਜੀ ਸੀ ਤੇ ਇਸ ਦਾ ਪਹਿਲਾ ਨਾਂ ਸੰਗਤੀਆ ਸੀ। ਇਸ ਨੇ ਰਾਜਸਥਾਨ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਇਸ ਤੋਂ ਇਲਾਵਾ ਗੁਰੂ ਜੀ ਨੇ ਮਾਲਵੇ ਵਿਚ ਵੀ ਧਰਮ ਦੇ ਪ੍ਰਚਾਰਕ ਨਿਯੁਕਤ ਕੀਤੇ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੀਵਨ ਵਿਚੋਂ ਧਰਮ ਪ੍ਰਚਾਰ ਦਾ ਇਕ ਹੋਰ ਮਜਬੂਤ ਪੱਖ ਸੀ ਕਿ ਜਿਥੇ ਉਹ ਭਟਕਦੀ ਲੋਕਾਈ ਨੂੰ ਨਾਮ ਰੂਪੀ ਦਾਰੂ ਨਾਲ ਅਰੋਗ ਕਰਦੇ ਸਨ, ਉਥੇ ਤਨ ਦੇ ਰੋਗੀਆਂ ਦੀ ਤੰਦਰੁਸਤੀ ਲਈ ਉਹਨਾਂ ਨੇ ਕੀਰਤਪੁਰ ਸਾਹਿਬ ਵਿਖੇ ਦਵਾਖ਼ਾਨਾ ਖੋਲ੍ਹਿਆ। ਇਥੇ ਬਹੁਤ ਹੀ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਾ ਕੇ ਰੱਖੀਆਂ। ਕੋਈ ਵੀ ਰੋਗੀ ਕਿਸੇ ਵੀ ਸਮੇਂ ਆ ਜਾਵੇ, ਉਸ ਨੂੰ ਮੁਫ਼ਤ ਦਵਾਈ ਮਿਲਦੀ ਸੀ। ਸਿੱਖ ਧਰਮ ਦੇ ਪਾਸਾਰ ਲਈ ਇਹ ਗੱਲ ਵੱਡਾ ਅਰਥ ਰੱਖਦੀ ਸੀ। ਸਤਿਗੁਰਾਂ ਦਾ ਇਹ ਦਵਾਖ਼ਾਨਾ ਏਨਾ ਪ੍ਰਸਿੱਧ ਹੋ ਗਿਆ ਕਿ ਬਹੁਤ ਦੂਰੋਂ-ਦੂਰੋਂ ਲੋਕ ਦਵਾਈ ਲੈਣ ਆਇਆ ਕਰਦੇ ਸਨ।

ਇਸੇ ਤਰ੍ਹਾਂ ਇਕ ਵਾਰੀ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਬਹੁਤ ਬੀਮਾਰ ਹੋ ਗਿਆ। ਸ਼ਾਹੀ ਹਕੀਮਾਂ ਨੇ ਵਿਸ਼ੇਸ਼ ਵਜਨ ਦਾ ਲੌਂਗ, ਹਰੜ ਤੇ ਗਜਮੋਤੀ, ਦਵਾਈ ਲਈ ਲਿਆਉਣ ਵਾਸਤੇ ਕਿਹਾ। ਇਹ ਸਭ ਵਸਤਾਂ ਸਤਿਗੁਰਾਂ ਦੇ ਦਵਾਖ਼ਾਨੇ ਵਿਚ ਸਨ। ਇਕ ਪਾਸੇ ਸ਼ਾਹਜਹਾਨ ਨੇ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਗੁਰੂ ਘਰ ਨਾਲ ਪੂਰੀ ਟੱਕਰ ਲਈ ਸੀ, ਪਰ ਗੁਰੂ ਨਾਨਕ ਦੇ ਘਰ ਵਿਚ ਸਰਬੱਤ ਦਾ ਭਲਾ ਹੈ। ਸੱਤਵੇਂ ਪਾਤਸ਼ਾਹ ਜੀ ਨੇ ਦਵਾਈ ਲਈ ਲੋੜੀਂਦੀਆਂ ਸਭ ਵਸਤਾਂ ਆਪਣੇ ਦਵਾਖ਼ਾਨੇ ਵਿਚੋਂ ਦੇ ਦਿੱਤੀਆਂ ਤੇ ਦਾਰਾ ਸ਼ਿਕੋਹ ਤੰਦਰੁਸਤ ਹੋ ਗਿਆ। ਸ਼ਾਹਜਹਾਨ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਦਾਰਾ ਸ਼ਿਕੋਹ ਨੇ ਕੀਰਤਪੁਰ ਸਾਹਿਬ ਪਹੁੰਚ ਕੇ ਸਤਿਗੁਰਾਂ ਦਾ ਧੰਨਵਾਦ ਕੀਤਾ।

ਜਦੋਂ 1658 ਈ. ਵਿਚ ਸ਼ਾਹਜਹਾਨ ਦੇ ਪੁੱਤਰਾਂ ਦਰਮਿਆਨ ਦਿੱਲੀ ਦੇ ਤਖ਼ਤ ਲਈ ਲੜਾਈ ਵਧ ਗਈ ਤਾਂ ਗੁਰੂ ਜੀ ਨੇ ਦਾਰਾ ਸ਼ਿਕੋਹ ਦੀ ਬਿਆਸ ਦੇ ਕੰਢੇ ਔਰੰਗਜ਼ੇਬ ਦੀ ਫ਼ੌਜ ਨੂੰ ਰੋਕ ਕੇ ਮਦਦ ਕੀਤੀ। ਜਦ ਔਰੰਗਜ਼ੇਬ ਆਪਣੇ ਪਿਤਾ ਨੂੰ ਕੈਦ ਕਰਕੇ ਤੇ ਭਰਾਵਾਂ ਨੂੰ ਮਾਰ ਮੁਕਾ ਕੇ ਬਾਦਸ਼ਾਹ ਬਣ ਗਿਆ ਤਾਂ ਉਸ ਨੇ ਤਖ਼ਤ 'ਤੇ ਬੈਠਣ ਤੋਂ ਬਾਅਦ ਜਲਦੀ ਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਲਈ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਪਰ ਆਪਣੇ ਵੱਡੇ ਪੁੱਤਰ ਸ੍ਰੀ ਰਾਮ ਰਾਇ ਨੂੰ ਦਿੱਲੀ ਭੇਜ ਦਿੱਤਾ। ਸਤਿਗੁਰਾਂ ਨੇ ਹਦਾਇਤ ਵੀ ਕੀਤੀ ਕਿ ਜੋ ਗੱਲ ਪੁੱਛੀ ਜਾਵੇ ਸਹੀ-ਸਹੀ ਉਤਰ ਦੇਣਾ ਹੈ। ਉਂਝ ਸ੍ਰੀ ਰਾਮ ਰਾਇ ਬਹੁਤ ਹਾਜ਼ਰ ਜਵਾਬ ਸਨ। ਔਰੰਗਜ਼ੇਬ ਨੇ ਸ੍ਰੀ ਰਾਮ ਰਾਇ ਤੋਂ ਸਿੱਖ ਧਰਮ ਬਾਰੇ ਕਈ ਸਵਾਲ ਪੁੱਛੇ ਤਾਂ ਉਹਨਾਂ ਨੇ ਗੁਰੂ ਨਾਨਕ ਘਰ ਦੀ ਵਿਚਾਰਧਾਰਾ ਅਨੁਸਾਰ ਢੁਕਵੇਂ ਜਵਾਬ ਦਿੱਤੇ। ਇਕ ਦਿਨ ਔਰੰਗਜ਼ੇਬ ਨੇ ਗੁਰਬਾਣੀ ਵਿਚੋਂ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ' ਦੇ ਅਰਥ ਪੁੱਛੇ ਤਾਂ ਰਾਮ ਰਾਇ ਗੁਰੂ ਆਸ਼ੇ ਤੋਂ ਥਿੜਕ

ਗਿਆ। ਉਸ ਨੇ ਕਹਿ ਦਿੱਤਾ ਕਿ ਮਿਟੀ ਮੁਸਲਮਾਨ ਕੀ ਸ਼ਬਦ ਨਹੀਂ, ਸਗੋਂ ਮਿਟੀ ਬੇਈਮਾਨ ਕੀ ਹੈ। ਇਸ ਗੱਲ ਦਾ ਜਦ ਸਤਿਗੁਰਾਂ ਨੂੰ ਪਤਾ ਲੱਗਾ ਤਾਂ ਆਪ ਨੇ ਫ਼ੁਰਮਾਇਆ ਕਿ ਅੱਜ ਤੋਂ ਰਾਮ ਰਾਇ ਸਾਡੇ ਮੱਥੇ ਵੀ ਨਾ ਲੱਗੇ। ਗੁਰੂ ਜੀ ਨੇ ਗੁਰਬਾਣੀ ਦੀ ਪੰਕਤੀ ਨੂੰ ਬਦਲਣ ਵਾਲੀ ਗੱਲ ਸਹਿਣ ਨਾ ਕੀਤੀ। ਇਸ ਤੋਂ ਬਾਅਦ ਰਾਮ ਰਾਇ ਨੇ ਕਈ ਹੱਥਕੰਡੇ ਵਰਤੇ ਤੇ ਲਾਹੌਰ ਦੇ ਹਾਕਮਾਂ ਤਕ ਗੁਰਤਾ ਗੱਦੀ ਪ੍ਰਾਪਤ ਕਰਨ ਲਈ ਪਹੁੰਚ ਵੀ ਕੀਤੀ। ਔਰੰਗਜ਼ੇਬ ਨੇ ਦੂਨ ਦਾ ਇਲਾਕਾ ਉਸ ਨੂੰ ਜਾਗੀਰ ਵਜੋਂ ਦੇ ਦਿੱਤਾ। ਮੁੱਖ ਰੂਪ ਵਿਚ ਔਰੰਗਜ਼ੇਬ, ਰਾਮ ਰਾਇ ਨੂੰ ਆਪਣੇ ਵੱਸ ਕਰਕੇ ਗੁਰੂ ਘਰ ਨੂੰ ਦੋ ਫਾੜ ਕਰਨਾ ਚਾਹੁੰਦਾ ਸੀ। ਅਜਿਹੇ ਸਮੇਂ ਵਿਚ ਸਤਿਗੁਰਾਂ ਨੇ ਧਰਮ ਪ੍ਰਚਾਰ ਵਿਚ ਖੜੋਤ ਨਹੀਂ ਆਉਣ ਦਿੱਤੀ, ਸਗੋਂ ਸਿੱਖ ਧਰਮ ਦੂਰ ਦੂਰ ਤਕ ਫੈਲਿਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸਿੱਖ ਸਿਧਾਂਤਾਂ ਦੀ ਮਜਬੂਤੀ ਲਈ ਆਪਣੇ ਵੱਡੇ ਪੁੱਤਰ ਨੂੰ ਤਿਆਗ ਦਿੱਤਾ।

ਸਤਿਗੁਰੂ ਸਿੱਖੀ ਪ੍ਰਚਾਰ ਲਈ ਕਾਰਜਸ਼ੀਲ ਰਹੇ। ਜਦ ਉਹਨਾਂ ਨੇ ਜਾਣ ਲਿਆ ਕਿ ਸਾਡਾ ਸੱਚਖੰਡ ਵਾਪਸੀ ਦਾ ਸਮਾਂ ਆ ਰਿਹਾ ਹੈ ਤਾਂ ਸਤਿਗੁਰਾਂ ਨੇ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਤਾ ਗੱਦੀ ਲਈ ਨੀਯਤ ਕੀਤਾ। ਆਪਣੇ ਛੋਟੇ ਸਪੁੱਤਰ ਨੂੰ ਗੁਰਿਆਈ ਬਖ਼ਸ਼ ਕੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਿਤੀ 6 ਅਕਤੂਬਰ 1661 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਆਪ ਜੀ ਦੀ ਦੇਹ ਦਾ ਸਸਕਾਰ ਸਤਲੁਜ ਦੇ ਕੰਢੇ ਗੁਰਦੁਆਰਾ ਪਤਾਲਪੁਰੀ ਦੇ ਸਥਾਨ 'ਤੇ ਕੀਤਾ ਗਿਆ। ਆਪ ਜੀ ਸਾਢੇ ਸਤਾਰਾਂ ਸਾਲ ਦੇ ਕਰੀਬ ਗੁਰਤਾ ਗੱਦੀ 'ਤੇ ਸੁਭਾਇਮਾਨ ਰਹੇ ਅਤੇ 31 ਸਾਲ 8 ਮਹੀਨੇ 21 ਦਿਨ ਦੇ ਕਰੀਬ ਉਮਰ ਭੋਗੀ। ਆਪ ਜੀ ਤੋਂ ਬਾਅਦ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਤਾ ਗੱਦੀ ਉੱਪਰ ਸੁਭਾਇਮਾਨ ਹੋਏ।

### *ਅਭਿਆਸ ਲਈ ਵੱਡੇ ਪ੍ਰਸ਼ਨ :—*

ਪ੍ਰਸ਼ਨ (ੳ) : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਆਰੰਭਿਕ ਜੀਵਨ, ਪਰਵਿਾਰ ਤੇ ਗੁਰਤਾ ਗੱਦੀ ਦੇ ਇਤਿਹਾਸ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ਅ) : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਵੱਲੋਂ ਸਿੱਖ ਧਰਮ ਦਾ ਪ੍ਰਚਾਰ ਤੇ ਜੋਤੀ ਜੋਤ ਸਮਾਉਣ ਦੇ ਇਤਿਹਾਸ ਉੱਪਰ ਚਾਨਣਾ ਪਾਓ।

### *ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ 16 ਜਨਵਰੀ 1630 ਈ. ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ।

ਪ੍ਰਸ਼ਨ 2 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਮਾਤਾ-ਪਿਤਾ ਜੀ ਦਾ ਨਾਮ ਦੱਸੋ ?

ਉੱਤਰ : ਸਤਿਗੁਰਾਂ ਦੀ ਮਾਤਾ ਜੀ ਦਾ ਨਾਮ, ਮਾਤਾ ਨਿਹਾਲ ਕੌਰ ਅਤੇ ਪਿਤਾ ਦਾ ਨਾਮ ਬਾਬਾ ਗੁਰਦਿੱਤਾ ਜੀ ਸੀ।

ਪ੍ਰਸ਼ਨ 3 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਮੁੱਢਲੀ ਵਿੱਦਿਆ ਤੇ ਸਿਖਲਾਈ ਕਿੰਨ੍ਹਾਂ ਦੀ ਨਿਗਰਾਨੀ ਹੇਠ ਹੋਈ ?

ਉੱਤਰ : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਮੁੱਢਲੀ ਵਿੱਦਿਆ ਤੇ ਸਿਖਲਾਈ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦੇਖ ਰੇਖ ਹੇਠ ਹੋਈ।

ਪ੍ਰਸ਼ਨ 4 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕੀ ਰਿਸ਼ਤਾ ਸੀ ?

ਉੱਤਰ : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਛੇਵੇਂ ਪਾਤਸ਼ਾਹ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ। ਰਿਸ਼ਤੇ ਵਿਚ ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਾਦਾ ਜੀ ਲੱਗਦੇ ਸਨ।

ਪ੍ਰਸ਼ਨ 5 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਗੁਰਤਾ ਗੱਦੀ 'ਤੇ ਕਦੋਂ ਸੁਭਾਇਮਾਨ ਹੋਏ ?

ਉੱਤਰ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ 3 ਮਾਰਚ 1644 ਈ. ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਉਸ ਸਮੇਂ ਆਪ ਜੀ ਦੀ ਉਮਰ 14 ਸਾਲ ਦੇ ਕਰੀਬ ਸੀ।

ਪ੍ਰਸ਼ਨ 6 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਗੁਰਤਾ ਗੱਦੀ ਦੀ ਮਰਯਾਦਾ ਕਿੰਨ੍ਹਾਂ ਨੇ ਨਿਭਾਈ ?

ਉੱਤਰ : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਗੁਰਿਆਈ ਦੀ ਮਰਯਾਦਾ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਨੇ ਨਿਭਾਈ।

ਪ੍ਰਸ਼ਨ 7 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵਿਆਹ ਤੇ ਸੰਤਾਨ ਬਾਰੇ ਦੱਸੋ।

ਉੱਤਰ : ਸਤਿਗੁਰਾਂ ਦਾ ਵਿਆਹ 1647 ਈ. ਨੂੰ ਉਤਰ ਪ੍ਰਦੇਸ ਦੇ ਨਿਵਾਸੀ ਸ੍ਰੀ ਦਇਆ ਰਾਮ ਜੀ ਦੀ ਸਪੁੱਤਰੀ ਸ੍ਰੀ ਕ੍ਰਿਸ਼ਨ ਕੌਰ ਜੀ ਨਾਲ ਹੋਇਆ। ਆਪ ਦੇ ਗ੍ਰਹਿ ਵਿਖੇ ਸ੍ਰੀ ਰਾਮ ਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਦੋ ਸਪੁੱਤਰਾਂ ਜਨਮ ਲਿਆ।

ਪ੍ਰਸ਼ਨ 8 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਕੀ-ਕੀ ਯਤਨ ਕੀਤੇ ?

ਉੱਤਰ : ਸਤਿਗੁਰਾਂ ਨੇ ਜਿੱਥੇ ਆਪ ਦੂਰ-ਦੂਰ ਤਕ ਸਿੱਖੀ ਦਾ ਪ੍ਰਚਾਰ ਕੀਤਾ, ਉਥੇ ਧਰਮ ਪ੍ਰਚਾਰ ਲਈ ਕੁਝ ਟਿਕਾਣੇ ਬਖ਼ਸ਼ਿਸ਼ਾਂ ਦੇ ਰੂਪ ਵਿਚ ਸਥਾਪਤ ਕੀਤੇ। ਇਹ ਸੁਥਰੇ ਸ਼ਾਹੀ ਬਖ਼ਸ਼ਿਸ਼, ਭਗਤ ਭਗਵਾਨੀਏ ਅਤੇ ਸੰਗਤ ਸਾਹਿਬੀਏ ਬਖ਼ਸ਼ਿਸ਼ ਨਾਲ ਜਾਣੇ

ਜਾਂਦੇ ਸਨ।

ਪ੍ਰਸ਼ਨ 9 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਕੀਰਤਪੁਰ ਵਿਖੇ ਰੋਗੀਆਂ ਦੇ ਇਲਾਜ ਲਈ ਕੀ ਪ੍ਰਬੰਧ ਕੀਤਾ ?

ਉੱਤਰ : ਸਤਿਗੁਰਾਂ ਨੇ ਰੋਗੀਆਂ ਦੇ ਇਲਾਜ ਲਈ ਕੀਰਤਪੁਰ ਸਾਹਿਬ ਵਿਖੇ ਦਵਾਖ਼ਾਨਾ ਖੋਲ੍ਹਿਆ। ਇਥੇ ਬਿਨਾਂ ਕਿਸੇ ਭੇਦ ਭਾਵ ਦੇ ਹਰ ਇਕ ਨੂੰ ਮੁਫ਼ਤ ਦਵਾਈ ਮਿਲਦੀ ਸੀ।

ਪ੍ਰਸ਼ਨ 10 : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਅੱਗੋਂ ਗੁਰਤਾ ਗੱਦੀ ਕਿੰਨ੍ਹਾਂ ਨੂੰ ਬਖ਼ਸ਼ਿਸ਼ ਕੀਤੀ ?

ਉੱਤਰ : ਗੁਰੂ ਜੀ ਨੇ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਤਾ ਗੱਦੀ ਲਈ ਨੀਯਤ ਕੀਤਾ ਅਤੇ ਗੁਰੂ ਜੀ 6 ਅਕਤੂਬਰ 1661 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

☆☆☆

# ਅੱਠਵੇਂ ਪਾਤਸ਼ਾਹ
# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

*ਸ੍ਰੀ ਹਰਿਕ੍ਰਿਸ਼ਨ ਜਗਤ ਗੁਰ ਭਏ॥*
*ਦੇਸ਼ ਬਿਦੇਸ਼ਨਿ ਮਹਿੰ ਬਿਦ ਤਏ॥*
*ਸਰਬੋਤਮ ਕੇ ਤਖ਼ਤ ਬਿਰਾਜੇ॥*
*ਜਿਨ ਦਰਸਨ ਤੇ ਸੰਕਟ ਭਾਜੇ॥*

(ਕਵੀ ਸੰਤੋਖ ਸਿੰਘ ਜੀ)

ਇਹ ਪੰਕਤੀਆਂ ਕਵੀ ਸੰਤੋਖ ਸਿੰਘ ਜੀ ਦੀਆਂ ਰਚੀਆਂ ਹਨ। ਇਹ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਹਨ—ਇਸ ਗ੍ਰੰਥ ਦਾ ਭਾਵ 'ਗੁਰੂ ਸਾਹਿਬਾਂ ਦੇ ਪ੍ਰਤਾਪ ਦਾ ਸੂਰਜ ਹੈ। ਇਹ ਪ੍ਰਕਰਣ ਅੱਠਵੇਂ ਪਾਤਸ਼ਾਹ ਜੀ ਦੇ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਣ ਸਮੇਂ ਦਾ ਹੈ।

ਭਾਵ ਅਰਥ :

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਗਤ ਦੇ ਗੁਰੂ ਬਣ ਗਏ। ਇਹ ਗੱਲ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਹੋ ਗਈ। ਗੁਰੂ ਜੀ ਸਭ ਤੋਂ ਉੱਤਮ ਤਖ਼ਤ (ਗੁਰੂ ਨਾਨਕ ਘਰ ਦੀ ਗੱਦੀ) ਉੱਪਰ ਸੁਭਾਇਮਾਨ ਹੋਏ। ਜਿਹਨਾਂ ਦੇ ਦਰਸ਼ਨ ਕਰਨ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ।

## ਸੰਖੇਪ ਜੀਵਨ ਦਰਸ਼ਨ : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਮਾਤਾ :—ਮਾਤਾ ਕ੍ਰਿਸ਼ਨ ਕੌਰ ਜੀ

ਪਿਤਾ :—ਸ੍ਰੀ ਗੁਰੂ ਹਰਿਰਾਇ ਜੀ

ਪ੍ਰਕਾਸ਼ :—7 ਜੁਲਾਈ 1656 ਈ.

ਸਥਾਨ :—ਸ੍ਰੀ ਕੀਰਤਪੁਰ ਸਾਹਿਬ

ਗੁਰੂ ਕਾਲ :—6 ਅਕਤੂਬਰ 1661 ਈ. ਤੋਂ 30 ਮਾਰਚ 1664 ਈ.

## ਮਹਾਨ ਕਾਰਜ (ਉਪਕਾਰ) :

ਔਰੰਗਜ਼ੇਬ ਵਰਗੇ ਚਲਾਕ ਬਾਦਸ਼ਾਹ ਦੀ ਨੀਤੀ ਤੋਂ ਸਿੱਖੀ ਨੂੰ ਬਚਾਇਆ ਅਤੇ ਉਸ ਨੂੰ ਦਰਸ਼ਨ ਦੇਣ ਤੋਂ ਇਨਕਾਰੀ ਹੋ ਕੇ ਸਿੱਖੀ ਸਿਧਾਂਤਾਂ ਨੂੰ ਕਾਇਮ ਰੱਖਿਆ। ਛੱਜੂ ਝੀਊਰ ਤੋਂ ਗੀਤਾ ਦੇ ਅਰਥ ਕਰਵਾ ਕੇ ਕਰਮ ਕਾਂਡੀ ਹੰਕਾਰੀ ਪੰਡਿਤ ਦਾ ਹੰਕਾਰ ਦੂਰ ਕੀਤਾ। ਆਪਣੇ ਤੋਂ ਬਾਅਦ ਗੁਰਤਾ ਗੱਦੀ ਲਈ ਮਹਾਨ ਚੋਣ ਕੀਤੀ। ਦਿੱਲੀ ਵਿਖੇ ਚੇਚਕ ਪੀੜਤਾਂ ਦੀ ਸੇਵਾ ਕਰਦਿਆਂ, ਦੁਨੀਆਂ ਦੇ ਦੁੱਖ ਦੂਰ ਕਰਦਿਆਂ ਆਪਣੇ ਪ੍ਰਾਣ ਤਿਆਗੇ।

ਜੋਤੀ ਜੋਤ :—30 ਮਾਰਚ 1664 ਈ. ਨੂੰ ਦਿੱਲੀ ਵਿਖੇ

ਕੁੱਲ ਉਮਰ :—7 ਸਾਲ 8 ਮਹੀਨੇ 23 ਦਿਨ

## (ੳ) ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਮੁੱਢਲਾ ਜੀਵਨ, ਗੁਰਤਾ ਗੱਦੀ ਤੇ ਸਮਕਾਲੀ ਹਾਲਾਤ :

ਸਿੱਖ ਗੁਰੂ ਸਾਹਿਬਾਂ ਵਿੱਚੋਂ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਭ ਤੋਂ ਛੋਟੀ ਉਮਰ ਦੇ ਹੋਏ ਹਨ। ਸਿੱਖ ਧਰਮ ਵਿਚ ਉਮਰ ਛੋਟੀ ਜਾਂ ਵੱਡੀ ਕਰਕੇ ਗੁਰੂ ਰੁਤਬਾ ਨਹੀਂ, ਸਗੋਂ ਗੁਰੂ ਜੋਤ ਦੇ ਪ੍ਰਕਾਸ਼ ਦਾ ਨਾਉਂ ਗੁਰੂ ਹੈ। ਇਸ ਲਈ ਭਾਵੇਂ ਅੱਠਵੇਂ ਪਾਤਸ਼ਾਹ ਜੀ ਦੀ ਸੰਸਾਰੀ ਉਮਰ ਛੋਟੀ ਸੀ, ਪਰ ਗੁਰੂ ਜੋਤ ਦੀ ਸ਼ਕਤੀ ਕਰਕੇ ਕੰਮ ਵੱਡੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਉਤੀ ਜੀ ਕੀ ਵਾਰ ਦੀ ਪਹਿਲੀ ਪਉੜੀ ਰਚਦਿਆਂ ਉਸ ਵਿਚ ਪਹਿਲੇ ਨੌਂ ਗੁਰੂ ਸਾਹਿਬਾਨ ਜੀ ਦੀ ਮਹਿਮਾ ਵਰਨਣ ਕੀਤੀ ਹੈ। ਅੱਠਵੇਂ ਪਾਤਸ਼ਾਹ ਜੀ ਦੀ ਮਹਿਮਾ ਇਉਂ ਬਿਆਨ ਕੀਤੀ ਹੈ :

***ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ॥***

ਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਧਿਆਉਂਦਾ ਹਾਂ ਤੇ ਜਿਹਨਾਂ ਦੇ ਦਰਸ਼ਨ ਕਰਨ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦੋ ਸਾਹਿਬਜ਼ਾਦੇ ਸਨ, ਬਾਬਾ ਰਾਮ ਰਾਇ ਜੀ ਅਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ। ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ 7 ਜੁਲਾਈ 1656 ਈ. ਨੂੰ ਮਾਤਾ ਸ੍ਰੀ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਦੀ ਪਾਲਣਾ ਪੋਸਣਾ ਗੁਰਮਤੀ ਰੰਗ 'ਚ ਰੰਗੇ ਮਾਹੌਲ ਵਿਚ ਹੋਈ। ਸਤਿਗੁਰਾਂ ਦਾ ਚਿਹਰਾ ਕੋਮਲ ਤੇ ਮਨਮੋਹਣਾ ਸੀ।

ਉਧਰ ਰਾਮ ਰਾਇ ਜੀ ਨੇ ਦਿੱਲੀ ਵਿਖੇ ਔਰੰਗਜ਼ੇਬ ਬਾਦਸ਼ਾਹ ਦੇ ਪ੍ਰਭਾਵ ਹੇਠ ਆ ਕੇ, ਉਸ ਨੂੰ ਖ਼ੁਸ਼ ਕਰਨ ਲਈ ਗੁਰਬਾਣੀ ਦੀ ਤੁਕ ਬਦਲ ਦਿੱਤੀ। ਇਸ ਤੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਨਿਰਣਾ ਕਰ ਲਿਆ ਸੀ ਕਿ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਹੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਹਨ। ਜਦੋਂ ਸੱਤਵੇਂ ਪਾਤਸ਼ਾਹ ਜੀ ਨੇ ਅਨੁਭਵ ਕੀਤਾ ਕਿ ਸਾਡਾ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ ਤਾਂ ਉਹਨਾਂ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ 6 ਅਕਤੂਬਰ 1661 ਈ. ਨੂੰ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਦ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਏ ਤਾਂ ਆਪ ਜੀ ਦੀ ਉਮਰ ਸਵਾ ਪੰਜ ਸਾਲ ਦੇ ਕਰੀਬ ਸੀ। ਅਧਿਆਤਮਿਕ ਰੰਗ ਵਿਚ ਰੰਗੇ ਹੋਏ ਸਤਿਗੁਰਾਂ ਨੇ ਛੋਟੀ ਉਮਰ ਵਿਚ ਵੱਡੀ ਜ਼ਿੰਮੇਵਾਰੀ ਸੰਭਾਲੀ। ਇੱਥੇ ਸੰਸਾਰ ਨੇ ਆਤਮਿਕ ਸ਼ਕਤੀ ਦਾ ਪ੍ਰਤਾਪ ਵੇਖਿਆ। ਇਸੇ ਸੰਬੰਧੀ ਭਾਈ ਨੰਦ ਲਾਲ ਜੀ ਨੇ ਲਿਖਿਆ ਹੈ ਕਿ, 'ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਾਰੀਆਂ ਸਿਆਣਪਾਂ ਤੇ ਮਿਹਰਾਂ ਦੇ ਭੰਡਾਰ ਹਨ।'*

---

*ਗੁਰੂ ਹਰਿ ਕ੍ਰਿਸ਼ਨ ਆਂ ਹਮਾਂ ਫਜ਼ਲੋ ਜੂਦ॥

ਜੇ ਕਰ ਸਮਕਾਲੀ ਹਾਲਾਤਾਂ ਦੀ ਗੱਲ ਕਰੀਏ ਤਾਂ ਇਕ ਪਾਸੇ ਔਰੰਗਜ਼ੇਬ ਵਰਗਾ ਚਲਾਕ ਬਾਦਸ਼ਾਹ ਤੇ ਦੂਜਾ ਰਾਮ ਰਾਇ ਗੁਰਤਾ ਗੱਦੀ ਲੈਣ ਲਈ ਹਰ ਹੀਲਾ ਵਰਤ ਰਿਹਾ ਸੀ। ਉਸ ਨੇ ਧੀਰ ਮੱਲ ਨਾਲ ਸਲਾਹ ਕਰਕੇ ਕੁਝ ਮਸੰਦਾਂ ਨੂੰ ਵੀ ਆਪਣੇ ਨਾਲ ਜੋੜ ਲਿਆ। ਭਾਵੇਂ ਉਸ ਨੂੰ ਸਿੱਖ ਸੰਗਤਾਂ ਨੇ ਮੂੰਹ ਨਾ ਲਾਇਆ, ਪਰ ਉਸ ਨੇ ਔਰੰਗਜ਼ੇਬ ਪਾਸ ਸ਼ਿਕਾਇਤ ਕੀਤੀ। ਔਰੰਗਜ਼ੇਬ ਵੀ ਰਾਮ ਰਾਇ ਨੂੰ ਸਰਕਾਰੀ ਨੀਤੀਆਂ ਅਨੁਸਾਰ ਚਲਾਉਣਾ ਚਾਹੁੰਦਾ ਸੀ। ਦੂਜੇ ਪਾਸੇ ਅੱਠਵੇਂ ਪਾਤਸ਼ਾਹ ਜੀ ਤਕ ਪੂਰੇ ਦੇਸ਼ ਵਿਚ ਸਿੱਖੀ ਦਾ ਬਹੁਤ ਵੱਡਾ ਅਧਾਰ ਬਣ ਗਿਆ ਸੀ। ਔਰੰਗਜ਼ੇਬ ਸਮਝਦਾ ਸੀ ਕਿ ਗੁਰੂ ਘਰ ਵਿਚ ਫੁੱਟ ਪਾ ਕੇ ਮੁਗ਼ਲ ਹਕੂਮਤ ਨੂੰ ਕੋਈ ਖ਼ਤਰਾ ਨਹੀਂ ਹੋਵੇਗਾ। ਇਹ ਵੀ ਉਸ ਦਾ ਭਰਮ ਸੀ, ਕਿਉਂਕਿ ਗੁਰੂ ਨਾਨਕ ਘਰ ਦਾ ਵਿਰੋਧ ਕਿਸੇ ਧਰਮ ਜਾਂ ਫਿਰਕੇ ਨਾਲ ਨਹੀਂ ਸੀ, ਸਗੋਂ ਜਬਰ, ਜ਼ੁਲਮ, ਅਨਿਆਂ ਤੇ ਪਾਖੰਡਵਾਦ ਨਾਲ ਸੀ।

ਤੀਜੇ ਬ੍ਰਾਹਮਣ ਫੇਰ ਹੱਥਕੰਡੇ ਵਰਤ ਕੇ ਸਮਾਜ ਵਿਚ ਆਪਣਾ ਅਸਰ ਰਸੂਖ ਕਾਇਮ ਕਰਨਾ ਚਾਹੁੰਦੇ ਸਨ। ਗੁਰੂ ਸਾਹਿਬਾਂ ਨੇ ਬਿਪਰਵਾਦ ਦਾ ਜੂਲਾ ਸਮਾਜ ਦੇ ਗਲੋਂ ਵੱਡੀ ਪੱਧਰ 'ਤੇ ਲਾਹ ਦਿੱਤਾ ਸੀ। ਇਹ ਵੀ ਮੌਕੇ ਦੀ ਤਾੜ ਵਿਚ ਸਨ। ਅੱਠਵੇਂ ਪਾਤਸ਼ਾਹ ਜੀ ਦੇ ਸਮੇਂ ਦੀ ਇਕ ਘਟਨਾ ਹੈ ਜੋ ਪ੍ਰੋ: ਸਾਹਿਬ ਸਿੰਘ ਜੀ ਨੇ ਲਿਖੀ ਹੈ। "ਇਕ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪਾਲਕੀ ਵਿਚ ਸਵਾਰ ਹੋ ਕੇ ਬਾਹਰ ਸੈਰ ਨੂੰ ਜਾ ਰਹੇ ਸਨ। ਬ੍ਰਾਹਮਣਾਂ ਦਾ ਸਿਖਾਇਆ ਇਕ ਕੋਹੜਾ ਬ੍ਰਾਹਮਣ ਪਾਲਕੀ ਦੇ ਅੱਗੇ ਆ ਲੇਟਿਆ ਤੇ ਰੋਗ ਰਾਜ਼ੀ ਕਰਾਉਣ ਲਈ ਤਰਲੇ ਕਰਨ ਲੱਗਾ।

ਬ੍ਰਾਹਮਣਾਂ ਦੇ ਜੂਲੇ ਹੇਠੋਂ ਕੱਢੀ ਹੋਈ ਗ਼ਰੀਬ ਜਨਤਾ ਨੂੰ ਸਤਿਗੁਰੂ ਜੀ ਨੇ ਉਸ ਜਾਲ ਵਿਚ ਫਸਣ ਨਹੀਂ ਸੀ ਦੇਣਾ। ਆਪ ਨੇ ਆਪਣੇ ਹੱਥ ਮੂੰਹ ਪੂੰਝਣ ਵਾਲਾ ਰੁਮਾਲ ਉਸ ਨੂੰ ਦੇ ਕੇ ਆਗਿਆ ਕੀਤੀ ਕਿ ਇਹ ਰੁਮਾਲ ਆਪਣੇ ਪਿੰਡੇ 'ਤੇ ਫੇਰਿਆ ਕਰ ਤੇ ਅਰਦਾਸ ਕਰਿਆ ਕਰ। ਗੁਰੂ ਨਾਨਕ ਦੇ ਘਰ ਵਿਚ ਸਭ ਕੁਝ ਹੈ। ਕੋਹੜੀ ਰਾਜ਼ੀ ਹੋ ਗਿਆ। ਇਹ ਚਾਲ ਬ੍ਰਾਹਮਣਾਂ ਨੂੰ ਪੁੱਠੀ ਪਈ। ਗੁਰੂ ਘਰ ਦੀ ਸ਼ੋਭਾ ਸਗੋਂ ਵਧਣ ਲੱਗ ਪਈ।"

ਇਸ ਤਰ੍ਹਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਹਰ ਹਾਲਤ ਦਾ ਟਾਕਰਾ ਆਪਣੀ ਆਤਮਿਕ ਸ਼ਕਤੀ ਤੇ ਦੂਰ ਅੰਦੇਸ਼ੀ ਨਾਲ ਕੀਤਾ। ਇਸੇ ਨੂੰ ਕਵੀ ਸੰਤੋਖ ਸਿੰਘ ਜੀ ਇਉਂ ਲਿਖਦੇ ਹਨ—'ਸਰਬੋਤਮ ਕੇ ਤਖਤ ਬਿਰਾਜੇ' ਭਾਵ ਸਤਿਗੁਰੂ ਸਭ ਤੋਂ ਉੱਤਮ ਤਖ਼ਤ ਉੱਪਰ ਸੁਭਾਇਮਾਨ ਹੋਏ ਤੇ 'ਜਿਨ ਦਰਸਨ ਤੇ ਸੰਕਟ ਭਾਜੇ', ਭਾਵ ਜਿਹਨਾਂ ਦੇ ਦਰਸ਼ਨ ਕਰਨ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ। ਅੱਠਵੇਂ ਪਾਤਸ਼ਾਹ ਜੀ ਦੀ ਇਸ ਤਰ੍ਹਾਂ ਦੀ ਦੈਵੀ ਸ਼ਖ਼ਸੀਅਤ ਸੀ।

## (ਅ) ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਦਿੱਲੀ ਫੇਰੀ, ਔਰੰਗਜ਼ੇਬ ਦੀ ਨੀਤੀ ਤੇ ਜੋਤੀ ਜੋਤ :

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਦਿੱਲੀ ਦੇ ਤਖ਼ਤ 'ਤੇ ਹੁਕਮਰਾਨ ਔਰੰਗਜ਼ੇਬ ਸੀ। ਉਹ ਬਹੁਤ ਕੱਟੜ ਮੁਸਲਮਾਨ ਸੀ। ਉਸ ਨੇ 1660 ਈ. ਵਿਚ ਸੱਤਵੇਂ ਪਾਤਸ਼ਾਹ ਜੀ ਨੂੰ ਦਿੱਲੀ ਆਉਣ ਲਈ ਸੱਦਾ ਘੱਲਿਆ ਸੀ। ਸੱਤਵੇਂ ਪਾਤਸ਼ਾਹ ਜੀ ਦੀ ਔਰੰਗਜ਼ੇਬ ਸੰਬੰਧੀ ਇਹ ਰਾਇ ਸੀ :

***'ਨਹਿ ਮਲੇਛ ਕੌ ਦਰਸ਼ਨ ਦੈ ਹੈਂ।'***

ਉਹਨਾਂ ਨੇ ਆਪਣੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਵੀ ਇਹੋ ਆਗਿਆ ਕੀਤੀ ਸੀ।

1664 ਈ. ਨੂੰ ਔਰੰਗਜ਼ੇਬ ਨੇ ਅੱਠਵੇਂ ਪਾਤਸ਼ਾਹ ਜੀ ਨੂੰ ਦਿੱਲੀ ਆਉਣ ਲਈ ਸੱਦਾ ਭੇਜਿਆ। ਔਰੰਗਜ਼ੇਬ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਆਉਣ ਲਈ ਪ੍ਰੇਰਨਾ ਕੀਤੀ ਜਾਵੇ। ਰਾਜਾ ਜੈ ਸਿੰਘ ਨੇ ਸਤਿਗੁਰਾਂ ਵੱਲ ਸੱਦਾ ਪੱਤਰ ਭੇਜਿਆ। ਇਸ ਦੇ ਨਾਲ ਹੀ ਦਿੱਲੀ ਦੀਆਂ ਸੰਗਤਾਂ ਦੀ ਬੇਨਤੀ ਸੀ ਕਿ ਰਾਮ ਰਾਇ ਦੀਆਂ ਚਾਲਾਂ ਤੋਂ ਸਿੱਖ ਸੰਗਤ ਨੂੰ ਸੁਚੇਤ ਕੀਤਾ ਜਾਵੇ। ਉਸ ਸਮੇਂ ਸਤਿਗੁਰਾਂ ਦੀ ਉਮਰ ਸਾਢੇ ਸੱਤ ਸਾਲ ਦੇ ਕਰੀਬ ਸੀ। ਸਿੱਖ ਕੌਮ ਲਈ ਇਕ ਪਰਖ ਦਾ ਸਮਾਂ ਸੀ। ਸੰਗਤਾਂ ਨੂੰ ਪੰਚਮ ਪਾਤਸ਼ਾਹ ਤੇ ਛੇਵੇਂ ਪਾਤਸ਼ਾਹ ਵਾਲੀਆਂ ਘਟਨਾਵਾਂ ਯਾਦ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸਭ ਕੁਝ ਸੋਚ ਵਿਚਾਰ ਕੇ ਫ਼ੈਸਲਾ ਕੀਤਾ ਕਿ ਅਸੀਂ ਦਿੱਲੀ ਜਾਵਾਂਗੇ। ਕੀਰਤਪੁਰ ਸਾਹਿਬ ਤੋਂ ਸਿੱਧਾ ਦੱਖਣ ਵੱਲ ਦਿੱਲੀ ਦਾ ਫਾਸਲਾ ਦੋ ਕੁ ਸੌ ਮੀਲ ਬਣਦਾ ਹੈ। ਸਿੱਖ ਸੰਗਤਾਂ ਦਾ ਵੱਡਾ ਇਕੱਠ ਨਾਲ ਹੋ ਤੁਰਿਆ। ਸਤਿਗੁਰੂ ਜੀ ਸੱਠ ਕੁ ਮੀਲ ਦਾ ਫਾਸਲਾ ਮੁਕਾ ਕੇ ਅੰਬਾਲੇ ਦੇ ਇਲਾਕੇ ਵਿਚ ਪੰਜੋਖਰੇ ਪਹੁੰਚੇ। ਚੋਣਵੇਂ ਸਿੱਖਾਂ ਤੋਂ ਬਿਨਾ ਬਾਕੀ ਸੰਗਤਾਂ ਨੂੰ ਮੋੜ ਦਿੱਤਾ।

ਇਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪਾਸ ਵੱਡਾ ਇਕੱਠ ਦੇਖ ਕੇ ਇਕ ਲਾਲ ਚੰਦ ਨਾਮੀ ਬ੍ਰਾਹਮਣ ਤੋਂ ਜਰਿਆ ਨਾ ਗਿਆ। ਉਹ ਸਿੱਖਾਂ ਨੂੰ ਸੁਣਾ ਕੇ ਕਹਿਣ ਲੱਗਾ ਕਿ ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਨੇ ਤਾਂ ਗੀਤਾ ਲਿਖੀ ਸੀ ਤੇ ਇਹ ਸੱਤ-ਅੱਠ ਸਾਲਾਂ ਦੇ ਬਾਲ ਆਪਣੇ ਆਪ ਨੂੰ ਹਰਿਕ੍ਰਿਸ਼ਨ ਸਾਹਿਬ ਗੁਰੂ ਅਖਵਾਂਦੇ ਹਨ। ਜੇ ਕਰ ਇਹਨਾਂ ਵਿਚ ਕੋਈ ਸਮਰੱਥਾ ਹੈ ਤਾਂ ਕ੍ਰਿਸ਼ਨ ਜੀ ਦੀ ਗੀਤਾ ਦੇ ਕਿਸੇ ਸਲੋਕ ਦੇ ਅਰਥ ਕਰ ਕੇ ਵਿਖਾ ਦੇਣ। ਸਤਿਗੁਰਾਂ ਦਾ ਪਹਿਲਾਂ ਵੀ ਕੁਝ ਕਰਮ ਕਾਂਡੀ ਬ੍ਰਾਹਮਣਾਂ ਨਾਲ ਵਾਹ ਪੈ ਚੁੱਕਾ ਸੀ। ਆਪ ਜੀ ਲਾਲ ਚੰਦ ਦੀ ਮਾਨਸਿਕਤਾ ਨੂੰ ਸਮਝਦੇ ਸਨ। ਸਤਿਗੁਰੂ ਕਹਿਣ ਲੱਗੇ ਕਿ ਜੇ ਕਰ ਗੁਰੂ ਨਾਨਕ ਘਰ ਦੀਆਂ ਬਖ਼ਸ਼ਿਸ਼ਾਂ ਦੀ ਬਰਕਤ ਜ਼ਰੂਰ ਹੀ ਵੇਖਣੀ ਹੈ ਤਾਂ ਸਾਥੋਂ ਜੋ ਮਰਜ਼ੀ ਪੁੱਛੋ ਅਤੇ ਜੇ ਕਰ ਕਿਸੇ ਨੂੰ ਵੀ ਲੈ ਆਓ, ਤੁਹਾਡੀ ਤਸੱਲੀ ਉਸ ਤੋਂ ਕਰਵਾ ਦਿਆਂਗੇ।

ਉਹ ਚਲਾਕ ਬ੍ਰਾਹਮਣ ਇਕ ਛੱਜੂ ਨਾਮੀ ਝੀਊਰ ਨੂੰ ਲੈ ਆਇਆ, ਜਿਸ ਨੂੰ ਲੋਕ ਮੂਰਖ ਆਖਦੇ ਸਨ। ਸਤਿਗੁਰਾਂ ਨੇ ਛੱਜੂ ਦੇ ਸਿਰ ਉੱਪਰ ਆਪਣੀ ਸੋਟੀ ਦਾ ਇਕ ਸਿਰਾ ਰੱਖ ਕੇ, ਲਾਲ ਚੰਦ ਨੂੰ ਆਖਿਆ ਕਿ ਪੁੱਛੋ, ਜੋ ਤੁਸੀਂ ਪੁੱਛਣਾ ਚਾਹੁੰਦੇ ਹੋ। ਹੁਣ ਲਾਲ ਚੰਦ ਜੋ ਸਵਾਲ ਕਰੇ, ਛੱਜੂ ਝਟਪਟ ਉੱਤਰ ਦੇਈ ਜਾਵੇ। ਸਤਿਗੁਰਾਂ ਦੀ ਮਹਿਮਾ ਦੂਰ-ਦੂਰ ਤਕ ਫੈਲ ਗਈ। ਹੰਕਾਰੀ ਬ੍ਰਾਹਮਣ ਸਤਿਗੁਰਾਂ ਦੇ ਚਰਨਾਂ 'ਤੇ ਢਹਿ ਪਿਆ।

ਇਥੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਥਨੇਸਰ, ਕੁਰਖੇਤਰ, ਪਾਨੀਪਤ ਤੋਂ ਹੁੰਦੇ ਹੋਏ ਸੰਗਤਾਂ ਸਮੇਤ ਦਿੱਲੀ ਪੁੱਜੇ। ਸਤਿਗੁਰਾਂ ਨੇ ਰਾਜਾ ਜੈ ਸਿੰਘ ਦੇ ਮਹਿਲ ਵਿਚ ਉਤਾਰਾ ਕੀਤਾ। ਇਥੇ ਹੁਣ ਗੁਰਦੁਆਰਾ 'ਬੰਗਲਾ ਸਾਹਿਬ' ਹੈ। ਰਾਜਾ ਜੈ ਸਿੰਘ ਦੀ ਰਾਣੀ ਨੇ ਸਤਿਗੁਰਾਂ ਦੇ ਦਰਸ਼ਨਾਂ ਦੀ ਇੱਛਾ ਵੀ ਪ੍ਰਗਟ ਕੀਤੀ, ਪਰ ਨਾਲ ਕਿਸੇ ਭਰਮ ਅਧੀਨ ਪ੍ਰੀਖਿਆ ਵੀ ਕਰਨੀ ਚਾਹੀ। ਉਸ ਨੇ ਹੋਰ ਅਮੀਰ ਘਰਾਣਿਆਂ ਦੀਆਂ ਔਰਤਾਂ ਨੂੰ ਨਾਲ ਲੈ ਲਿਆ ਤੇ ਮਨ ਵਿਚ ਧਾਰਿਆ ਕਿ ਜੇ ਕਰ ਗੁਰੂ ਜੀ ਸੱਚੇ ਹੋਣਗੇ ਤਾਂ ਮੇਰੀ ਪਹਿਚਾਣ ਕਰਨਗੇ। ਸਤਿਗੁਰਾਂ ਨੇ ਇਕੱਠ ਵਿਚ ਰਾਣੀ ਨੂੰ ਪਹਿਚਾਣ ਲਿਆ ਤੇ ਉਸ ਦੀ ਸ਼ਰਧਾ ਹੋਰ ਵੀ ਪੱਕੀ ਹੋਈ।

ਦਿੱਲੀ ਵਿਖੇ ਵਿਸ਼ੇਸ਼ ਘਟਨਾ ਵਾਪਰੀ ਕਿ ਸਤਿਗੁਰਾਂ ਨੇ ਔਰੰਗਜ਼ੇਬ ਨੂੰ ਦਰਸ਼ਨ ਦੇਣ ਤੋਂ ਨਾਂਹ ਕਰ ਦਿੱਤੀ। ਇਹ ਕੋਈ ਛੋਟੀ ਜਿਹੀ ਘਟਨਾ ਨਹੀਂ ਸੀ। ਜਿੱਥੇ ਸਮੇਂ ਦੇ ਬਾਦਸ਼ਾਹ ਦੇ ਦਰਸ਼ਨਾਂ ਨੂੰ ਲੋਕ ਤਰਲੇ ਲੈਂਦੇ ਸਨ ਉਥੇ ਗੁਰੂ ਪਾਤਸ਼ਾਹ ਜੀ ਨੇ ਮਿਲਣ ਤੋਂ ਵੀ ਇਨਕਾਰ ਕਰ ਦਿੱਤਾ ਅਤੇ ਬਾਦਸ਼ਾਹ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਉਡੀਕ ਕਰਦਾ ਰਿਹਾ। ਉਂਜ ਔਰੰਗਜ਼ੇਬ ਪਾਸ ਕੀਰਤਪੁਰ ਤੋਂ ਲੈ ਕੇ ਦਿੱਲੀ ਤਕ ਪਹੁੰਚਣ ਦੀਆਂ ਸਾਰੀਆਂ ਖ਼ਬਰਾਂ ਪਹੁੰਚ ਗਈਆਂ ਸਨ। ਉਸ ਨੇ ਸਤਿਗੁਰਾਂ ਦੇ ਆਤਮਿਕ ਗਿਆਨ ਬਾਰੇ ਵੀ ਜਾਣ ਲਿਆ ਸੀ। ਇਸੇ ਲਈ ਉਸ ਨੇ ਰਾਮ ਰਾਇ ਦਾ ਪੱਖ ਨਹੀਂ ਲਿਆ ਤੇ ਉਸ ਨੂੰ ਡੇਹਰਾਦੂਨ ਦੇ ਇਲਾਕੇ ਵਿਚ ਜਾਗੀਰ ਤਾਂ ਪੱਕੀ ਕਰ ਦਿੱਤੀ, ਪਰ ਉਸ ਦੇ ਗੁਰੂ ਬਣਨ ਵਾਲੀ ਹਮਾਇਤ ਨਹੀਂ ਕੀਤੀ। ਉਸ ਨੇ ਦੇਖ ਲਿਆ ਕਿ ਸਿੱਖ ਸੰਗਤਾਂ ਦੀ ਸ਼ਰਧਾ ਕਿਸ ਪਾਸੇ ਹੈ। ਇਸ ਲਈ ਸਤਿਗੁਰਾਂ ਦੀ ਆਤਮਿਕ ਸ਼ਕਤੀ ਦਾ ਇਹ ਪੱਖ ਵਿਚਾਰਨ ਵਾਲਾ ਹੈ ਕਿ ਉਹਨਾਂ ਨੇ ਔਰੰਗਜ਼ੇਬ ਵਰਗੇ ਚਲਾਕ ਦੀ ਨੀਤੀ ਤੋਂ ਸਿੱਖੀ ਨੂੰ ਬਚਾਇਆ।

ਜਦ ਸਤਿਗੁਰੂ ਜੀ ਦਿੱਲੀ ਪਹੁੰਚੇ ਸਨ ਤਾਂ ਉਥੇ ਚੇਚਕ ਦੀ ਬੀਮਾਰੀ ਫੈਲੀ ਹੋਈ ਸੀ। ਚੇਚਕ ਛੂਤ ਦੀ ਬੀਮਾਰੀ ਹੈ। ਇਸ ਨਾਲ ਤੇਜ਼ ਤਾਪ ਚੜ੍ਹ ਕੇ ਸਰੀਰ ਵਿਚ ਸਖ਼ਤ ਪੀੜਾ ਹੁੰਦੀ ਹੈ। ਸਰੀਰ ਉੱਪਰ ਛਾਲੇ ਹੋ ਜਾਂਦੇ ਹਨ। ਗੁਰੂ ਜੀ ਦਿੱਲੀ ਪਹੁੰਚਦਿਆਂ ਹੀ ਦੁਖੀਆਂ ਗ਼ਰੀਬਾਂ ਦੀ ਸਹਾਇਤਾ ਕਰਨ ਲੱਗ ਪਏ। ਸਤਿਗੁਰਾਂ ਨੇ ਗੁਰੂ ਨਾਨਕ ਘਰ ਦੀ ਧਰਮ ਮਰਯਾਦਾ ਨੂੰ ਕਾਇਮ ਰੱਖਦਿਆਂ ਰੋਗ ਪੀੜਤ ਇਲਾਕਿਆਂ ਵਿਚ ਜਾ ਕੇ ਹਰ ਪੱਖੋਂ ਮਦਦ ਕੀਤੀ। ਇਸ ਤਰ੍ਹਾਂ ਸਤਿਗੁਰਾਂ ਉੱਪਰ ਵੀ ਚੇਚਕ ਦਾ ਹੱਲਾ ਹੋ ਗਿਆ। ਰਾਜਾ ਜੈ ਸਿੰਘ ਨੇ ਬਾਹਰ ਜਮਨਾ ਦੇ ਕੰਢੇ ਇਕ ਖੁੱਲ੍ਹੇ ਸਥਾਨ ਉੱਪਰ ਸਤਿਗੁਰਾਂ ਦੇ ਟਿਕਾਣੇ ਦਾ ਪ੍ਰਬੰਧ

ਕਰਵਾ ਦਿੱਤਾ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣਾ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ ਕੋਲ ਬੈਠੀਆਂ ਸੰਗਤਾਂ ਨੂੰ ਉਪਦੇਸ਼ ਕੀਤਾ ਕਿ 'ਬਾਬਾ ਬਕਾਲੇ ਹੈ।' ਇਸ ਤੋਂ ਭਾਵ ਸੀ ਕਿ ਸਾਡੇ ਤੋਂ ਬਾਅਦ ਗੁਰਤਾ ਗੱਦੀ ਸੰਭਾਲਣ ਵਾਲੇ ਮਹਾਂ ਪੁਰਖ ਪਿੰਡ ਬਕਾਲੇ ਵਿਚ ਹਨ। ਮਿਤੀ 30 ਮਾਰਚ 1664 ਈ. ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ। ਜਿਥੇ ਸਤਿਗੁਰਾਂ ਦੇ ਪੰਜ ਭੂਤਕ ਸਰੀਰ ਦਾ ਸਸਕਾਰ ਕੀਤਾ ਗਿਆ ਉਥੇ ਗੁਰਦੁਆਰਾ 'ਬਾਲਾ ਸਾਹਿਬ' ਸੁਸ਼ੋਭਿਤ ਹੈ। ਇਸੇ ਨੂੰ ਭਾਈ ਗੁਰਦਾਸ ਜੀ ਦੂਜੇ ਨੇ ਕਾਵਿ ਰੂਪ ਵਿਚ ਇਉਂ ਲਿਖਿਆ ਹੈ :

***ਹਰਿਕ੍ਰਿਸ਼ਨ ਭਯੋ ਅਸਟਮ ਬਲਬੀਰਾ॥***
***ਜਿਨ ਪਹੁੰਚ ਦਹੇਲੀ (ਦਿੱਲੀ) ਤਜਿਓ ਸਰੀਰਾ॥***

*ਅਭਿਆਸ ਲਈ ਵੱਡੇ ਪ੍ਰਸ਼ਨ :—*

ਪ੍ਰਸ਼ਨ (ੳ) : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਮੁੱਢਲਾ ਜੀਵਨ, ਗੁਰਤਾ ਗੱਦੀ ਤੇ ਸਮਕਾਲੀ ਹਾਲਾਤ ਬਾਰੇ ਚਾਨਣਾ ਪਾਉ।

ਪ੍ਰਸ਼ਨ (ਅ) : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਦਿੱਲੀ ਫੇਰੀ, ਔਰੰਗਜ਼ੇਬ ਦੀ ਨੀਤੀ ਤੇ ਜੋਤੀ ਜੋਤ ਸਮਾਉਣ ਦਾ ਇਤਿਹਾਸ ਵਰਣਨ ਕਰੋ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ 7 ਜੁਲਾਈ 1656 ਈ. ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ।

ਪ੍ਰਸ਼ਨ 2 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮਾਤਾ-ਪਿਤਾ ਜੀ ਦਾ ਨਾਮ ਦੱਸੋ।

ਉੱਤਰ : ਗੁਰੂ ਜੀ ਦੀ ਮਾਤਾ ਦਾ ਨਾਮ ਮਾਤਾ ਕ੍ਰਿਸ਼ਨ ਕੌਰ ਅਤੇ ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸਨ।

ਪ੍ਰਸ਼ਨ 3 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਤਾ ਗੱਦੀ 'ਤੇ ਕਦੋਂ ਸੁਭਾਇਮਾਨ ਹੋਏ ?

ਉੱਤਰ : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ 6 ਅਕਤੂਬਰ 1661 ਈ. ਨੂੰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ।

ਪ੍ਰਸ਼ਨ 4 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੰਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਲਿਖਿਆ ਹੈ ?

ਉੱਤਰ : ਗੁਰੂ ਜੀ ਦੀ ਮਹਿਮਾ ਬਿਆਨ ਕਰਦਿਆਂ ਦਸਮੇਸ਼ ਪਿਤਾ ਜੀ ਨੇ ਭਗੌਤੀ ਕੀ ਵਾਰ ਦੀ ਪਹਿਲੀ ਪਉੜੀ ਵਿਚ ਲਿਖਿਆ ਹੈ, 'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ

ਸਭਿ ਦੁਖ ਜਾਇ।'

ਪ੍ਰਸ਼ਨ 5 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਬਾਰੇ ਕਵੀ ਸੰਤੋਖ ਸਿੰਘ ਜੀ ਨੇ ਕੀ ਲਿਖਿਆ ਹੈ ?

ਉੱਤਰ : ਕਵੀ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਸਤਿਗੁਰੂ ਜੀ ਸਭ ਤੋਂ ਉੱਤਮ ਤਖ਼ਤ ਉੱਪਰ ਸੁਭਾਇਮਾਨ ਹੋਏ ਅਤੇ ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ।

ਪ੍ਰਸ਼ਨ 6 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੰਬੰਧੀ ਭਾਈ ਨੰਦ ਲਾਲ ਜੀ ਨੇ ਕੀ ਲਿਖਿਆ ਹੈ ?

ਉੱਤਰ : ਭਾਈ ਨੰਦ ਲਾਲ ਜੀ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਾਰੀਆਂ ਸਿਆਣਪਾਂ ਤੇ ਮਿਹਰਾਂ ਦੇ ਭੰਡਾਰ ਹਨ।

ਪ੍ਰਸ਼ਨ 7 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਦਿੱਲੀ ਦੇ ਤਖ਼ਤ 'ਤੇ ਹੁਕਮਰਾਨ ਕੌਣ ਸੀ ?

ਉੱਤਰ : ਉਸ ਸਮੇਂ ਦਿੱਲੀ ਦੇ ਤਖ਼ਤ 'ਤੇ ਔਰੰਗਜ਼ੇਬ ਹੁਕਮਰਾਨ ਸੀ।

ਪ੍ਰਸ਼ਨ 8 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਔਰੰਗਜ਼ੇਬ ਸੰਬੰਧੀ ਗੁਰੂ ਪਿਤਾ ਜੀ ਦੀ ਕੀ ਆਗਿਆ ਸੀ ?

ਉੱਤਰ : ਸੱਤਵੇਂ ਪਾਤਸ਼ਾਹ ਜੀ ਦੀ ਔਰੰਗਜ਼ੇਬ ਸੰਬੰਧੀ ਇਹ ਰਾਇ ਸੀ, 'ਨਹਿ ਮਲੇਛ ਕੋ ਦਰਸ਼ਨ ਦੈ ਹੈਂ।'

ਪ੍ਰਸ਼ਨ 9 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕਿਸ ਪਾਸੋਂ ਗੀਤਾ ਦੇ ਅਰਥ ਕਰਵਾਏ ?

ਉੱਤਰ : ਸਤਿਗੁਰਾਂ ਨੇ ਪੰਜੋਖਰੇ ਵਿਖੇ ਛੱਜੂ ਝੀਊਰ ਪਾਸੋਂ ਗੀਤਾ ਦੇ ਅਰਥ ਕਰਵਾਏ।

ਪ੍ਰਸ਼ਨ 10 : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ ਜੋਤ ਕਦੋਂ ਤੇ ਕਿੱਥੇ ਸਮਾਏ ?

ਉੱਤਰ : ਗੁਰੂ ਜੀ 30 ਮਾਰਚ 1664 ਈ. ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ। ਜਿਥੇ ਉਨ੍ਹਾਂ ਦੇ ਸਰੀਰ ਦਾ ਸਸਕਾਰ ਕੀਤਾ ਗਿਆ ਉਥੇ ਗੁਰਦੁਆਰਾ 'ਬਾਲਾ ਸਾਹਿਬ, ਸੁਸ਼ੋਭਿਤ ਹੈ।

☆☆☆

# ਨੌਵੇਂ ਪਾਤਸ਼ਾਹ
# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨਿ ਹੇਤਿ ਇਤੀ ਜਿਨਿ ਕਰੀ॥*
*ਸੀਸੁ ਦੀਆ ਪਰੁ ਸੀ ਨ ਉਚਰੀ॥*
*ਧਰਮ ਹੇਤ ਸਾਕਾ ਜਿਨਿ ਕੀਆ॥*
*ਸੀਸੁ ਦੀਆ ਪਰੁ ਸਿਰਰੁ ਨ ਦੀਆ॥*

(ਬਚਿੱਤ੍ਰ ਨਾਟਕ)

ਭਾਵ ਅਰਥ :

ਉਪਰੋਕਤ ਪੰਕਤੀਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਸੰਬੰਧ ਵਿਚ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤ੍ਰ ਨਾਟਕ, ਆਪਣੀ ਆਤਮ ਕਥਾ ਵਿਚ ਲਿਖੀਆਂ ਹਨ।

ਆਪਣਾ ਬਲੀਦਾਨ ਦੇ ਕੇ ਨੌਵੇਂ ਪਾਤਸ਼ਾਹ ਜੀ ਨੇ ਹਿੰਦੂ ਧਰਮ ਦੇ ਤਿਲਕ ਤੇ ਜੰਞੂ ਨੂੰ ਬਚਾ ਲਿਆ। ਕਲਿਯੁਗ ਵਿਚ ਸ਼ਹੀਦੀ ਪਾ ਕੇ ਸਤਿਗੁਰਾਂ ਨੇ ਬਹੁਤ ਵੱਡਾ ਸਾਕਾ ਕਰ ਦਿਖਾਇਆ। ਭਲੇ ਲੋਕਾਂ ਲਈ ਭਲਿਆਈ ਕਰਦਿਆਂ ਕੁਰਬਾਨੀ ਦੀ ਹੱਦ ਕਰ ਦਿੱਤੀ। ਆਪਣਾ ਸੀਸ ਕੁਰਬਾਨ ਕਰ ਦਿੱਤਾ, ਪਰ ਮੁੱਖੋਂ 'ਸੀ' ਤਕ ਨਾ ਉਚਾਰੀ। ਇਕ ਧਰਮ ਦੀ ਰੱਖਿਆ ਲਈ ਇਹ ਮਹਾਨ ਸਾਕਾ ਕੀਤਾ। ਸਤਿਗੁਰਾਂ ਨੇ ਆਪਣਾ ਸੀਸ ਤਾਂ ਵਾਰ ਦਿੱਤਾ, ਪਰ ਸਿਦਕ ਨਾ ਛੱਡਿਆ।

## ਸੰਖੇਪ ਜੀਵਨ ਦਰਸ਼ਨ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਮਾਤਾ :—ਮਾਤਾ ਨਾਨਕੀ ਜੀ

ਪਿਤਾ :—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਪ੍ਰਕਾਸ਼ :—1 ਅਪ੍ਰੈਲ 1621 ਈ.

ਸਥਾਨ :—ਸ੍ਰੀ ਅੰਮ੍ਰਿਤਸਰ (ਗੁਰੂ ਕੇ ਮਹਿਲ)

ਸੁਪਤਨੀ :—ਮਾਤਾ ਗੁਜਰੀ ਜੀ

ਸੰਤਾਨ :—ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਗੁਰੂ ਕਾਲ :—30 ਮਾਰਚ 1664 ਈ. ਤੋਂ 11 ਨਵੰਬਰ 1675 ਈ.

## ਮਹਾਨ ਕਾਰਜ (ਪਰਉਪਕਾਰ) :

ਸਿੱਖੀ ਦੇ ਪ੍ਰਚਾਰ ਲਈ ਪੰਜਾਬ ਤੇ ਪੂਰਬੀ ਭਾਰਤ ਦਾ ਦੌਰਾ ਕੀਤਾ। "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਦੇ ਸਿਧਾਂਤ 'ਤੇ ਪਹਿਰਾ ਦਿੰਦੇ ਹੋਏ, ਹਿੰਦੂ ਧਰਮ ਤੇ ਸਭਨਾਂ ਲਈ ਧਾਰਮਿਕ ਅਜ਼ਾਦੀ ਹਿਤ ਆਪਣਾ ਬਲੀਦਾਨ ਦੇ ਕੇ ਸਮਾਜ ਨੂੰ ਨਿਰਭੈ ਬਣਾਇਆ। ਆਪ ਜੀ ਦੀ ਉਚਾਰਨ ਕੀਤੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਸ਼ਹੀਦੀ :—11 ਨਵੰਬਰ 1675 ਈ. ਨੂੰ ਦਿੱਲੀ ਵਿਖੇ

ਕੁੱਲ ਉਮਰ :—54 ਸਾਲ 7 ਮਹੀਨੇ 10 ਦਿਨ

## (ੳ) ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਰੰਭਕ ਜੀਵਨ ਤੇ ਗੁਰਿਆਈ :

ਸ੍ਰੀ ਗੁਰੂ ਤੇਗ ਬਹਾਦਰ ਜੀ, ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਦਾ ਪ੍ਰਕਾਸ਼ 1 ਅਪ੍ਰੈਲ 1621 ਈ. ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਕੇ ਮਹਿਲਾਂ ਵਿਚ ਹੋਇਆ। ਹੁਣ ਇਹ ਸਥਾਨ ਗੁਰੂ ਬਜ਼ਾਰ ਵਿਚ ਗੁਰਦੁਆਰਾ ਗੁਰੂ ਕੇ ਮਹਿਲ ਕਰਕੇ ਜਾਣਿਆਂ ਜਾਂਦਾ ਹੈ। ਆਪ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 1630 ਈ. ਤਕ ਅੰਮ੍ਰਿਤਸਰ ਰਹੇ ਅਤੇ ਫਿਰ ਉਹ ਪਰਿਵਾਰ ਸਮੇਤ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਚਲੇ ਗਏ ਸਨ। ਇਸ ਪ੍ਰਕਾਰ ਗੁਰੂ ਤੇਗ਼ ਬਹਾਦਰ ਜੀ ਦੀ ਉਮਰ ਦੇ ਪਹਿਲੇ 9 ਸਾਲ ਸ੍ਰੀ ਅੰਮ੍ਰਿਤਸਰ ਵਿਖੇ ਹੀ ਬੀਤੇ। ਆਪ ਜੀ ਬਚਪਨ ਤੋਂ ਹੀ ਸੰਤ ਸਰੂਪ, ਬਹੁਤ ਗੰਭੀਰ ਤੇ ਉੱਚੀ ਬਿਰਤੀ ਦੇ ਮਾਲਕ ਸਨ। ਆਪ ਜੀ ਦੀ ਵਿੱਦਿਆ ਤੇ ਸਿਖਲਾਈ ਛੇਵੇਂ ਪਾਤਸ਼ਾਹ ਜੀ ਦੀ ਦੇਖ ਰੇਖ ਹੇਠ ਹੋਈ। ਆਪ ਨੂੰ ਗੁਰਬਾਣੀ ਤੇ ਧਰਮ ਗ੍ਰੰਥਾਂ ਦੀ ਵਿੱਦਿਆ ਦੇ ਨਾਲ-ਨਾਲ ਸ਼ਸਤਰਾਂ ਦੀ ਵਰਤੋਂ ਤੇ ਘੋੜ-ਸਵਾਰੀ ਆਦਿ ਦੀ ਸਿਖਲਾਈ ਕਰਵਾਈ ਗਈ।

ਸ੍ਰੀ (ਗੁਰੂ) ਤੇਗ ਬਹਾਦਰ ਜੀ ਦਾ ਵਿਆਹ ਕਰਤਾਰਪੁਰ ਨਿਵਾਸੀ ਸ੍ਰੀ ਲਾਲ ਚੰਦ ਜੀ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ 1632 ਈ. ਨੂੰ ਹੋਇਆ। ਇਹਨਾਂ ਦੀ ਕੁੱਖੋਂ ਸੰਨ 1666 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਜਦ 1634 ਈ. ਵਿਚ ਕਰਤਾਰਪੁਰ ਵਿਖੇ ਛੇਵੇਂ ਪਾਤਸ਼ਾਹ ਜੀ ਦੀ ਚੌਥੀ ਜੰਗ ਹੋਈ ਤਾਂ ਇਸ ਜੰਗ ਵਿਚ ਸ੍ਰੀ (ਗੁਰੂ) ਤੇਗ਼ ਬਹਾਦਰ ਜੀ ਨੇ ਤੇਗ਼ ਦੇ ਤਕੜੇ ਹੱਥ ਵਿਖਾਏ ਅਤੇ ਆਪਣੇ ਆਪ ਨੂੰ ਤੇਗ਼ ਦਾ ਧਨੀ ਸਾਬਤ ਕੀਤਾ। ਉਸ ਸਮੇਂ ਸਤਿਗੁਰਾਂ ਦੀ ਉਮਰ 14 ਸਾਲ ਦੇ ਕਰੀਬ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਉਸ ਤੋਂ ਬਾਅਦ ਜੋ ਗੁਰੂ ਪਿਤਾ ਹੁਕਮ ਕਰ ਗਏ ਸਨ, ਸ੍ਰੀ ਤੇਗ ਬਹਾਦਰ ਜੀ ਆਪਣੀ ਮਾਤਾ ਨਾਨਕੀ ਜੀ ਤੇ ਸੁਪਤਨੀ ਸ੍ਰੀ ਗੁਜਰੀ ਜੀ ਸਮੇਤ ਬਕਾਲੇ ਆ ਕੇ ਰਹਿਣ ਲੱਗ ਪਏ। ਬਕਾਲਾ ਨਗਰ ਮਾਤਾ ਨਾਨਕੀ ਜੀ ਦੇ ਪੇਕੇ ਸਨ ਤੇ ਤੇਗ ਬਹਾਦਰ ਜੀ ਦਾ ਨਾਨਕਾ ਪਿੰਡ ਸੀ। ਇਥੇ ਆਪ ਸਧਾਰਨ ਜਿਹੇ ਮਕਾਨ ਵਿਚ ਰਹਿੰਦੇ ਅਤੇ ਵੱਧ ਤੋਂ ਵੱਧ ਸਮਾਂ ਨਾਮ ਸਿਮਰਨ ਵਿਚ ਲੀਨ ਰਹਿੰਦੇ ਸਨ। ਜੀਵਨ ਬਹੁਤ ਸਾਦਾ, ਪਵਿੱਤਰ ਤੇ ਭਗਤੀ ਭਾਵਨਾ ਵਾਲਾ ਗੁਜਾਰਦੇ ਸਨ। ਇਥੇ ਭਜਨ ਬੰਦਗੀ ਵਿਚ 20 ਸਾਲ ਬੀਤ ਗਏ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 30 ਮਾਰਚ 1664 ਈ. ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸੰਗਤਾਂ ਨੂੰ ਇਹ ਬਚਨ ਕਰ ਗਏ ਕਿ ਉਹਨਾਂ ਦੇ ਪਿੱਛੋਂ ਗੁਰਿਆਈ ਦੀ ਜ਼ਿਮੇਵਾਰੀ ਉਹਨਾਂ ਦੇ ਬਾਬਾ ਜੋ ਬਕਾਲਾ ਵਿਖੇ ਨਿਵਾਸ ਕਰਦੇ ਹਨ, ਉਹ ਨਿਭਾਉਣਗੇ। ਅੱਠਵੇਂ ਪਾਤਸ਼ਾਹ ਜੀ ਦੇ ਬਚਨ ਸਨ, 'ਬਾਬਾ

ਬਕਾਲੇ ਹੈ'। ਰਿਸ਼ਤੇ ਵਿਚ ਵੀ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਅੱਠਵੇਂ ਪਾਤਸ਼ਾਹ ਜੀ ਦੇ ਦਾਦਾ ਜੀ ਲੱਗਦੇ ਸਨ। ਪੰਜਾਬੀ ਵਿਚ 'ਬਾਬਾ' ਸ਼ਬਦ ਦਾਦੇ ਲਈ ਵੀ ਅਕਸਰ ਵਰਤਿਆ ਜਾਂਦਾ ਹੈ।

ਬਾਬਾ ਬਕਾਲੇ ਹੈ ਵਾਲੀ ਗੱਲ ਜਦ ਦੂਰ-ਦੂਰ ਫੈਲ ਗਈ ਤਾਂ ਮੌਕੇ ਦਾ ਲਾਭ ਉਠਾਣ ਲਈ ਬਕਾਲੇ ਵਿਚ ਬਾਈ ਸੋਢੀ ਗੱਦੀਆਂ ਲਾ ਕੇ ਬੈਠ ਗਏ। ਇਹਨਾਂ ਸਾਰਿਆਂ ਨੂੰ ਭਰਮ ਸੀ ਕਿ ਸਾਡੇ ਵਿੱਚੋਂ ਹੀ ਕਿਸੇ ਨੂੰ ਗੁਰੂ ਮੰਨ ਲਿਆ ਜਾਵੇਗਾ। ਇਹਨਾਂ ਵਿਚ ਬਾਬਾ ਧੀਰ ਮੱਲ ਤਾਂ ਸਭ ਤੋਂ ਵਿਸ਼ੇਸ਼ ਸਨ, ਕਿਉਂਕਿ ਇਹਨਾਂ ਪਾਸ ਭਾਈ ਗੁਰਦਾਸ ਜੀ ਦੀ ਲਿਖੀ ਹੋਈ ਆਦਿ ਬੀੜ ਸੀ। ਸਿੱਖ ਸੰਗਤਾਂ ਬਕਾਲੇ ਤਾਂ ਆਈਆਂ, ਪਰ ਬਾਈ ਦਾਅਵੇਦਾਰ ਵੇਖ ਕੇ ਨਿਰਾਸ਼ਤਾ ਹੋਈ।

ਸਮੇਂ-ਸਮੇਂ ਅਕਾਲ ਦੀ ਕਲਾ ਵਰਤਦੀ ਹੈ। ਇਸ ਗੱਲ ਨੂੰ ਇਕ ਸਾਲ ਬੀਤ ਗਿਆ ਕਿ ਮਾਰਚ 1665 ਵਿਚ ਮੱਖਣ ਸ਼ਾਹ ਲੁਬਾਣਾ ਨਾਉਂ ਦਾ ਇਕ ਸ਼ਰਧਾਲੂ ਪੰਜ ਸੌ ਮੋਹਰਾਂ ਦੀ ਕਾਰ ਭੇਟਾ ਲੈ ਕੇ ਬਕਾਲਾ ਵਿਖੇ ਪੁੱਜਾ। ਉਹ ਏਨੇ ਗੁਰੂ ਬਣੇ ਵੇਖ ਕੇ ਪਰੇਸ਼ਾਨ ਹੋ ਗਿਆ। ਉਸ ਨੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਜੀ ! ਤੁਸੀਂ ਆਪ ਹੀ ਮੈਨੂੰ ਦੁਬਿਧਾ ਵਿਚੋਂ ਕੱਢੋ। ਭਾਈ ਮੱਖਣ ਸ਼ਾਹ ਹਰ ਇਕ ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕੀ ਗਿਆ। ਬਾਈ ਮੰਜੀਆਂ ਵਾਲੇ ਅੱਜ ਕੱਲ੍ਹ ਦੇ ਦੇਹਧਾਰੀ ਪਾਖੰਡੀਆਂ ਵਾਂਗੂੰ ਖ਼ੁਸ਼ ਹੋ-ਹੋ ਕੇ ਅਸੀਸਾਂ ਦੇਈ ਗਏ। ਉਸ ਨੂੰ ਤਸੱਲੀ ਕਿਧਰੋਂ ਵੀ ਨਾ ਹੋਈ। ਉਸ ਨੇ ਕਿਸੇ ਸ਼ਰਧਾਲੂ ਤੋਂ ਪੁੱਛਿਆ ਕਿ ਹੋਰ ਵੀ ਸੋਢੀ ਇਥੇ ਹੈ। ਉਸ ਭਲੇ ਪੁਰਸ਼ ਨੇ ਭਜਨ ਬੰਦਗੀ ਵਾਲੇ ਸ੍ਰੀ ਤੇਗ ਬਹਾਦਰ ਜੀ ਦੀ ਦੱਸ ਪਾਈ। ਭਾਈ ਮੱਖਣ ਸ਼ਾਹ ਨੇ ਜਦ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ ਤਾਂ ਸਤਿਗੁਰੂ ਮੁਸਕਰਾ ਕੇ ਕਹਿਣ ਲੱਗੇ, ਇਹ ਦੋ ਮੋਹਰਾਂ ਕਿਉਂ ? ਗੁਰੂ ਦੀ ਅਮਾਨਤ ਦਿੱਤੀ ਹੀ ਚੰਗੀ ਹੁੰਦੀ ਹੈ। ਭਾਈ ਮੱਖਣ ਸ਼ਾਹ ਜੀ ਨੇ ਪੰਜ ਸੌ ਮੋਹਰਾਂ ਗੁਰੂ ਚਰਨਾਂ 'ਤੇ ਧਰ ਕੇ ਮੱਥਾ ਟੇਕਿਆ। ਫਿਰ ਉਸ ਨੇ ਕੋਠੇ ਚੜ੍ਹ ਕੇ ਪੱਲਾ ਫੇਰਿਆ ਅਤੇ ਉੱਚੀ-ਉੱਚੀ ਪੁਕਾਰਨ ਲੱਗਾ, ਗੁਰੂ ਲਾਧੋ ਰੇ-ਗੁਰੂ ਲਾਧੋ ਰੇ-ਗੁਰੂ ਲਾਧੋ ਰੇ......।

ਇਸ ਤਰ੍ਹਾਂ ਬਾਈ ਮੰਜੀਆਂ ਵਾਲੇ ਪਾਖੰਡੀਆਂ ਦਾ ਪਾਜ ਵੀ ਉਘੜ ਗਿਆ ਤੇ ਸੱਚੇ ਗੁਰੂ ਪ੍ਰਗਟ ਹੋ ਗਏ। ਸਿੱਖ ਸੰਗਤਾਂ ਨੂੰ ਬਹੁਤ ਖ਼ੁਸ਼ੀ ਹੋਈ ਤੇ ਹੁੰਮ ਹੁਮਾ ਕੇ ਸੰਗਤਾਂ ਬਕਾਲਾ ਵਿਖੇ ਪਹੁੰਚੀਆਂ। ਇਸ ਤਰ੍ਹਾਂ 20 ਮਾਰਚ 1665 ਈ. ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਸਤਿਗੁਰਾਂ ਨੂੰ ਗੁਰਿਆਈ ਦਾ ਤਿਲਕ ਲਗਾਇਆ। ਗੁਰੂ ਜੀ ਨੇ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੰਭਾਲੀ। ਉਸ ਸਮੇਂ ਆਪ ਜੀ ਦੀ ਉਮਰ 44 ਸਾਲ ਸੀ।

### (ਅ) ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਨੰਦਪੁਰ ਵਸਾਉਣਾ ਤੇ ਧਰਮ ਪ੍ਰਚਾਰ :

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਤਾ ਗੱਦੀ 'ਤੇ ਸੁਭਾਇਮਾਨ ਹੁੰਦਿਆਂ

ਹੀ ਪਾਖੰਡੀ ਗੁਰੂ ਘਰੋ ਘਰੀ ਚਲੇ ਗਏ। ਧੀਰ ਮੱਲ ਨੇ ਕੁਝ ਮਸੰਦਾਂ ਨੂੰ ਨਾਲ ਲੈ ਕੇ ਗੁਰੂ ਜੀ ਉੱਪਰ ਹਮਲਾ ਕੀਤਾ। ਉਹ ਸਿੱਖ ਸੰਗਤਾਂ ਵੱਲੋਂ ਬੁਰੀ ਤਰ੍ਹਾਂ ਫਿਟਕਾਰਿਆ ਗਿਆ। ਸਤਿਗੁਰਾਂ ਨੇ ਫਿਰ ਵੀ ਉਸ ਨੂੰ ਮੁਆਫ਼ ਕਰ ਦਿੱਤਾ। ਕੁਝ ਸਮਾਂ ਬਾਬਾ ਬਕਾਲਾ ਵਿਖੇ ਰਹਿਣ ਉਪਰੰਤ ਗੁਰੂ ਜੀ ਤਰਨ ਤਾਰਨ, ਖਡੂਰ ਸਾਹਿਬ ਤੇ ਗੋਇੰਦਵਾਲ ਸਾਹਿਬ ਦੀ ਯਾਤਰਾ ਕਰਕੇ ਸ੍ਰੀ ਅੰਮ੍ਰਿਤਸਰ ਪੁੱਜੇ। ਸ੍ਰੀ ਅਕਾਲ ਤਖ਼ਤ ਦੇ ਪਾਸ ਜਿਥੇ ਹੁਣ ਗੁਰਦੁਆਰਾ ਥੜ੍ਹਾ ਸਾਹਿਬ ਹੈ, ਇਥੇ ਇਕ ਬੇਰੀ ਥੱਲੇ ਆ ਬਿਰਾਜੇ। ਇਥੋਂ ਜਦ ਸਤਿਗੁਰੂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਤਾਂ ਈਰਖਾ ਦੀ ਅੱਗ ਵਿਚ ਜਲ ਰਹੇ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਦਿੱਤੇ। ਗੁਰੂ ਜੀ ਬਾਹਰੋਂ ਹੀ ਦਰਸ਼ਨ ਕਰਕੇ ਵਾਪਸ ਚਲੇ ਗਏ। ਇਥੋਂ ਚੱਲ ਕੇ ਸਤਿਗੁਰੂ ਚਾਰ ਮੀਲ ਦੇ ਫਾਸਲੇ 'ਤੇ 'ਵੱਲਾ' ਪਿੰਡ ਪੁੱਜੇ। ਜਦੋਂ ਅੰਮ੍ਰਿਤਸਰ ਦੀਆਂ ਸੰਗਤਾਂ ਨੂੰ ਪਤਾ ਲੱਗਾ ਤਾਂ ਸੰਗਤਾਂ ਵਹੀਰਾਂ ਘੱਤ ਕੇ ਪੁੱਜੀਆਂ। ਅੰਮ੍ਰਿਤਸਰ ਦੇ ਪੁਜਾਰੀਆਂ ਵੱਲੋਂ ਕੀਤੇ ਮਾੜੇ ਵਿਹਾਰ ਲਈ ਮੁਆਫ਼ੀ ਵੀ ਮੰਗੀ। ਸਤਿਗੁਰੂ ਅਤਿ ਪ੍ਰਸੰਨ ਹੋਏ। ਜਿਥੇ ਸਤਿਗੁਰੂ ਬਿਰਾਜੇ ਸਨ, ਇਥੇ ਵੱਲਾ ਪਿੰਡ ਵਿਚ ਗੁਰਦੁਆਰਾ ਦਮਦਮਾ ਸਾਹਿਬ ਹੈ।

ਗੁਰੂ ਜੀ ਨੇ ਮਾਝੇ ਵਿਚ ਗੁਰ ਅਸਥਾਨਾਂ ਦੀ ਯਾਤਰਾ ਕਰਨ ਤੋਂ ਬਾਅਦ ਕੀਰਤਪੁਰ ਜਾਣ ਦਾ ਫ਼ੈਸਲਾ ਕੀਤਾ। ਕੀਰਤਪੁਰ ਸਾਹਿਬ ਵੀ ਧੀਰਮੱਲੀਆਂ ਦੇ ਹਮਾਇਤੀਆਂ ਦਾ ਵਤੀਰਾ ਠੀਕ ਨਹੀਂ ਸੀ। ਸਤਿਗੁਰਾਂ ਨੇ ਕਹਿਲੂਰ ਦੇ ਰਾਜੇ ਦੀਪ ਚੰਦ ਪਾਸੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਅਕਤੂਬਰ 1665 ਈ. ਨੂੰ ਅਨੰਦਪੁਰ ਦੀ ਨੀਂਹ ਰੱਖੀ। ਇਸ ਨਗਰ ਦਾ ਪਹਿਲਾ ਨਾਂ 'ਚੱਕ ਨਾਨਕੀ' ਸਤਿਗੁਰਾਂ ਨੇ ਆਪਣੀ ਮਾਤਾ ਜੀ ਦੇ ਨਾਉਂ 'ਤੇ ਰੱਖਿਆ ਸੀ, ਜੋ ਬਾਅਦ ਵਿਚ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਸਥਾਨ ਕੀਰਤਪੁਰ ਸਾਹਿਬ ਤੋਂ ਪੰਜ ਕੁ ਮੀਲ ਦੀ ਦੂਰੀ 'ਤੇ ਹੈ। ਥੋੜ੍ਹੇ ਮਹੀਨਿਆਂ ਵਿਚ ਹੀ ਇਹ ਨਗਰ ਵੱਸ ਗਿਆ।

ਜਿਸ ਪ੍ਰਕਾਰ ਬੱਦਲ ਅਨੇਕ ਸਥਾਨਾਂ 'ਤੇ ਬਾਰਸ਼ ਕਰਕੇ ਤਪਦੇ ਸੰਸਾਰ ਨੂੰ ਠੰਢ ਪਾਉਂਦੇ ਹਨ, ਉਸੇ ਤਰ੍ਹਾਂ ਪਰਉਪਕਾਰੀ ਸਤਿਗੁਰਾਂ ਨੇ ਲੰਬਾ ਭ੍ਰਮਣ ਕਰਕੇ ਆਤਮਿਕ ਉਪਦੇਸ਼ਾਂ ਨਾਲ ਸੰਸਾਰ ਨੂੰ ਤਾਰਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਧਰਮ ਪ੍ਰਚਾਰ ਲਈ ਲੰਬੀ ਯਾਤਰਾ ਕੀਤੀ। ਕੁਝ ਉਘੇ ਸਿੱਖ ਵੀ ਨਾਲ ਗਏ। ਇਸ ਯਾਤਰਾ ਦਾ ਇਕ ਕਾਰਨ ਤਾਂ ਸਿੱਖ ਸੰਗਤਾਂ ਨਾਲ ਮੇਲ ਜੋਲ ਕਰਨਾ ਸੀ, ਕਿਉਂਕਿ ਪਹਿਲੇ ਪਾਤਸ਼ਾਹ ਜੀ ਤੋਂ ਅੱਠਵੇਂ ਪਾਤਸ਼ਾਹ ਜੀ ਤਕ ਸਿੱਖ ਸੰਗਤਾਂ ਬਹੁਤ ਦੂਰ-ਦੂਰ ਤਕ ਸਥਾਪਤ ਹੋ ਚੁੱਕੀਆਂ ਸਨ। ਦੂਸਰਾ ਔਰੰਗਜ਼ੇਬ ਦੀਆਂ ਗ਼ਲਤ ਨੀਤੀਆਂ ਕਰਕੇ ਕੁਝ ਲੋਕ ਕਸ਼ਟ ਝੱਲ ਰਹੇ ਸਨ। ਉਹਨਾਂ ਨੂੰ ਜਥੇਬੰਦ ਕਰਨਾ ਤੇ ਦੁੱਖ ਤਕਲੀਫ਼ਾਂ ਦਾ ਹੱਲ ਕਰਨਾ ਵੀ ਜ਼ਰੂਰੀ ਸੀ। ਗੁਰੂ ਜੀ ਪਰਿਵਾਰ ਅਤੇ ਮੁਖੀ ਸਿੱਖਾਂ ਸਮੇਤ ਕੀਰਤਪੁਰ ਤੋਂ ਹੁੰਦੇ ਹੋਏ ਮਾਲਵੇ ਵਿਚ ਆਏ। ਇਥੇ ਅਨੇਕ ਲੋਕ ਸਖੀ ਸਰਵਰ ਦੇ ਵੀ ਉਪਾਸ਼ਕ ਸਨ। ਉਹਨਾਂ ਨੂੰ ਇਕ ਪ੍ਰਭੂ ਦੇ ਨਾਮ ਸਿਮਰਨ ਦਾ ਉਪਦੇਸ਼ ਦਿੱਤਾ। ਸਾਬੋ ਕੀ ਤਲਵੰਡੀ ਤੋਂ ਧਮਧਾਣ ਨਗਰ ਭਾਈ

ਮੀਹਾਂ ਜੀ ਨੂੰ ਇਲਾਕੇ ਦਾ ਪ੍ਰਚਾਰਕ ਨਿਯੁਕਤ ਕੀਤਾ। ਸੰਗਤਾਂ ਨਾਲ ਬਚਨ ਬਿਲਾਸ ਕਰਦੇ, ਸਿੱਖੀ ਦ੍ਰਿੜ੍ਹ ਕਰਵਾਉਂਦੇ, ਸਤਿਗੁਰੂ ਜੀ ਕੁਰਖੇਤਰ ਤੇ ਥਨੇਸਰ ਗਏ। ਇਥੇ ਆਪ ਜੀ ਦੀ ਯਾਦ ਵਿਚ ਇਤਿਹਾਸਕ ਗੁਰਦੁਆਰੇ ਹਨ। ਇਥੋਂ ਗੁਰੂ ਜੀ ਜਮਨਾ ਪਾਰ ਕਰਕੇ ਯੂ.ਪੀ. ਪਹੁੰਚੇ। ਇਥੇ ਸਤਿਸੰਗ ਹੁੰਦਾ ਰਿਹਾ। ਇਥੇ ਅਨੇਕਾਂ ਲੋਕਾਂ ਨੂੰ ਤਮਾਕੂ ਪੀਣ ਤੋਂ ਵਰਜਿਆ ਅਤੇ ਇਸ ਦੀਆਂ ਬੁਰਿਆਈਆਂ ਤੋਂ ਜਾਣੂ ਕਰਵਾਇਆ। ਇਥੋਂ ਮਥਰਾ ਤੇ ਆਗਰੇ ਤੋਂ ਹੁੰਦੇ ਹੋਏ ਤ੍ਰਿਵੇਣੀ (ਪ੍ਰਾਗ) ਪਹੁੰਚੇ। ਉਸ ਤੋਂ ਅੱਗੇ ਕਾਂਸ਼ੀ ਦੀ ਸੰਗਤ ਨੇ ਬਹੁਤ ਹੀ ਪ੍ਰੇਮ ਨਾਲ ਸੇਵਾ ਕੀਤੀ। ਇਥੇ ਸਤਿਗੁਰਾਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਹੈ। ਅੱਗੇ ਸਸਰਾਮ ਤੋਂ ਹੁੰਦੇ ਹੋਏ ਗਯਾ ਪਹੁੰਚੇ। ਇਥੋਂ ਧਰਮ ਦਾ ਉਪਦੇਸ਼ ਕਰਦੇ ਸਤਿਗੁਰੂ ਪਟਨਾ ਆਏ। ਪਟਨੇ ਵਿਚ ਸੰਗਤ ਨੇ ਸਤਿਗੁਰਾਂ ਦੇ ਨਿਵਾਸ ਲਈ ਮਕਾਨ ਬਣਵਾਇਆ। ਇਥੇ ਹੁਣ ਸ੍ਰੀ ਹਰਿਮੰਦਰ ਪਟਨਾ ਸਾਹਿਬ ਹੈ ਜੋ ਪੰਜਾਂ ਤਖ਼ਤਾਂ ਵਿਚੋਂ ਇਕ ਤਖ਼ਤ ਹੈ। ਸਤਿਗੁਰਾਂ ਨੇ ਕੁਝ ਸਮਾਂ ਪਟਨਾ ਵਿਖੇ ਨਿਵਾਸ ਕੀਤਾ। ਸਤਿਸੰਗਤ ਹੁੰਦਾ ਰਿਹਾ ਤੇ ਫਿਰ ਪਰਿਵਾਰ ਨੂੰ ਇੱਥੇ ਛੱਡ ਕੇ ਗੁਰੂ ਜੀ ਨੇ ਆਸਾਮ ਤੇ ਬੰਗਾਲ ਜਾਣ ਦੀ ਤਿਆਰੀ ਕੀਤੀ।

ਗੁਰੂ ਜੀ ਬਿਹਾਰ ਤੋਂ ਹੁੰਦੇ ਹੋਏ ਬੰਗਾਲ ਵਿਚ ਗਏ ਅਤੇ ਢਾਕੇ ਵਿਚ ਨਿਵਾਸ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਇਥੇ ਗਏ ਸਨ। ਇਥੇ ਬਹੁਤ ਸਾਰੇ ਪ੍ਰੇਮੀ ਸਿੱਖ ਸਨ। ਸਤਿਗੁਰੂ ਅਜੇ ਢਾਕੇ ਵਿਚ ਹੀ ਸਨ ਕਿ ਦਸੰਬਰ 1666 ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਧਾਰਨ ਦੀ ਖ਼ਬਰ ਪਹੁੰਚੀ। ਸਤਿਗੁਰਾਂ ਨੇ ਪਟਨੇ ਦੀ ਸੰਗਤ ਨੂੰ ਉਹਨਾਂ ਦੇ ਪਰਿਵਾਰ ਦੀ ਸੇਵਾ ਕਰਨ ਕਰਕੇ ਧੰਨਵਾਦ ਕਰਦਿਆਂ ਸੰਗਤਾਂ ਦੇ ਨਾਂ ਹੁਕਮਨਾਮਾ ਭੇਜਿਆ। ਫਿਰ ਢਾਕੇ ਤੋਂ ਗੁਰੂ ਜੀ ਅਸਾਮ ਪ੍ਰਾਂਤ ਵੱਲ ਚਲੇ ਗਏ। ਇਥੇ ਸਤਿਗੁਰਾਂ ਨੇ ਦੋ ਸਾਲ ਦੇ ਕਰੀਬ ਸਿੱਖੀ ਪ੍ਰਚਾਰ ਕੀਤਾ।

ਇਹ 1669 ਈ. ਦੀ ਘਟਨਾ ਹੈ ਜਦ ਗੁਰੂ ਜੀ ਅਸਾਮ-ਬੰਗਾਲ ਵੱਲ ਆਏ ਹੋਏ ਸਨ ਤਾਂ ਔਰੰਗਜ਼ੇਬ ਨੇ ਸਾਰੇ ਭਾਰਤ ਲਈ ਇਕ ਹੁਕਮ ਜਾਰੀ ਕੀਤਾ ਕਿ ਕਾਫ਼ਰਾਂ ਦੀਆਂ ਸਭ ਪਾਠਸ਼ਾਲਾਂ ਤੇ ਮੰਦਰ ਢਾਹ ਦਿੱਤੇ ਜਾਣ। ਉਹਨਾਂ ਦੀਆਂ ਧਾਰਮਿਕ ਰਸਮਾਂ ਤੇ ਵਿੱਦਿਆ ਨੂੰ ਖ਼ਤਮ ਕੀਤਾ ਜਾਵੇ। ਇਸ ਨਾਲ ਹਾਹਾਕਾਰ ਮੱਚ ਗਈ। ਜੋ ਇਸਲਾਮ ਕਬੂਲ ਕਰ ਲਵੇ, ਉਸ ਨੂੰ ਸਹਾਇਤਾ ਤੇ ਇਨਾਮ ਮਿਲਦਾ ਸੀ। ਗੁਰੂ ਜੀ ਨੇ ਇਹ ਹਾਲਾਤ ਜਾਣ ਕੇ ਛੇਤੀ ਹੀ ਪੰਜਾਬ ਨੂੰ ਪਰਤਣ ਦੀ ਤਿਆਰੀ ਕੀਤੀ। ਸਤਿਗੁਰੂ ਪਹਿਲਾਂ ਪਟਨਾ ਸਾਹਿਬ ਪਹੁੰਚੇ ਅਤੇ ਪਰਿਵਾਰ ਨੂੰ ਮਿਲੇ। ਇਥੇ ਸਤਿਗੁਰਾਂ ਨੇ ਆਪਣੇ ਸਪੁੱਤਰ ਗੋਬਿੰਦ ਰਾਇ ਨੂੰ ਪਹਿਲੀ ਵਾਰ ਵੇਖਿਆ। ਪਟਨਾ ਸਾਹਿਬ ਵਿਖੇ ਥੋੜ੍ਹਾ ਸਮਾਂ ਗੁਜ਼ਾਰ ਕੇ ਗੁਰੂ ਜੀ ਬਨਾਰਸ ਤੇ ਅਯੁਧਿਆ ਸ਼ਹਿਰਾਂ ਵਿਚ ਦੀ ਹੁੰਦੇ ਹੋਏ ਢਾਈ ਤਿੰਨ ਮਹੀਨਿਆਂ ਦੇ ਵਿਚ ਅਨੰਦਪੁਰ ਸਾਹਿਬ ਪਹੁੰਚ ਗਏ। ਉਪਰੰਤ ਜਲਦੀ ਹੀ ਗੁਰੂ ਜੀ ਨੇ ਸਾਰੇ ਪਰਿਵਾਰ ਨੂੰ ਪਟਨੇ ਤੋਂ ਅਨੰਦਪੁਰ ਸਾਹਿਬ ਮੰਗਵਾ ਲਿਆ।

## (ੲ) ਔਰੰਗਜ਼ੇਬ ਦਾ ਅੱਤਿਆਚਾਰ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਕਸ਼ਮੀਰੀ ਪੰਡਤਾਂ ਦੀ ਪੁਕਾਰ :

ਮੁਗ਼ਲ ਬਾਦਸ਼ਾਹਾਂ ਵਿਚੋਂ ਔਰੰਗਜ਼ੇਬ ਬਹੁਤ ਚਲਾਕ ਤੇ ਨੀਤੀਵਾਨ ਸੀ। ਉਸ ਨੇ 1658 ਈ. ਤੋਂ ਲੈ ਕੇ 1707 ਈ. ਤਕ ਰਾਜ ਕੀਤਾ। ਇਸ ਸਮੇਂ ਦੌਰਾਨ ਭਾਰਤ ਵਿਚ ਹਰ ਪਾਸੇ ਅਸ਼ਾਂਤੀ ਹੀ ਰਹੀ। ਇਸ ਨੇ ਧਰਮ ਦੀ ਆੜ ਹੇਠ ਰਾਜਨੀਤਕ ਤੌਰ 'ਤੇ ਬਹੁਤ ਹੀ ਜ਼ੁਲਮ ਕੀਤੇ। ਤਖ਼ਤ ਹਥਿਆਉਣ ਲਈ ਆਪਣੇ ਦੋ ਭਰਾ ਦਾਰਾ ਤੇ ਮੁਰਾਦ ਨੂੰ ਮਰਵਾ ਦਿੱਤਾ ਅਤੇ ਇਕ ਭਰਾ ਸ਼ੁਜਾਹ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਰੌਸ਼ਨ ਆਰਾ ਭੈਣ ਨੂੰ ਹਲਕਾ-ਹਲਕਾ ਜ਼ਹਿਰ ਦੇ ਕੇ ਮਾਰ ਮੁਕਾਇਆ। ਆਪਣੇ ਪਿਤਾ ਸ਼ਾਹਜਹਾਨ ਨੂੰ ਕੈਦ ਕਰਕੇ ਰੱਖਿਆ, ਜਿੱਥੇ ਉਹ ਕੈਦ ਵਿਚ ਹੀ 1666 ਈ. ਨੂੰ ਫੌਤ ਹੋ ਗਿਆ। ਆਪਣੇ ਕੀਤੇ ਹੋਏ ਪਾਪਾਂ ਦੀ ਕਾਲਖ ਧੋਣ ਲਈ ਔਰੰਗਜ਼ੇਬ ਆਪਣੇ ਆਪ ਨੂੰ ਇਸਲਾਮ ਦਾ ਰਾਖਾ ਵੀ ਜ਼ਾਹਰ ਕਰਦਾ ਰਿਹਾ। ਅਜਿਹੇ ਜ਼ਾਲਮ ਹੁਕਮਰਾਨ ਦੇ ਹੁੰਦਿਆਂ ਗੈਰ ਮੁਸਲਮਾਨ ਕਿਵੇਂ ਚੰਗਾ ਜੀਵਨ ਜੀਅ ਸਕਦੇ ਸਨ।

ਮੁਗ਼ਲ ਹਕੂਮਤ ਬਹੁਤ ਭੈੜੀ ਰਾਜਨੀਤੀ ਦੀ ਸ਼ਿਕਾਰ ਹੋ ਗਈ ਸੀ। ਔਰੰਗਜ਼ੇਬ ਨੇ ਮੁਸਲਮਾਨ ਸੂਫ਼ੀ ਫ਼ਕੀਰਾਂ ਨੂੰ ਵੀ ਨਹੀਂ ਬਖ਼ਸ਼ਿਆ। ਹਿੰਦੂ ਧਰਮ ਉੱਤੇ ਪੂਰੀ ਸਖ਼ਤੀ ਸ਼ੁਰੂ ਹੋ ਗਈ। ਉਹਨਾਂ ਦੇ ਪੁਰਾਣੇ ਮੰਦਰ ਤੇ ਪਾਠਸ਼ਾਲਾਂ ਢਾਹ ਕੇ ਮਸਜਿਦਾਂ ਵਿਚ ਤਬਦੀਲ ਕੀਤਾ ਗਿਆ। ਸਾਰੇ ਉੱਤਰੀ ਤੇ ਪੂਰਬੀ ਭਾਰਤ ਵਿਚ ਔਰੰਗਜ਼ੇਬ ਦੇ ਹੁਕਮ ਨਾਲ ਸਖ਼ਤੀ ਦੀ ਲਹਿਰ ਚਲਾਈ ਗਈ। ਹਿੰਦੂਆਂ ਉੱਪਰ ਜਜ਼ੀਆ ਲਗਾਇਆ ਗਿਆ। ਉਹਨਾਂ ਦੇ ਧਾਰਮਿਕ ਮੇਲਿਆਂ ਉੱਪਰ ਪਾਬੰਦੀਆਂ ਲਾ ਦਿੱਤੀਆਂ। ਉਹਨਾਂ ਨੂੰ ਸਰਕਾਰੀ ਨੌਕਰੀਆਂ ਤੋਂ ਕੱਢਿਆ ਜਾਣ ਲੱਗਿਆ।

ਉਧਰ ਹਿੰਦੂ ਕੌਮ ਦੇ ਆਗੂ ਤਾਂ ਬ੍ਰਾਹਮਣ ਸਨ ਅਤੇ ਜਾਂ ਸ਼ਸਤ੍ਰਧਾਰੀ ਰਾਜਪੂਤ ਖੱਤਰੀ ਸਨ। ਖੱਤਰੀ ਲੋਕ ਮੁਗਲਾਂ ਦਾ ਹੱਥ ਠੋਕਾ ਬਣ ਕੇ ਉਲਟਾ ਹਿੰਦੂਆਂ ਉੱਪਰ ਹੀ ਜ਼ੁਲਮ ਕਰਨ ਲੱਗ ਪਏ ਅਤੇ ਬ੍ਰਾਹਮਣ ਲੋਕ ਅਨਪੜ੍ਹ ਹਿੰਦੂ ਜਨਤਾ ਨੂੰ ਫੋਕਟ ਕਰਮ ਕਾਂਡਾਂ ਤੇ ਭਰਮਾਂ ਦੇ ਜਾਲ ਵਿਚ ਫਸਾ ਕੇ ਇਹਨਾਂ ਨੂੰ ਰੋਟੀ ਰੋਜ਼ੀ ਦਾ ਅਧਾਰ ਸਮਝ ਰਹੇ ਸਨ। ਇਹਨਾਂ ਹਾਲਤਾਂ ਵਿਚ ਹਿੰਦੂ ਸਮਾਜ ਆਗੂ ਹੀਣ ਬਣ ਚੁੱਕਾ ਸੀ।

ਉਸ ਸਮੇਂ ਕਸ਼ਮੀਰ ਪੰਡਤਾਂ ਦਾ ਵੱਡਾ ਗੜ੍ਹ ਸੀ ਤੇ ਇਕ ਗੱਲ ਪ੍ਰਸਿੱਧ ਸੀ ਕਿ ਕਸ਼ਮੀਰ ਵਿਚ ਬਹੁਤ ਵਿਦਵਾਨ ਪੰਡਿਤ ਰਹਿੰਦੇ ਸਨ। ਔਰੰਗਜ਼ੇਬ ਨੇ 1674 ਈ. ਵਿਚ ਫ਼ੈਸਲਾ ਕੀਤਾ ਕਿ ਗੈਰ ਮੁਸਲਮਾਨਾਂ ਨੂੰ ਮੁਸਲਮਾਨ ਬਣਾਇਆ ਜਾਵੇ। ਉਸ ਨੇ ਸਭ ਤੋਂ ਪਹਿਲਾਂ ਕਸ਼ਮੀਰ ਨੂੰ ਹੀ ਚੁਣਿਆਂ। ਇਕ ਤਾਂ ਕਸ਼ਮੀਰੀ ਪੰਡਿਤ ਵਿਦਵਾਨ ਕਰਕੇ ਪ੍ਰਸਿੱਧ ਸਨ। ਉਸ ਦਾ ਖ਼ਿਆਲ ਸੀ ਕਿ ਜੇ ਕਰ ਇਹ ਲੋਕ ਇਸਲਾਮ ਕਬੂਲ ਕਰ ਲੈਣਗੇ ਤਾਂ ਬਾਕੀ ਜਨਤਾ ਨੂੰ ਤੋੜਨਾ ਕੋਈ ਔਖਾ ਨਹੀਂ। ਦੂਜਾ ਕਸ਼ਮੀਰ ਦੀਆਂ ਹੱਦਾਂ ਦੂਜੇ ਦੇਸ਼ਾਂ

ਨਾਲ ਲੱਗਦੀਆਂ ਹਨ, ਇਸ ਤਰ੍ਹਾਂ ਇਸਲਾਮ ਦਾ ਪ੍ਰਭਾਵ ਵਧੇਗਾ। ਤੀਜਾ ਇਹ ਲੋਕ ਪੂਜਾ ਦਾ ਧਾਨ ਖਾਣ ਵਾਲੇ ਹਨ ਤੇ ਇਹਨਾਂ ਨੂੰ ਡਰਾ ਧਮਕਾ ਕੇ ਜਾਂ ਲਾਲਚ ਦੇ ਕੇ ਵੀ ਇਸਲਾਮ ਵੱਲ ਪ੍ਰੇਰਿਆ ਜਾ ਸਕਦਾ ਹੈ।

ਇਹਨਾਂ ਹਾਲਤਾਂ ਵਿਚ ਇਫ਼ਤਖ਼ਾਰ ਕਸ਼ਮੀਰ ਦਾ ਗਵਰਨਰ ਸੀ। ਉਸ ਨੇ ਸ਼ਾਹੀ ਨੀਤੀ ਅਨੁਸਾਰ ਕਸ਼ਮੀਰ ਦੇ ਬ੍ਰਾਹਮਣਾਂ ਉੱਪਰ ਬਹੁਤ ਅੱਤਿਆਚਾਰ ਕੀਤੇ ਤੇ ਉਹਨਾਂ ਨੂੰ ਜਬਰੀਂ ਮੁਸਲਮਾਨ ਬਣਾਉਣ ਦਾ ਹਰ ਸੰਭਵ ਯਤਨ ਕੀਤਾ। ਕਸ਼ਮੀਰੀ ਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਤੇਗ਼ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। ਇਸ ਲਈ ਕਸ਼ਮੀਰੀ ਪੰਡਿਤਾਂ ਨੇ ਮੁਗ਼ਲਾਂ ਦੀ ਤੇਗ਼ ਅੱਗੇ ਝੁਕਣ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਸਰਾ ਲਿਆ।

ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਸੋਲ੍ਹਾਂ ਕਸ਼ਮੀਰੀ ਬ੍ਰਾਹਮਣਾਂ ਦਾ ਇਕ ਵਫ਼ਦ ਸ੍ਰੀ ਅਨੰਦਪੁਰ ਸਾਹਿਬ ਪੁੱਜਾ। 25 ਮਈ 1675 ਈ. ਨੂੰ ਉਹਨਾਂ ਦੀ ਮੁਲਾਕਾਤ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਹੋਈ। ਪੰਡਿਤ ਕਿਰਪਾ ਰਾਮ ਗੁਰੂ ਨਾਨਕ ਘਰ ਦੀ ਦੁਖੀਆਂ ਦਾ ਦਰਦ ਵੰਡਾਉਣ ਵਾਲੀ ਭਾਵਨਾ ਤੋਂ ਪਹਿਲਾਂ ਹੀ ਜਾਣੂੰ ਸੀ। ਦੂਸਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਦੂਰ-ਦੂਰ ਤਕ ਫੈਲੀ ਹੋਈ ਸੀ।

ਸਤਿਗੁਰਾਂ ਨੇ ਕਸ਼ਮੀਰੀ ਪੰਡਿਤਾਂ ਦੇ ਦੁੱਖ ਨੂੰ ਬਹੁਤ ਹਮਦਰਦੀ ਨਾਲ ਸੁਣਿਆਂ। ਗੁਰੂ ਜੀ ਨੇ ਇਹ ਵੀ ਫ਼ੁਰਮਾਇਆ ਕਿ ਇਹ ਸੰਕਟ ਤਾਂ ਟਲ ਸਕਦਾ ਹੈ, ਜੇ ਕਰ ਕੋਈ ਮਹਾਨ ਵਿਅਕਤੀ ਬਲੀਦਾਨ ਦੇਵੇ।

ਇਹ ਸੁਣ ਕੇ ਪਾਸ ਬੈਠੇ ਸ੍ਰੀ ਗੋਬਿੰਦ ਰਾਇ ਜੀ ਨੇ ਕਿਹਾ ਕਿ ਪਿਤਾ ਜੀ ! ਤੁਹਾਡੇ ਤੋਂ ਮਹਾਨ ਵਿਅਕਤੀ ਫਿਰ ਕੌਣ ਹੋ ਸਕਦਾ ਹੈ। ਇਹ ਸੁਣ ਕੇ ਸਾਰੀ ਸੰਗਤ ਵਿਚ ਉਤਸ਼ਾਹ ਤੇ ਬੀਰ ਰਸ ਛਾ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ, ਤੁਸੀਂ ਬੇ-ਸ਼ੱਕ ਬਾਦਸ਼ਾਹ ਨੂੰ ਲਿਖ ਭੇਜੋ ਕਿ ਗੁਰੂ ਤੇਗ ਬਹਾਦਰ ਸਾਡੇ ਧਾਰਮਿਕ ਰਹਿਬਰ ਹਨ। ਜੇ ਕਰ ਉਹ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਹੀ ਇਸਲਾਮ ਕਬੂਲ ਕਰ ਲਵਾਂਗੇ।

''ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ'' ਇਹ ਸਲੋਕ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਰਚਿਆ ਹੈ। ਭਾਵ ਕਿਸੇ ਨੂੰ ਡਰ ਦੇਣਾ ਵੀ ਨਹੀਂ ਤੇ ਕਿਸੇ ਦਾ ਡਰ ਮੰਨਣਾ ਵੀ ਨਹੀਂ। ਸਤਿਗੁਰਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਸਹਾਰਾ ਦੇ ਕੇ ਅਸਲ ਵਿਚ ਇਸ ਸਲੋਕ ਦੀ ਹੀ ਵਿਆਖਿਆ ਕਰ ਦਿੱਤੀ। ਗੁਰੂ ਜੀ ਦਾ ਅਨੁਭਵ ਸੀ ਕਿ ਬਲੀਦਾਨ ਦਿੱਤੇ ਤੋਂ ਬਗੈਰ ਇਸ ਮੁਗ਼ਲ ਹਕੂਮਤ ਦੇ ਜ਼ੁਲਮ ਨੂੰ ਰੋਕਿਆ ਵੀ ਨਹੀਂ ਜਾ ਸਕਦਾ। ਜੇ ਕਰ ਲੋਕਾਂ ਦੇ ਦਿਲਾਂ ਵਿਚੋਂ ਮੌਤ ਦਾ ਡਰ ਦੂਰ ਹੋਵੇਗਾ ਤਾਂ ਹੀ ਉਹ ਚੰਗਾ ਜੀਵਨ ਜੀਅ ਸਕਣਗੇ। ਇਸ ਤਰ੍ਹਾਂ ਗੁਰੂ ਜੀ ਨੇ ਔਰੰਗਜ਼ੇਬ ਦੇ ਜ਼ੁਲਮ ਨੂੰ ਵੰਗਾਰਿਆ।

(ਸ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ :

ਕਸ਼ਮੀਰੀ ਪੰਡਿਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫ਼ੁਰਮਾਨ ਕਸ਼ਮੀਰ ਪਹੁੰਚ ਕੇ ਸੂਬੇ ਨੂੰ ਇੰਜ ਹੀ ਸੁਣਾ ਦਿੱਤਾ। ਜਦ ਇਹ ਸਾਰੀ ਗੱਲ ਔਰੰਗਜ਼ੇਬ ਤਕ ਪਹੁੰਚੀ ਤਾਂ ਉਸ ਨੇ ਹੁਕਮ ਕੀਤਾ ਕਿ ਗੁਰੂ ਤੇਗ ਬਹਾਦਰ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦਾ ਜਾਵੇ।

ਉਧਰ ਕਸ਼ਮੀਰੀ ਪੰਡਿਤਾਂ ਨੂੰ ਅਨੰਦਪੁਰ ਸਾਹਿਬ ਤੋਂ ਵਿਦਾ ਕਰਕੇ ਸਤਿਗੁਰਾਂ ਨੇ ਲੋਕਾਂ ਵਿਚ ਜਾਗਰਤੀ ਪੈਦਾ ਕਰਨ ਅਤੇ ਜ਼ੁਲਮ ਦੇ ਟਾਕਰੇ ਲਈ ਤਿਆਰ ਕਰਨ ਵਾਸਤੇ ਪ੍ਰੋਗਰਾਮ ਉਲੀਕਿਆ। ਸਤਿਗੁਰਾਂ ਨੂੰ ਅਨੁਭਵ ਸੀ ਕਿ ਕੁਰਬਾਨੀ ਸਮੇਂ ਦੀ ਲੋੜ ਹੈ। ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲਣ ਵੇਲੇ ਸੰਗਤਾਂ ਨੂੰ ਬਚਨ ਕੀਤਾ ਕਿ ਸਾਡੇ ਤੋਂ ਬਾਅਦ ਗੁਰਿਆਈ ਦੀ ਜ਼ਿੰਮੇਵਾਰੀ ਗੋਬਿੰਦ ਰਾਇ ਜੀ ਸੰਭਾਲਣਗੇ। ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਲਿਖਿਆ ਕਿ , 'ਫਿਰ ਘੁੱਟ ਕੇ ਬੇਟੇ ਗੋਬਿੰਦ ਰਾਇ ਜੀ ਨੂੰ ਜੱਫੀ ਪਾਈ ਅਤੇ ਵਿਦਾਇਗੀ ਲਈ।'

ਗੁਰੂ ਜੀ ਸਦਾ ਹੀ ਇਨਸਾਫ਼, ਸੱਚਾਈ, ਦਲੇਰੀ ਤੇ ਈਮਾਨਦਾਰੀ ਵਾਲਾ ਜੀਵਨ ਜੀਊਣ ਲਈ ਸੰਗਤਾਂ ਨੂੰ ਪ੍ਰੇਰਦੇ ਸਨ। ਸਤਿਗੁਰੂ ਜੀ ਡਰਨ ਵਾਲੇ ਨੂੰ ਕਾਇਰ ਤੇ ਡਰਾਉਣ ਵਾਲੇ ਨੂੰ ਜਾਬਰ ਸਮਝਦੇ ਸਨ। ਮਿਤੀ 11 ਜੁਲਾਈ 1675 ਨੂੰ ਗੁਰੂ ਜੀ ਪੰਜ ਸਿੱਖਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਾਨਾ ਹੋਏ। ਅਨੰਦਪੁਰ ਸਾਹਿਬ ਤੋਂ ਕੀਰਤਪੁਰ, ਪਟਿਆਲਾ, ਸਮਾਣਾ, ਜੀਂਦ, ਰੋਹਤਕ ਹੁੰਦੇ ਹੋਏ ਰਸਤੇ ਵਿਚ ਜਗ੍ਹਾ-ਜਗ੍ਹਾ ਸੰਗਤਾਂ ਨੂੰ ਉਪਦੇਸ਼ ਦਿੰਦੇ ਗੁਰੂ ਜੀ ਆਗਰਾ ਪਹੁੰਚ ਗਏ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਿੱਖਾਂ ਸਮੇਤ ਆਗਰੇ ਤੋਂ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦਾ ਗਿਆ। ਉਸ ਸਮੇਂ ਭਾਵੇਂ ਔਰੰਗਜ਼ੇਬ ਦਿੱਲੀ ਵਿਚ ਨਹੀਂ ਸੀ, ਪਰ ਉਸ ਦੇ ਹੁਕਮ ਨਾਲ ਹੀ ਸਭ ਕੁਝ ਹੋ ਰਿਹਾ ਸੀ। ਔਰੰਗਜ਼ੇਬ ਦੇ ਭੇਜੇ ਹੁਕਮ ਅਨੁਸਾਰ ਸਥਾਨਕ ਹਾਕਮਾਂ ਨੇ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ, 'ਇਸਲਾਮ ਕਬੂਲ ਕਰੋ, ਕਰਾਮਾਤ ਵਿਖਾਓ ਜਾਂ ਮੌਤ ਕਬੂਲ ਕਰੋ।'

ਸਤਿਗੁਰਾਂ ਨੇ ਉੱਤਰ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ। ਕਰਾਮਾਤ ਕਹਿਰ ਦਾ ਨਾਂ ਹੈ, ਇਹ ਅਸਾਂ ਦਿਖਾਉਣੀ ਨਹੀਂ ਜੋ ਗੁਰੂ ਆਸ਼ੇ ਦੇ ਉਲਟ ਹੈ। ਤੀਸਰੀ ਰਹੀ ਮੌਤ ਦੀ ਗੱਲ, ਇਸ ਨੂੰ ਅਸੀਂ ਪ੍ਰਵਾਨ ਕਰਦੇ ਹਾਂ। ਜੇ ਕਰ ਕਿਸੇ ਜ਼ੁਲਮ ਨੂੰ ਮਿਟਾਉਣ ਲਈ ਸਰੀਰ ਮਿਟ ਵੀ ਜਾਵੇ ਤਾਂ ਇਸ ਨੇ ਤਾਂ ਇਕ ਦਿਨ ਮਿਟ ਹੀ ਜਾਣਾ ਹੈ।

ਇਹ ਸੁਣ ਕੇ ਸਤਿਗੁਰਾਂ ਨੂੰ ਸ਼ਹੀਦ ਕਰਨ ਲਈ ਹੁਕਮ ਜਾਰੀ ਹੋਇਆ। ਮੁਗ਼ਲ ਹਾਕਮਾਂ ਵੱਲੋਂ ਲੋਕਾਂ ਵਿਚ ਹਕੂਮਤ ਦਾ ਡਰ ਪੈਦਾ ਕਰਨ ਲਈ ਦਿੱਲੀ ਵਿਚ ਇਸ ਦੀ ਮੁਨਾਦੀ ਕਰਵਾਈ ਗਈ। ਦਿੱਲੀ ਦੇ ਚਾਂਦਨੀ ਚੌਂਕ ਵਿਚ ਵੇਖਣ ਵਾਲਿਆਂ ਦੀ ਬਹੁਤ ਭੀੜ ਸੀ। ਇਸ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਵੀ ਸਨ। ਭਿਆਨਕ ਮੌਤ ਦਾ ਡਰਾਵਾ

ਦੇਣ ਲਈ ਗੁਰੂ ਜੀ ਦੇ ਸਾਹਮਣੇ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਫਿਰ ਭਾਈ ਸਤੀ ਦਾਸ ਜੀ ਨੂੰ ਜਿਊਂਦੇ ਜੀਅ ਰੂੰ ਵਿਚ ਲਪੇਟ ਕੇ, ਅੱਗ ਲਾ ਕੇ ਸਾੜਿਆ ਗਿਆ। ਇਹਨਾਂ ਤੋਂ ਬਾਅਦ ਭਾਈ ਦਿਆਲਾ ਜੀ ਨੂੰ ਪਾਣੀ ਦੀ ਉਬਲਦੀ ਦੇਗ ਵਿਚ ਬਿਠਾ ਕੇ ਉਬਾਲਿਆ ਗਿਆ। ਗੁਰੂ ਜੀ ਦੇ ਤਿੰਨ ਪਿਆਰੇ ਸਿੱਖ ਆਪਣਾ ਸਿੱਖੀ ਸਿਦਕ ਨਿਭਾਉਂਦੇ ਸ਼ਹੀਦ ਹੋ ਗਏ।

ਤਿੰਨਾਂ ਸਿੱਖਾਂ ਦੀ ਸ਼ਹੀਦੀ ਤੋਂ ਬਾਅਦ 11 ਨਵੰਬਰ 1675, ਦਿਨ ਵੀਰਵਾਰ ਸੀ, ਜਦ ਦਿੱਲੀ ਦੇ ਚਾਂਦਨੀ ਚੌਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਕ ਜੱਲਾਦ ਨੇ ਤਲਵਾਰ ਨਾਲ ਧੜ ਤੋਂ ਸੀਸ ਵੱਖ ਕਰ ਦਿੱਤਾ। ਇਸ ਸਥਾਨ 'ਤੇ ਹੁਣ ਗੁਰਦੁਆਰਾ 'ਸੀਸ ਗੰਜ' ਸਾਹਿਬ ਹੈ। ਸਤਿਗੁਰਾਂ ਦੇ ਸਿਦਕ ਅੱਗੇ ਮੁਗ਼ਲਾਂ ਦਾ ਜ਼ੁਲਮ ਹਾਰ ਗਿਆ। ਇਸੇ ਸੰਬੰਧੀ ਦਸਮ ਪਾਤਸ਼ਾਹ ਜੀ ਨੇ ਬਚਿੱਤ੍ਰ ਨਾਟਕ ਵਿਚ ਲਿਖਿਆ ਹੈ, 'ਸੀਸ ਦੀਆ ਪਰ ਸਿਰਰ ਨ ਦੀਆ'।

ਇਹ ਕੁਰਬਾਨੀ ਤਿਲਕ ਜੰਞੂ ਦੀ ਰਾਖੀ ਲਈ ਸੀ। ਗੁਰੂ ਘਰ ਵਿਚ ਇਸ ਨੂੰ ਨਾ ਕੋਈ ਪਹਿਨਦਾ ਸੀ ਤੇ ਨਾ ਵਿਸ਼ਵਾਸ ਸੀ। ਪਰ ਹਰੇਕ ਨੂੰ ਆਪਣੇ ਧਰਮ ਅਨੁਸਾਰ ਜੀਵਨ ਜੀਣ ਦਾ ਹੱਕ ਦੇਣਾ ਤੇ ਦਿਵਾਉਣਾ ਗੁਰੂ ਨਾਨਕ ਘਰ ਦਾ ਧਰਮ ਸੀ। ਇਸ ਦੀ ਗਵਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮ ਕਥਾ ਵਿਚ ਇਉਂ ਪੇਸ਼ ਕੀਤੀ ਹੈ :

***ਤਿਲਕ ਜੰਞੂ ਰਾਖਾ ਪ੍ਰਭ ਤਾਕਾ॥***
***ਕੀਨੋ ਬਡੋ ਕਲੂ ਮਹਿ ਸਾਕਾ॥***

ਜਦ ਇਹ ਵੱਡਾ ਸਾਕਾ ਵਾਪਰਿਆ ਤਾਂ ਚਾਂਦਨੀ ਚੌਂਕ ਵਿਚ ਲੋਕਾਂ ਦੀ ਵੱਡੀ ਭੀੜ ਸੀ। ਇਸ ਅਦੁੱਤੀ ਸ਼ਹੀਦੀ ਨੂੰ ਦੇਖ ਕੇ ਹਾਹਾਕਾਰ ਮੱਚ ਗਈ। ਇਸ ਸਮੇਂ ਭਾਈ ਜੈਤਾ ਜੀ ਨੇ ਬਹੁਤ ਹੀ ਚੁਸਤੀ ਨਾਲ, ਹਾਕਮਾਂ ਤੋਂ ਅੱਖ ਬਚਾਅ ਕੇ ਸਤਿਗੁਰਾਂ ਦਾ ਸੀਸ ਉਠਾ ਲਿਆ। ਇਹ ਯੋਧਾ ਦਿੱਲੀ ਤੋਂ ਵਾਹੋ ਦਾਹੀ ਸ੍ਰੀ ਅਨੰਦਪੁਰ ਸਾਹਿਬ ਵੱਲ ਚੱਲ ਪਿਆ। ਦਿੱਲੀ ਤੋਂ ਅਨੰਦਪੁਰ ਸਾਹਿਬ ਦੋ ਕੁ ਸੌ ਮੀਲ ਦੀ ਦੂਰੀ 'ਤੇ ਹੈ। ਇਸ ਸੂਰਮੇ ਨੇ ਜ਼ਾਲਮ ਹਕੂਮਤ ਦੀ ਪਰਵਾਹ ਨਹੀਂ ਕੀਤੀ ਤੇ ਦਿਨ ਰਾਤ ਚੱਲਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚ ਗਿਆ। ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾਇਆ ਅਤੇ ਪਿਆਰ ਨਾਲ ਬਚਨ ਕਹੇ, 'ਰੰਘਰੇਟੇ ਗੁਰ ਕੇ ਬੇਟੇ।' (ਇਹੋ ਭਾਈ ਜੈਤਾ ਜੀ ਅੰਮ੍ਰਿਤ ਛਕ ਕੇ ਜੀਊਣ ਸਿੰਘ ਬਣੇ ਤੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ।) ਜਿਥੇ ਨੌਵੇਂ ਪਾਤਸ਼ਾਹ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਉਥੇ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸੀਸ ਗੰਜ ਸਾਹਿਬ ਹੈ।

ਉਧਰ ਸਤਿਗੁਰਾਂ ਦੇ ਧੜ ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਵਣਜਾਰਾ ਜੀ ਨੇ ਕੀਤੀ। ਇਹ ਹਾਲਾਤ ਦੇਖ ਕੇ ਸਤਿਗੁਰਾਂ ਦਾ ਧੜ ਉਠਾ ਕੇ ਲੈ ਗਿਆ। ਇਸ ਨੇ ਆਪਣੇ

ਘਰ ਵਿਚ ਹੀ ਚਿਖਾ ਬਣਾ ਕੇ ਸਤਿਕਾਰ ਨਾਲ ਸਤਿਗੁਰਾਂ ਦੀ ਦੇਹ ਰੱਖੀ ਤੇ ਘਰ ਨੂੰ ਹੀ ਅੱਗ ਲਗਾ ਦਿੱਤੀ। ਜਿਥੇ ਗੁਰੂ ਜੀ ਦੇ ਸਰੀਰ ਦਾ ਸਸਕਾਰ ਹੋਇਆ, ਇਥੇ ਗੁਰਦੁਆਰਾ 'ਰਕਾਬ ਗੰਜ' ਸਾਹਿਬ (ਦਿੱਲੀ) ਹੈ। ਇਸ ਮਹਾਨ ਕੁਰਬਾਨੀ ਦੇ ਸਦਕਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ 'ਹਿੰਦ ਦੀ ਚਾਦਰ' ਵੀ ਕਿਹਾ ਜਾਦਾ ਹੈ।

*ਅਭਿਆਸ ਲਈ ਵੱਡੇ ਪ੍ਰਸ਼ਨ :—*

(ੳ) ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਰੰਭਕ ਜੀਵਨ ਤੇ ਗੁਰਿਆਈ ਦੇ ਇਤਿਹਾਸ ਬਾਰੇ ਤੁਸੀਂ ਕੀ ਜਾਣਦੇ ਹੋ ?

(ਅ) ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਨੰਦਪੁਰ ਵਸਾਉਣਾ ਅਤੇ ਧਰਮ ਪ੍ਰਚਾਰ ਲਈ ਕੀਤੀ ਲੰਬੀ ਯਾਤਰਾ ਉਪਰ ਚਾਨਣਾ ਪਾਓ।

(ੲ) ਔਰੰਗਜ਼ੇਬ ਦਾ ਅੱਤਿਆਚਾਰ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਦਾ ਇਤਿਹਾਸ ਵਰਣਨ ਕਰੋ।

(ਸ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਬਾਰੇ ਤੁਸੀਂ ਕੀ ਜਾਣਦੇ ਹੋ ?

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਸਤਿਗੁਰਾਂ ਦਾ ਪ੍ਰਕਾਸ਼ 1 ਅਪ੍ਰੈਲ 1621 ਈ. ਨੂੰ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ।

ਪ੍ਰਸ਼ਨ 2 : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਾਤਾ-ਪਿਤਾ ਜੀ ਦਾ ਨਾਂ ਦੱਸੋ।

ਉੱਤਰ : ਗੁਰੂ ਜੀ ਦੇ ਮਾਤਾ ਦਾ ਨਾਮ ਨਾਨਕੀ ਜੀ ਅਤੇ ਪਿਤਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਨ।

ਪ੍ਰਸ਼ਨ 3 : ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਦੋਂ ਤੇ ਕਿਥੇ ਹੋਇਆ ?

ਉੱਤਰ : ਸਤਿਗੁਰਾਂ ਦਾ ਵਿਆਹ ਕਰਤਾਰਪੁਰ (ਜਲੰਧਰ) ਨਿਵਾਸੀ ਸ੍ਰੀ ਲਾਲ ਚੰਦ ਜੀ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ 1632 ਈ. ਨੂੰ ਹੋਇਆ।

ਪ੍ਰਸ਼ਨ 4 : ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਦਾ ਤਿਲਕ ਕਦੋਂ ਤੇ ਕਿੰਨ੍ਹਾਂ ਨੇ ਲਾਇਆ ?

ਉੱਤਰ : ਸਤਿਗੁਰਾਂ ਨੂੰ ਗੁਰਿਆਈ ਦਾ ਤਿਲਕ 20 ਮਾਰਚ 1665 ਈ. ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਲਾਇਆ।

ਪ੍ਰਸ਼ਨ 5 : ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹੜਾ ਨਗਰ ਕਦੋਂ ਵਸਾਇਆ ?

ਉੱਤਰ : ਗੁਰੂ ਜੀ ਨੇ ਅਕਤੂਬਰ 1665 ਈ. ਨੂੰ ਕਹਿਲੂਰ ਦੇ ਰਾਜੇ ਦੀਪ ਚੰਦ ਪਾਸੋਂ ਪਿੰਡ

ਮਾਖੋਵਾਲ ਦੀ ਜ਼ਮੀਨ ਲੈ ਕੇ 'ਅਨੰਦਪੁਰ' ਦੀ ਨੀਂਹ ਰੱਖੀ। ਇਸ ਨਗਰ ਦਾ ਪਹਿਲਾ ਨਾਂ 'ਚੱਕ ਨਾਨਕੀ' ਸਤਿਗੁਰਾਂ ਨੇ ਆਪਣੀ ਮਾਤਾ ਜੀ ਦੇ ਨਾਉਂ 'ਤੇ ਰੱਖਿਆ ਸੀ।

ਪ੍ਰਸ਼ਨ 6 : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਸ ਕਸ਼ਮੀਰੀ ਪੰਡਿਤ ਕਦੋਂ ਤੇ ਕਿਉਂ ਆਏ ?

ਉੱਤਰ : ਗੁਰੂ ਜੀ ਪਾਸ ਕਸ਼ਮੀਰੀ ਪੰਡਿਤ ਮਈ 1675 ਈ. ਨੂੰ ਅਨੰਦਪੁਰ ਸਾਹਿਬ ਆਏ, ਕਿਉਂਕਿ ਔਰੰਗਜ਼ੇਬ ਦੇ ਹੁਕਮ ਨਾਲ ਉਹਨਾਂ ਨੂੰ ਜਬਰੀਂ ਮੁਸਲਮਾਨ ਬਣਾਇਆ ਜਾ ਰਿਹਾ ਸੀ। ਉਹ ਆਪਣੀ ਰੱਖਿਆ ਲਈ ਆਏ ਸਨ।

ਪ੍ਰਸ਼ਨ 7 : ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਕਦੋਂ ਤੇ ਕਿੱਥੇ ਹੋਈ ?

ਉੱਤਰ : ਗੁਰੂ ਜੀ ਦੀ ਸ਼ਹੀਦੀ 11 ਨਵੰਬਰ 1675 ਈ. ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਹੋਈ। ਇਕ ਜੱਲਾਦ ਨੇ ਤਲਵਾਰ ਨਾਲ ਗੁਰੂ ਜੀ ਦਾ ਧੜ ਤੋਂ ਸੀਸ ਵੱਖ ਕਰ ਦਿੱਤਾ।

ਪ੍ਰਸ਼ਨ 8 : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਦਿੱਲੀ ਵਿਖੇ ਹੋਰ ਕਿਹੜੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ?

ਉੱਤਰ : ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਸਤੀ ਦਾਸ ਜੀ ਨੂੰ ਅੱਗ ਵਿਚ ਸਾੜਿਆ ਗਿਆ ਅਤੇ ਭਾਈ ਦਿਆਲਾ ਜੀ ਨੂੰ ਪਾਣੀ ਦੀ ਉਬਲਦੀ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ।

ਪ੍ਰਸ਼ਨ 9 : ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸੰਬੰਧੀ ਦਸਮ ਪਾਤਸ਼ਾਹ ਜੀ ਨੇ ਕੀ ਲਿਖਿਆ ਹੈ ?

ਉੱਤਰ : ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਸੰਬੰਧੀ ਦਸਮ ਪਾਤਸ਼ਾਹ ਜੀ ਨੇ ਆਪਣੀ ਆਤਮ ਕਥਾ ਬਚਿੱਤ੍ਰ ਨਾਟਕ ਵਿਚ ਲਿਖਿਆ ਹੈ, 'ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥' ਇਸ ਤੋਂ ਸਿਵਾ ਹੋਰ ਵੀ ਬਹੁਤ ਸ਼ਬਦ ਹਨ।

ਪ੍ਰਸ਼ਨ 10 : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨਾਲ ਸਬੰਧਿਤ ਕਿਹੜੇ-ਕਿਹੜੇ ਗੁਰਦੁਆਰਾ ਸਾਹਿਬ ਹਨ ?

ਉੱਤਰ : ਜਿੱਥੇ ਸਤਿਗੁਰਾਂ ਦੀ ਸ਼ਹੀਦੀ ਹੋਈ ਉਥੇ ਦਿੱਲੀ ਵਿਖੇ ਗੁਰਦੁਆਰਾ 'ਸੀਸ ਗੰਜ' ਸਾਹਿਬ ਹੈ। ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਦੇ ਸੀਸ ਦਾ ਸਸਕਾਰ ਹੋਇਆ, ਉਹ ਗੁਰਦੁਆਰਾ ਵੀ 'ਸੀਸ ਗੰਜ' ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। ਜਿੱਥੇ ਸਤਿਗੁਰਾਂ ਦੇ ਸਰੀਰ ਦਾ ਸਸਕਾਰ ਹੋਇਆ ਉਥੇ ਗੁਰਦੁਆਰਾ 'ਰਕਾਬ ਗੰਜ' ਸਾਹਿਬ ਦਿੱਲੀ ਵਿਖੇ ਹੈ।

# ਦਸਵੇਂ ਪਾਤਸ਼ਾਹ
# ਸ੍ਰੀ ਗੁਰੂ ਗੋਬਿੰਦ ਸਿੰਘ ਜੀ

***ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ॥ ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ॥***
***ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ॥ ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ॥***
***ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ॥ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ॥***
***ਕਾਦਿਰੇ ਹਰ ਕਾਰ ਗੁਰੂ ਗੋਬਿੰਦ ਸਿੰਘ॥ ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ॥***

(ਭਾਈ ਨੰਦ ਲਾਲ ਜੀ)

ਇਹ ਪੰਗਤੀਆਂ ਭਾਈ ਨੰਦ ਲਾਲ ਜੀ ਦੀ ਰਚਨਾ ਹਨ। ਭਾਈ ਨੰਦ ਲਾਲ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿੱਚੋਂ ਮਹਾਨ ਕਵੀ ਸਨ। ਆਪ ਦਾ ਜਨਮ 1633 ਈ. ਨੂੰ, ਗਜ਼ਨੀ ਵਿਖੇ ਸ੍ਰੀ ਛੱਜੂ ਰਾਮ ਖੱਤਰੀ ਦੇ ਘਰ ਹੋਇਆ। ਦਸਮ ਪਾਤਸ਼ਾਹ ਜੀ ਦੀ ਸ਼ਖ਼ਸੀਅਤ ਸੰਬੰਧੀ ਭਾਈ ਨੰਦ ਲਾਲ ਜੀ ਦੀ ਪੁਸਤਕ 'ਤੌਸੀਫ਼ੋ ਸਨਾ' ਵਿੱਚੋਂ ਇਹ ਕੁਝ ਕੁ ਪੰਗਤੀਆਂ ਹਨ।

ਭਾਵ ਅਰਥ :

* ਜਿਹਨਾਂ ਦਾ ਕੋਈ ਆਸਰਾ ਨਹੀਂ, ਉਹਨਾਂ ਦੀ ਮਦਦ ਕਰਨ ਵਾਲੇ ਅਤੇ ਜਿਸ ਦੀ ਅਕਾਲ ਪੁਰਖ ਵੱਲੋਂ ਮਦਦ ਹੋਈ—ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ।
* ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚੰਗੀ ਤਰ੍ਹਾਂ ਅਕਾਲ ਪੁਰਖ ਦੇ ਜਾਣੂ ਅਤੇ ਮਹਾਰਾਜਿਆਂ ਦੇ ਮਹਾਰਾਜਾ ਹਨ।
* ਸੱਚੇ ਪਰਮੇਸ਼ਰ ਨੂੰ ਸਮਝਣ ਵਾਲੇ ਅਤੇ ਬਾਦਸ਼ਾਹੀ ਤੇ ਫ਼ਕੀਰੀ ਦੇ ਵੇਸ ਵਿਚ ਰਹਿਣ ਵਾਲੇ ਹਨ—ਸ੍ਰੀ ਗੁਰੂ ਗੋਬਿੰਦ ਸਿੰਘ ਜੀ।
* ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਰ ਕਾਰਜ ਦੇ ਕਰਨ ਦਾ ਬਲ ਰੱਖਣ ਵਾਲੇ ਅਤੇ ਅਨਾਥਾਂ ਦੇ ਸਹਾਇਕ ਹਨ।

## ਸੰਖੇਪ ਜੀਵਨ ਦਰਸ਼ਨ : ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਾਤਾ :—ਮਾਤਾ ਗੁਜਰੀ ਜੀ

ਪਿਤਾ :—ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਪ੍ਰਕਾਸ਼ :—22 ਦਸੰਬਰ 1666 ਈ.

ਸਥਾਨ :—ਸ੍ਰੀ ਪਟਨਾ ਸਾਹਿਬ (ਬਿਹਾਰ)

ਸੁਪਤਨੀਆਂ :—ਅਜੀਤ ਕੌਰ ਜੀ, ਸੁੰਦਰ ਕੌਰ ਜੀ, ਸਾਹਿਬ ਕੌਰ ਜੀ

ਸੰਤਾਨ :—ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫ਼ਤਹਿ ਸਿੰਘ ਜੀ

ਗੁਰੂ ਕਾਲ :—11 ਨਵੰਬਰ 1675 ਈ. ਤੋਂ 7 ਅਕਤੂਬਰ 1708 ਈ.

### ਮਹਾਨ ਕਾਰਜ (ਪਰਉਪਕਾਰ) :

ਸਿੱਖ ਕੌਮ ਨੂੰ ਸਦਾ ਚੜ੍ਹਦੀ ਕਲਾ ਵਿਚ ਵਿਚਰਨ ਤੇ ਸੱਚ ਲਈ ਕੁਰਬਾਨ ਹੋਣ ਦੀ ਜਾਚ ਸਿਖਾਈ। ਊਚ ਨੀਚ ਤੇ ਜਾਤ ਪਾਤ ਦੀ ਵੰਡ ਨੂੰ ਸਦੀਵੀ ਖ਼ਤਮ ਕਰਕੇ 1699 ਈ. ਨੂੰ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦਮਦਮੀ ਬੀੜ ਤਿਆਰ ਕਰਵਾ ਕੇ ਗੁਰ ਗੱਦੀ ਬਖ਼ਸ਼ੀ ਅਤੇ ਸ਼ਖ਼ਸੀ ਗੁਰਿਆਈ ਖ਼ਤਮ ਕਰ ਦਿੱਤੀ। ਸਿੱਖ ਪੰਥ ਤੇ ਸਿੱਖ ਸਿਧਾਂਤਾਂ ਲਈ ਸਰਬੰਸ ਤਕ ਕੁਰਬਾਨ ਕਰ ਦਿੱਤਾ। ਜਬਰ ਤੇ ਜ਼ੁਲਮ ਦੇ ਖ਼ਾਤਮੇ ਲਈ ਜਿੰਨੇ ਵੀ ਧਰਮ ਯੁੱਧ ਕੀਤੇ ਸਭਨਾਂ ਵਿਚ ਫ਼ਤਹਿ ਪਾਈ।

ਜੋਤੀ ਜੋਤ :—7 ਅਕਤੂਬਰ 1708 ਈ. ਨੂੰ ਨਾਂਦੇੜ (ਮਹਾਰਾਸ਼ਟਰ) ਵਿਖੇ

ਕੁੱਲ ਉਮਰ :—41 ਸਾਲ 9 ਮਹੀਨੇ 17 ਦਿਨ

### (ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼, ਬਾਲ ਅਵਸਥਾ, ਗੁਰਿਆਈ ਤੇ ਪਰਿਵਾਰ :

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮ ਕਥਾ ਕਾਵਿ ਰੂਪ ਵਿਚ ਲਿਖੀ ਹੈ। ਇਸ ਦਾ ਨਾਂ ਬਚਿੱਤ੍ਰ ਨਾਟਕ ਹੈ। ਸੱਚਮੁੱਚ ਆਪ ਦਾ ਜੀਵਨ ਵਚਿੱਤਰ ਤੇ ਅਸਚਰਜ ਹੈ। ਸਤਿਗੁਰਾਂ ਦਾ ਜੀਵਨ ਉਹਨਾਂ ਵੱਲੋਂ ਉਚਾਰੇ ਸ਼ਬਦ ਦੀ ਹੀ ਵਿਆਖਿਆ ਹੈ :

***ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥***

ਦਸਵੇਂ ਜਾਮੇ ਵਿਚ ਗੁਰੂ ਨਾਨਕ ਜੋਤ ਦਾ ਪ੍ਰਤਾਪ ਤੇ ਗੁਰੂ ਕਲਾ ਵਰਤਦੀ ਵੇਖ ਕੇ ਸੰਸਾਰ ਹੈਰਾਨ ਰਹਿ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 22 ਦਸੰਬਰ 1666 ਈ. ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗ੍ਰਿਹਿ ਵਿਖੇ ਪਟਨਾ ਸਾਹਿਬ ਵਿਖੇ ਹੋਇਆ। ਸਤਿਗੁਰਾਂ ਨੇ ਬਚਿੱਤ੍ਰ ਨਾਟਕ ਵਿਚ ਲਿਖਿਆ ਹੈ :

***ਤਹੀਂ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸ਼ਹਿਰ ਬਿਖੈ ਭਵ ਲਯੋ॥***

ਜਦ ਗੁਰੂ ਜੀ ਦਾ ਪ੍ਰਕਾਸ਼ ਹੋਇਆ ਤਾਂ ਉਸ ਸਮੇਂ ਨੌਵੇਂ ਪਾਤਸ਼ਾਹ ਜੀ ਢਾਕਾ (ਬੰਗਾਲ) ਵਿਖੇ ਸਨ। ਨੌਵੇਂ ਪਾਤਸ਼ਾਹ ਜੀ ਨੇ ਉਥੋਂ ਪਟਨੇ ਦੀ ਸੰਗਤ ਦੇ ਨਾਂ ਹੁਕਮਨਾਮਾ ਭੇਜਿਆ ਤੇ ਪਰਿਵਾਰ ਦੀ ਸੇਵਾ ਸੰਭਾਲ ਕਰਨ ਸਦਕਾ ਸੰਗਤਾਂ ਦਾ ਧੰਨਵਾਦ ਵੀ ਕੀਤਾ। ਇਹ ਵੀ ਆਗਿਆ ਕੀਤੀ ਕਿ ਸਾਹਿਬਜ਼ਾਦੇ ਦਾ ਨਾਂ ਸ੍ਰੀ 'ਗੋਬਿੰਦ ਰਾਇ' ਰੱਖਿਆ ਜਾਵੇ। ਖ਼ਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਆਪ ਦਾ ਨਾਂ 'ਗੋਬਿੰਦ ਸਿੰਘ' ਹੋਇਆ।

ਬਾਲ ਗੋਬਿੰਦ ਰਾਇ ਜੀ ਦੀ ਦੈਵੀ ਸ਼ਖ਼ਸੀਅਤ ਬਾਰੇ ਅਨੁਭਵ ਕਰਦਿਆਂ ਠਸਕਾ ਜ਼ਿਲ੍ਹਾ ਕਰਨਾਲ ਦੇ ਰਹਿਣ ਵਾਲੇ ਮੁਸਲਮ ਪੀਰ ਭੀਖਣ ਸ਼ਾਹ ਨੇ ਪਟਨਾ ਪਹੁੰਚ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ। ਵਿਸਮਾਦ ਵਿਚ ਪੁਕਾਰ ਉਠਿਆ ਕਿ ਇਹ ਬਾਲ ਸਾਰੀ ਮਨੁੱਖਤਾ ਨੂੰ ਪਿਆਰ ਕਰੇਗਾ। ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਜੀ ਅਤੇ ਹੋਰ ਮੁਖੀ ਸਿੱਖਾਂ ਨੇ ਬਹੁਤ ਹੀ ਸਾਵਧਾਨੀ ਨਾਲ ਬਾਲ ਗੋਬਿੰਦ ਰਾਇ ਜੀ ਦੀ ਪਾਲਣਾ ਪੋਸਣਾ ਕੀਤੀ। ਆਪ ਦੇ ਬਚਪਨ ਦੇ ਪਹਿਲੇ ਪੰਜ ਕੁ ਸਾਲ ਪਟਨਾ ਸਾਹਿਬ ਵਿਖੇ ਹੀ ਗੁਜ਼ਰੇ। ਛੋਟੀ ਉਮਰ ਤੋਂ ਹੀ ਗੁਰੂ ਜੀ ਜੋਧਿਆਂ ਜਰਨੈਲਾਂ ਵਾਲੀਆਂ ਰੁਚੀਆਂ ਰੱਖਦੇ ਸਨ।

ਗੁਰੂ ਜੀ ਦੇ ਨੂਰਾਨੀ ਚੇਹਰੇ ਤੋਂ ਬਾਲ ਅਵਸਥਾ ਵਿਚ ਹੀ ਬਹੁਤ ਲੋਕ ਪ੍ਰਭਾਵਤ ਸਨ। ਪਟਨੇ ਦਾ ਪੰਡਿਤ ਸ਼ਿਵ ਦੱਤ ਤੇ ਆਸ ਪਾਸ ਦੇ ਕਈ ਮੁਸਲਮਾਨ ਆਪ ਦੇ ਸ਼ਰਧਾਲੂ ਸਨ। ਇਸੇ ਤਰ੍ਹਾਂ ਪਟਨਾ ਨਿਵਾਸੀ ਰਾਜਾ ਫ਼ਤਹਿ ਚੰਦ ਮੈਣੀ ਤੇ ਉਸ ਦੀ ਰਾਣੀ ਗੁਰੂ ਜੀ ਨੂੰ ਬਹੁਤ ਪਿਆਰ ਕਰਦੇ ਸਨ। ਰਾਜੇ ਦੇ ਘਰ ਪੁੱਤਰ ਨਹੀਂ ਸੀ ਤੇ ਗੁਰੂ ਜੀ ਰਾਣੀ ਨੂੰ ਮਾਂ ਆਖ ਕੇ ਪੁੱਤਰ ਪਿਆਰ ਜਿਤਾਉਂਦੇ ਸਨ। ਗੁਰੂ ਜੀ ਦੇ ਤਿਆਗ ਦੀ ਬਿਰਤੀ ਤਾਂ ਉਸ ਸਮੇਂ ਹੀ ਪ੍ਰਗਟ

ਹੋ ਗਈ ਸੀ, ਜਦ ਬਚਪਨ ਵਿਚ ਆਪ ਨੇ ਸੋਨੇ ਦੇ ਕੜੇ ਗੰਗਾ ਵਿਚ ਵਗਾਹ ਮਾਰੇ ਸਨ। ਇਥੇ ਗੁਰਦੁਆਰਾ ਗੋਬਿੰਦ ਘਾਟ ਹੈ।

ਉਧਰ ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ, ਬੰਗਾਲ ਤੋਂ ਧਰਮ ਪ੍ਰਚਾਰ ਯਾਤਰਾ ਤੋਂ ਵਾਪਸ ਪਰਤ ਕੇ ਪਟਨਾ ਸਾਹਿਬ ਵਿਖੇ ਆਪਣੇ ਪਰਿਵਾਰ ਨੂੰ ਮਿਲੇ। ਫਿਰ ਆਪ ਅਨੰਦਪੁਰ ਸਾਹਿਬ ਆ ਗਏ। ਥੋੜ੍ਹਾ ਸਮਾਂ ਬਾਅਦ ਨੌਵੇਂ ਪਾਤਸ਼ਾਹ ਜੀ ਨੇ ਆਪਣੇ ਪਰਿਵਾਰ ਨੂੰ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਬੁਲਾ ਲਿਆ। ਇਹੋ ਹਵਾਲਾ ਆਪਣੀ ਆਤਮ ਕਥਾ ਬਚਿੱਤ੍ਰ ਨਾਟਕ ਵਿਚ ਗੁਰੂ ਜੀ ਨੇ ਇਸ ਤਰ੍ਹਾਂ ਦਿੱਤਾ ਹੈ :

***ਮੱਦ੍ਰ ਦੇਸ ਹਮ ਕੌ ਲੇ ਆਏ॥ ਭਾਂਤਿ ਭਾਂਤਿ ਦਾਈਅਨ ਦੁਲਰਾਏ॥***
***ਕੀਨੀ ਅਨਿਕ ਭਾਂਤਿ ਤਨ ਰੱਛਾ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ॥***

ਭਾਂਤ ਭਾਂਤ ਦੀ ਸਿੱਖਿਆ ਵਿਚ ਗੁਰੂ ਜੀ ਨੂੰ ਗੁਰਮੁਖੀ ਤੇ ਗੁਰਬਾਣੀ ਦੀ ਵਿੱਦਿਆ ਦੇ ਨਾਲ-ਨਾਲ ਸੰਸਕ੍ਰਿਤ ਤੇ ਫ਼ਾਰਸੀ ਵੀ ਪੜ੍ਹਾਈ ਗਈ। ਇਸ ਤੋਂ ਇਲਾਵਾ ਸ਼ਸਤਰਾਂ ਦੀ ਵਰਤੋਂ, ਘੋੜ-ਸਵਾਰੀ ਤੇ ਤੀਰ ਅੰਦਾਜ਼ੀ ਦੀ ਸਿਖਲਾਈ ਵੀ ਦਿੱਤੀ ਗਈ। ਗੁਰੂ ਜੀ ਜੇ ਕਰ ਬਾਲਪਨ ਦੀਆਂ ਖੇਡਾਂ ਵੀ ਖੇਡਦੇ ਤਾਂ ਉਸ ਖੇਡ ਦਾ ਕੋਈ ਮਤਲਬ ਹੁੰਦਾ ਸੀ। ਆਮ ਕਰਕੇ ਆਪ ਆਪਣੇ ਹਾਣੀਆਂ ਨੂੰ ਦੋ ਟੋਲੀਆਂ ਵਿਚ ਵੰਡ ਲੈਂਦੇ ਸਨ। ਇਕ ਟੋਲੀ ਦੇ ਮੋਹਰੀ ਆਪ ਬਣਦੇ ਅਤੇ ਨਕਲੀ ਯੁੱਧ ਰਚਾਉਂਦੇ ਸਨ। ਹੁਣ ਸਤਿਗੁਰਾਂ ਦੀ ਉਮਰ ਸਾਢੇ ਅੱਠ ਸਾਲ ਦੇ ਕਰੀਬ ਹੋ ਚੁੱਕੀ ਸੀ। ਉਧਰ ਔਰੰਗਜ਼ੇਬ ਬਾਦਸ਼ਾਹ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆਪਣੇ ਧਰਮ ਦੀ ਰੱਖਿਆ ਲਈ ਫ਼ਰਿਆਦ ਲੈ ਕੇ ਆਏ। ਨੌਵੇਂ ਪਾਤਸ਼ਾਹ ਜੀ ਨੇ ਉਹਨਾਂ ਨੂੰ ਸਹਾਰਾ ਦਿੱਤਾ ਤੇ ਫ਼ੁਰਮਾਇਆ ਕਿ ਕਿਸੇ ਮਹਾਂਬਲੀ ਦਾ ਬਲੀਦਾਨ ਹੀ ਇਸ ਜ਼ੁਲਮ ਨੂੰ ਰੋਕ ਸਕਦਾ ਹੈ। ਉਸ ਸਮੇਂ ਕੋਲ ਬੈਠੇ ਬਾਲ ਗੋਬਿੰਦ ਜੀ ਨੇ ਕਿਹਾ ਸੀ ਕਿ ਪਿਤਾ ਜੀ ! ਤੁਹਾਡੇ ਤੋਂ ਵੱਡਾ ਮਹਾਂਬਲੀ ਫਿਰ ਹੋਰ ਕੌਣ ਹੋ ਸਕਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਅਨੰਦਪੁਰ ਤੋਂ ਦਿੱਲੀ ਵੱਲ ਨੂੰ ਚਲਣ ਸਮੇਂ ਸੰਗਤਾਂ ਨੂੰ ਹੁਕਮ ਕਰ ਗਏ ਸਨ ਕਿ ਸਾਡੇ ਤੋਂ ਬਾਅਦ ਗੁਰਗੱਦੀ ਦੀ ਜ਼ਿੰਮੇਵਾਰੀ ਗੋਬਿੰਦ ਰਾਇ ਜੀ ਸੰਭਾਲਣਗੇ। ਉਧਰ ਔਰੰਗਜ਼ੇਬ ਦੇ ਜਬਰ ਨੂੰ ਵੰਗਾਰਦੇ ਹੋਏ, ਸ੍ਰੀ ਗੁਰੂ ਤੇਗ ਬਹਾਦਰ ਜੀ 11 ਨਵੰਬਰ 1675 ਈ. ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦੀ ਪਾ ਗਏ। ਸਤਿਗੁਰਾਂ ਦੀ ਸ਼ਹੀਦੀ ਤੋਂ ਬਾਅਦ ਬਾਬਾ ਬੁੱਢਾ ਜੀ ਦੀ ਅੰਸ਼ ਵਿੱਚੋਂ ਬਾਬਾ ਰਾਮ ਕੰਵਰ ਜੀ ਨੇ ਕਲਗੀ ਜਿਗ੍ਹਾ (ਜਿਗ੍ਹਾ=ਸਿਰ ਦਾ ਗਹਿਣਾ) ਸਜਾ ਕੇ ਤੇ ਸ੍ਰੀ ਸਾਹਿਬ ਪਹਿਨਾ ਕੇ ਗੋਬਿੰਦ ਰਾਇ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਇਸ ਸਮੇਂ ਸਤਿਗੁਰਾਂ ਦੀ ਉਮਰ ਨੌਂ ਸਾਲ ਦੇ ਕਰੀਬ ਸੀ। ਇਸ ਤੋਂ ਬਾਅਦ ਸਤਿਗੁਰਾਂ ਨੇ ਸਿੱਖੀ ਦੇ ਪ੍ਰਚਾਰ ਤੇ ਪਾਸਾਰ ਅਤੇ ਕੌਮੀ ਉਸਾਰੀ ਲਈ ਨਵੇਂ ਕਾਰਜ ਉਲੀਕੇ। ਸਤਿਗੁਰਾਂ ਪਾਸ ਪਹਿਲੇ ਨੌਂ ਪਾਤਸ਼ਾਹਾਂ ਦੇ ਜੀਵਨ

ਫ਼ਲਸਫ਼ੇ ਦਾ ਵਡਮੁੱਲਾ ਖ਼ਜ਼ਾਨਾ ਸੀ। ਗੁਰੂ ਜੀ ਨੇ ਤਖ਼ਤ 'ਤੇ ਸੁਭਾਇਮਾਨ ਹੁੰਦਿਆਂ ਹੀ ਚੜ੍ਹਦੀ ਕਲਾ ਦੇ ਬਚਨ ਕੀਤੇ। ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਬਾਅਦ ਸੰਗਤਾਂ ਵਿਚ ਮਾਯੂਸੀ ਨਹੀਂ ਹੋਣ ਦਿੱਤੀ, ਸਗੋਂ ਨਿਡਰ ਤੇ ਚੜ੍ਹਦੀ ਕਲਾ ਵਾਲੇ ਬਣਾਇਆ। ਸੰਗਤਾਂ ਦੇ ਨਾਮ ਹੁਕਮਨਾਮੇ ਭੇਜੇ ਕਿ ਸ਼ਸਤਰ ਤੇ ਤਕੜੇ ਜੁਆਨ ਭੇਟਾ ਕਰਨ।

ਉਸ ਸਮੇਂ ਗੁਰੂ ਜੀ ਦੇ ਸਾਹਮਣੇ ਤਿੰਨ ਵੱਡੀਆਂ ਤਾਕਤਾਂ ਨਾਲ ਟੱਕਰ ਸੀ। ਇਕ ਤਾਂ ਔਰੰਗਜ਼ੇਬ ਬਾਦਸ਼ਾਹ ਕੱਟੜ ਤੇ ਜ਼ਾਲਮ ਸੀ, ਦੂਸਰਾ ਗੁਰੂ ਘਰ ਦੇ ਵਿਰੋਧੀ ਮੀਣੇ, ਧੀਰ ਮੱਲੀਏ, ਰਾਮਰਾਈਏ ਤੇ ਉਹਨਾਂ ਦੇ ਕੁਝ ਗੁੰਮਰਾਹ ਕੀਤੇ ਲੋਕ ਸਨ। ਤੀਸਰਾ ਉਚ ਜ਼ਾਤੀਏ ਪਹਾੜੀ ਹਿੰਦੂ ਰਾਜੇ ਗੁਰੂ ਘਰ ਦੇ ਸਰਬ ਸਾਂਝੀਵਾਲਤਾ ਦੇ ਉਪਦੇਸ਼ ਨੂੰ ਆਪਣੇ ਨਿੱਜੀ ਤੇ ਰਾਜਸੀ ਹਿੱਤਾਂ ਦੇ ਵਿਰੁੱਧ ਸਮਝਦੇ ਸਨ। ਇਹਨਾਂ ਤਿੰਨ ਸ਼ਕਤੀਆਂ ਨਾਲ ਜੂਝ ਕੇ ਸਿੱਖ ਕੌਮ ਦੀ ਨਿਆਰੀ ਹੋਂਦ ਨੂੰ ਕਾਇਮ ਰੱਖਣਾ ਕੋਈ ਸੌਖਾ ਕਾਰਜ ਨਹੀਂ ਸੀ। ਸਤਿਗੁਰਾਂ ਨੇ ਜ਼ਾਲਮ ਬਾਦਸ਼ਾਹ ਦਾ ਭੈਅ ਲੋਕ ਮਨਾਂ ਤੋਂ ਦੂਰ ਕਰਦਿਆਂ ਕਿਹਾ ਕਿ ਜੇ ਕਰ ਔਰੰਗਜ਼ੇਬ ਘੋੜਿਆਂ 'ਤੇ ਚੜ੍ਹਨ ਦੀ ਮਨਾਹੀ ਕਰਦਾ ਹੈ ਤਾਂ ਮੈਂ ਸ਼ਾਹ ਸਵਾਰ ਬਣਾਵਾਂਗਾ। ਰਣਜੀਤ ਨਗਾਰਾ ਵੀ ਖੜਕੇਗਾ। ਨਿਸ਼ਾਨ ਵੀ ਝੂਲਣਗੇ। ਝੂਲਦੇ ਨਿਸ਼ਾਨ ਤੇ ਨਗਾਰਾ—ਅਜ਼ਾਦ ਰਾਜ ਦੇ ਚਿੰਨ੍ਹ ਮੰਨੇ ਜਾਂਦੇ ਸਨ। ਮੁਗ਼ਲ ਬਾਦਸ਼ਾਹ ਵੱਲੋਂ ਰਾਗ ਦੀ ਮਨਾਹੀ ਸੀ, ਪਰ ਅਨੰਦਪੁਰ ਸਾਹਿਬ ਰਾਗ ਵਿੱਦਿਆ ਦਾ ਕੇਂਦਰ ਬਣਿਆਂ। ਦਸਮ ਪਾਤਸ਼ਾਹ ਜੀ ਆਪ ਮ੍ਰਿਦੰਗ, ਜੋੜੀ, ਸਿਰੰਦਾ ਬਹੁਤ ਸੁੰਦਰ ਵਜਾਉਂਦੇ ਸਨ। ਵਿਦਵਾਨ ਕਵੀਆਂ ਵੱਲੋਂ ਕਵੀ ਦਰਬਾਰ ਸੱਜਦੇ।

ਜੇ ਕਰ ਗੁਰੂ ਜੀ ਦੇ ਪਰਿਵਾਰ ਬਾਰੇ ਜਾਣੀਏ ਤਾਂ ਸਤਿਗੁਰਾਂ ਦਾ ਵਿਆਹ ਲਾਹੌਰ ਨਿਵਾਸੀ ਸ੍ਰੀ ਹਰਿਜਸ ਦੀ ਸਪੁੱਤਰੀ ਬੀਬੀ ਜੀਤੋ ਜੀ ਨਾਲ 1677 ਈ. ਵਿਚ ਗੁਰੂ ਕੇ ਲਾਹੌਰ ਵਿਖੇ ਹੋਇਆ। ਤਕਰੀਬਨ ਸੱਤ ਸਾਲ ਬੀਤ ਗਏ, ਪਰ ਇਹਨਾਂ ਦੇ ਸੰਤਾਨ ਨਹੀਂ ਹੋਈ। ਇਸ ਤਰ੍ਹਾਂ ਸਤਿਗੁਰਾਂ ਦਾ ਦੂਜਾ ਵਿਆਹ ਵੀ ਲਾਹੌਰ ਨਿਵਾਸੀ ਸ੍ਰੀ ਰਾਮ ਸ਼ਰਨ ਦੀ ਸਪੁੱਤਰੀ ਬੀਬੀ ਸੁੰਦਰੀ ਜੀ ਨਾਲ 1684 ਈ. ਨੂੰ ਹੋਇਆ। ਇਹਨਾਂ ਦੀ ਕੁੱਖੋਂ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ 1686 ਈ. ਨੂੰ ਹੋਇਆ। ਫਿਰ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ 1689 ਈ., ਸਾਹਿਬਜ਼ਾਦਾ ਜੋਰਾਵਰ ਸਿੰਘ ਜੀ ਦਾ 1696 ਈ. ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਦਾ ਜਨਮ 1698 ਈ. ਨੂੰ ਹੋਇਆ। ਮਾਤਾ ਸਾਹਿਬ ਕੌਰ ਜੀ ਨਾਲ ਸਤਿਗੁਰਾਂ ਦੀ ਸ਼ਾਦੀ ਤਾਂ ਹੋਈ, ਪਰ ਉਹਨਾਂ ਦੀ ਝੋਲੀ ਖ਼ਾਲਸਾ ਪੰਥ ਪਾਇਆ। ਇਸ ਵਿਆਹ ਦਾ ਰਿਸ਼ਤਾ ਸੰਸਾਰਕ ਰਿਸ਼ਤਿਆਂ ਵਾਲਾ ਨਹੀਂ ਸੀ, ਸਗੋਂ ਅਧਿਆਤਮਿਕ ਸੀ।

ਸੰਨ 1682 ਵਿਚ ਭਾਈ ਨੰਦ ਲਾਲ ਜੀ ਵੀ ਅਨੰਦਪੁਰ ਸਾਹਿਬ ਗੁਰੂ ਜੀ ਦੇ ਦਰਬਾਰ ਵਿਚ ਆ ਗਏ। ਸੰਨ 1685 ਵਿਚ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਸਤਿਗੁਰਾਂ ਨੇ ਕੁਝ ਸਮੇਂ ਲਈ ਪੂਰਬ ਦੀਆਂ ਪਹਾੜੀਆਂ ਵੱਲ ਜਾਣ ਦਾ ਮਨ ਬਣਾ ਲਿਆ।

### (ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਾਉਂਟਾ ਸਾਹਿਬ ਵਸਾਉਣਾ ਤੇ ਸਿੱਖੀ ਪ੍ਰਚਾਰ :

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਵਿਸ਼ੇਸ਼ ਯੋਜਨਾ ਅਨੁਸਾਰ ਖ਼ਾਸ-ਖ਼ਾਸ ਇਲਾਕਿਆਂ ਵਿਚ ਸਿੱਖੀ ਦੇ ਪ੍ਰਚਾਰ ਲਈ ਗਏ। ਓਧਰ ਨਾਹਣ ਦਾ ਰਾਜਾ ਮੇਦਨੀ ਪ੍ਰਕਾਸ਼ ਗੁਰੂ ਘਰ ਦਾ ਪੂਰਾ ਸ਼ਰਧਾਲੂ ਸੀ। ਉਸ ਨੇ ਆਪਣਾ ਵਜ਼ੀਰ ਸਤਿਗੁਰਾਂ ਦੀ ਸੇਵਾ ਵਿਚ ਭੇਜਿਆ ਕਿ ਨਾਹਣ ਦਰਸ਼ਨ ਦੇਵੋ।

ਗੁਰੂ ਜੀ ਨੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਮੰਨ ਕੇ 1685 ਈ. ਵਿਚ ਆਪਣੇ ਪ੍ਰਵਾਰ ਅਤੇ ਪੰਜ ਸੌ ਸਵਾਰਾਂ ਸਮੇਤ ਅਨੰਦਪੁਰ ਸਾਹਿਬ ਤੋਂ ਨਾਹਣ ਨੂੰ ਕੂਚ ਕੀਤਾ। ਗੁਰੂ ਜੀ ਕੀਰਤਪੁਰ ਤੇ ਰੋਪੜ ਤੋਂ ਹੁੰਦੇ ਹੋਏ ਨਾਹਣ ਪੁੱਜੇ। ਮੇਦਨੀ ਪ੍ਰਕਾਸ਼ ਨੇ ਬਹੁਤ ਪ੍ਰੇਮ ਨਾਲ ਸੁਆਗਤ ਕੀਤਾ।

ਸਤਿਗੁਰੂ ਇਕ ਦਿਨ ਰਾਜਾ ਮੇਦਨੀ ਪ੍ਰਕਾਸ਼ ਨਾਲ ਸ਼ਿਕਾਰ ਖੇਡ ਰਹੇ ਸਨ। ਜਮਨਾ ਦੇ ਕਿਨਾਰੇ ਬਹੁਤ ਸੁੰਦਰ ਅਤੇ ਰਮਣੀਕ ਥਾਂ ਦੇਖ ਕੇ ਰਾਜੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਸਾਹਿਬ ਵਸਾਇਆ ਸੀ, ਇਸ ਤਰ੍ਹਾਂ ਤੁਸੀਂ ਵੀ ਮੇਰੇ ਇਲਾਕੇ ਵਿਚ ਕੋਈ ਨਗਰ ਵਸਾਉ। ਇਸ ਨਾਲ ਆਪ ਜੀ ਦੇ ਇਥੇ ਚਰਨ ਪਾਉਣ ਦੀ ਪ੍ਰੇਮ ਭਰੀ ਯਾਦਗਾਰ ਰਹੇਗੀ।

ਰਾਜੇ ਦੀ ਬੇਨਤੀ ਪ੍ਰਵਾਨ ਕਰਕੇ ਗੁਰੂ ਜੀ ਨੇ 1685 ਈ. ਵਿਚ ਪਾਉਂਟੇ ਦੀ ਨੀਂਹ ਰੱਖੀ। ਇਥੇ ਮੇਦਨੀ ਪ੍ਰਕਾਸ਼ ਦੀ ਪਰਜਾ ਅਤੇ ਸਿੱਖਾਂ ਨੇ ਰਲ ਕੇ ਜਮਨਾ ਦੇ ਉਰਲੇ ਕਿਨਾਰੇ ਇਕ ਕੱਚਾ ਕਿਲ੍ਹਾ ਤਿਆਰ ਕੀਤਾ। ਇਸ ਤੋਂ ਪਿੱਛੋਂ ਹੋਰ ਇਮਾਰਤਾਂ ਬਣੀਆਂ ਅਤੇ ਚੰਗੀ ਰੌਣਕ ਹੋ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤ੍ਰ ਨਾਟਕ ਵਿਚ ਇਹ ਵੀ ਹਵਾਲਾ ਦਿੱਤਾ ਹੈ, 'ਸਹਰ ਪਾਉਂਟਾ ਕੀ ਸੁਧਿ ਲਈ।' ਪਾਉਂਟਾ ਨਾਉਂ ਰੱਖਣ ਸੰਬੰਧੀ ਵੀ ਇਸ ਤਰ੍ਹਾਂ ਦੇ ਵਿਚਾਰ ਹਨ ਕਿ 'ਪਾਉਂ' ਭਾਵ 'ਚਰਨ' ਟਿਕਾਏ। ਇਹ ਪਾਉਂ ਟਿਕਾਏ ਤੋਂ ਪਾਉਂਟਾ ਸ਼ਬਦ ਹੋਂਦ ਵਿਚ ਆਇਆ। ਇਥੇ ਗੁਰੂ ਜੀ ਲਗਭਗ ਸਾਢੇ ਚਾਰ ਸਾਲ ਦੇ ਕਰੀਬ ਰਹੇ। ਇਸ ਸਮੇਂ ਦਰਮਿਆਨ ਸਤਿਗੁਰਾਂ ਨੇ ਸਾਹਿਤ ਰਚਨਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਦਸਮ ਪਾਤਸ਼ਾਹ ਜੀ ਇਹ ਮਹਿਸੂਸ ਕਰਦੇ ਸਨ ਕਿ ਸਮਾਜ ਦੀ ਗ਼ੁਲਾਮ ਮਾਨਸਿਕਤਾ ਨੂੰ ਬਦਲਣ ਦੀ ਲੋੜ ਹੈ। ਕਿਸੇ ਸਮਾਜ ਦੇ ਸੁਭਾਅ ਤੇ ਰੁਚੀਆਂ ਨੂੰ ਬਦਲਣ ਲਈ ਸਾਹਿਤ ਹੀ ਵੱਡੀ ਭੂਮਿਕਾ ਨਿਭਾ ਸਕਦਾ ਹੈ। ਇਥੇ ਸਤਿਸੰਗ ਤੇ ਕੀਰਤਨ ਤਾਂ ਦੋਨੋਂ ਸਮੇਂ ਹੁੰਦਾ ਹੀ ਸੀ, ਇਸ ਦੇ ਨਾਲ ਪਾਉਂਟਾ ਸਾਹਿਬ ਵਿਖੇ ਕਵੀ ਦਰਬਾਰ ਵੀ ਸ਼ੁਰੂ ਹੋਏ। ਸਤਿਗੁਰਾਂ ਨੇ ਦੇਸ਼ ਦੇ ਮਹਾਨ ਕਵੀਆਂ ਨੂੰ ਆਪਣੇ ਦਰਬਾਰ ਵਿਚ ਸੱਦ ਕੇ ਪੁਰਾਤਨ ਧਰਮ ਗ੍ਰੰਥਾਂ ਦਾ ਅਨੁਵਾਦ ਵੀ ਕਰਵਾਇਆ। ਇਹਨਾਂ ਕਵੀਆਂ ਦੀ ਗਿਣਤੀ ਬਵੰਜਾ ਸੀ। ਗੁਰੂ ਜੀ ਆਪ ਮਹਾਨ ਕਵੀ ਸਨ। ਉਹਨਾਂ ਦੀਆਂ ਅਧਿਆਤਮਿਕ ਤੇ ਸਾਹਿਤਕ ਰਚਨਾਵਾਂ ਦਾ ਵੱਖਰਾ ਹੀ ਸਥਾਨ ਹੈ। ਪ੍ਰੋ. ਸਾਹਿਬ ਸਿੰਘ ਜੀ ਨੇ ਲਿਖਿਆ ਹੈ ਕਿ ਜਾਪੁ ਸਾਹਿਬ, ਸਵੱਈਏ ਤੇ

ਅਕਾਲ ਉਸਤਤਿ ਆਦਿਕ ਬਾਣੀਆਂ ਦਸਮ ਪਾਤਸ਼ਾਹ ਜੀ ਨੇ ਪਾਉਂਟਾ ਸਾਹਿਬ ਵਿਖੇ ਹੀ ਰਚੀਆਂ। ਸੰਸਾਰੀ ਕਵੀਆਂ ਦੀ ਪਰਖ ਉਹੀ ਕਰ ਸਕਦਾ ਹੈ ਜੋ ਆਪ ਕਵੀਆਂ ਸਿਰ ਕਵੀ ਹੋਵੇ। ਸਤਿਗੁਰਾਂ ਵਰਗੀ ਕਾਵਿ ਕਲਾ ਦਾ ਨਮੂਨਾ ਹਿੰਦੁਸਤਾਨੀ ਕਾਵਿ ਕਲਾ ਵਿਚ ਕਿਧਰੇ ਵੀ ਨਹੀਂ ਹੈ। ਛੰਦਾਂ ਦੀ ਚਾਲ, ਉਚਾਰਨ ਢੰਗ, ਬੀਰ ਰਸੀ ਰੂਪ ਆਦਿ ਸਭ ਦਾ ਨਿਆਰਾ ਹੀ ਰੰਗ ਹੈ।

ਧਰਮ ਪ੍ਰਚਾਰ ਦੇ ਕੰਮ ਵਿਚ ਇਕ ਹੋਰ ਨਵੀਂ ਰੂਹ ਭਰਨ ਲਈ ਸਤਿਗੁਰਾਂ ਨੇ ਕੁਝ ਸਿੱਖ ਵਿਦਵਾਨਾਂ ਨੂੰ ਬਨਾਰਸ ਭੇਜਿਆ ਕਿ ਤੁਸੀਂ ਸੰਸਕ੍ਰਿਤ ਦੇ ਮਾਹਰ ਵਿਦਵਾਨ ਬਣੋ। ਬਨਾਰਸ ਰਹਿ ਕੇ ਉਹਨਾਂ ਕਈ ਸਾਲ ਸੰਸਕ੍ਰਿਤ ਪੜ੍ਹੀ। ਇਹਨਾਂ ਵਿਦਵਾਨਾਂ ਨੂੰ ਨਿਰਮਲੇ ਕਿਹਾ ਗਿਆ। ਸਿੱਖੀ ਦੇ ਪ੍ਰਚਾਰ ਤੇ ਪਸਾਰ ਵਿਚ ਇਹਨਾਂ ਨਿਰਮਲੇ ਸਾਧੂਆਂ ਨੇ ਬਹੁਤ ਯੋਗਦਾਨ ਪਾਇਆ। ਇਹਨਾਂ ਨੇ ਸਾਹਿਤ ਰਚਨਾ ਵੀ ਕੀਤੀ ਅਤੇ ਪੁਰਾਤਨ ਸਾਹਿਤ ਦਾ ਉਲਥਾ ਵੀ ਕੀਤਾ। ਇਸ ਨਾਲ ਲੋਕ ਮਨਾਂ ਵਿਚੋਂ ਬ੍ਰਾਹਮਣ ਦੀ ਵਰਣ ਵੰਡ ਵਾਲੀ ਨੀਤੀ ਵਾਲਾ ਜਾਲ ਹੋਰ ਵੀ ਟੁੱਟ ਗਿਆ, ਕਿਉਂਕਿ ਸੰਸਕ੍ਰਿਤ ਉੱਪਰ ਬ੍ਰਾਹਮਣਾਂ ਦਾ ਹੀ ਪ੍ਰਭਾਵ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਵਨਾ ਸੀ ਕਿ ਮੇਰੇ ਸਿੱਖ ਸੰਤ-ਸਿਪਾਹੀ ਹੋਣ। ਇਹਨਾਂ ਵਿੱਚ ਪੰਡਿਤ ਵਰਗੀ ਵਿਦਵਤਾ ਹੋਵੇ, ਹਰ ਭਾਸ਼ਾ ਦੇ ਗਿਆਤਾ ਹੋਣ, ਪੁਰਾਤਨ ਗ੍ਰੰਥਾਂ ਦੀ ਰੂਹ ਨੂੰ ਸਮਝਣ ਤੇ ਸਮਝਾਉਣ ਵਾਲੇ ਖੋਜੀ ਹੋਣ ਅਤੇ ਸੰਸਾਰ ਦੀਆਂ ਸਮੂਹ ਕਲਾਵਾਂ ਦੀ ਝਲਕ ਇਹਨਾਂ ਵਿੱਚੋਂ ਨਜ਼ਰ ਆਵੇ। ਇਹ ਬੋਲ ਪੂਰੇ ਹੋ ਰਹੇ ਸਨ :

***ਇਨਹੀ ਤੇ ਪੰਡਿਤ ਉਪਜਾਊਂ। ਕਥਾ ਕਰਨ ਕੀ ਰੀਤ ਚਲਾਊਂ॥***
***ਇਨਹੀ ਤੇ ਰਾਜੇ ਉਪਜਾਊਂ। ਰਾਜ ਕਰਨ ਕੀ ਰੀਤ ਚਲਾਊਂ॥***

ਇਥੇ ਹੀ ਪੀਰ ਬੁੱਧੂ ਸ਼ਾਹ ਪੰਜ ਸੌ ਪਠਾਣਾਂ ਨੂੰ ਨਾਲ ਲੈ ਕੇ ਸਤਿਗੁਰਾਂ ਦੀ ਸੈਨਾ ਵਿਚ ਸ਼ਾਮਲ ਹੋਇਆ। ਸਤਿਗੁਰਾਂ ਦੇ ਐਸੇ ਸ਼ਕਤੀਸ਼ਾਲੀ ਪ੍ਰਤਾਪ ਨੂੰ ਵੇਖ ਕੇ ਵਿਰੋਧੀਆਂ ਤੋਂ ਜਰਿਆ ਨਾ ਗਿਆ। ਇਸ ਤਰ੍ਹਾਂ ਗੁਰੂ ਜੀ ਨੂੰ ਸਮੇਂ-ਸਮੇਂ ਸਿੱਖ ਕੌਮ ਦੀ ਨਿਆਰੀ ਹੋਂਦ ਤੇ ਸਵੈ ਮਾਣ ਨੂੰ ਕਾਇਮ ਰੱਖਦਿਆਂ, ਧਰਮ ਚਲਾਵਨ ਸੰਤ ਉਬਾਰਨ ਲਈ, ਦੁਸ਼ਟਾਂ ਦਾ ਨਾਸ਼ ਕਰਨ ਅਤੇ ਜਬਰ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਧਰਮ ਯੁੱਧ ਵੀ ਕਰਨੇ ਪਏ। ਗੁਰੂ ਜੀ ਦਾ ਅਨਮੋਲ ਬਚਨ ਹੈ ਕਿ ਜਦ ਸਭ ਹੀਲੇ ਵਸੀਲੇ ਖ਼ਤਮ ਹੋ ਜਾਣ ਤਾਂ ਹੱਥ ਵਿਚ ਤਲਵਾਰ ਉਠਾਉਣੀ ਜਾਇਜ਼ ਹੈ। ਕਿਸੇ ਨਾਲ ਜੰਗ ਕਰਨਾ ਸਤਿਗੁਰਾਂ ਦਾ ਮਿਸ਼ਨ ਨਹੀਂ ਸੀ, ਪਰ ਉਹਨਾਂ ਨੇ ਤੇਗ਼ ਉਸ ਸਮੇਂ ਹੀ ਚੁੱਕੀ ਜਦ ਹੋਰ ਕੋਈ ਚਾਰਾ ਨਹੀਂ ਸੀ ਤੇ ਫਿਰ ਉਹਨਾਂ ਨੇ ਮੈਦਾਨੇ ਜੰਗ ਵਿਚ ਜਾਬਰਾਂ ਦਾ ਹੰਕਾਰ ਤੋੜਿਆ।

## (ਏ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਦੀ ਸਿਰਜਨਾ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਦੀ ਸਿਰਜਨਾ ਕੇਵਲ ਭਾਰਤ ਹੀ ਨਹੀਂ, ਸਗੋਂ ਵਿਸ਼ਵ ਦੇ ਇਤਿਹਾਸ ਵਿਚ ਇਕ ਨਿਆਰਾ ਕੌਤਕ ਸੀ। ਸਤਿਗੁਰਾਂ ਦੇ ਸਾਹਮਣੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਲੈ ਕੇ ਨੌਵੇਂ ਪਾਤਸ਼ਾਹ ਤਕ ਸਿਰਜੇ ਮਨੁੱਖ ਨੂੰ ਸੰਪੂਰਨ ਰੂਪ ਦੇਣ ਦਾ ਮਹਾਨ ਕਾਰਜ ਸੀ। ਉਹ ਪੂਰਨ ਮਨੁੱਖ ਜਿਸ ਦੇ ਮਨ ਵਿਚ ਸਦਾ ਕਰਤਾਰ ਦੀ ਯਾਦ, ਸੱਚ ਲਈ ਜੂਝਣ ਦਾ ਚਾਅ, ਰੱਬ ਦੇ ਬੰਦਿਆਂ ਨਾਲ ਹਮਦਰਦੀ, ਦੁਸ਼ਟਾਂ ਦਾ ਨਾਸ਼ ਕਰਨ ਲਈ ਤੇਗ਼ ਅਤੇ ਓਟ ਇਕ ਅਕਾਲ ਦੀ ਹੋਵੇ।

ਇਸ ਕਾਰਜ ਦੀ ਸੰਪੂਰਨਤਾ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵੈਸਾਖੀ ਨੂੰ ਵੱਡੇ ਇਕੱਠ ਲਈ ਸਿੱਖ ਸੰਗਤਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦੇ ਭੇਜੇ। ਵੈਸਾਖੀ ਸਮੇਂ ਸਿੱਖ ਸੰਗਤਾਂ ਦਾ ਜੋੜ ਮੇਲਾ ਸੱਜਣ ਦਾ ਰਿਵਾਜ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਪ੍ਰਚੱਲਤ ਸੀ। ਇਸ ਤਰ੍ਹਾਂ ਸਤਿਗੁਰਾਂ ਦੇ ਵਿਸ਼ੇਸ਼ ਸੱਦੇ ਨਾਲ ਵੱਡੀ ਗਿਣਤੀ ਵਿਚ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ ਆ ਗਈਆਂ। 30 ਮਾਰਚ 1699 ਨੂੰ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਸਥਾਨ 'ਤੇ ਦੀਵਾਨ ਸੱਜਿਆ। ਤੰਬੂ ਕਨਾਤਾਂ ਲੱਗੇ ਹੋਏ ਸਨ। ਕੀਰਤਨ ਦੀ ਸਮਾਪਤੀ ਤੋਂ ਬਾਅਦ ਦਸਮ ਪਾਤਸ਼ਾਹ ਜੀ ਹੱਥ ਵਿਚ ਲਿਸ਼ਕਦੀ ਤਲਵਾਰ ਲੈ ਕੇ ਪੂਰੇ ਜੋਸ਼ ਵਿਚ ਤੰਬੂ ਤੋਂ ਬਾਹਰ ਆਏ। ਗੁਰੂ ਜੀ ਨੇ ਸਮੂਹ ਸੰਗਤਾਂ ਨੂੰ ਸੰਬੋਧਨ ਕਰਕੇ ਉੱਚੀ ਅਵਾਜ਼ ਵਿਚ ਕਿਹਾ ਕਿ ਮੈਨੂੰ ਇਕ ਸੀਸ ਦੀ ਲੋੜ ਹੈ, ਕੋਈ ਅਜਿਹਾ ਸਿੱਖ ਹੈ ਜੋ ਧਰਮ ਦੀ ਖਾਤਰ ਆਪਣੀ ਜਾਨ ਵਾਰਨ ਲਈ ਤਿਆਰ ਹੋਵੇ। ਇਹ ਬਚਨ ਸੁਣ ਕੇ ਸੰਗਤਾਂ ਹੈਰਾਨ ਹੋ ਗਈਆਂ। ਸਤਿਗੁਰਾਂ ਨੇ ਜਦ ਇਹ ਮੰਗ ਦੂਜੀ-ਤੀਜੀ ਵਾਰ ਦੁਹਰਾਈ ਤਾਂ ਭਾਈ ਦਇਆ ਰਾਮ ਲਾਹੌਰ ਦੇ ਨਿਵਾਸੀ ਨੇ ਆਪਣਾ ਸੀਸ ਪੇਸ਼ ਕੀਤਾ। ਉਸ ਨੇ ਨਿਮਰਤਾ ਨਾਲ ਕਿਹਾ, ਸਤਿਗੁਰੂ ਜੀ ! ਇਹ ਸੀਸ ਤੁਹਾਡਾ ਹੈ, ਜਿਸ ਵੀ ਲੇਖੇ ਚਾਹੋ ਸਫ਼ਲ ਕਰੋ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ। ਅੰਦਰ ਤਲਵਾਰ ਦੇ ਚੱਲਣ 'ਤੇ ਧੜ ਦੇ ਡਿੱਗਣ ਦੀ ਅਵਾਜ਼ ਆਈ।

ਗੁਰੂ ਜੀ ਫੇਰ ਲਹੂ ਲਿੱਬੜੀ ਤਲਵਾਰ ਲੈ ਕੇ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸੀਸ ਦੀ ਮੰਗ ਕੀਤੀ। ਇਸ ਤਰ੍ਹਾਂ ਵਾਰੀ-ਵਾਰੀ ਦਿੱਲੀ ਦੇ ਧਰਮ ਦਾਸ ਜੀ, ਜਗਨਨਾਥ ਦੇ ਹਿੰਮਤ ਰਾਇ ਜੀ, ਦੁਆਰਕਾ ਦੇ ਮੋਹਕਮ ਚੰਦ ਜੀ ਅਤੇ ਬਿਦਰ ਨਿਵਾਸੀ ਭਾਈ ਸਾਹਿਬ ਚੰਦ ਜੀ ਨੇ ਆਪਣੇ ਸੀਸ ਭੇਟ ਕੀਤੇ। ਸਤਿਗੁਰੂ ਸਭਨਾਂ ਨੂੰ ਵਾਰੀ-ਵਾਰੀ ਤੰਬੂ ਵਿਚ ਲੈ ਕੇ ਗਏ। ਉਸ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਸੀ ਹਜ਼ਾਰ ਦੇ ਕਰੀਬ ਸੰਗਤਾਂ ਦਾ ਇਕੱਠ ਸੀ। ਗੁਰੂ ਜੀ ਦੀ ਉਮਰ ਉਸ ਸਮੇਂ 33 ਸਾਲ ਦੇ ਕਰੀਬ ਸੀ।

ਹੁਣ ਸੰਗਤਾਂ ਤੰਬੂ ਵੱਲ ਬਹੁਤ ਹੀ ਉਤਾਵਲੀਆਂ ਹੋ ਕੇ ਦੇਖ ਰਹੀਆਂ ਸਨ। ਕੁਝ ਸਮੇਂ ਬਾਅਦ ਗੁਰੂ ਜੀ ਤੰਬੂ ਤੋਂ ਬਾਹਰ ਆਏ ਅਤੇ ਬੀਰ ਰਸ ਨਾਲ ਭਰਪੂਰ ਸਨ। ਸਤਿਗੁਰਾਂ ਦੇ

ਨਾਲ ਸੁੰਦਰ ਪੁਸ਼ਾਕਿਆਂ ਵਿਚ ਉਹ ਪੰਜੇ ਲਾਲ ਸਨ, ਜਿਹਨਾਂ ਨੇ ਸੀਸ ਭੇਂਟ ਕੀਤੇ ਸਨ। ਫਿਰ ਸਤਿਗੁਰਾਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ। ਸਰਬ ਲੋਹ ਦੇ ਬਾਟੇ ਵਿਚ ਪਵਿੱਤਰ ਜਲ ਪਾਇਆ ਅਤੇ ਮਾਤਾ ਜੀਤੋ ਜੀ ਨੇ ਪਤਾਸੇ ਪਾਏ। ਸਤਿਗੁਰਾਂ ਨੇ ਬੀਰ ਆਸਣ 'ਚ ਬੈਠ ਕੇ, ਬਾਟੇ ਵਿਚ ਸੱਜੇ ਹੱਥ ਨਾਲ ਖੰਡਾ ਫੇਰਦਿਆਂ ਪੰਜ ਬਾਣੀਆਂ, 'ਸ੍ਰੀ ਜਪੁ ਜੀ ਸਾਹਿਬ, ਜਾਪੁ ਸਾਹਿਬ, ਸੁਧਾ ਸਵੱਯੇ, ਚੌਪਈ ਸਾਹਿਬ ਤੇ ਸ੍ਰੀ ਅਨੰਦ ਸਾਹਿਬ ਜੀ ਦਾ ਪਾਠ ਕੀਤਾ ਤੇ ਫਿਰ ਅਰਦਾਸ ਹੋਈ।

ਅੰਮ੍ਰਿਤ ਤਿਆਰ ਹੋ ਚੁੱਕਾ ਸੀ ਤੇ ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਪਹਿਲਾਂ ਪੰਜ-ਪੰਜ ਚੂਲੇ ਛਕਾ ਕੇ ਕਿਹਾ, 'ਬੋਲੋ ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥ ' ਫਿਰ ਪੰਜ-ਪੰਜ ਛੱਟੇ ਨੇਤਰਾਂ 'ਚ ਪਾਏ ਕਿ ਸਦਾ ਸਵੈ ਮਾਣ ਨਾਲ ਉੱਚੇ ਰਹਿਣਾ ਹੈ। ਫਿਰ ਪੰਜ-ਪੰਜ ਚੂਲੇ ਸੀਸ ਵਿਚ ਪਾਏ ਕਿ ਸਮਾਜ ਦੀ ਸੋਚ ਵਿੱਚੋਂ ਸਦੀਆਂ ਦੀ ਗ਼ੁਲਾਮੀ ਦੂਰ ਹੋਵੇ। ਹਰ ਵਾਰੀ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ ਤਾਂ ਕਿ ਸਭਨਾਂ ਨੂੰ ਦ੍ਰਿੜ ਹੋਵੇ ਕਿ ਖ਼ਾਲਸਾ ਵਾਹਿਗੁਰੂ ਦਾ ਹੈ ਤੇ ਫ਼ਤਹਿ ਵੀ ਵਾਹਿਗੁਰੂ ਦੀ ਹੋਣੀ ਹੈ। ਖ਼ਾਲਸੇ ਦੀ ਸਿਰਜਨਾ ਨੂੰ ਗੁਰੂ ਜੀ ਨੇ 'ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ' ਕਿਹਾ ਹੈ। ਇਸ ਦਿਨ ਤੋਂ ਸਤਿਗੁਰਾਂ ਨੇ ਮਰਦਾਂ ਨੂੰ 'ਸਿੰਘ' ਅਤੇ ਇਸਤ੍ਰੀਆਂ ਨੂੰ ਕੌਰ (ਰਾਜ ਪੁੱਤਰੀ) ਦਾ ਖ਼ਿਤਾਬ ਬਖ਼ਸ਼ਿਆ। ਫਿਰ ਗੁਰੂ ਜੀ ਨੇ ਫ਼ੁਰਮਾਇਆ ਕਿ ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ ਹੈ। ਪੰਜਾਂ ਕਕਾਰਾਂ— 'ਕੇਸ, ਕੰਘਾ, ਕੜਾ, ਕਿਰਪਾਨ, ਕਛਹਿਰਾ' ਦੀ ਰਹਿਤ ਵਿਚ ਪੱਕੇ ਰਹਿਣਾ ਹੈ। ਤੁਹਾਡੀਆਂ ਪਿਛਲੀਆਂ ਜਾਤਾਂ, ਗੋਤਾਂ ਸਭ ਖ਼ਤਮ ਤੇ ਅੱਜ ਤੋਂ ਤੁਸੀਂ ਵਾਹਿਗੁਰੂ ਜੀ ਦਾ ਖ਼ਾਲਸਾ ਹੋ। ਸਦਾ ਹੀ ਓਟ ਇਕ ਪ੍ਰਭੂ ਦੀ ਰੱਖਣੀ ਤੇ ਹੋਰ ਕਿਸੇ ਦੇਵੀ ਦੇਵਤੇ, ਗੋਰ, ਮੜ੍ਹੀ, ਮੱਠ ਆਦਿ ਨੂੰ ਭੁੱਲ ਕੇ ਵੀ ਨਹੀਂ ਮੰਨਣਾ। ਖ਼ਾਲਸੇ ਦਾ ਆਦਰਸ਼ ਸਤਿਗੁਰਾਂ ਨੇ ਇਉਂ ਸਮਝਾਇਆ :

***ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥***

ਫਿਰ ਸਤਿਗੁਰਾਂ ਨੇ ਕਿਹਾ ਕਿ ਤੁਸੀਂ ਹੁਣ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ੋ। ਗੁਰੂ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤਪਾਨ ਕੀਤਾ ਤੇ ਸ੍ਰੀ ਗੁਰੂ ਗੋਬਿੰਦ ਰਾਇ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਜੇ। ਇਸੇ ਸੰਬੰਧ ਵਿਚ ਭਾਈ ਗੁਰਦਾਸ ਜੀ ਦੂਜੇ ਨੇ ਲਿਖਿਆ ਹੈ :

***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥***

ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਫਿਰ ਕੁਝ ਦਿਨਾਂ ਵਿਚ ਹੀ ਲਗਭਗ ਅੱਸੀ ਹਜ਼ਾਰ ਸੰਗਤਾਂ ਨੇ ਅੰਮ੍ਰਿਤ ਛਕਿਆ। ਗੁਰੂ ਜੀ ਨੇ ਇਹ ਵੀ ਹੁਕਮ ਕੀਤਾ ਕਿ ਜੋ ਲੋਕ ਸਿੱਖ ਅਖਵਾਉਂਦੇ ਹਨ, ਉਹ ਸਭ ਅੰਮ੍ਰਿਤ ਛਕਣ ਤੇ ਰਹਿਤ ਵਿਚ ਪ੍ਰਪੱਕ ਹੋਣ। ਕੋਈ ਵੀ ਕੌਮ

ਆਪਣੀ ਜੀਵਨ ਜਾਚ ਕਰਕੇ ਹੀ ਸੰਸਾਰ ਵਿਚ ਉੱਚਾ ਰੁਤਬਾ ਪਾਉਂਦੀ ਹੈ। ਸਤਿਗੁਰਾਂ ਨੇ ਖ਼ਾਲਸੇ ਦੇ ਮਾਣ-ਸਨਮਾਨ ਨੂੰ ਉੱਚਾ ਸਥਾਨ ਦਿੱਤਾ। ਖ਼ਾਲਸੇ ਨੂੰ ਆਪਣਾ ਖ਼ਾਸ ਰੂਪ ਕਿਹਾ ਅਤੇ ਅੰਮ੍ਰਿਤ ਦੁਆਰਾ ਸਿੱਖਾਂ ਦੇ ਜੀਵਨ ਉੱਤੇ ਆਪਣੀ ਸ਼ਖ਼ਸੀਅਤ ਦੀ ਛਾਪ ਲਾ ਦਿੱਤੀ। ਜਿਹਨਾਂ ਲੋਕਾਂ ਦੀਆਂ ਅਨੇਕਾਂ ਪੀੜ੍ਹੀਆਂ ਨੇ ਉੱਚ ਜਾਤੀਆਂ ਦੇ ਲੋਕਾਂ ਅੱਗੇ ਦਾਸ ਤੇ ਨਿਮਾਣੇ ਬਣ ਕੇ ਜੀਵਨ ਗੁਜ਼ਾਰਿਆ ਸੀ, ਉਹ ਸਤਿਗੁਰਾਂ ਦੀ ਕਿਰਪਾ ਨਾਲ ਸ਼ਕਤੀਸ਼ਾਲੀ ਜੋਧੇ ਤੇ ਸਰਦਾਰ ਬਣ ਗਏ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬੇਅੰਤ ਬਖ਼ਸ਼ਿਸ਼ਾਂ ਵਿੱਚੋਂ ਮਹਾਨ ਉਪਕਾਰ ਹੈ, ਸੰਪੂਰਨ ਮਨੁੱਖ ਦੇ ਰੂਪ ਵਿਚ 'ਖ਼ਾਲਸੇ ਦੀ ਸਿਰਜਨਾ।' ਇਸ ਨੂੰ ਹੋਰ ਸੰਖੇਪ ਵਿਚ ਬਿਆਨ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਦਸ ਗੁਰੂ ਸਾਹਿਬਾਨ—ਵਾਹਿਗੁਰੂ ਦਾ ਪ੍ਰਕਾਸ਼ ਸਨ ਅਤੇ ਖ਼ਾਲਸਾ ਉਹਨਾਂ ਦਾ ਪ੍ਰਕਾਸ਼ ਹੈ। ਇਸ ਲਈ ਇਹ ਲੱਖਾਂ ਕਰੋੜਾਂ ਵਿਚ ਖੜ੍ਹਾ ਵੀ ਆਪਣੀ ਨਿਆਰੀ ਪਹਿਚਾਣ ਰੱਖਦਾ ਹੈ। ਖ਼ਾਲਸੇ ਦੇ ਸਿਰਜਨਾ ਦਿਵਸ ਨੂੰ ਸਮੂਹ ਖ਼ਾਲਸਾ ਪੰਥ ਹਰ ਵੈਸਾਖੀ ਬਹੁਤ ਹੀ ਧੂਮ ਧਾਮ ਨਾਲ ਮਨਾਉਂਦਾ ਹੈ ਅਤੇ ਜੁੱਗਾਂ ਜੁਗਾਂਤਰਾਂ ਤਕ ਮਨਾਉਂਦਾ ਰਹੇਗਾ। ਇਸ ਬ੍ਰਹਿਮੰਡ ਵਿਚ ਮਾਨਵਤਾ ਦੇ ਸਾਹਮਣੇ 'ਖ਼ਾਲਸਾ' ਮੇਰੇ ਕਲਗੀਆਂ ਵਾਲੇ ਪਾਤਸ਼ਾਹ ਜੀ ਦਾ ਅਤਿ ਨਿਆਰਾ ਤੇ ਅਤਿ ਸੁੰਦਰ ਮਾਡਲ ਹੈ, ਜੋ ਉਹਨਾਂ ਨੇ ਬਹੁਤ ਲੰਬੀ ਵਿਚਾਰ ਤੋਂ ਬਾਅਦ ਸਿਰਜਿਆ।

### (ਸ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਧਦੇ ਪ੍ਰਤਾਪ ਨੂੰ ਦੇਖ ਕੇ ਪਹਾੜੀ ਰਾਜੇ ਦੁਖੀ ਹੋ ਰਹੇ ਸਨ। ਇਕ ਤਾਂ ਉਹ ਆਪਣੇ ਆਪ ਨੂੰ ਸਨਾਤਨ ਧਰਮ ਦੇ ਰਾਖੇ ਸਮਝਦੇ ਸਨ। ਦੂਸਰਾ ਸਤਿਗੁਰਾਂ ਦਾ ਜਾਤਾਂ ਪਾਤਾਂ ਦੇ ਵਿਤਕਰੇ ਖ਼ਤਮ ਕਰਕੇ ਸਾਂਝੀਵਾਲਤਾ ਦਾ ਉਪਦੇਸ਼ ਉਹਨਾਂ ਨੂੰ ਚੁੱਭ ਰਿਹਾ ਸੀ। ਤੀਸਰਾ ਉਹ ਆਪਣੀਆਂ ਚੌਧਰਾਂ ਦੀ ਖ਼ਾਤਰ ਮੁਗ਼ਲ ਸਰਕਾਰ ਦੇ ਹਮਾਇਤੀ ਬਣੇ ਬੈਠੇ ਸਨ।

ਇਸ ਦੇ ਨਾਲ ਵੱਡਾ ਕਾਰਨ ਔਰੰਗਜ਼ੇਬ ਸੀ, ਕਿਉਂਕਿ ਉਸ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਗੁਰੂ ਗੋਬਿੰਦ ਸਿੰਘ ਨੇ ਇਕ ਵੱਡੀ ਫ਼ੌਜ ਬਣਾ ਲਈ ਹੈ ਤੇ ਪਠਾਣ ਵੀ ਉਸ ਦੀ ਫ਼ੌਜ ਵਿਚ ਭਰਤੀ ਹੋ ਗਏ ਹਨ। ਇਸੇ ਤਰ੍ਹਾਂ ਪੀਰ ਬੁੱਧੂ ਸ਼ਾਹ ਜੀ ਨੂੰ ਉਹ ਆਪਣੀ ਧਾਰਮਿਕ ਨੀਤੀ ਵਿਚ ਰੁਕਾਵਟ ਸਮਝਦਾ ਸੀ।

ਗੁਰੂ ਜੀ ਦੇ ਤੇਜ ਪ੍ਰਤਾਪ ਤੋਂ ਕਹਿਲੂਰ ਦਾ ਰਾਜਾ ਭੀਮ ਚੰਦ ਵੀ ਬਹੁਤ ਦੁਖੀ ਸੀ। ਉਸ ਨੇ ਬਹਾਨੇ ਨਾਲ ਆਪਣੇ ਪੁੱਤਰ ਦੀ ਸ਼ਾਦੀ ਸਮੇਂ ਗੁਰੂ ਘਰ ਤੋਂ ਪਸ਼ਮੀਨੇ ਦੀ ਚਾਨਣੀ, ਪ੍ਰਸਾਦੀ ਹਾਥੀ ਤੇ ਹੋਰ ਕੀਮਤੀ ਵਸਤਾਂ ਮੰਗ ਲਈਆਂ। ਅੰਤਰਜਾਮੀ ਸਤਿਗੁਰਾਂ ਨੇ ਉੱਤਰ ਦਿੱਤਾ ਕਿ ਇਹ ਵਸਤਾਂ ਸਿੱਖ ਸੰਗਤਾਂ ਵੱਲੋਂ ਗੁਰੂ ਘਰ 'ਚ ਪ੍ਰੇਮ ਭੇਟਾ ਕੀਤੀਆਂ ਗਈਆਂ ਹਨ

ਅਤੇ ਇਹ ਕਿਸੇ ਨੂੰ ਦਿੱਤੀਆਂ ਨਹੀਂ ਜਾ ਸਕਦੀਆਂ। ਭੀਮ ਚੰਦ ਆਪਣੇ ਹੰਕਾਰ ਵੱਸ ਕੁਝ ਹੋਰ ਦੂਜੇ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ ਹਮਲਾਵਰ ਬਣ ਕੇ ਆਇਆ।

ਦਸਮ ਪਾਤਸ਼ਾਹ ਤੇ ਪਹਾੜੀ ਰਾਜਿਆਂ ਦਰਮਿਆਨ ਇਹ ਪਹਿਲਾ ਯੁੱਧ 1687 ਈ. ਨੂੰ ਪਾਉਂਟਾ ਸਾਹਿਬ ਤੋਂ ਛੇ ਮੀਲ ਦੂਰ ਭੰਗਾਣੀ ਨਾਉਂ ਦੇ ਸਥਾਨ 'ਤੇ ਲੜਿਆ ਗਿਆ। ਪਹਾੜੀ ਰਾਜਿਆਂ ਦੀ ਫ਼ੌਜ ਦੀ ਗਿਣਤੀ ਦਸ ਹਜ਼ਾਰ ਸੀ ਅਤੇ ਦੂਜੇ ਪਾਸੇ ਸਤਿਗੁਰਾਂ ਦੀ ਸਾਰੀ ਫ਼ੌਜ ਦੋ ਕੁ ਹਜ਼ਾਰ ਸੀ। ਇਥੇ ਹੀ ਪੀਰ ਬੁੱਧੂ ਸ਼ਾਹ ਆਪਣੇ ਪੁੱਤਰਾਂ, ਭਰਾਵਾਂ ਤੇ ਸੱਤ ਸੌ ਮੁਰੀਦਾਂ ਨਾਲ ਗੁਰੂ ਜੀ ਦੀ ਮਦਦ 'ਤੇ ਆਇਆ। ਗੁਰੂ ਜੀ ਦੀ ਉਮਰ ਉਸ ਸਮੇਂ ਇੱਕੀ ਸਾਲ ਦੇ ਕਰੀਬ ਸੀ। ਸਿੱਖ ਫ਼ੌਜ ਨੇ ਇਕ ਅਕਾਲ ਨੂੰ ਧਿਆ ਕੇ, ਸਾਹਸ ਨਾਲ ਜਬਰਦਸਤ ਟੱਕਰ ਲਈ। ਸਿੱਖਾਂ ਦੇ ਹੌਸਲੇ ਵੇਖ ਕੇ ਪਹਾੜੀਏ ਛੇਤੀ ਮੈਦਾਨ ਛੱਡ ਗਏ ਤੇ ਗੁਰੂ ਜੀ ਦੀਆਂ ਫ਼ੌਜਾਂ ਦੀ ਜਿੱਤ ਹੋਈ। ਇਸ ਜੰਗ ਦਾ ਹਵਾਲਾ ਗੁਰੂ ਜੀ ਨੇ ਬਚਿੱਤ੍ਰ ਨਾਟਕ ਵਿਚ ਦਿੱਤਾ ਹੈ ਤੇ ਪ੍ਰਭੂ ਦਾ ਧੰਨਵਾਦ ਇਉਂ ਕੀਤਾ ਹੈ ;

***ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥***

ਗੁਰੂ ਜੀ ਪਹਾੜੀ ਰਾਜਿਆਂ ਨਾਲ ਜੰਗ ਜਾਂ ਟਕਰਾਉ ਨਹੀਂ ਚਾਹੁੰਦੇ ਸਨ, ਪਰ ਉਹਨਾਂ ਵਿੱਚੋਂ ਕੁਝ ਕੁ ਹਮੇਸ਼ਾਂ ਗੁਰੂ ਘਰ ਨਾਲ ਈਰਖਾ ਕਰਦੇ ਰਹੇ। ਭੰਗਾਣੀ ਦੇ ਯੁੱਧ ਤੋਂ ਬਾਅਦ ਕੇਂਦਰੀ ਮੁਗ਼ਲ ਸਰਕਾਰ ਨੇ ਅਲਫ਼ ਖ਼ਾਂ ਨੂੰ ਪਹਾੜੀ ਰਾਜਿਆਂ ਤੋਂ ਕਰ ਵਸੂਲਣ ਲਈ ਭੇਜਿਆ। ਕਹਿਲੂਰ ਦੇ ਰਾਜੇ ਨੇ ਇਨਕਾਰ ਕਰ ਦਿੱਤਾ ਅਤੇ ਦੂਸਰੇ ਪਹਾੜੀ ਰਾਜਿਆਂ ਦੀ ਸਲਾਹ ਨਾਲ, ਅੰਤ ਗੁਰੂ ਜੀ ਤੋਂ ਹੀ ਮਦਦ ਮੰਗੀ। ਭੰਗਾਣੀ ਦਾ ਯੁੱਧ ਲੜ ਕੇ ਭੀਮ ਚੰਦ ਅੰਦਰੋਂ ਗੁਰੂ ਜੀ ਤੋਂ ਭੈ ਖਾਣ ਲੱਗ ਪਿਆ ਸੀ। ਗੁਰੂ ਜੀ ਨੂੰ ਉਹਨਾਂ ਲੋਕਾਂ ਉੱਪਰ ਦਇਆ ਆਈ, ਜਿਨ੍ਹਾਂ ਤੋਂ ਜਬਰੀ ਮਾਲੀਆ ਵਸੂਲਿਆ ਜਾਂਦਾ ਸੀ। ਸਤਿਗੁਰਾਂ ਦੀਆਂ ਫ਼ੌਜਾਂ ਨੇ ਪਹਾੜੀਆਂ ਦੀ ਮਦਦ ਕੀਤੀ ਤਾਂ 'ਨਦੌਣ' ਦੇ ਯੁੱਧ ਵਿਚ ਅਲਫ਼ ਖ਼ਾਂ ਦੀ ਹਾਰ ਹੋਈ। ਇਹ ਯੁੱਧ 1688 ਈ. ਨੂੰ ਹੋਇਆ। ਸਤਿਗੁਰਾਂ ਨੇ ਆਪਣੀ ਆਤਮ ਕਥਾ 'ਚ ਲਿਖਿਆ ਹੈ :

***ਭੱਜਯੋ ਅਲਫਖਾਨੰ ਨ ਖਾਨਾ ਸੰਭਾਰਯੋ॥***

ਸਤਿਗੁਰਾਂ ਦਾ ਤੀਜਾ ਯੁੱਧ ਹੁਸੈਨੀ ਦੇ ਯੁੱਧ ਵਜੋਂ ਜਾਣਿਆ ਜਾਂਦਾ ਹੈ। ਇਹ ਹੁਸੈਨ ਖ਼ਾਂ ਅਤੇ ਗੁਲੇਰ ਰਿਆਸਤ ਦੇ ਰਾਜਾ ਗੋਪਾਲ ਚੰਦ ਦਰਮਿਆਨ ਸੀ। ਗੁਰੂ ਜੀ ਨੇ ਆਪਣਾ ਫ਼ੌਜੀ ਜਥਾ ਗੋਪਾਲ ਚੰਦ ਦੀ ਹਮਾਇਤ ਲਈ ਭੇਜਿਆ। ਇਹ ਯੁੱਧ 1688-89 ਦੀ ਸਰਦ ਰੁੱਤ ਵਿਚ ਹੋਇਆ ਸੀ। ਇਸ ਯੁੱਧ ਵਿਚ ਹੁਸੈਨ ਖ਼ਾਂ ਮਾਰਿਆ ਗਿਆ ਤੇ ਗੁਰੂ ਜੀ ਦੀ ਸਹਾਇਤਾ ਵਾਲੀ ਫ਼ੌਜ ਦੀ ਜਿੱਤ ਹੋਈ। ਇਸ ਤੋਂ ਬਾਅਦ ਇਕ ਵਾਰ ਰੁਸਤਮ ਖ਼ਾਂ ਅਨੰਦਪੁਰ 'ਤੇ ਚੜ੍ਹਾਈ ਕਰਕੇ ਆਇਆ। ਅੱਗੋਂ ਸਿੱਖਾਂ ਦੇ ਬੁਲੰਦ ਹੌਸਲੇ ਵੇਖ ਕੇ, ਉਹ ਹਮਲਾ ਕਰਨ ਦਾ ਹੌਸਲਾ ਨਾ ਕਰ ਸਕਿਆ ਤੇ ਵਾਪਸ ਮੁੜ ਗਿਆ।

ਗੁਰੂ ਜੀ ਹੁਣ ਅਨੰਦਪੁਰ ਸਾਹਿਬ ਨੂੰ ਹਰ ਪੱਖੋਂ ਮਜਬੂਤ ਬਣਾ ਰਹੇ ਸਨ। ਸੰਨ 1689 ਵਿਚ ਸਤਿਗੁਰਾਂ ਨੇ ਇਥੇ ਪੰਜ ਕਿਲ੍ਹੇ ਬਣਵਾਏ। ਇਹਨਾਂ ਦੇ ਨਾਉਂ ਵੀ ਬੀਰਤਾ ਭਰਪੂਰ ਰੱਖੇ ਗਏ, ਅਨੰਦਗੜ੍ਹ, ਲੋਹਗੜ੍ਹ, ਫ਼ਤਹਿਗੜ੍ਹ, ਕੇਸਗੜ੍ਹ ਅਤੇ ਹੋਲਗੜ੍ਹ। ਉਧਰ ਔਰੰਗਜ਼ੇਬ ਆਪਣੀਆਂ ਮੁਹਿੰਮਾਂ ਵਿਚ ਉਲਝਿਆ ਹੋਇਆ ਸੀ। 1689 ਵਿਚ ਕਹਿਲੂਰ ਦਾ ਰਾਜਾ ਭੀਮ ਚੰਦ ਵੀ ਮਰ ਗਿਆ। ਉਸ ਦੇ ਪੁੱਤਰ ਨੇ ਕੁਝ ਸਮੇਂ ਲਈ ਵੈਰ-ਵਿਰੋਧ ਦਾ ਰਸਤਾ ਤਿਆਗ ਦਿੱਤਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੁਝ ਸਾਲ ਸ਼ਾਂਤਮਈ ਸਮੇਂ ਵਿਚ ਸਿੱਖ ਧਰਮ ਦੇ ਪ੍ਰਚਾਰ ਤੇ ਆਪਣੀ ਫ਼ੌਜੀ ਸ਼ਕਤੀ ਨੂੰ ਵਧਾਇਆ। ਸਿੱਖੀ ਆਚਰਨ ਘੜਿਆ ਗਿਆ। ਸ੍ਰੀ ਅਨੰਦਪੁਰ ਸਾਹਿਬ ਧਰਮ ਵਿੱਦਿਆ ਦਾ ਕੇਂਦਰ ਬਣ ਗਿਆ। ਸਤਿਗੁਰਾਂ ਨੇ ਸਮਾਜ ਨੂੰ ਇਕ ਪਾਸੇ ਬ੍ਰਾਹਮਣ ਵਰਗ ਵੱਲੋਂ ਅੰਧ-ਵਿਸ਼ਵਾਸ ਫੈਲਾ ਕੇ ਕੀਤੀ ਜਾਂਦੀ ਲੁੱਟ ਤੋਂ ਜਗਾਇਆ। ਦੂਜੇ ਪਾਸੇ ਲੋਕ ਮਾਨਿਸਕਤਾ ਵਿਚੋਂ ਕਬਰਾਂ, ਮੜ੍ਹੀਆਂ, ਧਾਗੇ-ਤਵੀਤ, ਜੰਤਰ-ਮੰਤਰ ਆਦਿ ਦੇ ਫ਼ਜ਼ੂਲ ਡਰਾਂ ਨੂੰ ਕੱਢਿਆ। ਇਸ ਤਰ੍ਹਾਂ ਦੇ ਬੇਅੰਤ ਹਵਾਲੇ ਦਸਮ ਪਾਤਸ਼ਾਹ ਜੀ ਦੀ ਬਾਣੀ 'ਚੋਂ ਮਿਲ ਜਾਂਦੇ ਹਨ।

ਇਕ ਜੰਗ ਗੁਰੂ ਜੀ ਤੇ ਪਹਾੜੀ ਰਾਜਿਆਂ ਦਰਮਿਆਨ ਅਚਨਚੇਤ ਹੋਈ। ਗੁਰੂ ਜੀ ਸਿੱਖਾਂ ਦੇ ਨਾਲ ਜੰਗਲ ਵਿਚ ਸ਼ਿਕਾਰ ਖੇਡ ਰਹੇ ਸਨ। ਦੋ ਪਹਾੜੀ ਰਿਆਸਤਾਂ ਦੇ ਰਾਜੇ ਆਲਮ ਚੰਦ ਤੇ ਬਲੀਆ ਚੰਦ ਨੇ ਸਿੱਖਾਂ ਦੀ ਘੱਟ ਗਿਣਤੀ ਵੇਖ ਕੇ ਹਮਲਾ ਕਰ ਦਿੱਤਾ। ਸਤਿਗੁਰਾਂ ਦੀ ਅਗਵਾਈ ਹੇਠ ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ। ਇਥੇ ਗੁਰੂ ਜੀ ਦੀ ਜਿੱਤ ਹੋਈ ਤੇ ਪਹਾੜੀ ਫ਼ੌਜਾਂ ਦੌੜ ਗਈਆਂ।

1699 ਈ. ਵਿਚ ਖ਼ਾਲਸਾ ਪੰਥ ਦੀ ਸਿਰਜਨਾ ਦੇ ਨਾਲ ਪਹਾੜੀ ਰਾਜੇ ਸਤਿਗੁਰਾਂ ਦੇ ਹੋਰ ਵੀ ਵਿਰੁੱਧ ਹੋ ਗਏ। ਹੋਲੀ ਤੋਂ ਹੋਲਾ ਮਹੱਲਾ ਪ੍ਰਚੱਲਤ ਹੋ ਚੁੱਕਾ ਸੀ। ਸਨਾਤਨ ਮੱਤ ਦੀਆਂ ਵਰਨ ਵੰਡ ਦੀਆਂ ਕੰਧਾਂ ਉੱਪਰ ਕਰਾਰੀ ਚੋਟ ਸੀ। ਪਹਿਲੇ ਪਾਤਸ਼ਾਹ ਜੀ ਤੋਂ ਲੈ ਕੇ ਹੌਲ਼ੀ-ਹੌਲ਼ੀ ਸਿੱਖ ਸਮਾਜ ਤੇ ਆਮ ਲੋਕ ਮਾਨਸਿਕਤਾ ਵਿੱਚੋਂ ਬ੍ਰਾਹਮਣ ਦਾ ਪ੍ਰਭਾਵ ਖ਼ਤਮ ਹੋ ਗਿਆ ਸੀ। ਹਿੰਦੂ ਪਹਾੜੀ ਰਾਜੇ ਮੁਗ਼ਲ ਦਰਬਾਰ ਨਾਲ ਮਿਲ ਕੇ ਗੁਰੂ ਘਰ ਨੂੰ ਖ਼ਤਮ ਕਰਨ ਦੀਆਂ ਸਾਜਿਸ਼ਾਂ ਰਚਣ ਲੱਗੇ।

ਸੰਨ 1701 ਦੇ ਸ਼ੁਰੂ ਵਿਚ ਅਨੰਦਪੁਰ ਦੀ ਪਹਿਲੀ ਤਕੜੀ ਜੰਗ ਹੋਈ। ਪਹਾੜੀ ਰਾਜਿਆਂ ਨੇ ਮੁਗ਼ਲ ਹਕੂਮਤ ਤਕ ਪਹੁੰਚ ਕੀਤੀ। ਪੈਂਦੇ ਖ਼ਾਂ ਤੇ ਦੀਨਾ ਬੇਗ ਦੋ ਜਰਨੈਲਾਂ ਦੀ ਅਗਵਾਈ ਹੇਠ ਦਸ ਹਜ਼ਾਰ ਫ਼ੌਜ ਅਨੰਦਪੁਰ ਉੱਪਰ ਹਮਲਾ ਕਰਨ ਲਈ ਭੇਜੀ। ਹੋਰ ਰਿਆਸਤਾਂ ਦੇ ਰਾਜੇ ਵੀ ਆਪਣੀਆਂ ਫ਼ੌਜਾਂ ਲੈ ਕੇ ਆਏ। ਦੁਸ਼ਮਣ ਫ਼ੌਜ ਤੀਹ ਹਜ਼ਾਰ ਤਕ ਹੋ ਗਈ ਅਤੇ ਸਤਿਗੁਰਾਂ ਪਾਸ ਸੱਤ-ਅੱਠ ਹਜ਼ਾਰ ਫ਼ੌਜ ਸੀ। ਇਸ ਯੁੱਧ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਵੀ ਲੜਿਆ। ਘਮਸਾਨ ਦੇ ਯੁੱਧ ਵਿਚ ਸਤਿਗੁਰਾਂ ਦੇ ਤੀਰ ਨਾਲ ਪੈਂਦੇ ਖ਼ਾਂ

ਮਾਰਿਆ ਗਿਆ ਅਤੇ ਦੀਨਾ ਬੇਗ ਜ਼ਖ਼ਮੀ ਹੋ ਗਿਆ। ਪਹਾੜੀ ਰਾਜੇ ਤੇ ਮੁਗ਼ਲ ਫ਼ੌਜਾਂ ਦੌੜ ਗਈਆਂ ਤੇ ਸਤਿਗੁਰਾਂ ਦੀ ਜਿੱਤ ਹੋਈ। ਸਿੱਖ ਫ਼ੌਜਾਂ ਦੇ ਹੌਸਲੇ ਬੁਲੰਦ ਹੋਏ।

ਸਤਿਗੁਰਾਂ ਦੀ ਜਿੱਤ ਤੇ ਆਪਣੀ ਹਾਰ ਤੋਂ ਬਾਅਦ ਪਹਾੜੀ ਰਾਜਿਆਂ ਨੇ ਫ਼ੈਸਲਾ ਕੀਤਾ ਕਿ ਅਸੀਂ ਸਾਰੇ ਮਿਲ ਕੇ ਅਨੰਦਪੁਰ ਦਾ ਖੁਰਾ ਖੋਜ ਮਿਟਾ ਦਿਆਂਗੇ। ਨਵੰਬਰ 1701 ਵਿਚ ਅਨੰਦਪੁਰ ਦਾ ਦੂਜਾ ਯੁੱਧ ਹੋਇਆ। ਪਹਿਲੇ ਦਿਨ ਪਹਾੜੀਆਂ ਨੇ ਜ਼ੋਰਦਾਰ ਟੱਕਰ ਲਈ, ਪਰ ਸਿੱਖ ਫ਼ੌਜਾਂ ਨੇ ਛੱਕੇ ਛੁਡਾ ਦਿੱਤੇ। ਦੂਜੇ ਦਿਨ ਕਹਿਲੂਰ ਦੇ ਰਾਜੇ ਨੇ ਇਕ ਮਸਤ ਹਾਥੀ ਅਨੰਦਗੜ੍ਹ ਕਿਲ੍ਹੇ ਦਾ ਦਰਵਾਜ਼ਾ ਭੰਨ੍ਹਣ ਲਈ ਭੇਜਿਆ। ਭਾਈ ਬਚਿੱਤਰ ਸਿੰਘ ਜੀ ਨੇ ਐਸੀ ਨਾਗਣੀ ਮਾਰੀ ਕਿ ਮਸਤ ਹਾਥੀ ਦਾ ਮੱਥਾ ਚੀਰ ਗਈ। ਹਾਥੀ ਆਪਣੀਆਂ ਹੀ ਫ਼ੌਜਾਂ ਨੂੰ ਮਿੱਧਦਾ ਹੋਇਆ ਦੌੜ ਗਿਆ। ਇਹ ਯੁੱਧ ਵੀਹ ਦਿਨ ਤਕ ਚੱਲਿਆ। ਇਸ ਯੁੱਧ ਵਿਚ ਹੀ ਭਾਈ ਘਨੱਈਆ ਜੀ ਨੇ ਦੋਹਾਂ ਧਿਰਾਂ ਦੇ ਜ਼ਖ਼ਮੀਆਂ ਨੂੰ ਪਾਣੀ ਪਿਲਾਇਆ। ਸਤਿਗੁਰਾਂ ਨੇ ਭਾਈ ਸਾਹਿਬ ਦੀ ਉਚ ਆਤਮਿਕ ਅਵਸਥਾ ਦਾ ਮਾਣ ਕਰਦਿਆਂ ਮਲ੍ਹਮ ਦੀ ਡੱਬੀ ਦੇ ਕੇ ਕਿਹਾ ਕਿ ਇਹ ਵੀ ਲਾਇਆ ਕਰੋ। ਇਸ ਯੁੱਧ ਵਿਚ ਵੀ ਸਤਿਗੁਰਾਂ ਦੀ ਜਿੱਤ ਹੋਈ।

ਇਸ ਤੋਂ ਬਾਅਦ ਨਿਰਮੋਹੀ ਦਾ ਯੁੱਧ ਹੋਇਆ। ਅਨੰਦਪੁਰ ਤੋਂ ਤਿੰਨ ਕੁ ਮੀਲ ਦੀ ਦੂਰੀ 'ਤੇ ਇਹ ਪਿੰਡ ਸੀ। ਸਤਿਗੁਰਾਂ ਨੇ ਇਥੇ ਉੱਚੇ ਟਿੱਬੇ 'ਤੇ ਇਕ ਕੱਚੀ ਗੜ੍ਹੀ ਆਪ ਹੀ ਬਣਾਈ ਸੀ। ਇਹ ਹਮਲਾਵਰਾਂ ਨੂੰ ਅਨੰਦਪੁਰ ਤੋਂ ਬਾਹਰ ਹੀ ਰੋਕਣ ਲਈ ਚੰਗੀ ਜਗ੍ਹਾ ਸੀ। ਗੁਰੂ ਜੀ ਨਿਰਮੋਹੀ ਪਹੁੰਚੇ ਹੀ ਸਨ ਕਿ ਕਹਿਲੂਰ ਦੀਆਂ ਫ਼ੌਜਾਂ ਨੇ ਹੱਲਾ ਬੋਲ ਦਿੱਤਾ। ਪਹਾੜੀਆਂ ਤੇ ਮੁਗ਼ਲ ਫ਼ੌਜਾਂ ਨੇ ਨਿਰਮੋਹੀ ਨੂੰ ਘੇਰ ਲਿਆ। ਸਤਿਗੁਰਾਂ ਨੇ ਫ਼ੈਸਲਾ ਕੀਤਾ ਕਿ ਦੁਸ਼ਮਣ ਫ਼ੌਜਾਂ ਨੂੰ ਹਾਰ ਦੇਣ ਲਈ ਇਕੋ ਵਾਰ ਧਾਵਾ ਬੋਲ ਦਿੱਤਾ ਜਾਵੇ। ਦੁਸ਼ਮਣ ਦੀ ਫ਼ੌਜ ਪਿੱਛੇ ਹੱਟ ਗਈ ਅਤੇ ਗੁਰੂ ਜੀ ਅਗਲੇ ਦਿਨ ਬਸਾਲੀ ਚਲੇ ਗਏ।

ਬਸਾਲੀ ਦਾ ਰਾਜਾ ਸਤਿਗੁਰਾਂ ਦਾ ਸ਼ਰਧਾਲੂ ਸੀ। ਉਸ ਨੇ ਸਤਿਗੁਰਾਂ ਦਾ ਬਹੁਤ ਸੁਆਗਤ ਕੀਤਾ। ਸਭ ਕੁਝ ਸੁਣ ਕੇ ਪਹਾੜੀ ਰਾਜਿਆਂ ਨੂੰ ਅੱਗ ਲੱਗ ਗਈ। ਕਹਿਲੂਰ ਦੇ ਰਾਜੇ ਨੇ ਬਸਾਲੀ 'ਤੇ ਹੱਲਾ ਬੋਲ ਦਿੱਤਾ। ਸਿੱਖ ਫ਼ੌਜਾਂ ਨੇ ਰਣ ਵਿਚ ਐਸੇ ਜੌਹਰ ਦਿਖਾਏ ਕਿ ਰਾਜਾ ਕਹਿਲੂਰ ਤੇ ਕਲਮੋਟ ਪਿੰਡ ਵਾਲਿਆਂ ਸਤਿਗੁਰਾਂ ਦੀ ਈਨ ਮੰਨ ਲਈ। ਨਵੰਬਰ 1702 ਈ. ਵਿਚ ਗੁਰੂ ਜੀ ਫ਼ੌਜਾਂ ਸਮੇਤ ਅਨੰਦਪੁਰ ਸਾਹਿਬ ਆ ਗਏ।

ਇਸ ਤੋਂ ਬਾਅਦ ਅਨੰਦਪੁਰ ਦਾ ਤੀਜਾ ਯੁੱਧ 1703 ਈ. ਵਿਚ ਹੋਇਆ। ਔਰਗਜ਼ੇਬ ਨੇ ਪਹਾੜੀ ਰਾਜਿਆਂ ਦੀ ਬੇਨਤੀ ਮੰਨ ਕੇ ਸੈਦ ਖ਼ਾਨ ਜਰਨੈਲ ਨੂੰ ਭੇਜਿਆ। ਇਹ ਰਿਸ਼ਤੇ ਵਿਚ ਪੀਰ ਬੁੱਧੂ ਸ਼ਾਹ ਦਾ ਸਾਲਾ ਸੀ। ਪੀਰ ਬੁੱਧੂ ਸ਼ਾਹ ਨੇ ਇਸ ਨੂੰ ਰੋਕਿਆ ਕਿ ਗੁਰੂ ਗੋਬਿੰਦ ਸਿੰਘ ਜੀ ਰੱਬੀ ਨੂਰ ਹਨ, ਪਰ ਇਹ ਨਾ ਟਲਿਆ। ਮੈਦਾਨੇ ਜੰਗ ਵਿਚ ਇਸ ਉੱਪਰ ਐਸਾ ਅਸਰ ਹੋਇਆ ਕਿ ਇਹ ਸਤਿਗੁਰਾਂ ਦਾ ਮੁਰੀਦ ਬਣ ਗਿਆ।

ਉਧਰ ਜਦ ਔਰੰਗਜ਼ੇਬ ਨੇ ਆਪਣੇ ਜਰਨੈਲਾਂ ਨੂੰ ਗੁਰੂ ਜੀ ਦੀ ਸ਼ਰਨ ਲੈਂਦੇ ਸੁਣ ਲਿਆ ਤਾਂ ਉਸ ਨੇ ਲਾਹੌਰ, ਸਰਹਿੰਦ, ਜੰਮੂ ਤੇ ਮੁਲਤਾਨ ਦੇ ਨਵਾਬਾਂ ਨੂੰ ਇਕੱਠੇ ਹੋ ਕੇ ਹਮਲਾ ਕਰਨ ਲਈ ਕਿਹਾ। ਇਹ ਯੁੱਧ 1704 ਈ. ਨੂੰ ਹੋਇਆ ਜੋ ਅਨੰਦਪੁਰ ਦਾ ਚੌਥਾ ਯੁੱਧ ਸੀ। ਇਤਿਹਾਸਕਾਰਾਂ ਅਨੁਸਾਰ ਦੁਸ਼ਮਣ ਦੀ ਫ਼ੌਜ ਲੱਖਾਂ ਦੀ ਗਿਣਤੀ ਵਿਚ ਸੀ ਅਤੇ ਸਿੱਖ ਸਿਪਾਹੀਆਂ ਦੀ ਗਿਣਤੀ ਦਸ ਕੁ ਹਜ਼ਾਰ ਦੇ ਕਰੀਬ ਸੀ। ਤਿੰਨ ਦਿਨ ਘਮਸਾਨ ਦਾ ਯੁੱਧ ਹੋਇਆ। ਸਿੱਖ ਫ਼ੌਜਾਂ ਪੂਰੇ ਸਿਦਕ ਨਾਲ ਲੜੀਆਂ। ਮੁਗ਼ਲ ਜਰਨੈਲਾਂ ਨੇ ਸਿੱਖ ਫ਼ੌਜ ਦੀ ਬੀਰਤਾ ਦੇਖ ਕੇ ਨੀਤੀ ਬਦਲ ਲਈ। ਉਹਨਾਂ ਨੇ ਕਿਲ੍ਹਿਆਂ ਤੋਂ ਪਿੱਛੇ ਹੱਟ ਕੇ ਅਨੰਦਪੁਰ ਦੇ ਚਾਰ ਚੁਫੇਰੇ ਨਾਕਾਬੰਦੀ ਕਰ ਲਈ। ਇਸ ਤਰ੍ਹਾਂ ਛੇ ਸੱਤ ਮਹੀਨੇ ਲੰਘ ਗਏ। ਲੰਮਾ ਘੇਰਾ, ਲੜਾਈ, ਭੁੱਖ ਤੇ ਥਕਾਵਟ ਨਾਲ ਸਿੱਖ ਸੈਨਿਕ ਬਿਮਾਰ ਹੋਣੇ ਸ਼ੁਰੂ ਹੋ ਗਏ। ਕੁਝ ਕੁ ਸਿੱਖਾਂ ਵਿਚ ਨਿਰਾਸਤਾ ਵੀ ਆਈ ਤੇ ਚਾਲੀ ਸਿੰਘ ਸਤਿਗੁਰਾਂ ਨੂੰ ਬੇਦਾਵਾ ਦੇ ਕੇ ਵੀ ਚਲੇ ਗਏ।

ਦੂਜੇ ਪਾਸੇ ਔਰੰਗਜ਼ੇਬ ਨੇ ਸੂਬੇਦਾਰਾਂ ਨੂੰ ਤਾੜਨਾ ਕੀਤੀ ਕਿ ਅਨੰਦਪੁਰ ਦੀ ਮੁਹਿੰਮ ਛੇਤੀ ਸਿਰੇ ਲਾਉ। ਪਹਾੜੀ ਰਾਜਿਆਂ ਤੇ ਮੁਗ਼ਲ ਸੂਬੇਦਾਰਾਂ ਨੇ ਸਤਿਗੁਰਾਂ ਤਕ ਪਹੁੰਚ ਕੀਤੀ। ਉਹਨਾਂ ਨੇ ਆਪੋ ਆਪਣੇ ਧਰਮ ਦੀਆਂ ਕਸਮਾਂ ਖਾ ਕੇ ਕਿਹਾ ਕਿ ਤੁਸੀਂ ਅਨੰਦਪੁਰ ਛੱਡ ਜਾਓ, ਅਸੀਂ ਹਮਲਾ ਨਹੀਂ ਕਰਾਂਗੇ। ਸਤਿਗੁਰੂ ਇਹਨਾਂ ਦੀਆਂ ਕੁਚਾਲਾਂ ਤੋਂ ਚੰਗੀ ਤਰ੍ਹਾਂ ਜਾਣੂੰ ਸਨ, ਪਰ ਸਾਂਝੀ ਰਾਇ ਨੂੰ ਮੰਨਦਿਆਂ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਹੋਇਆ। ਗੁਰੂ ਜੀ ਨੇ ਇੱਥੇ ਗੁਰਦੁਆਰਿਆਂ ਦੀ ਸੇਵਾ ਲਈ ਉਦਾਸੀ ਸਿੱਖ ਭਾਈ ਗੁਰਬਖਸ਼ ਸਿੰਘ ਨੂੰ ਉਥੇ ਹੀ ਰਹਿਣ ਦੀ ਆਗਿਆ ਕੀਤੀ। ਦਸੰਬਰ 1704 ਨੂੰ ਛੇ-ਸੱਤ ਪੋਹ ਦੀ ਰਾਤ ਨੂੰ ਪਿਛਲੇ ਪਹਿਰ ਗੁਰੂ ਜੀ ਸਦਾ ਲਈ ਅਨੰਦਪੁਰ ਸਾਹਿਬ ਛੱਡ ਕੇ ਕੀਰਤਪੁਰ ਵੱਲ ਚੱਲ ਪਏ। ਕੀਰਤਪੁਰ ਤੋਂ ਛੇ ਮੀਲਾਂ ’ਤੇ ਸਰਸਾ ਨਦੀ ਸੀ। ਸਰਸਾ ’ਤੇ ਪਹੁੰਚਣ ਦੀ ਦੇਰ ਸੀ ਕਿ ਮੁਗ਼ਲਾਂ ਤੇ ਪਹਾੜੀਆਂ ਨੇ ਕਸਮਾਂ ਤੋੜ ਕੇ ਹੱਲਾ ਬੋਲ ਦਿੱਤਾ। ਇਕ ਪਾਸੇ ਪੂਰੀ ਸਰਦੀ ਅਤੇ ਦੂਜਾ ਸਰਸਾ ਨਦੀ ਬਾਰਸ਼ਾਂ ਕਰਕੇ ਚੜ੍ਹੀ ਹੋਈ ਸੀ। ਸਿੱਖ ਫ਼ੌਜਾਂ ਨੇ ਡਟ ਕੇ ਦੁਸ਼ਮਣ ਦਾ ਟਾਕਰਾ ਕੀਤਾ। ਇਥੇ ਹੀ ਸਤਿਗੁਰਾਂ ਦਾ ਪਰਿਵਾਰ ਵਿਛੋੜਾ ਹੋਇਆ। ਬਹੁਤ ਸਾਰਾ ਧਾਰਮਿਕ ਸਾਹਿਤ ਵੀ ਸਰਸਾ ਵਿਚ ਰੁੜ੍ਹ ਗਿਆ। ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਇਕ ਪਾਸੇ ਚਲੇ ਗਏ ਜੋ ਸੂਬਾ ਸਰਹਿੰਦ ਨੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਅਤੇ ਮਾਤਾ ਗੁਜਰੀ ਜੀ ਵੀ ਸਰਹਿੰਦ ਵਿਖੇ ਜੋਤੀ ਜੋਤ ਸਮਾ ਗਏ। ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਦੇ ਸਾਥ ਦਿੱਲੀ ਵੱਲ ਚਲੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਸਤਿਗੁਰਾਂ ਦੇ ਨਾਲ ਤੇ ਚਾਲੀ ਦੇ ਕਰੀਬ ਸਿੰਘ ਚਮਕੌਰ ਸਾਹਿਬ ਪਹੁੰਚੇ। ਇਥੇ ਚਮਕੌਰ ਦੀ ਗੜ੍ਹੀ ਵਿਚ ਅਸਾਵੀਂ ਜੰਗ ਹੋਈ। ਲੱਖਾਂ ਦੀ ਗਿਣਤੀ ਵਿਚ ਦੁਸ਼ਮਣ ਦੀਆਂ ਫ਼ੌਜਾਂ ਤੇ ਅੱਗੋਂ ਚਾਲੀ ਭੁੱਖਣ ਭਾਣੇ ਸਿੰਘ ਸਨ। ਇਥੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ। ਰਾਤ ਦੇ ਸਮੇਂ ਮੁਗ਼ਲ ਫ਼ੌਜ ਨੂੰ ਵੰਗਾਰਦੇ ਹੋਏ ਗੁਰੂ ਜੀ ਗੜ੍ਹੀ ’ਚੋਂ ਚਲੇ ਗਏ। ਨਾਲ ਹੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ

ਜੀ ਗੜ੍ਹੀ ਵਿਚੋਂ ਵਖ-ਵਖ ਦਿਸ਼ਾਵਾਂ ਤੋਂ ਚੱਲ ਕੇ ਮਾਛੀਵਾੜੇ ਜਾ ਕੇ ਸਤਿਗੁਰਾਂ ਨੂੰ ਮਿਲੇ। ਚਮਕੌਰ ਦੀ ਜੰਗ ਵਿਚ ਮੁਗ਼ਲਾਂ ਦੀ ਹਾਰ ਹੋਈ, ਕਿਉਂਕਿ ਉਹ ਲੱਖਾਂ ਦੀ ਗਿਣਤੀ ਵਿਚ ਹੁੰਦਿਆਂ ਵੀ ਸਤਿਗੁਰਾਂ ਨੂੰ ਪਕੜ ਨਹੀਂ ਸਕੇ ਜੋ ਉਹਨਾਂ ਦੀ ਨੀਤੀ ਸੀ। ਮਾਛੀਵਾੜੇ ਦੇ ਜੰਗਲ ਵਿਚ ਹੀ ਗੁਰੂ ਜੀ ਨੇ ਪ੍ਰਭੂ ਦੀ ਯਾਦ ਵਿਚ ਇਹ ਮੋਹ ਭਰਿਆ ਸ਼ਬਦ, ''ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ'' ਉਚਾਰਨ ਕੀਤਾ।

ਚਮਕੌਰ ਦੀ ਜੰਗ ਨੂੰ ਹਾਰ ਮੰਨ ਕੇ ਮੁਗ਼ਲ ਸਰਕਾਰ ਬੁਖਲਾ ਗਈ। ਇਲਾਕੇ ਵਿਚ ਡੌਂਡੀ ਪਿਟਾਈ ਗਈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਪਨਾਹ ਦੇਣ ਵਾਲੇ ਨੂੰ ਸਜ਼ਾ ਤੇ ਫੜਾਉਣ ਵਾਲੇ ਨੂੰ ਇਨਾਮ ਦਿੱਤੇ ਜਾਣਗੇ। ਫ਼ੌਜੀ ਦਸਤੇ ਭਾਲ ਕਰਨ ਲੱਗੇ। ਮਾਛੀਵਾੜੇ ਤੋਂ ਨਬੀ ਖ਼ਾਂ ਤੇ ਗਨੀ ਖ਼ਾਂ ਦੋ ਪਠਾਣਾਂ ਨੇ ਗੁਰੂ ਜੀ ਨੂੰ ਉਚ ਦਾ ਪੀਰ ਬਣਾ ਕੇ ਆਲਮਗੀਰ ਤਕ ਸੇਵਾ ਨਿਭਾਈ। ਗੁਰੂ ਜੀ ਤਿੰਨਾਂ ਸਿੰਘਾਂ ਸਮੇਤ ਦੀਨੇ ਤਕ ਜਾ ਪਹੁੰਚੇ। ਮਾਲਵੇ ਵਿਚ ਜਿੱਥੇ ਗੁਰਦੁਆਰਾ 'ਜ਼ਫ਼ਰਨਾਮਾ' ਸਾਹਿਬ ਹੈ। ਇਹ ਜ਼ਮੀਨ ਕਾਂਗੜ ਪਿੰਡ ਦੀ ਸੀ। ਸਤਿਗੁਰਾਂ ਦੀ ਕਲਮ ਵਿਚ ਤੇਗ ਵਰਗੀ ਸ਼ਕਤੀ ਸੀ। ਆਪ ਜੀ ਨੇ ਔਰੰਗਜ਼ੇਬ ਬਾਦਸ਼ਾਹ ਵੱਲ ਫ਼ਾਰਸੀ ਵਿਚ ਇਕ ਚਿੱਠੀ ਲਿਖੀ, ਜਿਸ ਦਾ ਨਾਮ 'ਜ਼ਫ਼ਰਨਾਮਾ' ਰੱਖਿਆ। ਜ਼ਫ਼ਰ ਤੋਂ ਭਾਵ ਜਿੱਤ ਤੇ ਨਾਮਾ ਤੋਂ ਭਾਵ ਚਿੱਠੀ। ਇਸ ਨੂੰ ਫ਼ਤਹਿ ਦਾ ਖ਼ਤ ਜਾਂ ਜਿੱਤ ਦੀ ਚਿੱਠੀ ਕਿਹਾ ਜਾਂਦਾ ਹੈ। ਇਸ ਵਿਚ ਸਤਿਗੁਰਾਂ ਨੇ ਪਹਾੜੀ ਹਿੰਦੂ ਰਾਜਿਆਂ ਤੇ ਔਰੰਗਜ਼ੇਬ ਦੇ ਜਰਨੈਲਾਂ ਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਦਾ ਖੁੱਲ੍ਹ ਕੇ ਜ਼ਿਕਰ ਕੀਤਾ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ, ਸਿੱਖਾਂ ਦੀ ਚੜ੍ਹਦੀ ਕਲਾ ਤੇ ਔਰੰਗਜ਼ੇਬ ਨੂੰ ਸਖ਼ਤ ਸ਼ਬਦਾਂ ਵਿਚ ਫਿਟਕਾਰਾਂ ਪਾਈਆਂ। ਭਾਈ ਦਇਆ ਸਿੰਘ ਜੀ ਇਹ ਖ਼ਤ ਔਰੰਗਜ਼ੇਬ ਨੂੰ ਦੱਖਣ ਵਿਚ ਪੁਚਾ ਕੇ ਆਏ। ਔਰੰਗਜ਼ੇਬ ਇਹ ਜ਼ਫ਼ਰਨਾਮਾ ਪੜ੍ਹ ਕੇ ਆਪਣੇ ਪਾਪਾਂ ਦਾ ਪਸ਼ਚਾਤਾਪ ਕਰਦਾ ਹੋਇਆ ਮਰ ਗਿਆ।

ਪਿੰਡ ਦੀਨੇ ਤੋਂ ਸੰਗਤਾਂ ਨੂੰ ਖ਼ਬਰਾਂ ਮਿਲੀਆਂ ਕਿ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਵਿਚ ਹਨ। ਵੈਰਾਗ ਵਿਚ ਵਹੀਰਾਂ ਘੱਤ ਕੇ ਸੰਗਤਾਂ ਦਰਸ਼ਨਾਂ ਲਈ ਉਮਡ ਪਈਆਂ। ਰਿਆਸਤ ਫਰੀਦਕੋਟ ਦੇ ਪਿੰਡ ਮਹਿਮਾ ਸਰਜਾ ਤੋਂ ਇਕ ਮੀਲ ਤੇ ਹੁਣ ਗੁਰਦੁਆਰਾ ਹੈ, ਜਿਸ ਨੂੰ ਸਤਿਗੁਰਾਂ 'ਲੱਖੀ ਜੰਗਲ' ਦੀ ਪਦਵੀ ਦਿੱਤੀ। ਸਤਿਗੁਰਾਂ ਸ਼ਬਦ ਉਚਾਰਿਆ :

***ਲੱਖੀ ਜੰਗਲ ਖਾਲਸਾ, ਆਇ ਦੀਦਾਰ ਕੀਤੋ ਨੇ।***

ਫਿਰ ਖ਼ਾਲਸਾ ਪੰਥ ਇਕੱਠਾ ਹੋਇਆ। ਉਧਰ ਮੁਗ਼ਲ ਫ਼ੌਜਾਂ ਵੀ ਸਤਿਗੁਰਾਂ ਦੀ ਭਾਲ ਵਿਚ ਸਨ।

ਮੁਗ਼ਲ ਸੈਨਾ ਤੇ ਗੁਰੂ ਜੀ ਦਾ ਅੰਤਲਾ ਯੁੱਧ ਵੈਸਾਖ ਦੇ ਮਹੀਨੇ 1705 ਈ. ਨੂੰ ਖਿਦਰਾਣੇ ਦੀ ਢਾਬ 'ਤੇ ਹੋਇਆ। ਇਸ ਦਾ ਨਾਉਂ ਹੁਣ ਮੁਕਤਸਰ ਸਾਹਿਬ ਹੈ। ਇਥੇ ਹੀ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇਣ ਵਾਲੇ ਚਾਲੀ ਸਿੰਘ, ਮਾਈ ਭਾਗੋ ਜੀ ਦੀ ਪ੍ਰੇਰਨਾ

ਨਾਲ ਵਾਪਸ ਆਏ ਤੇ ਇੱਥੇ ਸ਼ਹੀਦ ਹੋਏ। ਇੱਥੇ ਹੀ ਭਾਈ ਮਹਾਂ ਸਿੰਘ ਜੀ ਦੀ ਬੇਨਤੀ 'ਤੇ ਸਤਿਗੁਰਾਂ ਨੇ ਬੇਦਾਵੇ ਦਾ ਕਾਗਜ਼ ਫਾੜ ਕੇ ਟੁੱਟੀ ਪ੍ਰੀਤ ਗੰਢੀ ਸੀ। ਇੱਥੇ ਸਿੱਖ ਯੋਧੇ ਬਹੁਤ ਬਹਾਦਰੀ ਨਾਲ ਲੜੇ ਅਤੇ ਵਜ਼ੀਰ ਖ਼ਾਂ ਦੀਆਂ ਫ਼ੌਜਾਂ ਸਤਿਗੁਰਾਂ ਤੋਂ ਹਾਰ ਖਾ ਕੇ ਵਾਪਸ ਪਰਤ ਗਈਆਂ।

ਤਤਸਾਰ ਵਜੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੇ ਯੁੱਧਾਂ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਇਹਨਾਂ ਯੁੱਧਾਂ ਵਿਚ ਨਿੱਜੀ ਹਿੱਤ ਨਹੀਂ ਸਨ। ਇਹ ਮਨੁੱਖੀ ਅਧਿਕਾਰਾਂ ਦੀ ਰਾਖੀ, ਸਵੈ ਮਾਣ ਅਤੇ ਜ਼ੁਲਮ ਦੇ ਵਿਰੋਧ ਵਿਚ ਇਕ ਉਦੇਸ਼ ਸੀ। ਆਪ ਜੀ ਨੇ ਦੇਸ਼ ਵਾਸੀਆਂ ਦੇ ਮਨਾਂ ਵਿਚ ਇਹ ਵਿਚਾਰ ਪੈਦਾ ਕੀਤਾ ਕਿ ਊਚ ਨੀਚ ਤੇ ਜਾਤ ਪਾਤ ਦੇ ਭਰਮਾਂ ਤੋਂ ਉੱਪਰ ਉਠੋ ਤੇ ਤੁਸੀਂ ਸਭ ਬਰਾਬਰ ਹੋ। ਚੁੱਪ ਚਾਪ ਡਰਪੋਕ ਬਣ ਕੇ ਕਿਸੇ ਦਾ ਜ਼ੁਲਮ ਸਹਿਣ ਨਾਲੋਂ ਹਿੰਮਤ ਤੇ ਅਣਖ ਨਾਲ ਜੀਓ। ਸਤਿਗੁਰਾਂ ਦੇ ਬਚਨ ਸਨ :

***ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮਹਿ ਜੁਧੁ ਬਿਚਾਰੈ।***

ਉਹ ਧੰਨ ਹਨ ਜਿਹਨਾਂ ਦੇ ਮੁਖ 'ਤੇ ਪ੍ਰਭੂ ਦਾ ਨਾਮ ਅਤੇ ਚਿੱਤ ਵਿਚ ਜਬਰ-ਜ਼ੁਲਮ ਤੇ ਵਿਕਾਰਾਂ ਦੇ ਵਿਰੁੱਧ ਜੂਝਣ ਦਾ ਚਾਅ ਹੈ।

ਗੁਰੂ ਜੀ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦਾ ਸੰਦੇਸ਼ ਦੇਣ ਵਾਲੇ ਅਤੇ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦੀ ਭਾਵਨਾ ਨੂੰ ਪ੍ਰਚਾਰਨ ਵਾਲੇ ਮਹਾਨ ਅਧਿਆਤਮਵਾਦੀ ਸਨ। ਇਸੇ ਲਈ ਕਿਸੇ ਵੀ ਯੁੱਧ ਵਿਚ ਉਹਨਾਂ ਦੀ ਹਾਰ ਨਹੀਂ ਹੋਈ, ਕਿਉਂਕਿ ਉਹਨਾਂ ਦਾ ਮਿਸ਼ਨ ਕਿਸੇ ਧਰਤੀ ਉੱਪਰ ਕਬਜ਼ਾ ਕਰਨਾ ਨਹੀਂ ਸੀ, ਸਗੋਂ ਧਰਮ ਚਲਾਵਨ ਸੰਤ ਉਬਾਰਨ ਸੀ।

### (ਹ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਮਦਮਾ ਸਾਹਿਬ ਨਿਵਾਸ, ਦੱਖਣ ਯਾਤਰਾ ਤੇ ਜੋਤੀ ਜੋਤ :

ਮੁਕਤਸਰ ਦੇ ਯੁੱਧ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਦੇ ਇਲਾਕੇ ਨੂੰ ਤਾਰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਇਸ ਸਥਾਨ 'ਤੇ ਗੁਰੂ ਜੀ ਨੇ ਤਕਰੀਬਨ ਸਵਾ ਨੌਂ ਮਹੀਨੇ ਨਿਵਾਸ ਕੀਤਾ। ਇਥੇ ਅੰਮ੍ਰਿਤ ਸੰਚਾਰ ਹੋਇਆ ਤੇ ਬੇਅੰਤ ਸਿੰਘ ਸਿੰਘਣੀਆਂ ਗੁਰੂ ਵਾਲੇ ਬਣੇ। ਸੰਗਤਾਂ ਦੂਰੋਂ-ਦੂਰੋਂ ਵਹੀਰਾਂ ਘੱਤ ਕੇ ਦਰਸ਼ਨਾਂ ਲਈ ਆਉਂਦੀਆਂ ਤੇ ਰੋਜ਼ਾਨਾ ਦੀਵਾਨ ਸੱਜਣ ਲੱਗੇ।

ਇਕ ਦਿਨ ਦੀਵਾਨ ਸੱਜਿਆ ਸੀ ਕਿ ਭਾਈ ਡੱਲੇ ਨੇ ਕਿਹਾ, ਗੁਰੂ ਜੀ ! ਜੇ ਕਰ ਤੁਸੀਂ ਯੁੱਧ ਸਮੇਂ ਮੈਨੂੰ ਤੇ ਮੇਰੇ ਸਾਥੀਆਂ ਨੂੰ ਯਾਦ ਕਰਦੇ ਤਾਂ ਅਸੀਂ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ। ਸਤਿਗੁਰਾਂ ਨੇ ਡੱਲੇ ਦਾ ਹੰਕਾਰ ਦੂਰ ਕਰਨ ਲਈ ਇਕ ਬੰਦੂਕ ਮੰਗਵਾਈ ਤੇ ਕਹਿਣ ਲੱਗੇ, ਡੱਲਿਆ ! ਇਸ ਦਾ ਨਿਸ਼ਾਨਾ ਪਰਖਣ ਲਈ ਤੇਰਾ ਇਕ ਜਵਾਨ ਚਾਹੀਦਾ ਹੈ। ਡੱਲਾ ਤੇ ਉਸ ਦੇ ਸਾਥੀ ਚੁੱਪ ਹੋ ਗਏ। ਕੋਈ ਵੀ ਅੱਗੇ ਨਾ ਆਇਆ। ਫਿਰ ਸਤਿਗੁਰਾਂ ਨੇ ਆਪਣੇ ਸਿੱਖਾਂ ਵੱਲ ਇਸ਼ਾਰਾ ਕੀਤਾ ਤਾਂ ਭਾਈ ਬੀਰ ਸਿੰਘ ਤੇ ਧੀਰ ਸਿੰਘ ਦੋਨੋਂ ਪਿਓ ਪੁੱਤ

ਛਾਤੀਆਂ ਤਾਣ ਕੇ ਖੜ੍ਹੋ ਗਏ। ਬਹਿਸ ਵੀ ਕਰ ਰਹੇ ਸਨ ਕਿ ਸਤਿਗੁਰਾਂ ਦੀ ਅਵਾਜ਼ ਪਹਿਲਾਂ ਮੈਨੂੰ ਸੁਣੀ ਸੀ...। ਗੁਰੂ ਜੀ ਨੇ ਨਿਸ਼ਾਨਾ ਲਾਇਆ ਤਾਂ ਗੋਲੀ ਦੋਨਾਂ ਦੇ ਸਿਰ ਉੱਪਰੋਂ ਸ਼ਾਂ ਕਰਦੀ ਲੰਘ ਗਈ। ਸਿੰਘਾਂ ਦਾ ਸਿਦਕ ਤੇ ਗੁਰੂ ਭਰੋਸਾ ਵੇਖ ਕੇ ਭਾਈ ਡੱਲਾ ਤੇ ਉਸ ਦੇ ਸਾਥੀ ਦੰਗ ਰਹਿ ਗਏ।

ਇਹਨੀਂ ਦਿਨੀਂ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਦੇ ਸਾਥ ਦਿੱਲੀ ਤੋਂ ਦਮਦਮਾ ਸਾਹਿਬ ਦਰਸ਼ਨ ਲਈ ਆਏ। ਭਾਵੇਂ ਉਹਨਾਂ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਮਿਲ ਗਈ ਸੀ, ਪਰ ਫਿਰ ਵੀ ਮਾਂ ਦਾ ਮੋਹ ਕਿ ਵਿਸ਼ਵਾਸ ਨਹੀਂ ਆ ਰਿਹਾ ਸੀ। ਭਰੀ ਸੰਗਤ ਵਿਚ ਮਾਤਾ ਸੁੰਦਰੀ ਜੀ ਨੇ ਦੂਰ ਤਕ ਨੀਝ ਨਾਲ ਵੇਖਿਆ। ਜਦ ਚਾਰੇ ਪੁੱਤਰ ਨਜ਼ਰ ਨਾ ਆਏ ਤਾਂ ਪੁੱਛਿਆ, ਸਤਿਗੁਰੂ ਜੀ ! ਮੇਰੇ ਚਾਰੇ ਲਾਲ ਕਿੱਥੇ ਹਨ ? ਗੁਰੂ ਜੀ ਨੇ ਧੀਰਜ ਦਿੱਤਾ ਤੇ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਫ਼ੁਰਮਾਇਆ ਕਿ ਇਹ ਸਾਰਾ ਖ਼ਾਲਸਾ ਤੁਹਾਡਾ ਨਾਦੀ ਪੁੱਤਰ ਹੈ ਅਤੇ ਇਸ ਨੂੰ ਅਸੀਂ ਉਹਨਾਂ ਬਿੰਦੀ ਪੁੱਤਰਾਂ ਦੀ ਰੱਤ ਨਾਲ ਪਾਲ਼ਿਆ ਹੈ। ਇਕ ਕਵੀ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਸਿੰਘਾਂ ਵੱਲ ਇਸ਼ਾਰਾ ਕਰਕੇ ਕਿਹਾ :

***ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ॥***
***ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜਾਰ॥***

ਦਮਦਮਾ ਸਾਹਿਬ ਵਿਖੇ ਹੀ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਅਨੁਭਵ ਪ੍ਰਕਾਸ਼ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ। ਇਸ ਵਿਚ ਨੌਂਵੇਂ ਪਾਤਸ਼ਾਹ ਜੀ ਦੀ ਬਾਣੀ ਦਰਜ ਕੀਤੀ। ਇਸ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਇਸੇ ਬੀੜ ਨੂੰ ਸਤਿਗੁਰਾਂ ਨੇ ਨਾਦੇੜ ਵਿਖੇ ਗੁਰਤਾ ਗੱਦੀ ਬਖ਼ਸ਼ੀ। ਇਸੇ ਸਰੂਪ ਦਾ ਪ੍ਰਕਾਸ਼ ਹੀ ਅੱਜ ਸਾਡੇ ਸਮੂਹ ਗੁਰੂ ਘਰਾਂ ਵਿਚ ਹੁੰਦਾ ਹੈ।

ਦਮਦਮਾ ਸਾਹਿਬ ਨੂੰ ਸਤਿਗੁਰਾਂ ਨੇ ਗੁਰੂ ਕੀ ਕਾਂਸ਼ੀ ਭਾਵ ਵਿਦਿਅਕ ਟਕਸਾਲ ਹੋਣ ਦਾ ਵਰ ਦਿੱਤਾ। ਇਕ ਦਿਨ ਇਥੇ ਸਤਿਗੁਰਾਂ ਨੇ ਕੁਝ ਕਲਮਾਂ ਘੜ ਕੇ ਸਰੋਵਰ ਵਿਚ ਸੁੱਟੀਆਂ ਤਾਂ ਸਿੰਘਾਂ ਨੇ ਬੇਨਤੀ ਕੀਤੀ ਕਿ ਗੁਰੂ ਜੀ ! ਇਥੇ ਕਲਮਾਂ ਕਿਉਂ ਸੁੱਟੀਆਂ ? ਅੱਗੋਂ ਗੁਰੂ ਜੀ ਨੇ ਫ਼ੁਰਮਾਇਆ ਕਿ ਸਾਡਾ ਕੋਈ ਵੀ ਸਿੱਖ ਅਨਪੜ੍ਹ ਨਾ ਰਹੇ। ਉਸ ਨੂੰ ਲਿਖਣਾ ਪੜ੍ਹਨਾ ਜ਼ਰੂਰ ਆਉਣਾ ਚਾਹੀਦਾ ਹੈ। ਇਸ ਸਥਾਨ 'ਤੇ ਸਰੋਵਰ 'ਲਿਖਣਸਰ ਸਾਹਿਬ' ਹੈ। ਵਰਤਮਾਨ ਸਮੇਂ ਵਿਚ ਵੱਡੀ ਪੱਧਰ 'ਤੇ ਵਿਦਿਆਰਥੀ ਇਥੇ ਗੁਰਮੁਖੀ ਦੇ ਅੱਖਰ ਲਿਖ ਕੇ ਸਤਿਗੁਰਾਂ ਦੀ ਬਖ਼ਸ਼ਿਸ਼ ਦੇ ਪਾਤਰ ਬਣਦੇ ਹਨ।

ਤਕਰੀਬਨ ਸਵਾ ਨੌਂ ਮਹੀਨੇ ਦਮਦਮਾ ਸਾਹਿਬ ਨਿਵਾਸ ਕਰਨ ਤੋਂ ਬਾਅਦ ਗੁਰੂ ਜੀ ਨੇ ਅਕਤੂਬਰ 1706 ਈ. ਵਿਚ ਦੱਖਣ ਵੱਲ ਜਾਣ ਦੀ ਤਿਆਰੀ ਕੀਤੀ। ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਨੂੰ ਸਤਿਗੁਰਾਂ ਨੇ ਭਾਈ ਮਨੀ ਸਿੰਘ ਜੀ ਦੇ ਸਾਥ ਫਿਰ ਦਿੱਲੀ

ਵੱਲ ਭੇਜ ਦਿੱਤਾ। ਉਧਰ ਦੱਖਣ ਵਿਚ ਔਰੰਗਜ਼ੇਬ ਨੂੰ ਸਤਿਗੁਰਾਂ ਦਾ ਭੇਜਿਆ ਹੋਇਆ ਜ਼ਫ਼ਰਨਾਮਾ ਵੀ ਮਿਲ ਗਿਆ। ਭਾਵੇਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਮਿਲਣ ਦੀ ਖਾਹਸ਼ ਪ੍ਰਗਟ ਕੀਤੀ, ਪਰ ਜ਼ਫ਼ਰਨਾਮਾ ਪੜ੍ਹ ਕੇ ਆਪਣੇ ਪਾਪਾਂ ਦਾ ਪਸ਼ਚਾਤਾਪ ਕਰਦਾ ਹੋਇਆ, ਔਰੰਗਜ਼ੇਬ ਮਾਰਚ 1707 ਈ. ਵਿਚ ਮਰ ਗਿਆ। ਉਸ ਦੇ ਪੁੱਤਰਾਂ ਵਿਚ ਗੱਦੀ ਲਈ ਘਰੇਲੂ ਜੰਗ ਸ਼ੁਰੂ ਹੋ ਗਈ। ਇਹਨਾਂ ਵਿਚੋਂ ਬਹਾਦਰ ਸ਼ਾਹ ਨੇ ਭਾਈ ਨੰਦ ਲਾਲ ਰਾਹੀਂ ਗੁਰੂ ਜੀ ਤੋਂ ਸਹਾਇਤਾ ਮੰਗੀ। ਦਸਮ ਪਾਤਸ਼ਾਹ ਤੇ ਬਹਾਦਰ ਸ਼ਾਹ ਦੀ ਪਹਿਲੀ ਮੁਲਾਕਾਤ ਜੁਲਾਈ 1707 ਈ. ਨੂੰ ਆਗਰਾ ਵਿਖੇ ਹੋਈ। ਗੁਰੂ ਜੀ ਨੇ ਬਹਾਦਰ ਸ਼ਾਹ ਦੀ ਬੇਨਤੀ ਮੰਨ ਕੇ ਉਸ ਦੀ ਮਦਦ ਕੀਤੀ ਤੇ ਉਸ ਦੀ ਜਿੱਤ ਹੋਈ।

ਅਪ੍ਰੈਲ 1708 ਈ. ਨੂੰ ਗੁਰੂ ਜੀ ਆਗਰੇ ਤੋਂ ਧੌਲਪੁਰ, ਅਜਮੇਰ, ਚਿਤੌੜਗੜ੍ਹ, ਉਜੈਨ ਆਦਿਕ ਨਗਰਾਂ ਤੋਂ ਹੁੰਦੇ ਹੋਏ ਨਰਬਦਾ ਦੇ ਕੰਢੇ ਪਹੁੰਚੇ। ਗੁਰੂ ਜੀ 17 ਮਈ 1708 ਈ. ਨੂੰ ਨਰਬਦਾ ਤੋਂ ਪਾਰ ਲੰਘੇ। ਉਸ ਸਮੇਂ ਬਹਾਦਰ ਸ਼ਾਹ ਵੀ ਨਾਲ ਸੀ। ਫਿਰ ਬੁਰਹਾਨਪੁਰ ਤੇ ਹਿੰਗੋਲੀ ਤੋਂ ਹੁੰਦੇ ਗੁਰੂ ਜੀ ਸਹਿਜੇ ਸਹਿਜੇ ਜੁਲਾਈ 1708 ਈ. ਨੂੰ ਨਾਂਦੇੜ ਪਹੁੰਚੇ। ਇਥੇ ਗੋਦਾਵਰੀ ਦੇ ਕੰਢੇ ਡੇਰਾ ਕੀਤਾ। ਇਥੇ ਹੀ ਗੁਰੂ ਜੀ ਮਾਧੋ ਦਾਸ ਬੈਰਾਗੀ ਨੂੰ ਮਿਲੇ ਤੇ ਮਾਧੋ ਦਾਸ ਬੈਰਾਗੀ ਨੇ ਚਰਨਾਂ 'ਤੇ ਨਮਸਕਾਰ ਕਰਕੇ ਕਿਹਾ ਕਿ ਸਤਿਗੁਰੂ ! ਮੈਂ ਤੁਹਾਡਾ ਹੀ ਬੰਦਾ ਹਾਂ। ਗੁਰੂ ਜੀ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਨਾਮ ਗੁਰਬਖਸ਼ ਸਿੰਘ ਰੱਖਿਆ, ਪਰ ਉਹਨਾਂ ਦਾ ਨਾਉਂ ਬਾਬਾ ਬੰਦਾ ਸਿੰਘ ਹੀ ਪ੍ਰਚੱਲਤ ਰਿਹਾ। ਬਾਬਾ ਬੰਦਾ ਸਿੰਘ ਜੀ ਨੂੰ ਪੰਜਾਬ ਦੇ ਹਾਲਾਤਾਂ ਤੇ ਹਕੂਮਤ ਦੇ ਜ਼ੁਲਮਾਂ ਤੋਂ ਜਾਣੂੰ ਕਰਵਾਇਆ। ਸਾਕਾ ਸਰਹਿੰਦ ਤੇ ਚਮਕੌਰ ਦੀ ਗੜ੍ਹੀ ਦਾ ਇਤਿਹਾਸ ਸੁਣ ਕੇ ਬਾਬਾ ਬੰਦਾ ਸਿੰਘ ਦੇ ਨੇਤਰਾਂ ਵਿਚੋਂ ਆਪ ਮੁਹਾਰੇ ਮੋਹ ਦੇ ਅੱਥਰੂ ਵਹਿ ਤੁਰੇ। ਜਾਬਰਾਂ ਤੇ ਜ਼ਾਲਮਾਂ ਨੂੰ ਸੋਧਣ ਵਾਸਤੇ ਗੁਰੂ ਜੀ ਨੇ ਬਾਬਾ ਬੰਦਾ ਸਿੰਘ ਜੀ ਨੂੰ ਪੰਜ ਤੀਰ, ਨਿਸ਼ਾਨ ਸਾਹਿਬ ਤੇ ਇਕ ਨਗਾਰਾ ਬਖ਼ਸ਼ਿਆ। ਗੁਰੂ ਜੀ ਨੇ ਨਾਲ ਪੰਜ ਮੁੱਖੀ ਸਿੱਖ ਭੇਜੇ ਅਤੇ ਸੰਗਤਾਂ ਦੇ ਨਾਂ ਹੁਕਮਨਾਮੇ ਭੇਜੇ ਕਿ ਉਹ ਬਾਬਾ ਬੰਦਾ ਸਿੰਘ ਦੀ ਸਹਾਇਤਾ ਕਰਨ। ਬਾਬਾ ਬੰਦਾ ਸਿੰਘ ਜੀ ਨੇ ਪੰਜਾਬ ਵਿਚ ਚੁਣ ਚੁਣ ਕੇ ਗੁਰੂ ਘਰ ਦੇ ਦੋਖੀਆਂ ਤੇ ਜ਼ਾਲਮਾਂ ਨੂੰ ਸੋਧਿਆ ਅਤੇ ਖ਼ਾਲਸਾ ਰਾਜ ਦੇ ਝੰਡੇ ਝੁਲਾਏ।

ਦੂਜੇ ਪਾਸੇ ਜੂਨ 1707 ਈ. ਨੂੰ ਬਹਾਦਰ ਸ਼ਾਹ ਆਪਣੇ ਛੋਟੇ ਭਰਾ ਨੂੰ ਮਾਰ ਕੇ ਹਿੰਦੁਸਤਾਨ ਦੇ ਤਖ਼ਤ 'ਤੇ ਬੈਠਾ ਸੀ। ਉਸ ਲੜਾਈ ਵਿਚ ਦਸਮ ਪਾਤਸ਼ਾਹ ਜੀ ਨੇ ਉਸ ਦੀ ਮਦਦ ਕੀਤੀ ਸੀ। ਬਹਾਦਰ ਸ਼ਾਹ ਦਸਮ ਪਾਤਸ਼ਾਹ ਜੀ ਦਾ ਬਹੁਤ ਸਤਿਕਾਰ ਕਰਨ ਲੱਗ ਪਿਆ। ਇਹ ਦੇਖ ਕੇ ਸੂਬਾ ਸਰਹਿੰਦ ਆਪਣੇ ਪਾਪਾਂ ਤੋਂ ਕੰਬ ਉਠਿਆ, ਕਿਉਂਕਿ ਉਸ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਾ ਕੇ ਸ਼ਹੀਦ ਕੀਤਾ ਸੀ। ਉਸ ਨੂੰ ਡਰ ਹੋਇਆ ਕਿ ਬਹਾਦਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਿੱਤਰਤਾ ਹੋ ਗਈ ਹੈ ਤੇ ਹੁਣ ਮੇਰੀ ਖੈਰ ਨਹੀਂ। ਉਸ ਨੇ ਦੋ ਪਠਾਣਾਂ ਨੂੰ ਗੁਰੂ ਜੀ ਦਾ ਕਤਲ ਕਰ ਦੇਣ ਲਈ ਭੇਜਿਆ। ਇਹ ਦੋਨੋਂ ਪਠਾਣ ਵੀ ਨਾਂਦੇੜ ਪਹੁੰਚ ਗਏ। ਉਥੇ ਸੰਗਤ ਕਰਦੇ ਰਹੇ। ਇਕ ਦਿਨ ਸ਼ਾਮ

ਵੇਲੇ ਰਹਰਾਸਿ ਦੇ ਪਾਠ ਤੋਂ ਬਾਅਦ ਜਦ ਗੁਰੂ ਜੀ ਆਪਣੇ ਤੰਬੂ ਵਿਚ ਲੇਟੇ ਹੋਏ ਸਨ ਤਾਂ ਮੌਕਾ ਵੇਖ ਕੇ ਇਕ ਪਠਾਣ ਨੇ ਖ਼ੰਜਰ ਨਾਲ ਗੁਰੂ ਜੀ 'ਤੇ ਵਾਰ ਕਰ ਦਿੱਤਾ। ਸੰਤ ਸਿਪਾਹੀ ਸਤਿਗੁਰਾਂ ਨੇ ਆਪਣੀ ਤੇਗ਼ ਨਾਲ ਉਸ ਪਠਾਣ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ। ਦੂਜਾ ਪਠਾਣ ਦੌੜਨ ਲੱਗਾ ਤਾਂ ਬਾਹਰ ਸਿੰਘਾਂ ਨੇ ਤਲਵਾਰ ਭੇਟ ਕਰ ਦਿੱਤਾ। ਮਰਦੇ-ਮਰਦੇ ਇਹ ਪਠਾਣ ਦੱਸ ਗਏ ਕਿ ਉਹਨਾਂ ਨੂੰ ਵਜ਼ੀਰ ਖ਼ਾਂ ਸੂਬਾ ਸਰਹੰਦ ਨੇ ਭੇਜਿਆ ਸੀ।

ਖ਼ੰਜਰ ਦਾ ਜ਼ਖ਼ਮ ਗੁਰੂ ਜੀ ਦੇ ਪੇਟ ਉੱਪਰ ਹੋਇਆ ਸੀ। ਇਕ ਜਰਾਹ (ਸਰਜਨ) ਨੇ ਜ਼ਖ਼ਮ ਧੋ ਕੇ ਸਿਉਂ ਦਿੱਤੇ ਤੇ ਮਲ੍ਹਮ ਪੱਟੀ ਕਰ ਦਿੱਤੀ। ਜ਼ਖ਼ਮ ਕਾਫੀ ਠੀਕ ਹੋ ਗਏ, ਪਰ ਇਕ ਦਿਨ ਕਮਾਨ 'ਤੇ ਚਿੱਲਾ (ਕਮਾਨ ਦਾ ਡੋਰਾ) ਚੜ੍ਹਾਉਣ ਸਮੇਂ ਟਾਂਕੇ ਟੁੱਟ ਗਏ। ਸਤਿਗੁਰਾਂ ਨੇ ਅਨੁਭਵ ਕੀਤਾ ਕਿ ਸਾਡਾ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਗੁਰੂ ਜੀ ਨੇ ਦੀਵਾਨ ਸਜਾਇਆ, ਸੰਗਤਾਂ ਇਕੱਤਰ ਹੋ ਗਈਆਂ। ਸਤਿਗੁਰਾਂ ਨੇ ਭਰੀ ਸੰਗਤ ਨੂੰ ਹੁਕਮ ਕੀਤਾ ਕਿ ਅੱਜ ਤੋਂ ਸ਼ਖ਼ਸੀ ਗੁਰਿਆਈ ਖ਼ਤਮ ਕੀਤੀ ਜਾਂਦੀ ਹੈ ਅਤੇ ਸਿੱਖ ਕੌਮ ਨੇ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਰੂਪ ਮੰਨਣਾ ਹੈ। ਅੱਜ ਤੋਂ ਬਾਅਦ ਕਿਸੇ ਵੀ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ। ਅੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ 7 ਅਕਤੂਬਰ 1708 ਈ. ਨੂੰ ਜੋਤੀ ਜੋਤ ਸਮਾ ਗਏ। ਨਾਂਦੇੜ ਵਿਖੇ ਜਿਥੇ ਗੁਰੂ ਜੀ ਜੋਤੀ ਜੋਤ ਸਮਾਏ ਉਸ ਅਸਥਾਨ ਦਾ ਨਾਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਹੈ। ਇਹ ਪੰਜ ਤਖ਼ਤਾਂ ਵਿਚੋਂ ਇਕ ਹੈ।

### *ਅਭਿਆਸ ਲਈ ਵੱਡੇ ਪ੍ਰਸ਼ਨ :—*

ਪ੍ਰਸ਼ਨ (ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼, ਬਾਲ ਅਵਸਥਾ ਤੇ ਗੁਰਿਆਈ ਦਾ ਇਤਿਹਾਸ ਵਰਨਣ ਕਰੋ।

ਪ੍ਰਸ਼ਨ (ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਾਉਂਟਾ ਸਾਹਿਬ ਦੀ ਸਥਾਪਨਾ ਬਾਰੇ ਜਾਣਕਾਰੀ ਦਿਓ।

ਪ੍ਰਸ਼ਨ (ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਇਤਿਹਾਸ ਵਿਚੋਂ 'ਖ਼ਾਲਸਾ ਪੰਥ ਦੀ ਸਿਰਜਨਾ' 'ਤੇ ਚਾਨਣਾ ਪਾਓ।

ਪ੍ਰਸ਼ਨ (ਸ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧਾਂ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ਹ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਮਦਮਾ ਸਾਹਿਬ ਨਿਵਾਸ, ਦੱਖਣ ਯਾਤਰਾ ਤੇ ਜੋਤੀ ਜੋਤ ਸਮਾਉਣ ਦਾ ਇਤਿਹਾਸ ਵਰਨਣ ਕਰੋ।

### *ਸੰਖੇਪ ਉਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਗੁਰੂ ਜੀ ਦਾ ਪ੍ਰਕਾਸ਼ 22 ਦਸੰਬਰ 1666 ਈ. ਨੂੰ ਪਟਨਾ ਸਾਹਿਬ ਵਿਖੇ ਹੋਇਆ।



* ਕਮਾਨ ਦਾ ਡੋਰਾ

ਇਹ ਅਸਥਾਨ ਸਿੱਖ ਪੰਥ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਹੈ।

ਪ੍ਰਸ਼ਨ 2 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ-ਪਿਤਾ ਜੀ ਦਾ ਨਾਮ ਦੱਸੋ।

ਉੱਤਰ : ਸਤਿਗੁਰਾਂ ਦੇ ਮਾਤਾ—ਮਾਤਾ ਗੁਜਰੀ ਜੀ ਅਤੇ ਪਿਤਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਸਨ।

ਪ੍ਰਸ਼ਨ 3 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ-ਕਥਾ ਦਾ ਨਾਮ ਕੀ ਹੈ ,

ਉੱਤਰ : ਗੁਰੂ ਜੀ ਦੀ ਆਤਮ ਕਥਾ ਦਾ ਨਾਂ ਬਚਿੱਤ੍ਰ ਨਾਟਕ ਹੈ। ਸੱਚਮੁੱਚ ਆਪ ਜੀ ਦਾ ਜੀਵਨ ਵਚਿੱਤਰ ਤੇ ਅਸਚਰਜ ਹੈ।

ਪ੍ਰਸ਼ਨ 4 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਗੁਰਤਾ ਗੱਦੀ 'ਤੇ ਬਿਰਾਜੇ ਤਾਂ ਉਹਨਾਂ ਨੂੰ ਕਿਹੜੀਆਂ ਤਿੰਨ ਤਾਕਤਾਂ ਨਾਲ ਟੱਕਰ ਲੈਣੀ ਪਈ ?

ਉੱਤਰ : ਇਕ ਤਾਂ ਔਰੰਗਜ਼ੇਬ ਬਾਦਸ਼ਾਹ ਸੀ, ਦੂਜਾ ਗੁਰੂ ਘਰ ਦੇ ਵਿਰੋਧੀ ਮੀਣੇ, ਧੀਰਮੱਲੀਏ ਤੇ ਰਾਮਰਾਈਏ ਸਨ ਅਤੇ ਤੀਜਾ ਪਹਾੜੀ ਹਿੰਦੂ ਰਾਜੇ ਜੋ ਗੁਰੂ ਘਰ ਦੇ ਸਰਬ ਸਾਂਝੀਵਾਲਤਾ ਦੇ ਉਪਦੇਸ਼ ਨੂੰ ਆਪਣੇ ਰਾਜਸੀ ਹਿੱਤਾਂ ਦੇ ਵਿਰੁੱਧ ਸਮਝਦੇ ਸਨ।

ਪ੍ਰਸ਼ਨ 5 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਨਾ ਕਦੋਂ ਕੀਤੀ ?

ਉੱਤਰ : ਗੁਰੂ ਜੀ ਨੇ 30 ਮਾਰਚ 1699 ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ, ਸ੍ਰੀ ਕੇਸਗੜ੍ਹ ਵਾਲੇ ਸਥਾਨ 'ਤੇ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ।

ਪ੍ਰਸ਼ਨ 6 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਰੇ ਤੁਸੀਂ ਕੀ ਜਾਣਦੇ ਹੋ ?

ਉੱਤਰ : ਸਤਿਗੁਰਾਂ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ। ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਜੀ ਸੂਬਾ ਸਰਹੰਦ ਨੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਾ ਦਿੱਤੇ।

ਪ੍ਰਸ਼ਨ 7 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਪਹਾੜੀ ਰਾਜਿਆਂ ਦਰਮਿਆਨ ਪਹਿਲਾ ਯੁੱਧ ਕਦੋਂ ਤੇ ਕਿਥੇ ਹੋਇਆ ?

ਉੱਤਰ : ਗੁਰੂ ਜੀ ਤੇ ਪਹਾੜੀ ਰਾਜਿਆਂ ਦਰਮਿਆਨ ਪਹਿਲਾ ਯੁੱਧ 1687 ਈ. ਨੂੰ ਪਾਉਂਟਾ ਸਾਹਿਬ ਤੋਂ ਛੇ ਮੀਲ ਦੂਰ ਭੰਗਾਣੀ ਨਾਉਂ ਦੇ ਸਥਾਨ 'ਤੇ ਹੋਇਆ। ਇਸ ਵਿਚ ਸਤਿਗੁਰਾਂ ਦੀ ਜਿੱਤ ਹੋਈ।

ਪ੍ਰਸ਼ਨ 8 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਅਨੰਦਪੁਰ ਸਾਹਿਬ ਕਿਲ੍ਹੇ ਬਣਵਾਏ, ਉਹਨਾਂ ਦੇ ਨਾਮ ਲਿਖੋ।

ਉੱਤਰ : ਸ੍ਰੀ ਅਨੰਦਪੁਰ ਸਾਹਿਬ ਦੇ ਪੰਜ ਕਿਲ੍ਹੇ ਸਨ, 'ਅਨੰਦਗੜ੍ਹ, ਲੋਹਗੜ੍ਹ, ਫ਼ਤਹਿਗੜ੍ਹ, ਕੇਸਗੜ੍ਹ ਅਤੇ ਹੋਲਗੜ੍ਹ ਸਾਹਿਬ।

ਪ੍ਰਸ਼ਨ 9 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਕਿਸ ਨੂੰ ਲਿਖਿਆ ਅਤੇ ਇਸ ਤੋਂ ਕੀ ਭਾਵ ਹੈ ?

ਉੱਤਰ : ਗੁਰੂ ਜੀ ਨੇ ਦੀਨਾ ਕਾਂਗੜ ਦੀ ਧਰਤੀ ਤੋਂ ਔਰੰਗਜ਼ੇਬ ਬਾਦਸ਼ਾਹ ਨੂੰ ਇਕ ਖ਼ਤ ਲਿਖਿਆ, ਜਿਸ ਦਾ ਨਾਂ ਜ਼ਫ਼ਰਨਾਮਾ ਸੀ। ਜ਼ਫ਼ਰ ਤੋਂ ਭਾਵ ਜਿੱਤ ਜਾਂ ਫ਼ਤਹਿ ਅਤੇ ਨਾਮਾ ਤੋਂ ਭਾਵ ਚਿੱਠੀ ਜਾਂ ਖ਼ਤ ਹੈ। ਭਾਈ ਦਇਆ ਸਿੰਘ ਜੀ ਇਹ ਖ਼ਤ ਔਰੰਗਜ਼ੇਬ ਨੂੰ ਦੱਖਣ ਵਿਚ ਪੁਚਾ ਕੇ ਆਏ।

ਪ੍ਰਸ਼ਨ 10 : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਬਾਅਦ ਗੁਰਿਆਈ ਕਿੰਨ੍ਹਾਂ ਨੂੰ ਬਖ਼ਸ਼ੀ ਤੇ ਜੋਤੀ ਜੋਤ ਕਦੋਂ ਸਮਾਏ ?

ਉੱਤਰ : ਗੁਰੂ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਸ਼ਖ਼ਸੀ ਗੁਰਿਆਈ ਖ਼ਤਮ ਅਤੇ ਸਿੱਖ ਪੰਥ ਨੇ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਰੂਪ ਮੰਨਣਾ ਹੈ। ਅੱਜ ਤੋਂ ਬਾਅਦ ਕਿਸੇ ਵੀ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ। ਗੁਰੂ ਜੀ 7 ਅਕਤੂਬਰ 1708 ਈ. ਨੂੰ ਨਾਂਦੇੜ ਵਿਖੇ ਜੋਤੀ ਜੋਤ ਸਮਾ ਗਏ। ਉਥੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਹੈ।

☆☆☆

# ਗੁਰਬਾਣੀ

'ਜਪੁ ਜੀ', ਸਵੱਯੇ ਪਾ: ੧੦ (ਸ੍ਰਾਵਗ ਸੁੱਧ), ਅਨੰਦੁ ਸਾਹਿਬ ਪੂਰਾ, ਰਹਰਾਸਿ ਤੇ ਸੋਹਿਲਾ ਬਾਣੀ ਵਿੱਚੋਂ ਸੰਖੇਪ ਪ੍ਰਸ਼ਨ ੧੦ ਨੰਬਰ ਦੇ ਆਉਣਗੇ। ਇਸੇ ਤਰ੍ਹਾਂ ਗੁਰ ਇਤਿਹਾਸ ਵਿੱਚੋਂ ਵੀ ਸੰਖੇਪ ਪ੍ਰਸ਼ਨ ੧੦ ਨੰਬਰ ਦੇ ਹੋਣਗੇ। ਦੋਹਾਂ ਵਿੱਚੋਂ ੨੦ ਨੰਬਰ ਦਾ ਪੇਪਰ ਆਵੇਗਾ। ਇਹ ਪੰਜ ਬਾਣੀਆਂ ਵਿੱਚੋਂ ੫੦ ਪ੍ਰਸ਼ਨ-ਉੱਤਰ ਹਨ।

## ਜਪੁ ਜੀ ਸਾਹਿਬ

ਪ੍ਰਸ਼ਨ 1 : 'ਜਪੁ ਤੋਂ ਕੀ ਭਾਵ ਹੈ ਅਤੇ ਜਪੁ ਬਾਣੀ ਬਾਰੇ ਸੰਖੇਪ ਜਾਣਕਾਰੀ ਦਿਓ।

ਉੱਤਰ : 'ਜਪੁ' ਤੋਂ ਭਾਵ ਜਪੋ, ਜਪੁ ਕਰੋ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧ ਤੋਂ ੮ ਤਕ ਦਰਜ ਹੈ। ਤਤਕਰੇ ਵਿਚ ਇਸ ਦਾ ਨਾਮ 'ਜਪੁ ਦਿੱਤਾ ਹੋਇਆ ਹੈ। ਸਤਿਕਾਰ ਨਾਲ ਅਸੀਂ 'ਜਪੁ ਜੀ ਸਾਹਿਬ' ਉਚਾਰਦੇ ਹਾਂ। ਇਹ ਬਾਣੀ ਅੰਮ੍ਰਿਤ ਵੇਲੇ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀ ਜਾਂਦੀ ਹੈ।

ਪ੍ਰਸ਼ਨ 2 : 'ਜਪੁ' ਬਾਣੀ ਦਾ ਸਮੁੱਚਾ ਸਰੂਪ ਕੀ ਹੈ ?

ਉੱਤਰ : ਇਹ ਰਾਗ ਮੁਕਤ ਬਾਣੀ ਹੈ। ਇਸ ਬਾਣੀ ਵਿਚ ੨ ਸਲੋਕ ਤੇ ੩੮ ਪਉੜੀਆਂ ਹਨ। ੧ੴ ਤੋਂ ਗੁਰ ਪ੍ਰਸਾਦਿ ਤਕ ਮੂਲ ਮੰਤਰ ਹੈ। ਪਹਿਲਾ ਸਲੋਕ ''ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਹੈ ਅਤੇ ਦੂਜਾ ਸਲੋਕ ਅੰਤ ਵਿਚ 'ਪਵਣੁ ਗੁਰੂ ਪਾਣੀ ਪਿਤਾ ਤੋਂ ਲੈ ਕੇ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ'' ਤਕ ਹੈ। ਜਪੁ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਾਵਾਂ ਦਾ ਸਾਰ ਵੀ ਸਮਝਿਆ ਜਾਂਦਾ ਹੈ।

ਪ੍ਰਸ਼ਨ 3 : 'ਜਪੁ' ਬਾਣੀ ਦੀ ਪਹਿਲੀ ਪਉੜੀ ਵਿਚ ਗੁਰੂ ਜੀ ਕੀ ਸਵਾਲ ਕਰਕੇ ਕੀ ਜਵਾਬ ਦਿੰਦੇ ਹਨ ?

ਉੱਤਰ : ਸਵਾਲ ਹੈ— ''ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ'' ਭਾਵ ਅਸੀਂ ਸਚਿਆਰ ਕਿਵੇਂ ਬਣ ਸਕਦੇ ਹਾਂ ਅਤੇ ਜੋ ਸਾਡੇ ਤੇ ਉਸ ਪ੍ਰਭੂ ਦੇ ਵਿਚਾਕਰ ਕੂੜ ਦੀ ਕੰਧ ਹੈ ਉਹ ਕਿਵੇਂ ਟੁੱਟ ਸਕਦੀ ਹੈ ? ਇਸ ਦਾ ਉੱਤਰ ਹੈ ਕਿ, ''ਹੁਕਮਿ

ਰਜਾਈ ਚਲਣਾ ਨਾਨਕ ਲਿਖਿਆ ਨਾਲਿ'' ਭਾਵ ਪ੍ਰਭੂ ਦੇ ਹੁਕਮ ਵਿਚ ਰਹਿਣ ਨਾਲ ਹੀ ਅਸੀਂ ਸਚਿਆਰ ਬਣ ਸਕਦੇ ਹਾਂ।

ਪ੍ਰਸ਼ਨ 4 : 'ਜਪੁ' ਬਾਣੀ ਅਨੁਸਾਰ ਪ੍ਰਭੂ ਦੇ ਦਰ 'ਤੇ ਵਡਿਆਈ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ ?

ਉੱਤਰ : ਜਪੁ, ਬਾਣੀ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ, ''ਜਿਨਿ ਸੇਵਿਆ ਤਿਨਿ ਪਾਇਆ ਮਾਨੁ'' ਭਾਵ ਜਿਸ ਨੇ ਪ੍ਰਭੂ ਨੂੰ ਸਿਮਰਿਆ, ਉਸ ਨੇ ਮਾਣ ਤੇ ਵਡਿਆਈ ਪਾ ਲਈ।

ਪ੍ਰਸ਼ਨ 5 : 'ਜਪੁ' ਬਾਣੀ ਅਨੁਸਾਰ ਭਗਤਾਂ ਦੇ ਮਨ ਵਿਚ ਸਦਾ ਅਨੰਦ ਕਿਵੇਂ ਬਣਿਆਂ ਰਹਿੰਦਾ ਹੈ ?

ਉੱਤਰ : 'ਜਪੁ' ਬਾਣੀ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ, ''ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥'' ਭਾਵ ਭਗਤਾਂ ਦੇ ਮਨ ਵਿਚ ਸਦਾ ਖਿੜਾਉ ਬਣਿਆਂ ਰਹਿੰਦਾ ਹੈ, ਕਿਉਂਕਿ ਪ੍ਰਭੂ ਦੀ ਸਿਫ਼ਤ ਸਾਲਾਹ ਸੁਣਨ ਕਰਕੇ ਉਹਨਾਂ ਦੇ ਦੁੱਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

ਪ੍ਰਸ਼ਨ 6 : 'ਜਪੁ' ਬਾਣੀ ਅਨੁਸਾਰ ਜੇ ਕਰ ਸਾਡੀ ਬੁੱਧੀ ਮਲੀਨ ਹੋ ਜਾਂਦੀ ਹੈ ਤਾਂ ਕਿਵੇਂ ਪਵਿੱਤਰ ਹੋ ਸਕਦੀ ਹੈ ?

ਉੱਤਰ : 'ਜਪੁ' ਬਾਣੀ ਵਿਚ ਫ਼ੁਰਮਾਣ ਹੈ, ''ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥'' ਭਾਵ ਜੇਕਰ ਸਾਡੀ ਬੁੱਧੀ ਪਾਪਾਂ ਨਾਲ ਮਲੀਨ ਹੋ ਜਾਵੇ ਤਾਂ ਪ੍ਰਭੂ ਦਾ ਨਾਮ ਜਪਣ ਨਾਲ ਇਸ ਨੂੰ ਧੋ ਕੇ ਪਵਿੱਤਰ ਕੀਤਾ ਜਾ ਸਕਦਾ ਹੈ।

ਪ੍ਰਸ਼ਨ 7 : 'ਜਪੁ' ਬਾਣੀ ਅਨੁਸਾਰ ਜਿਸ ਮਨੁੱਖ ਨੂੰ ਪ੍ਰਭੂ ਆਪਣੀ ਸਿਫ਼ਤ ਸਾਲਾਹ ਬਖ਼ਸ਼ ਦੇਵੇ, ਉਹ ਕੀ ਬਣ ਜਾਂਦਾ ਹੈ ?

ਉੱਤਰ : 'ਜਪੁ' ਬਾਣੀ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ, ''ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥'' ਭਾਵ ਜਿਸ ਨੂੰ ਪ੍ਰਭੂ ਨੇ ਆਪਣੇ ਨਾਮ ਰੂਪੀ ਸਿਫ਼ਤ ਸਾਲਾਹ ਬਖ਼ਸ਼ ਦਿੱਤੀ, ਉਹ ਮਨੁੱਖ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ।

ਪ੍ਰਸ਼ਨ 8 : 'ਜਪੁ' ਬਾਣੀ ਅਨੁਸਾਰ ਪੰਜ ਖੰਡਾਂ ਬਾਰੇ ਸੰਖੇਪ ਭਾਵ ਅਰਥ ਸਮਝਾਉ।

ਉੱਤਰ : 'ਜਪੁ' ਬਾਣੀ ਅਨੁਸਾਰ 'ਧਰਮ ਖੰਡ' ਵਿਚ ਜੀਵ ਆਪਣੇ ਫ਼ਰਜ਼ ਪਹਿਚਾਣਦਾ ਹੈ। 'ਗਿਆਨ ਖੰਡ' ਵਿਚ ਜੀਵ ਦੀ ਗਿਆਨ ਰਾਹੀਂ ਸਮਝ ਬਣਦੀ ਹੈ। 'ਸਰਮ ਖੰਡ' ਵਿਚ ਸਿਮਰਨ ਦੀ ਮਿਹਨਤ ਨਾਲ ਮੱਤ ਬੁੱਧ ਘੜੀ ਜਾਂਦੀ ਹੈ। 'ਕਰਮ ਖੰਡ' ਵਿਚ ਮਾਲਕ ਦੀ ਮੇਹਰ ਹੁੰਦੀ ਹੈ। 'ਸੱਚ ਖੰਡ' ਵਿਚ ਜੀਵ ਪ੍ਰਭੂ ਨਾਲ ਇਕ-ਮਿਕ ਹੋ ਜਾਂਦਾ ਹੈ।

ਪ੍ਰਸ਼ਨ 9 : 'ਜਪੁ' ਬਾਣੀ ਦੀ ੨੭ਵੀਂ ਪਉੜੀ 'ਸੋ ਦਰ ਕੇਹਾ' ਤੋਂ ਸਾਨੂੰ ਕਿਸ ਤਰ੍ਹਾਂ ਦੀ ਪ੍ਰੇਰਨਾ ਮਿਲਦੀ ਹੈ ?

ਉੱਤਰ : 'ਜਪੁ' ਬਾਣੀ ਦੀ ਇਸ ਪਉੜੀ ਤੋਂ ਇਹ ਪ੍ਰੇਰਨਾ ਮਿਲਦੀ ਹੈ ਕਿ ਜੇ ਕਰ ਇਹ ਸਾਰੀ ਸ੍ਰਿਸ਼ਟੀ ਅਕਾਲ ਪੁਰਖ ਦੀ ਸਿਫ਼ਤ ਸਾਲਾਹ ਕਰ ਰਹੀ ਹੈ ਤੇ ਹੁਕਮ ਵਿਚ ਚੱਲ ਰਹੀ ਹੈ ਤਾਂ ਸਾਨੂੰ ਵੀ ਉਸ ਪ੍ਰਭੂ ਦੀ ਸਿਫ਼ਤ ਸਾਲਾਹ ਕਰਦਿਆਂ ਹੁਕਮ ਵਿਚ ਚਲਣਾ ਚਾਹੀਦਾ ਹੈ।

ਪ੍ਰਸ਼ਨ 10 : 'ਜਪੁ ਜੀ ਸਾਹਿਬ' ਬਾਣੀ ਪੜ੍ਹ ਕੇ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ਉੱਤਰ : 'ਜਪੁ' ਬਾਣੀ ਪੜ੍ਹ ਕੇ ਸਾਨੂੰ ਆਪਣੇ ਆਪ ਦਾ ਅਤੇ ਪ੍ਰਭੂ ਦੀ ਸ਼ਕਤੀ ਦਾ ਗਿਆਨ ਹੁੰਦਾ ਹੈ। ਇਸ ਬਾਣੀ ਨੂੰ ਹਿਰਦੇ 'ਚ ਵਸਾ ਲਈਏ ਤਾਂ ਅਸੀਂ ਚੰਗੀ ਜੀਵਨ ਜਾਚ ਵਾਲੇ ਸਫ਼ਲ ਇਨਸਾਨ ਬਣ ਸਕਦੇ ਹਾਂ।

## ਤ੍ਵਪ੍ਰਸਾਦਿ ਸਵੱਯੇ ॥

ਪ੍ਰਸ਼ਨ 11 : ਤ੍ਵਪ੍ਰਸਾਦਿ ਸਵੱਯੇ ਤੋਂ ਕੀ ਭਾਵ ਹੈ ?

ਉੱਤਰ : ਇਸ ਤੋਂ ਭਾਵ ਹੈ, (ਤਵ=ਤੇਰੀ, ਪ੍ਰਸਾਦਿ=ਕਿਰਪਾ ਨਾਲ) ਤੇਰੀ ਕਿਰਪਾ ਨਾਲ ਇਹ ਬਾਣੀ ਉਚਾਰਦਾ ਹਾਂ।

ਪ੍ਰਸ਼ਨ 12 : ਤ੍ਵਪ੍ਰਸਾਦਿ ਸਵੱਯੇ ਬਾਣੀ ਕਿਹੜੇ ਸਤਿਗੁਰਾਂ ਦੀ ਕਿੱਥੇ ਦਰਜ ਹੈ ?

ਉੱਤਰ : ਇਹ ਬਾਣੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ ਅਤੇ ਦਸਮ ਗ੍ਰੰਥ ਦੇ ਪੰਨਾ ੧੩ ਉੱਪਰ ਅਕਾਲ ਉਸਤਤਿ ਸਿਰਲੇਖ ਹੇਠ ਦਰਜ ਹੈ।

ਪ੍ਰਸ਼ਨ 13 : ਤ੍ਵਪ੍ਰਸਾਦਿ ਸਵੱਯੇ ਬਾਣੀ ਦਾ ਉਚਾਰਨ ਕਿੱਥੇ ਹੋਇਆ ?

ਉੱਤਰ : ਪ੍ਰੋ. ਸਾਹਿਬ ਸਿੰਘ ਜੀ ਨੇ ਲਿਖਿਆ ਕਿ ਇਹ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਉਚਾਰਨ ਕੀਤੀ।

ਪ੍ਰਸ਼ਨ 14 : ਤ੍ਵਪ੍ਰਸਾਦਿ ਸਵੱਯੇ ਬਾਣੀ ਸਿੱਖ ਰਹਿਤ ਮਰਯਾਦਾ ਅਨੁਸਾਰ ਕਦੋਂ ਪੜ੍ਹੀ ਜਾਂਦੀ ਹੈ ?

ਉੱਤਰ : ਇਹ ਬਾਣੀ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਵਿਚ ਸ਼ਾਮਲ ਹੈ ਅਤੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਵੀ ਇਸ ਦਾ ਜਾਪ ਕੀਤਾ ਜਾਂਦਾ ਹੈ।

ਪ੍ਰਸ਼ਨ 15 : 'ਸ੍ਰਾਵਗ ਸੁਧ ਸਮੂਹ ਸਿਧਾਨ ਕੇ' ਪਹਿਲੇ ਸਵੱਯੇ ਦਾ ਭਾਵ ਅਰਥ ਕੀ ਹੈ ?

ਉੱਤਰ : ਇਸ ਦਾ ਭਾਵ ਹੈ ਕਿ ਹਰੇਕ ਮੱਤ ਦਾ ਮੁੱਖ ਮਕਸਦ ਇਹ ਚਾਹੀਦਾ ਹੈ ਕਿ ਉਹ ਪਰਮਾਤਮਾ ਨਾਲ ਪਿਆਰ ਕਰਨ ਦਾ ਰਾਹ ਦੱਸੇ। ਜੇ ਇਹ ਨਹੀਂ ਤਾਂ ਉਸ ਦਾ ਮੁੱਲ

ਰੱਤੀ ਮਾਤਰ ਹੀ ਸਮਝੋ।

ਪ੍ਰਸ਼ਨ 16 : ਦੂਜੇ ਸਵੱਯੇ ਵਿਚ ਮਤੰਗ-ਉਤੰਗ-ਤੁਰੰਗ ਤੇ ਕੁਰੰਗ ਤੋਂ ਕੀ ਭਾਵ ਹੈ ?

ਉੱਤਰ : ਦੂਜੇ ਸਵੱਯੇ ਵਿਚ ਮਤੰਗ ਤੋਂ ਭਾਵ ਹਾਥੀ ਹੈ। ਉਤੰਗ ਤੋਂ ਭਾਵ ਉੱਚੇ ਕੱਦ ਵਾਲੇ, ਤੁਰੰਗ ਤੋਂ ਭਾਵ ਘੋੜੇ ਅਤੇ ਕੁਰੰਗ ਤੋਂ ਭਾਵ ਹਿਰਨ ਹੈ।

ਪ੍ਰਸ਼ਨ 17 : 'ਤੀਰਥ ਨਾਨ ਦਇਆ ਦਮ ਦਾਨ' ਸਮੁੱਚੇ ਸਵੱਯੇ ਦਾ ਭਾਵ ਅਰਥ ਕੀ ਹੈ ?

ਉੱਤਰ : ਤੀਰਥ ਇਸ਼ਨਾਨ ਆਦਿ ਸਾਧਨ, ਧਰਮ ਪੁਸਤਕਾਂ ਦਾ ਕੇਵਲ ਪੜ੍ਹਨਾ, ਬ੍ਰਹਮਚਾਰੀ ਆਦਿਕਾਂ ਵਾਲੇ ਕਠਨ ਤਪ—ਇਹ ਸਾਰੇ ਉੱਦਮ ਵਿਅਰਥ ਹਨ ਜੇ ਕਰ ਪਰਮਾਤਮਾ ਨਾਲ ਪਿਆਰ ਕਰਨ ਦੀ ਜਾਚ ਨਹੀਂ ਸਿੱਖੀ।

ਪ੍ਰਸ਼ਨ 18 : ਤ੍ਵਪ੍ਰਸਾਦਿ ਸਵੱਯੇ ਬਾਣੀ ਵਿਚ 'ਤੋਰਿ ਅਰੀਨ ਮਰੋਰਿ ਮਵਾਸਨ ਮਾਤੇ ਮਤੰਗਨ ਮਾਨੁ ਮਲੈਂਗੇ' ਤੋਂ ਅਗਲੀ ਪੰਕਤੀ ਕਿਹੜੀ ਹੈ ?

ਉੱਤਰ : ਇਸ ਵਿਚ ਅਗਲੀ ਪੰਕਤੀ ਹੈ, ''ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ ਤਿਆਗਿ ਜਹਾਨੁ ਨਿਦਾਨਿ ਚਲੈਂਗੇ।''

ਪ੍ਰਸ਼ਨ 19 : ਤ੍ਵਪ੍ਰਸਾਦਿ ਸਵੱਯੇ ਬਾਣੀ ਅਨੁਸਾਰ ਪ੍ਰਭੂ ਨੂੰ ਪ੍ਰਾਪਤ ਕਿਸ ਨੇ ਕੀਤਾ ?

ਉੱਤਰ : ਦਸਮ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ : ''ਸਾਚੁ ਕਹਉ ਸੁਨਿ ਲੇਹੁ ਸਭੈ- ਜਿਨਿ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥'' ਭਾਵ ਮੈਂ ਸੱਚ ਕਹਿੰਦਾ ਹਾਂ, ਸਾਰੇ ਧਿਆਨ ਨਾਲ ਸੁਣ ਲਓ—ਜਿਸ ਮਨੁੱਖ ਨੇ ਪ੍ਰਭੂ ਤੇ ਪ੍ਰਭੂ ਦੀ ਖ਼ਲਕਤ ਨਾਲ ਪਿਆਰ ਕੀਤਾ, ਉਸ ਨੇ ਪ੍ਰਭੂ ਨੂੰ ਪਾ ਲਿਆ।

ਪ੍ਰਸ਼ਨ 20 : ਤ੍ਵਪ੍ਰਸਾਦਿ ਸਵੱਯੇ ਬਾਣੀ ਵਿਚ ਬੁੱਤਾਂ ਤੇ ਮੁਰਦਿਆਂ ਨੂੰ ਪੂਜਣ ਵਾਲੇ ਨੂੰ ਕੀ ਕਿਹਾ ਹੈ ?

ਉੱਤਰ : ਦਸਮ ਪਾਤਸ਼ਾਹ ਜੀ ਨੇ ਬੁੱਤਾਂ ਤੇ ਮੁਰਦੇ ਪੂਜਣ ਵਾਲਿਆਂ ਨੂੰ 'ਪਸੁ' ਭਾਵ ਪਸ਼ੂ, ਮੂਰਖ ਕਿਹਾ ਹੈ। ਅੰਤ ਵਿਚ ਸੁਚੇਤ ਕੀਤਾ ਹੈ ਕਿ ਜੱਗ ਕੂੜੀਆਂ ਕਿਰਿਆਵਾਂ ਵਿਚ ਫਸਿਆ ਹੋਇਆ ਹੈ ਤੇ ਵਾਹਿਗੁਰੂ ਦੇ ਭੇਦ ਨੂੰ ਨਹੀਂ ਪਾ ਰਿਹਾ।

## ਅਨੰਦੁ ਸਾਹਿਬ

ਪ੍ਰਸ਼ਨ 21 : 'ਅਨੰਦੁ ਸਾਹਿਬ' ਬਾਣੀ ਬਾਰੇ ਤੁਸੀਂ ਕੀ ਜਾਣਦੇ ਹੋ ?

ਉੱਤਰ : ਅਨੰਦੁ ਸਾਹਿਬ—ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ, ਰਾਮਕਲੀ ਰਾਗ ਵਿਚ ਹੈ। ਇਸ ਦੀਆਂ ਕੁੱਲ 40 ਪਉੜੀਆਂ ਹਨ ਅਤੇ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 917 ਤੋਂ 922 ਤਕ ਸੁਸ਼ੋਭਿਤ ਹੈ। ਇਸ ਬਾਣੀ ਦੀਆਂ ਪਹਿਲੀ ਪੰਜ

ਪਉੜੀਆਂ ਅਤੇ ਇਕ ਅੰਤਲੀ ਚਾਲ੍ਹੀਵੀਂ ਪਉੜੀ ਹਰ ਸਮਾਗਮ ਵਿਚ ਗਾਇਨ ਕੀਤੀ ਜਾਂਦੀ ਹੈ। ਅਨੰਦੁ ਸਾਹਿਬ ਬਾਣੀ ਅੰਮ੍ਰਿਤ ਸੰਚਾਰ ਦੀਆਂ ਬਾਣੀਆਂ ਵਿਚ ਸ਼ਾਮਲ ਹੈ।

ਪ੍ਰਸ਼ਨ 22 : 'ਅਨੰਦੁ ਸਾਹਿਬ' ਬਾਣੀ ਅਨੁਸਾਰ ਅਨੰਦੁ ਦੀ ਪ੍ਰਾਪਤੀ ਕਦੋਂ ਕੀਤੀ ਹੈ ?

ਉੱਤਰ : ਅਨੰਦੁ ਸਾਹਿਬ ਵਿਚ ਫ਼ੁਰਮਾਨ ਹੈ, ''ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ'' ਭਾਵ ਜਦ ਮੈਨੂੰ ਸਤਿਗੁਰੂ ਮਿਲ ਗਿਆ ਤਾਂ ਅਨੰਦ ਦੀ ਪ੍ਰਾਪਤੀ ਹੋ ਗਈ।

ਪ੍ਰਸ਼ਨ 23 : 'ਅਨੰਦੁ ਸਾਹਿਬ' ਬਾਣੀ ਅਨੁਸਾਰ ਕੀ ਚਲਾਕੀਆਂ ਜਾਂ ਸਿਆਣਪਾਂ ਨਾਲ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ ?

ਉੱਤਰ : ਸਤਿਗੁਰਾਂ ਦਾ ਫ਼ੁਰਮਾਨ ਹੈ, ''ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ'' ਭਾਵ ਚਲਾਕੀਆਂ ਜਾਂ ਸਿਆਣਪਾਂ ਨਾਲ ਪ੍ਰਭੂ ਨੂੰ ਨਹੀਂ ਪਾਇਆ ਜਾ ਸਕਦਾ।

ਪ੍ਰਸ਼ਨ 24 : 'ਅਨੰਦੁ ਸਾਹਿਬ' ਬਾਣੀ ਅਨੁਸਾਰ ਗੁਰੂ ਜੀ ਕਿਹੜੇ ਕੰਮ ਨਾ ਕਰਨ ਦਾ ਉਪਦੇਸ਼ ਦਿੰਦੇ ਹਨ ?

ਉੱਤਰ : ਗੁਰੂ ਜੀ ਫ਼ੁਰਮਾਉਂਦੇ ਹਨ, ''ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ'' ਭਾਵ ਅਜੇਹਾ ਕੰਮ ਬਿਲਕੁਲ ਨਾ ਕਰਨਾ ਜਿਸ ਦੇ ਕਰਨ ਨਾਲ ਅੰਤ ਨੂੰ ਪਛਤਾਉਣਾ ਪਵੇ।

ਪ੍ਰਸ਼ਨ 25 : 'ਅਨੰਦੁ ਸਾਹਿਬ' ਬਾਣੀ ਅਨੁਸਾਰ ਸਤਿਗੁਰਾਂ ਨੇ ਸਿੱਖਾਂ ਨੂੰ ਕੀ ਗਾਉਣ ਦਾ ਉਪਦੇਸ਼ ਦਿੱਤਾ ਹੈ ?

ਉੱਤਰ : ਇਹ ਉਪਦੇਸ਼ ਹੈ,

***''ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥***
***ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥'***

(ਪੰਨਾ ੯੨੦)

ਭਾਵ ਸਤਿਗੁਰੂ ਦੇ ਪਿਆਰਿਓ ਸਿੱਖੋ, ਸੱਚੀ ਬਾਣੀ ਨੂੰ ਗਾਵੋ। ਬਾਣੀ ਤਾਂ ਗੁਰੂ ਦੀ ਗਾਵੋ ਜੋ ਬਾਣੀਆਂ ਦੀ ਸ਼ਿਰੋਮਣੀ ਬਾਣੀ ਹੈ।

ਪ੍ਰਸ਼ਨ 26 : 'ਅਨੰਦੁ ਸਾਹਿਬ' ਬਾਣੀ ਅਨੁਸਾਰ ਮਨੁੱਖ ਦੀ ਰਸਨਾ (ਜੀਭ) ਲਈ ਕੀ ਉਪਦੇਸ਼ ਹੈ ?

ਉੱਤਰ : ਅਨੰਦੁ ਸਾਹਿਬ ਬਾਣੀ ਵਿਚ ਉਪਦੇਸ਼ ਹੈ, ''ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ'' ਭਾਵ ਹੇ ਮੇਰੀ ਰਸਨਾ ! ਤੂੰ ਹਰ ਸਿਮਰਨ ਦਾ ਰਸ ਛੱਡ ਕੇ ਹੋਰਨਾਂ ਰਸਾਂ ਵਿਚ ਰਚ ਰਹੀ ਹੈਂ। ਇਸ ਨਾਲ ਤੇਰੀ ਪਿਆਸ ਨਹੀਂ ਬੁਝਣੀ।

ਪ੍ਰਸ਼ਨ 27 : 'ਅਨੰਦੁ ਸਾਹਿਬ' ਬਾਣੀ ਅਨੁਸਾਰ ਮਨੁੱਖ ਦੀਆਂ ਅੱਖਾਂ ਤੇ ਕੰਨਾਂ ਨੂੰ ਕੀ

ਉਪਦੇਸ਼ ਹੈ ?

ਉੱਤਰ : ਅੱਖਾਂ ਨੂੰ ਉਪਦੇਸ਼ ਹੈ, ''ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ'' ਭਾਵ ਅੱਖਾਂ ਨਾਲ ਹਰ ਜੀਵ ਵਿਚ ਪ੍ਰਭੂ ਦਾ ਦੀਦਾਰ ਹੀ ਕਰਨਾ ਹੈ। ਕੰਨਾਂ ਨੂੰ ਉਪਦੇਸ਼ ਹੈ, ''ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ'' ਭਾਵ ਕੰਨਾਂ ਨੂੰ ਸੱਚ ਤੇ ਸੱਚੀ ਬਾਣੀ ਸੁਨਣ ਦਾ ਉਪਦੇਸ਼ ਦਿੱਤਾ ਗਿਆ ਹੈ।

ਪ੍ਰਸ਼ਨ 28 : 'ਅਨੰਦੁ ਸਾਹਿਬ' ਬਾਣੀ ਅਨੁਸਾਰ ਮਨੁੱਖ ਦੇ ਦੁੱਖਾਂ ਤੇ ਰੋਗਾਂ ਦਾ ਨਾਸ਼ ਕਿਵੇਂ ਹੋ ਸਕਦਾ ਹੈ ?

ਉੱਤਰ : ਅਨੰਦੁ ਸਾਹਿਬ ਬਾਣੀ ਵਿਚ ਸਤਿਗੁਰਾਂ ਦਾ ਫ਼ੁਰਮਾਣ ਹੈ, ''ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ'' ਭਾਵ ਜਦ ਸੱਚੀ ਬਾਣੀ ਸੁਣੀ ਤਾਂ ਦੁੱਖਾਂ ਤੇ ਰੋਗਾਂ ਦਾ ਨਾਸ਼ ਹੋ ਗਿਆ।

ਪ੍ਰਸ਼ਨ 29 : 'ਅਨੰਦੁ ਸਾਹਿਬ' ਬਾਣੀ ਅਨੁਸਾਰ 'ਸਰਸੇ' ਤੋਂ ਕੀ ਭਾਵ ਹੈ ?

ਉੱਤਰ : ਇਥੇ 'ਸਰਸੇ' ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਹੋਂਦ ਵਿਚ ਆਇਆ ਹੈ— ਸ+ਰਸੇ, ਇਸ ਦਾ ਭਾਵ ਹੈ ਰਸ ਨਾਲ ਭਰਪੂਰ। ਪੂਰੀ ਪੰਕਤੀ 'ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ' ਅਨੁਸਾਰ ਜਦ ਪੂਰੇ ਗੁਰੂ ਤੋਂ ਅਨੰਦ ਬਾਰੇ ਜਾਣ ਲਿਆ ਤਾਂ ਸੰਤ ਸੱਜਣ ਸਭ ਰਸ ਭਰਪੂਰ ਆਨੰਦਤ ਹੋ ਗਏ।

ਪ੍ਰਸ਼ਨ 30 : 'ਅਨੰਦੁ ਸਾਹਿਬ' ਬਾਣੀ ਦਾ ਸਮੁੱਚਾ ਭਾਵ ਅਰਥ ਸੰਖੇਪ ਵਿਚ ਬਿਆਨ ਕਰੋ।

ਉੱਤਰ : ਇਸ ਬਾਣੀ ਦਾ ਸਮੁੱਚਾ ਭਾਵ ਹੈ ਕਿ ਖ਼ੁਸ਼ੀ ਜਾਂ ਅਨੰਦੁ ਪਦਾਰਥਾਂ ਦੇ ਨਾਲ ਨਹੀਂ, ਸਗੋਂ ਪਰਮਾਤਮਾ ਰਾਹੀਂ ਮਿਲਦਾ ਹੈ। ਫਿਰ ਸੱਚੀ ਬਾਣੀ ਜਪਦਿਆਂ ਦੁੱਖ, ਰੋਗ, ਚਿੰਤਾਵਾਂ ਸਭ ਦੂਰ ਹੋ ਜਾਂਦੀਆਂ ਹਨ।

## ਰਹਰਾਸਿ ਸਾਹਿਬ

ਪ੍ਰਸ਼ਨ 31 : 'ਰਹਰਾਸਿ' ਦਾ ਅੱਖਰੀ ਅਰਥ ਕੀ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਇਹ ਬਾਣੀ ਕਦੋਂ ਪੜ੍ਹੀ ਜਾਂਦੀ ਹੈ ?

ਉੱਤਰ : ਇਹ ਦੋ ਸ਼ਬਦ ਹਨ— 'ਰਹ' ਤੋਂ ਭਾਵ ਹੈ ਰਸਤਾ ਅਤੇ 'ਰਾਸਿ' ਤੋਂ ਭਾਵ ਹੈ ਪੂੰਜੀ। ਇਹ ਪ੍ਰਭੂ ਨਾਮ ਦੀ ਸਿਫ਼ਤ ਹੀ ਸਾਡੇ ਰਸਤੇ ਦੀ ਪੂੰਜੀ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਇਹ ਬਾਣੀ ਸ਼ਾਮ ਨੂੰ ਸੂਰਜ ਡੁੱਬਣ ਵੇਲੇ ਪੜ੍ਹੀ ਜਾਂਦੀ ਹੈ।

ਪ੍ਰਸ਼ਨ 32 : 'ਰਹਰਾਸਿ' ਦਾ ਸਰੂਪ ਵਰਨਣ ਕਰੋ।

ਉੱਤਰ : ਰਹਰਾਸਿ ਵਿਚ ਸੋ ਦਰੁ ਦੇ 5 ਸ਼ਬਦ, ਸੋ ਪੁਰਖ ਦੇ 4 ਸ਼ਬਦ ਹਨ। ਇਸ ਤੋਂ

ਅੱਗੇ—ਕਬਯੋ ਬਾਚ ਬੇਨਤੀ ਚੌਪਈ, ਸਵੈਯਾ (ਪਾਂਇ ਗਹੇ ਜਬ ਤੇ ਤੁਮਰੇ) ਦੋਹਰਾ (ਸਗਲ ਦੁਆਰ ਕਉ ਛਾਡਿ ਕੈ) ਫਿਰ ਅਨੰਦ ਸਾਹਿਬ ਦੀਆਂ 6 ਪਉੜੀਆਂ, ਮੁੰਦਾਵਣੀ ਤੇ ਸਲੋਕ ਮਹਲਾ 5 (ਪੰਜਵਾਂ) 'ਤੇਰਾ ਕੀਤਾ ਜਾਤੋ ਨਾਹੀ' ਤਕ ਰਹਰਾਸਿ ਦਾ ਸਰੂਪ ਹੈ।

ਪ੍ਰਸ਼ਨ 33 : 'ਰਹਰਾਸਿ' ਬਾਣੀ ਵਿਚ ਸੋ ਦਰੁ ਅਨੁਸਾਰ ਕੌਣ-ਕੌਣ ਪ੍ਰਭੂ ਨੂੰ ਗਾ ਰਹੇ ਹਨ ਤੇ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ਉੱਤਰ : 'ਸੋ ਦਰੁ' ਵਿਚ ਸਾਰੀ ਕੁਦਰਤ ਹੀ ਪ੍ਰਭੂ ਦੀ ਕੀਰਤੀ ਗਾ ਰਹੀ ਹੈ। ਗੁਰੂ ਜੀ ਨੇ ਬਹੁਤ ਸਾਰੇ ਨਾਂ ਵਰਨਣ ਕੀਤੇ ਹਨ ਤੇ ਫਿਰ ਫ਼ੁਰਮਾਉਂਦੇ ਹਨ, ''ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ।'' ਭਾਵ ਹੋਰ ਕਿੰਨੇ ਕੁ ਤੁਹਾਡੀ ਕੀਰਤੀ ਗਾ ਰਹੇ ਹਨ, ਇਹ ਗਿਣਤੀ ਤੋਂ ਬਾਹਰ ਹੈ। ਇਸ ਤੋਂ ਸਿੱਖਿਆ ਮਿਲਦੀ ਹੈ ਕਿ ਜੇ ਕਰ ਸਾਰੀ ਕਾਇਨਾਤ ਪ੍ਰਭੂ ਦੀ ਕੀਰਤੀ ਗਾ ਰਹੀ ਹੈ ਤਾਂ ਅਸੀਂ ਵੀ ਉਸ ਪ੍ਰਭੂ ਦੀ ਕੀਰਤੀ ਗਾਈਏ ਤੇ ਹੁਕਮ ਵਿਚ ਚੱਲੀਏ।

ਪ੍ਰਸ਼ਨ 34 : 'ਰਹਰਾਸਿ' ਬਾਣੀ ਅਨੁਸਾਰ ਮਨੁੱਖ ਦੇ ਆਤਮਿਕ ਜੀਵਨ ਤੇ ਆਤਮਿਕ ਮੌਤ ਸੰਬੰਧੀ ਕੀ ਉਪਦੇਸ਼ ਹੈ ?

ਉੱਤਰ : 'ਰਹਰਾਸਿ' ਵਿਚ ਆਸਾ ਮਹਲਾ ੧ (ਪਹਿਲਾ) ਦੇ ਸਿਰਲੇਖ ਹੇਠ ਫ਼ੁਰਮਾਣ ਹੈ, ''ਆਖਾ ਜੀਵਾ ਵਿਸਰੈ ਮਰਿ ਜਾਉ'' ਭਾਵ ਜੇ ਮੈਂ ਪਰਮਾਤਮਾ ਦਾ ਨਾਮ ਲੈਂਦਾ ਹਾਂ ਤਾਂ ਜੀਉਂਦਾ ਹਾਂ, ਜੇ ਨਾਮ ਵਿਸਰੇ ਤਦ ਮਰ ਜਾਂਦਾ ਹਾਂ। ਇਸ ਲਈ ਪਰਮਾਤਮਾ ਦਾ ਨਾਮ ਸਿਮਰਨਾ ਆਤਮਿਕ ਜੀਵਨ ਹੈ ਅਤੇ ਵਿਸਰ ਜਾਣਾ ਆਤਮਿਕ ਮੌਤ ਹੈ।

ਪ੍ਰਸ਼ਨ 35 : 'ਰਹਰਾਸਿ' ਬਾਣੀ ਅਨੁਸਾਰ ਸਾਡੇ ਪ੍ਰਾਣਾਂ ਦਾ ਆਸਰਾ ਕੌਣ ਹੈ ਅਤੇ ਸਾਡੇ ਜੀਵਨ ਸਫ਼ਰ ਦੀ ਪੂੰਜੀ ਕਿਹੜੀ ਹੈ ?

ਉੱਤਰ : ਇਸ ਸੰਬੰਧੀ ਸਤਿਗੁਰਾਂ ਦਾ ਉਪਦੇਸ਼ ਹੈ, ''ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ'' ਭਾਵ ਗੁਰੂ ਸਿੱਖਿਆ ਅਨੁਸਾਰ ਮਿਲਿਆ ਨਾਮ ਸਾਡੇ ਪ੍ਰਾਣਾਂ ਦਾ ਆਸਰਾ ਹੈ ਅਤੇ ਪ੍ਰਭੂ ਦੀ ਸਿਫ਼ਤ ਸਾਲਾਹ ਸਾਡੇ ਜੀਵਨ ਸਫ਼ਰ ਦੀ ਪੂੰਜੀ ਹੈ।

ਪ੍ਰਸ਼ਨ 36 : 'ਰਹਰਾਸਿ' ਬਾਣੀ ਅਨੁਸਾਰ ''ਮੇਰੇ ਮਾਧਉ ਜੀ ਸਤਿਸੰਗਤਿ ਮਿਲੇ ਸੁ ਤਰਿਆ'' ਵਾਲੀਆਂ ਰਹਾਉ ਦੀਆਂ ਪੰਕਤੀਆਂ ਵਿਚ ਕੀ ਉਪਦੇਸ਼ ਹੈ ?

ਉੱਤਰ : ਇਹਨਾਂ ਰਹਾਉ ਦੀਆਂ ਪੰਕਤੀਆਂ ਵਿਚ ਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਹੇ ਮੇਰੇ ਪਰਮੇਸ਼ਰ ਜੀ ! ਜਿਸ ਨੇ ਸਤਿ ਸੰਗਤ ਕੀਤੀ, ਉਹ ਹੀ ਤਰ ਗਿਆ, ਕਿਉਂਕਿ ਸਤਿਸੰਗਤ ਵਿਚ ਗੁਰੂ ਦੀ ਸੋਝੀ ਹੋਈ ਤੇ ਗੁਰੂ ਦੀ ਕਿਰਪਾ ਦੁਆਰਾ ਪੂਰਨ ਪਦ ਪਾ

ਲਿਆ। ਇਸ ਤਰ੍ਹਾਂ ਜਾਣੀ ਸੁੱਕੇ ਕਾਠ ਵੀ ਹਰੇ ਹੋ ਗਏ ਭਾਵ ਕਠੋਰ ਹਿਰਦੇ ਵਾਲੇ ਵੀ ਆਤਮਿਕ ਜੀਵਨ ਪਾ ਕੇ ਆਨੰਦਿਤ ਹੋ ਗਏ।

ਪ੍ਰਸ਼ਨ 37 : 'ਰਹਰਾਸਿ' ਬਾਣੀ 'ਚ ''ਭਈ ਪਰਾਪਤਿ ਮਾਨੁਖ ਦੇਹੁਰੀਆ'' ਸ਼ਬਦ ਵਿਚ ਕੀ ਉਪਦੇਸ਼ ਹੈ ?

ਉੱਤਰ : ਇਸ ਵਿਚ ਉਪਦੇਸ਼ ਹੈ ਕਿ ਹੇ ਮਨ ! ਇਹ ਮਨੁੱਖਾ ਦੇਹੀ ਤੈਨੂੰ ਪ੍ਰਾਪਤ ਹੋਈ ਹੈ ਤੇ ਪ੍ਰਭੂ ਦੇ ਮਿਲਣ ਦੀ ਇਹ ਤੇਰੀ ਵਾਰੀ ਹੈ ਭਾਵ ਮੌਕਾ ਹੈ। ਹੋਰ ਧੰਦੇ ਤੇਰੇ ਕਿਸੇ ਕੰਮ ਨਹੀਂ ਤੇ ਸਾਧ ਸੰਗਤ ਕਰਕੇ ਕੇਵਲ ਉਸ ਪ੍ਰਭੂ ਦਾ ਨਾਮ ਸਿਮਰਨ ਕਰ।

ਪ੍ਰਸ਼ਨ 38 : 'ਰਹਰਾਸਿ' ਵਿਚ ਦਸਮ ਪਾਤਸ਼ਾਹ ਜੀ ਦੀ ਕਿਹੜੀ ਬਾਣੀ ਦਰਜ ਹੈ ?

ਉੱਤਰ : ਰਹਰਾਸਿ ਵਿਚ 'ਕਬਯੋ ਬਾਚ ਬੇਨਤੀ ਚੌਪਈ' ਦਸਮ ਪਾਤਸ਼ਾਹ ਜੀ ਦੀ ਬਾਣੀ ਹੈ। ਇਸ ਤੋਂ ਇਲਾਵਾ 'ਰਹਰਾਸਿ' ਵਿਚ ਜੋ ਸ੍ਵੈਯਾ ਹੈ, 'ਪਾਂਇ ਗਹੇ ਜਬ ਤੇ ਤੁਮਰੇ' ਤੋਂ ਲੈ ਕੇ 'ਮੈ ਨ ਕਹਯੋ ਸਭ ਤੋਹਿ ਬਖਾਨਯੋ' ਤਕ ਅਤੇ ਇਕ ਦੋਹਰਾ 'ਸਗਲ ਦੁਆਰ ਕਉ ਛਾਡਿ ਕੈ' ਤੋਂ 'ਗੋਬਿੰਦ ਦਾਸ ਤੁਹਾਰ' ਤਕ ਇਹ ਵੀ ਦਸਮ ਪਾਤਸ਼ਾਹ ਜੀ ਦੀ ਰਚਨਾ ਹੈ।

ਪ੍ਰਸ਼ਨ 39 : 'ਰਹਰਾਸਿ' ਬਾਣੀ ਵਿਚ ਦਸਮ ਪਾਤਸ਼ਾਹ ਜੀ ਦੇ ਰਚਿਤ ਦੋਹਰੇ ਦਾ ਭਾਵ ਅਰਥ ਕੀ ਹੈ ?

ਉੱਤਰ : ਇਸ ਦੋਹਰੇ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਹੇ ਪ੍ਰਭੂ ! ਮੈਂ ਸਭ ਦੁਆਰਿਆਂ ਨੂੰ ਛੱਡ ਕੇ ਆਪ ਦਾ ਦੁਆਰਾ ਪਕੜਿਆ ਹੈ। ਇਸ ਲਈ ਆਪ ਨੂੰ ਹੀ ਬਾਂਹ ਫੜੀ ਦੀ ਲਾਜ ਹੈ ਅਤੇ ਹੇ ਪ੍ਰਭੂ ਜੀ ! ਗੋਬਿੰਦ (ਸਿੰਘ) ਆਪ ਦਾ ਦਾਸ ਹੈ।'

ਪ੍ਰਸ਼ਨ 40 : 'ਰਹਰਾਸਿ' ਬਾਣੀ ਵਿਚ 'ਮੁੰਦਾਵਣੀ' ਵਾਲੇ ਸ਼ਬਦ ਤੋਂ ਸਾਨੂੰ ਕੀ ਉਪਦੇਸ਼ ਮਿਲਦਾ ਹੈ ?

ਉੱਤਰ : ਮੁੰਦਾਵਣੀ ਦਾ ਅਰਥ ਕੁਝ ਵਿਦਵਾਨਾਂ ਨੇ ਮੋਹਰ ਕੀਤਾ ਹੈ, ਪਰ ਭਾਈ ਵੀਰ ਸਿੰਘ ਜੀ ਅਨੁਸਾਰ ਮੁੰਦਾਵਣੀ ਤੋਂ ਭਾਵ ਬੁਝਾਰਤ ਹੈ। ਪੰਚਮ ਪਾਤਸ਼ਾਹ ਜੀ ਉਪਦੇਸ਼ ਦਿੰਦੇ ਹਨ, 'ਥਾਲ ਵਿਚ ਤਿੰਨ ਵਸਤਾਂ ਸਤ, ਸੰਤੋਖ ਤੇ ਅੰਮ੍ਰਿਤ ਨਾਮ ਹੈ, ਵੀਚਾਰ ਕਰੋ ਅੰਮ੍ਰਿਤ ਨਾਮ ਦਾ ਸਭ ਨੂੰ ਆਧਾਰ ਹੈ। ਇਸ ਪਦਾਰਥ ਨੂੰ ਜੇ ਕੋਈ ਖਾਵੇ ਤੇ ਜੇ ਕੋਈ ਖਾਣ ਦੇ ਅਨੰਦ ਨੂੰ ਧਾਰਨ ਕਰੇ ਤਾਂ ਉਸ ਦਾ ਉਧਾਰ ਹੁੰਦਾ ਹੈ। ਇਹ ਵਸਤੂ ਛੱਡਣ ਦੇ ਜੋਗ ਨਹੀਂ ਤੇ ਇਸ ਨੂੰ ਸਦਾ ਹਿਰਦੇ ਵਿਚ ਧਾਰਨ ਕਰਕੇ ਰੱਖੋ। ਸੰਸਾਰ ਵਿਚ ਅਗਿਆਨਤਾ ਰੂਪੀ ਹਨੇਰਾ ਹੈ ਤੇ ਗੁਰੂ ਦੇ ਚਰਨੀਂ ਲੱਗ ਕੇ ਤਰੀਦਾ ਹੈ। ਫਿਰ ਸਮਝ ਪੈਂਦੀ ਹੈ ਕਿ ਸਾਰਾ ਪ੍ਰਭੂ ਦਾ ਹੀ ਪਾਸਾਰਾ ਹੈ।

# ਸੋਹਿਲਾ

ਪ੍ਰਸ਼ਨ 41 : 'ਸੋਹਿਲਾ' ਤੋਂ ਕੀ ਭਾਵ ਹੈ ਅਤੇ ਸੋਹਿਲਾ ਬਾਣੀ ਕਦੋਂ ਪੜ੍ਹੀ ਜਾਂਦੀ ਹੈ ?

ਉੱਤਰ : ਸੋਹਿਲਾ ਤੋਂ ਭਾਵ ਜਸ ਜਾਂ ਸਿਫ਼ਤ ਸਾਲਾਹ ਕਰਨੀ ਹੈ। ਸੋਹਿਲਾ ਬਾਣੀ ਨਿਤਨੇਮ ਦੀ ਬਾਣੀ ਹੈ। ਰਾਤ ਨੂੰ ਸੌਣ ਸਮੇਂ ਇਸ ਦਾ ਪਾਠ ਕੀਤਾ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਸਿੱਖਾਂ ਵਿਚ ਕਿਸੇ ਮੋਏ ਪ੍ਰਾਣੀ ਦੇ ਅੰਤਮ ਸਸਕਾਰ ਤੋਂ ਬਾਅਦ ਵੀ 'ਸੋਹਿਲਾ' ਬਾਣੀ ਪੜ੍ਹੀ ਜਾਂਦੀ ਹੈ।

ਪ੍ਰਸ਼ਨ 42 : 'ਸੋਹਿਲਾ' ਬਾਣੀ ਦਾ ਸਰੂਪ ਵਰਣਨ ਕਰੋ।

ਉੱਤਰ : ਸੋਹਿਲਾ ਬਾਣੀ ਵਿਚ ਕੁਲ ਪੰਜ ਸ਼ਬਦ ਹਨ ਅਤੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 11 ਤੋਂ 13 ਤਕ ਦਰਜ ਹਨ। ਇਹਨਾਂ ਵਿੱਚੋਂ ਪਹਿਲੇ ਤਿੰਨ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ, ਇਕ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਦਾ ਅਤੇ ਇਕ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ।

ਪ੍ਰਸ਼ਨ 43 : 'ਸੋਹਿਲਾ' ਬਾਣੀ ਦਾ ਨਾਮ 'ਕੀਰਤਨ ਸੋਹਿਲਾ' ਕਿਵੇਂ ਪ੍ਰਚੱਲਤ ਹੋਇਆ ?

ਉੱਤਰ : ਆਮ ਤੌਰ 'ਤੇ 'ਸੋਹਿਲਾ' ਬਾਣੀ ਦੇ ਪਾਠ ਤੋਂ ਪਹਿਲਾਂ ਗੁਰਦੁਆਰਿਆਂ ਵਿਚ 'ਸੋਦਰ' ਦੇ ਪਾਠ ਤੋਂ ਬਾਅਦ ਸ਼ਬਦ ਕੀਰਤਨ ਹੁੰਦਾ ਸੀ। ਇਸ ਲਈ ਇਸ ਬਾਣੀ ਦੇ ਨਾਮ ਨਾਲ 'ਕੀਰਤਨ' ਪਦ ਲਾ ਕੇ 'ਕੀਰਤਨ ਸੋਹਿਲਾ' ਨਾਉਂ ਪ੍ਰਚੱਲਤ ਹੋ ਗਿਆ।

ਪ੍ਰਸ਼ਨ 44 : 'ਸੋਹਿਲਾ' ਬਾਣੀ ਦੇ ਪਹਿਲੇ ਸ਼ਬਦ, 'ਜੈ ਘਰਿ ਕੀਰਤਿ ਆਖੀਐ' ਦਾ ਕੇਂਦਰੀ ਭਾਵ ਕੀ ਹੈ ?

ਉੱਤਰ : ਇਸ ਦਾ ਕੇਂਦਰੀ ਭਾਵ ਰਹਾਉ ਦੀਆਂ ਪੰਕਤੀਆਂ ਵਿਚ ਹੈ, ''ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖ ਹੋਇ॥ 1॥ ਰਹਾਉ॥ '' ਭਾਵ ਤੁਸੀਂ ਮੇਰੇ ਨਿਰਭਉ ਪ੍ਰਭੂ ਦਾ ਜਸ ਗਾਵੋ, ਮੈ ਵਾਰਨੇ ਜਾਵਾਂ, ਐਸਾ ਜਸ ਗਾਵੋ ਜਿਸ ਕਰਕੇ ਸਦਾ ਦਾ ਸੁੱਖ ਹੋਵੇ।

ਪ੍ਰਸ਼ਨ 45 : 'ਸੋਹਿਲਾ' ਬਾਣੀ ਅਨੁਸਾਰ 'ਛਿਅ ਘਰ ਛਿਅ ਗੁਰ ਛਿਅ ਉਪਦੇਸ' ਵਾਲੀ ਪੂਰੀ ਪੰਕਤੀ ਤੋਂ ਕੀ ਭਾਵ ਹੈ ?

ਉੱਤਰ : ਇਸ ਤੋਂ ਭਾਵ ਹੈ ਕਿ ਛੇ ਸ਼ਾਸਤ੍ਰ ਹਨ, ਛੇ ਹੀ ਉਹਨਾਂ ਦੇ ਕਰਤਾ ਭਾਵ ਰਚਨਹਾਰੇ ਹਨ ਅਤੇ ਛੇ ਹੀ ਉਹਨਾਂ ਦੇ ਉਪਦੇਸ਼ ਹਨ। ਪਰ ਗੁਰਾਂ ਦਾ ਗੁਰੂ ਅਕਾਲ ਪੁਰਖ ਇੱਕੋ ਹੈ ਤੇ ਉਸ ਦੇ ਵੇਸ ਅਨੇਕ ਹਨ।

~~~~~~~~~~~~~~~~~~~~
~~~~~~~~~~~~~~~~~~~~

ਪ੍ਰਸ਼ਨ 46 : 'ਸੋਹਿਲਾ' ਬਾਣੀ ਵਿਚ ਗੁਰੂ ਜੀ ਨੇ ਕੁਦਰਤ ਦੀ ਆਰਤੀ ਦਾ ਵਰਨਣ ਕਿਵੇਂ ਕੀਤਾ ਹੈ ?

ਉੱਤਰ : ਗੁਰੂ ਜੀ ਫ਼ੁਰਮਾਉਂਦੇ ਹਨ ਕਿ ਮਨੁੱਖ ਨੂੰ ਬਨਾਉਟੀ ਆਰਤੀ ਕਰਨ ਦੀ ਲੋੜ ਨਹੀਂ, ਕਿਉਂਕਿ ਕੁਦਰਤ ਵਿਚ ਪਹਿਲਾਂ ਹੀ ਬਹੁਤ ਸੁੰਦਰ ਆਰਤੀ ਹੋ ਰਹੀ ਹੈ। ਸੋਹਿਲਾ ਬਾਣੀ ਵਿਚ ਸ਼ਬਦ ਹੈ :

***ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥***
***ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥***

(ਪੰਨਾ ੧੩)

ਪ੍ਰਸ਼ਨ 47 : 'ਸੋਹਿਲਾ' ਬਾਣੀ ਅਨੁਸਾਰ ਮਨੁੱਖੀ ਸਰੀਰ ਕਿਹੜੇ ਵਿਕਾਰਾਂ ਨਾਲ ਭਰਿਆ ਹੈ ਅਤੇ ਉਸ ਤੋਂ ਖ਼ਲਾਸੀ ਕਿਵੇਂ ਹੋ ਸਕਦੀ ਹੈ ?

ਉੱਤਰ : ਸੋਹਿਲਾ ਬਾਣੀ ਵਿਚ ਸਤਿਗੁਰਾਂ ਦਾ ਫ਼ੁਰਮਾਣ ਹੈ, "ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ" ਭਾਵ ਮਨੁੱਖੀ ਸਰੀਰ ਕਾਮ-ਕ੍ਰੋਧ ਨਾਲ ਭਰਿਆ ਹੈ ਅਤੇ ਸੱਚੀ ਸੰਗਤ ਨਾਲ ਮਿਲ ਕੇ ਖ਼ਲਾਸੀ ਹੋ ਗਈ ਹੈ।

ਪ੍ਰਸ਼ਨ 48 : 'ਸੋਹਿਲਾ' ਬਾਣੀ ਅਨੁਸਾਰ 'ਰਾਗ ਗਉੜੀ ਪੂਰਬੀ ਮਹਲਾ ੪' ਵਿਚ ਅੰਜੁਲੀ ਤੇ ਡੰਡਉਤ ਸ਼ਬਦ ਤੋਂ ਕੀ ਭਾਵ ਹੈ ?

ਉੱਤਰ : 'ਅੰਜੁਲੀ' ਸ਼ਬਦ ਤੋਂ ਭਾਵ ਹੈ, ਦੋਹਾਂ ਹੱਥਾਂ ਨੂੰ ਇੰਝ ਮੇਲਣਾ ਕਿ ਬੁੱਕ ਜਿਹਾ ਬਣੇ, ਜਿਸ ਨੂੰ ਉਠਾ ਕੇ ਸਿਰ ਤਕ ਲੈ ਜਾਣਾ ਤੇ ਇਸ ਤਰ੍ਹਾਂ ਕਰਨਾ ਸਤਿਕਾਰ ਕਰਨਾ ਹੈ। 'ਡੰਡਉਤ' ਸ਼ਬਦ ਤੋਂ ਭਾਵ ਡੰਡੇ ਦੀ ਤਰ੍ਹਾਂ ਲੰਮੇ ਪੈ ਕੇ ਮੱਥਾ ਟੇਕਣਾ ਹੈ।

ਪ੍ਰਸ਼ਨ 49 : 'ਸੋਹਿਲਾ' ਬਾਣੀ ਦੇ ਅੰਤਲੇ ਸ਼ਬਦ 'ਕਰਉ ਬੇਨੰਤੀ ਸੁਣਹੁ ਮੇਰੇ ਮੀਤਾ' ਵਿਚ ਰਹਾਉ ਦੀਆਂ ਪੰਕਤੀਆਂ ਵਿਚ ਕੀ ਉਪਦੇਸ਼ ਹੈ ?

ਉੱਤਰ : ਇਸ ਸ਼ਬਦ ਵਿਚ ਰਹਾਉ ਦੀਆਂ ਪੰਕਤੀਆਂ ਹਨ, "ਅਉਧ ਘਟੈ ਦਿਨਸੁ ਰੈਣਾਰੇ॥ ਮਨ ਗੁਰ ਮਿਲਿ ਕਾਜ ਸਵਾਰੇ॥ ਭਾਵ ਦਿਨ ਤੇ ਰਾਤ ਕਰਕੇ ਉਮਰ ਘੱਟਦੀ ਜਾਂਦੀ ਹੈ। ਇਸ ਲਈ ਹੇ ਮੇਰੇ ਮਨ ! ਤੇਰੇ ਲਈ ਚੰਗਾ ਹੈ ਕਿ ਤੂੰ ਗੁਰਾਂ ਨਾਲ ਮਿਲ ਕੇ ਆਪਣਾ ਜੀਵਨ ਸਫ਼ਲਾ ਕਰ ਲੈ।

ਪ੍ਰਸ਼ਨ 50 : 'ਸੋਹਿਲਾ' ਬਾਣੀ ਅਨੁਸਾਰ 'ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ' ਤੋਂ ਅਗਲੀ ਪੰਕਤੀ ਦੇ ਭਾਵ ਅਰਥ ਸਮਝਾਉ।

ਉੱਤਰ : ਇਸ ਤੋਂ ਅਗਲੀ ਪੰਕਤੀ ਹੈ, 'ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ' ਭਾਵ ਨਾਨਕ ਦਾਸ ਇਹੋ ਸੁਖ ਮੰਗਦਾ ਹੈ ਕਿ ਮੈਨੂੰ ਸੰਤਾਂ ਦੀ ਚਰਨ ਧੂੜ ਬਖ਼ਸ਼ੋ, ਭਾਵ ਸਤਿਸੰਗ ਵਿਚ ਸ਼ਰਧਾ ਬਖ਼ਸ਼ੋ।

# ਜਪੁ ਜੀ

*ਨੋਟ : 'ਜਪੁ ਜੀ' ਗੁਰਬਾਣੀ ਕੰਠ ਕਰਨ ਲਈ ਨਿੱਤਨੇਮ ਬਾਣੀ ਦੇ ਗੁਟਕਾ ਸਾਹਿਬ ਤੋਂ ਪਾਠ ਕਰੋ, ਪਰ ਆਪਣੇ ਅਭਿਆਸ ਤੇ ਜਮਾਤ ਟੈਸਟ ਲਈ ਹੇਠ ਲਿਖੇ ਅਨੁਸਾਰ ਸਰਲ ਤਰੀਕਾ ਹੈ :*

*(ਜਪੁ ਜੀ ਸਾਹਿਬ, ਸਵੱਯੇ ਪਾਤ: ੧੦, ਅਨੰਦੁ ਸਾਹਿਬ ਪੂਰਾ, ਰਹਰਾਸਿ ਤੇ ਸੋਹਿਲਾ ਬਾਣੀ ਵਿਚੋਂ 20 ਨੰਬਰ ਦਾ ਪੇਪਰ ਹੋਵੇਗਾ।)*

ਜਪੁ ਜੀ ਸਾਹਿਬ ਬਾਣੀ ਦੀ ਇਸ ਪਹਿਲੀ ਪੰਕਤੀ ਤੋਂ ਸ਼ਬਦ ਪੂਰਾ ਕਰੋ।

ੴ ਸਤਿਨਾਮੁ............ ਗੁਰ ਪ੍ਰਸਾਦਿ॥

ਆਦਿ ਸਚੁ ਜੁਗਾਦਿ ਸਚੁ............ ਹੋਸੀ ਭੀ ਸਚੁ॥ ੧॥

ਸੋਚੈ ਸੋਚਿ ਨ ਹੋਵਈ............ ॥ ੧॥

ਹੁਕਮੀ ਹੋਵਨਿ ਆਕਾਰ........... ॥ ੨॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ........... ॥ ੩॥

ਸਾਚਾ ਸਾਹਿਬੁ ਸਾਚੁ ਨਾਇ............ ॥ ੪॥

ਥਾਪਿਆ ਨ ਜਾਇ ਕੀਤਾ ਨ ਹੋਇ........... ॥ ੫॥

ਤੀਰਥਿ ਨਾਵਾ ਜੇ ਤਿਸੁ ਭਾਵਾ............ ॥ ੬॥

ਜੇ ਜੁਗ ਚਾਰੇ ਆਰਜਾ............ ॥ ੭॥

ਸੁਣਿਐ ਸਿਧ ਪੀਰ ਸੁਰਿ ਨਾਥ............ ॥ ੮॥

ਸੁਣਿਐ ਈਸਰੁ ਬਰਮਾ ਇੰਦੁ............ ॥ ੯॥

ਸੁਣਿਐ ਸਤੁ ਸੰਤੋਖੁ ਗਿਆਨੁ............ ॥ ੧੦॥

ਸੁਣਿਐ ਸਰਾ ਗੁਣਾ ਕੇ ਗਾਹ............ ॥ ੧੧॥

ਮੰਨੇ ਕੀ ਗਤਿ ਕਹੀ ਨ ਜਾਇ............ ॥ ੧੨॥

ਮੰਨੈ ਸੁਰਤਿ ਹੋਵੈ ਮਨਿ ਬੁਧਿ............ ॥ ੧੩॥

ਮੰਨੈ ਮਾਰਗਿ ਠਾਕ ਨ ਪਾਇ............ ॥ ੧੪॥

~~~~~~~~~~~~~~~~~~~~
~~~~~~~~~~~~~~~~~~~~

ਮੰਨੈ ਪਾਵਹਿ ਮੋਖੁ ਦੁਆਰਾ........... ॥ ੧੫ ॥
ਪੰਚ ਪਰਵਾਣ ਪੰਚ ਪਰਧਾਨੁ........... ॥ ੧੬ ॥
ਅਸੰਖ ਜਪ ਅਸੰਖ ਭਾਉ........... ॥ ੧੭ ॥
ਅਸੰਖ ਮੂਰਖ ਅੰਧ ਘੋਰੁ........... ॥ ੧੮ ॥
ਅਸੰਖ ਨਾਵ ਅਸੰਖ ਥਾਵ........... ॥ ੧੯ ॥
ਭਰੀਐ ਹਥੁ ਪੈਰੁ ਤਨੁ ਦੇਹ........... ॥ ੨੦ ॥
ਤੀਰਥੁ ਤਪੁ ਦਇਆ ਦਤੁ ਦਾਨ........... ॥ ੨੧ ॥
ਪਾਤਾਲਾ ਪਾਤਾਲ ਲਖ ਆਗਾਸਾ ਆਗਾਸ........... ॥ ੨੨ ॥
ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ......... ॥ ੨੩ ॥
ਅੰਤੁ ਨ ਸਿਫਤੀ ਕਹਣਿ ਨ ਅੰਤੁ........... ॥ ੨੪ ॥
ਬਹੁਤਾ ਕਰਮੁ ਲਿਖਿਆ ਨ ਜਾਇ........... ॥ ੨੫ ॥
ਅਮੁਲ ਗੁਣ ਅਮੁਲ ਵਾਪਾਰ........... ॥ ੨੬ ॥
ਸੋ ਦਰੁ ਕੇਹਾ ਸੋ ਘਰੁ ਕੇਹਾ........... ॥ ੨੭ ॥
ਮੁੰਦਾ ਸੰਤੋਖੁ ਸਰਮੁ ਪਤੁ ਝੋਲੀ........... ॥ ੨੮ ॥
ਭੁਗਤਿ ਗਿਆਨੁ ਦਇਆ ਭੰਡਾਰਣਿ........... ॥ ੨੯ ॥
ਏਕਾ ਮਾਈ ਜੁਗਤਿ ਵਿਆਈ........... ॥ ੩੦ ॥
ਆਸਣੁ ਲੋਇ ਲੋਇ ਭੰਡਾਰ........... ॥ ੩੧ ॥
ਇਕ ਦੂ ਜੀਭੌ ਲਖ ਹੋਹਿ........... ॥ ੩੨ ॥
ਆਖਣਿ ਜੋਰੁ ਚੁਪੈ ਨਹ ਜੋਰੁ........... ॥ ੩੩ ॥
ਰਾਤੀ ਰੁਤੀ ਥਿਤੀ ਵਾਰ........... ॥ ੩੪ ॥
ਧਰਮ ਖੰਡ ਕਾ ਏਹੋ ਧਰਮੁ........... ॥ ੩੫ ॥
ਗਿਆਨ ਖੰਡ ਮਹਿ ਗਿਆਨੁ ਪਰਚੰਡੁ........... ॥ ੩੬ ॥
ਕਰਮ ਖੰਡ ਕੀ ਬਾਣੀ ਜੋਰੁ........... ॥ ੩੭ ॥
ਜਤੁ ਪਾਹਾਰਾ ਧੀਰਜੁ ਸੁਨਿਆਰੁ........... ॥ ੩੮ ॥
ਪਵਣੁ ਗੁਰੂ ਪਾਣੀ ਪਿਤਾ...... ਕੇਤੀ ਛੁਟੀ ਨਾਲਿ॥ ੧ ॥

੧ੴ ਸਤਿਗੁਰ ਪ੍ਰਸਾਦਿ ॥

# ਤ੍ਵਪ੍ਰਸਾਦਿ ॥ ਸਵੱਯੇ ॥ ਪਾ: ੧੦

(ਸਵੱਯੇ ਯਾਦ ਕਰਨ ਲਈ ਜਮਾਤ ਟੈਸਟ ਤੇ ਸਵੈ ਅਧਿਐਨ ਇਸ ਤਰ੍ਹਾਂ ਹੋਵੇਗਾ :)

- ਸ੍ਰਾਵਗ ਸੁੱਧ ਸਮੂਹ ਸਿਧਾਨ ਕੇ............ ॥ ੧ ॥
- ਮਾਤੇ ਮਤੰਗ ਜਰੇ ਜਰ ਸੰਗ............ ॥ ੨ ॥
- ਜੀਤ ਫਿਰੈ ਸਭ ਦੇਸ ਦਿਸਾਨ ਕੋ............ ॥ ੩ ॥
- ਤੀਰਥ ਨਾਨ ਦਇਆ ਦਮ ਦਾਨ........... ॥ ੪ ॥
- ਸੁੱਧ ਸਿਪਾਹ ਦੁਰੰਤ ਦੁਬਾਹ............ ॥ ੫ ॥
- ਬੀਰ ਅਪਾਰ ਬਡੇ ਬਰਿਆਰ............ ॥ ੬ ॥
- ਦਾਨਵ ਦੇਵ ਫਨਿੰਦ ਨਿਸਾਚਰ............ ॥ ੭ ॥
- ਮਾਨਵ ਇੰਦ੍ਰ ਗਜਿੰਦ੍ਰ ਨਰਾਧਪ............ ॥ ੮ ॥
- ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ.......... ॥ ੯ ॥
- ਕਾਹੂ ਲੈ ਪਾਹਨ ਪੂਜ ਧਰਯੋ ਸਿਰ........... ॥ ੧੦ ॥

# ਅਨੰਦੁ ਸਾਹਿਬ

## ਰਾਮਕਲੀ ਮਹਲਾ ੩ ਅਨੰਦੁ

### ੴ ਸਤਿਗੁਰ ਪ੍ਰਸਾਦਿ ॥

ਅਨੰਦੁ ਸਾਹਿਬ ਬਾਣੀ-ਕੰਠ ਗੁਟਕੇ ਤੋਂ ਕਰੋ ਪਰ ਜਮਾਤ ਟੈਸਟ ਤੇ ਸਵੈ ਅਧਿਐਨ ਇਸ ਪ੍ਰਕਾਰ ਹੋਵੇਗਾ :

* ਅਨੰਦੁ ਭਇਆ ਮੇਰੀ ਮਾਏ............ ॥ ੧ ॥
* ਏ ਮਨ ਮੇਰਿਆ ਤੂ ਸਦਾ ਰਹੁ............ ॥ ੨ ॥
* ਸਾਚੇ ਸਾਹਿਬਾ ਕਿਆ ਨਾਹੀ............ ॥ ੩ ॥
* ਸਾਚਾ ਨਾਮੁ ਮੇਰਾ ਆਧਾਰੋ............ ॥ ੪ ॥
* ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ........ ॥ ੫ ॥
* ਸਾਚੀ ਲਿਵੈ ਬਿਨੁ ਦੇਹ ਨਿਮਾਣੀ.......... ॥ ੬ ॥
* ਆਨੰਦੁ ਆਨੰਦੁ ਸਭੁ ਕੋ ਕਹੈ............ ॥ ੭ ॥
* ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ...... ॥ ੮ ॥
* ਆਵਹੁ ਸੰਤ ਪਿਆਰਿਹੋ............ ॥ ੯ ॥
* ਏ ਮਨ ਚੰਚਲਾ ਚਤੁਰਾਈ............ ॥ ੧੦ ॥
* ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ.. ॥ ੧੧ ॥
* ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ... ॥ ੧੨ ॥
* ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ....... ॥ ੧੩ ॥
* ਭਗਤਾ ਕੀ ਚਾਲ ਨਿਰਾਲੀ............ ॥ ੧੪ ॥
* ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ. ॥ ੧੫ ॥
* ਏਹੁ ਸੋਹਿਲਾ ਸਬਦੁ ਸੁਹਾਵਾ............ ॥ ੧੬ ॥
* ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ............ ॥ ੧੭ ॥

~~~~~~~~~~~~~~~~~~~~~
~~~~~~~~~~~~~~~~~~~~~

* ਕਰਮੀ ਸਹਜੁ ਨ ਊਪਜੈ............ ॥ ੧੮ ॥
* ਜੀਅਹੁ ਮੈਲੇ ਬਾਹਰਹੁ ਨਿਰਮਲ............ ॥ ੧੯ ॥
* ਜੀਅਹੁ ਨਿਰਮਲ ਬਾਹਰਹੁ ਨਿਰਮਲ............ ॥ ੨੦ ॥
* ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ............ ॥ ੨੧ ॥
* ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ............ ॥ ੨੨ ॥
* ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ............ ॥ ੨੩ ॥
* ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ............ ॥ ੨੪ ॥
* ਗੁਰ ਕਾ ਸਬਦੁ ਰਤੰਨੁ ਹੈ............ ॥ ੨੫ ॥
* ਸਿਵ ਸਕਤਿ ਆਪਿ ਉਪਾਇ ਕੈ............ ॥ ੨੬ ॥
* ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ............ ॥ ੨੭ ॥
* ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ............ ॥ ੨੮ ॥
* ਜੈਸੀ ਅਗਨਿ ਉਦਰ ਮਹਿ............ ॥ ੨੯ ॥
* ਹਰਿ ਆਪਿ ਅਮੁਲਕੁ ਹੈ ਮੁਲਿ ਨ............ ॥ ੩0 ॥
* ਹਰਿ ਰਾਸਿ ਮੇਰੀ ਮਨੁ ਵਣਜਾਰਾ............ ॥ ੩੧ ॥
* ਏ ਰਸਨਾ ਤੂ ਅਨ ਰਸਿ ਰਾਚਿ ਰਹੀ............ ॥ ੩੨ ॥
* ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ............ ॥ ੩੩ ॥
* ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ............ ॥ ੩੪ ॥
* ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ............ ॥ ੩੫ ॥
* ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ............ ॥ ੩੬ ॥
* ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ............ ॥ ੩੭ ॥
* ਹਰਿ ਜੀਉ ਗੁਫਾ ਅੰਦਰਿ ਰਖਿ ਕੈ............ ॥ ੩੮ ॥
* ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ............ ॥ ੩੯ ॥
* ਅਨਦ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ............ ॥ ੪੦ ॥

~~~~~~~~~~~~~~~~~~~~
~~~~~~~~~~~~~~~~~~~~

# ਰਹਰਾਸਿ ਸਾਹਿਬ

ਨੋਟ : ਰਹਰਾਸਿ ਤੇ ਸੋਹਿਲਾ ਬਾਣੀ ਕੰਠ ਨਿਤਨੇਮ ਦੇ ਗੁਟਕੇ ਤੋਂ ਕਰੋ ਪਰ ਜਮਾਤ ਟੈਸਟ ਤੇ ਸਵੈ ਅਧਿਐਨ ਇਸ ਤਰ੍ਹਾਂ ਹੋਵੇਗਾ :

* ਸੋ ਦਰੁ ਰਾਗੁ ਆਸਾ ਮਹਲਾ ੧
  ੴ ਸਤਿਗੁਰ ਪ੍ਰਸਾਦਿ॥
  ਸੋ ਦਰ ਤੇਰਾ ਕੇਹਾ............
* ਆਸਾ ਮਹਲਾ ੧
  ਸੁਣਿ ਵਡਾ ਆਖੈ ਸਭੁ ਕੋਇ............
* ਆਸਾ ਮਹਲਾ ੧
  ਆਖਾ ਜੀਵਾ ਵਿਸਰੈ ਮਰਿ ਜਾਉ............
* ਰਾਗ ਗੂਜਰੀ ਮਹਲਾ ੪
  ਹਰਿ ਕੇ ਜਨ ਸਤਿਗੁਰ ਸਤਪੁਰਖਾ............
* ਰਾਗ ਗੂਜਰੀ ਮਹਲਾ ੫
  ਕਾਹੇ ਰੇ ਮਨ ਚਿਤਵਹਿ ਉਦਮੁ............
* ਰਾਗ ਆਸਾ ਮਹਲਾ ੪ ਸੋ ਪੁਰਖੁ
  ੴ ਸਤਿਗੁਰ ਪ੍ਰਸਾਦਿ॥
  ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ............
* ਆਸਾ ਮਹਲਾ ੪
  ਤੂੰ ਕਰਤਾ ਸਚਿਆਰੁ ਮੈਡਾ ਸਾਂਈ............
* ਆਸਾ ਮਹਲਾ ੧
  ਤਿਤੁ ਸਰਵਰੜੈ ਭਈਲੇ ਨਿਵਾਸਾ............
* ਆਸਾ ਮਹਲਾ ੫
  ਭਈ ਪਰਾਪਤਿ ਮਾਨੁਖ ਦੇਹੁਰੀਆ............
* ਪਾ: ੧੦॥ ਕਬਿਯੋ ਬਾਚ ਬੇਨਤੀ॥ ਚੌਪਈ॥
  ਹਮਰੀ ਕਰੋ ਹਾਥ ਦੈ ਰੱਛਾ............

* ਸ੍ਵੈਯਾ॥
  ਪਾਂਇ ਗਹੇ ਜਬ ਤੇ ਤੁਮਰੇ............
* ਦੋਹਰਾ॥
  ਸਗਲ ਦੁਆਰ ਕਉ ਛਾਡਿ ਕੈ............
* ਰਾਮਕਲੀ ਮਹਲਾ ੩ ਅਨੰਦੁ
  ੧ਓ ਸਤਿਗੁਰ ਪ੍ਰਸਾਦਿ॥
  ਅਨੰਦੁ ਭਇਆ ਮੇਰੀ ਮਾਏ............
* ਮੁੰਦਾਵਣੀ ਮਹਲਾ ੫
  ਥਾਲ ਵਿਚਿ ਤਿੰਨਿ ਵਸਤੂ ਪਈਓ............
* ਸਲੋਕ ਮਹਲਾ ੫
  ਤੇਰਾ ਕੀਤਾ ਜਾਤੋ ਨਾਹੀ............

## ਸੋਹਿਲਾ

* ਰਾਗ ਗਉੜੀ ਦੀਪਕੀ ਮਹਲਾ ੧
  ੧ਓ ਸਤਿਗੁਰ ਪ੍ਰਸਾਦਿ॥
  ਜੈ ਘਰਿ ਕੀਰਤਿ ਆਖੀਐ............
* ਰਾਗੁ ਆਸਾ ਮਹਲਾ ੧
  ਛਿਅ ਘਰ ਛਿਅ ਗੁਰ ਛਿਅ ਉਪਦੇਸ............
* ਰਾਗ ਧਨਾਸਰੀ ਮਹਲਾ ੧
  ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ............
* ਰਾਗ ਗਉੜੀ ਪੂਰਬੀ ਮਹਲਾ ੪
  ਕਾਮਿ ਕਰੋਧਿ ਨਗਰੁ ਬਹੁ ਭਰਿਆ............
* ਰਾਗੁ ਗਉੜੀ ਪੂਰਬੀ ਮਹਲਾ ੫
  ਕਰਉ ਬੇਨੰਤੀ ਸੁਣਹੁ ਮੇਰੇ ਮੀਤਾ............

**ਰਹਰਾਸਿ ਤੇ ਸੋਹਿਲਾ ਬਾਣੀ ਦੇ ਅਰਥ ਸਮਝਣ ਲਈ ਕਿਸੇ ਵੀ ਟੀਕਾਕਾਰ ਦਾ ਟੀਕਾ ਪੜ੍ਹੋ, ਪਰ ਇਨ੍ਹਾਂ ਦੋਹਾਂ ਬਾਣੀਆਂ ਵਿੱਚੋਂ 20 ਨੰਬਰ ਦੇ ਅਰਥ ਇਸ ਪ੍ਰਕਾਰ ਪੁੱਛੇ ਜਾਣਗੇ।**

ਪ੍ਰਸ਼ਨ : ਰਹਰਾਸਿ ਬਾਣੀ ਵਿਚੋਂ ''ਆਸਾ ਮਹਲਾ ੧ — *ਸੁਣਿ ਵਡਾ ਆਖੈ ਸਭੁ ਕੋਇ*'' ਸ਼ਬਦ ਪੂਰਾ ਕਰਕੇ ਅਰਥ ਕਰੋ।

ਜਾਂ

''ਰਾਗ ਗੂਜਰੀ ਮਹਲਾ ੪ — '*ਹਰਿ ਕੇ ਜਨ ਸਤਿਗੁਰ ਸਤਪੁਰਖਾ*'' ਸ਼ਬਦ ਪੂਰਾ ਕਰਕੇ ਭਾਵ ਅਰਥ ਸਮਝਾਉ।

ਪ੍ਰਸ਼ਨ : 'ਸੋਹਿਲਾ' ਬਾਣੀ ਵਿਚੋਂ '*ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ*' ਸ਼ਬਦ ਪੂਰਾ ਕਰਕੇ ਅਰਥ ਕਰੋ

ਜਾਂ

ਰਾਗ ਗਉੜੀ ਪੂਰਬੀ ਮਹਲਾ ੫ — ''*ਕਰਉ ਬੇਨੰਤੀ ਸੁਣਹੁ ਮੇਰੇ ਮੀਤਾ*'' ਸ਼ਬਦ ਪੂਰਾ ਕਰਕੇ ਅਰਥ ਸਪੱਸ਼ਟ ਕਰੋ।

ਪ੍ਰਸ਼ਨ : ਰਹਰਾਸਿ ਬਾਣੀ ਵਿਚੋਂ '*ਥਾਲ ਵਿਚਿ ਤਿੰਨਿ ਵਸਤੂ ਪਈਓ*' ਸ਼ਬਦ ਪੂਰਾ ਕਰਕੇ ਅਰਥ ਕਰੋ

ਜਾਂ

ਰਹਰਾਸਿ ਬਾਣੀ ਵਿਚ '*ਪਾਂਇ ਗਹੇ ਜਬ ਤੇ ਤੁਮਰੇ*' ਸ੍ਵੈਯਾ ਕਿੰਨ੍ਹਾਂ ਦੀ ਰਚਿਤ ਬਾਣੀ ਹੈ, ਪੂਰਾ ਕਰਕੇ ਭਾਵ ਅਰਥ ਲਿਖੋ।

ਪ੍ਰਸ਼ਨ : ਸੋਹਿਲਾ ਬਾਣੀ ਵਿਚੋਂ ਰਾਗ ਗਉੜੀ ਦੀਪਕੀ ਮਹਲਾ ੧ ਸ਼ਬਦ ਪੂਰਾ ਕਰਕੇ ਅਰਥ ਕਰੋ

ਜਾਂ

ਰਾਗ ਗਉੜੀ ਪੂਰਬੀ ਮਹਲਾ ੪ ਸਿਰਲੇਖ ਵਾਲਾ ਸ਼ਬਦ ਪੂਰਾ ਕਰਕੇ ਅਰਥ ਕਰੋ।

ਪ੍ਰਸ਼ਨ : ਨਿਮਤ ਲਿਖਤ ਪੰਕਤੀਆਂ ਦੇ ਅਰਥ ਸਪੱਸ਼ਟ ਕਰੋ :

*ਤਿਤੁ ਸਰਵਰੜੈ ਭਈਲੇ ਨਿਵਾਸਾ*
*ਪਾਣੀ ਪਾਵਕੁ ਤਿਨਹਿ ਕੀਆ॥*
*ਪੰਕਜੁ ਮੋਹ ਪਗ ਨਹੀ ਚਾਲੈ*
*ਹਮ ਦੇਖਾ ਤਹ ਡੂਬੀਅਲੇ॥*

ਜਾਂ

*ਰਾਖਿ ਲੇਹੁ ਮੁਹਿ ਰਾਖਨਹਾਰੇ*
*ਸਾਹਿਬ ਸੰਤ ਸਹਾਇ ਪਿਆਰੇ॥*
*ਦੀਨ ਬੰਧ ਦੁਸਟਨ ਕੇ ਹੰਤਾ*
*ਤੁਮ ਹੌ ਪੁਰੀ ਚਤੁਰਦਸ ਕੰਤਾ॥*

ਪ੍ਰਸ਼ਨ : ਨਿਮਤ ਲਿਖਤ ਪੰਗਤੀਆਂ ਦੇ ਅਰਥ ਸਪੱਸ਼ਟ ਕਰੋ :

*ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ*
*ਸਹਸ ਮੂਰਤਿ ਨਨਾ ਏਕ ਤੋੁਹੀ॥*
*ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ*
*ਸਹਸ ਤਵ ਗੰਧ ਇਵ ਚਲਤ ਮੋਹੀ॥*

ਜਾਂ

*ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥*
*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥*

ਪ੍ਰਸ਼ਨ : ਹੇਠ ਲਿਖੀਆਂ ਪੰਗਤੀਆਂ ਦੇ ਸਰਲ ਅਰਥ ਕਰੋ :

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥*
*ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥*

ਜਾਂ

*ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥*
*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥*

ਪ੍ਰਸ਼ਨ : ਹੇਠ ਲਿਖੀਆਂ ਪੰਗਤੀਆਂ ਦੇ ਸਰਲ ਅਰਥ ਕਰੋ :

*ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥*
*ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥*

ਜਾਂ

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥*
*ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥*

~~~~~~~~~~~~~~~~~~~~
~~~~~~~~~~~~~~~~~~~~

ਪ੍ਰਸ਼ਨ ਪੱਤਰ ਦੀ ਰੂਪ ਰੇਖਾ

ਦਰਜਾ—ਦੂਜਾ

## ਪਰਚਾ ਪਹਿਲਾ—
## ਗੁਰ-ਇਤਿਹਾਸ ਤੇ ਗੁਰਬਾਣੀ

ਸਮਾਂ 3 ਘੰਟੇ ਕੁਲ ਅੰਕ 100

(ਭਾਗ—ੳ)

ਹੇਠ ਲਿਖਿਆਂ ਵਿਚੋਂ ਕੋਈ ਪੰਜ ਪ੍ਰਸ਼ਨ ਕਰੋ :—

1. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼, ਬਾਲ ਅਵਸਥਾ ਤੇ ਵਿੱਦਿਆ ਸੰਬੰਧੀ ਤੁਸੀਂ ਕੀ ਜਾਣਦੇ ਹੋ ?
2. ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਵਲੋਂ ਸਿੱਖ ਧਰਮ ਦਾ ਪ੍ਰਚਾਰ ਤੇ ਜੋਤੀ ਜੋਤ ਸਮਾਉਣ ਦੇ ਇਤਿਹਾਸ ਉੱਪਰ ਚਾਨਣਾ ਪਾਓ।
3. ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਮੁੱਢਲਾ ਜੀਵਨ, ਗੁਰਿਆਈ ਤੇ ਸਮਕਾਲੀ ਹਾਲਾਤ ਬਾਰੇ ਚਾਨਣਾ ਪਾਓ।
4. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਬਾਰੇ ਤੁਸੀਂ ਕੀ ਜਾਣਦੇ ਹੋ ?
5. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਚਾਰ ਜੰਗਾਂ ਬਾਰੇ ਚਾਨਣਾ ਪਾਓ।
6. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਇਤਿਹਾਸ ਵਿਚੋਂ ਖ਼ਾਲਸਾ ਪੰਥ ਦੀ ਸਿਰਜਣਾ ਸੰਬੰਧੀ ਭਾਵਪੂਰਵਕ ਲੇਖ ਲਿਖੋ।
7. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਮਦਮਾ ਸਾਹਿਬ ਨਿਵਾਸ, ਦੱਖਣ ਯਾਤਰਾ ਤੇ ਜੋਤੀ ਜੋਤ ਸਮਾਉਣ ਦਾ ਇਤਿਹਾਸ ਵਰਣਨ ਕਰੋ।

5X8=40

(ਭਾਗ-ਅ)

ਇਸ ਭਾਗ ਵਿਚੋਂ ਪੰਜ ਪ੍ਰਸ਼ਨ ਕਰੋ :-

1. *'ਪੰਚ ਪਰਵਾਣ ਪੰਚ ਪਰਧਾਨ'* ਜਾਂ *'ਜਤੁ ਪਾਹਾਰਾ ਧੀਰਜੁ ਸੁਨਿਆਰ'* ਦੋਹਾਂ ਵਿਚੋਂ ਇਕ ਪਉੜੀ ਸ਼ੁੱਧ ਤੇ ਸੰਪੂਰਨ ਕਰਕੇ ਲਿਖੋ।

2. *'ਮਾਤੇ ਮਤੰਗ ਜਰੇ ਜਰ ਸੰਗ'* ਜਾਂ *'ਬੀਰ ਅਪਾਰ ਬਡੇ ਬਰਿਆਰ'* ਦੋਹਾਂ ਵਿਚੋਂ ਇਕ ਸਵੈਯਾ ਪੂਰਾ ਕਰਕੇ ਲਿਖੋ।

3. *'ਆਨੰਦੁ ਆਨੰਦੁ ਸਭੁ ਕੋ ਕਹੈ'* ਜਾਂ *'ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ'* ਅਨੰਦ ਸਾਹਿਬ ਬਾਣੀ ਵਿਚੋਂ ਕੋਈ ਇਕ ਪਉੜੀ ਪੂਰੀ ਕਰਕੇ ਲਿਖੋ।

4. ਰਹਰਾਸਿ ਬਾਣੀ ਵਿਚੋਂ *'ਆਖਾ ਜੀਵਾ ਵਿਸਰੈ ਮਰਿ ਜਾਉ'* ਜਾਂ *'ਹਰਿ ਕੇ ਜਨ ਸਤਿਗੁਰ ਸਤਪੁਰਖਾ'* ਇਕ ਸ਼ਬਦ ਪੂਰਾ ਕਰੋ।

5. ਸੋਹਿਲਾ ਬਾਣੀ ਵਿਚੋਂ ਰਾਗ ਧਨਾਸਰੀ ਮਹਲਾ ੧ ਜਾਂ 'ਰਾਗ ਗਉੜੀ ਪੂਰਬੀ ਮਹਲਾ ੫ ਸ਼ਬਦ ਸੰਪੂਰਨ ਕਰੋ।

**5X4=20**

(ਭਾਗ — ੲ)

ਇਸ ਭਾਗ ਵਿੱਚੋਂ ਦੋ ਸ਼ਬਦਾਂ ਦੇ ਅਰਥ ਕਰੋ :—

1. ਰਹਰਾਸਿ ਬਾਣੀ ਵਿੱਚੋਂ ''ਆਸਾ ਮਹਲਾ ੧ *'ਸੁਣਿ ਵਡਾ ਆਖੈ ਸਭੁ ਕੋਇ'* ਸ਼ਬਦ ਪੂਰਾ ਕਰਕੇ ਅਰਥ ਕਰੋ

   ਜਾਂ

   ਰਹਰਾਸਿ ਬਾਣੀ ਵਿੱਚੋਂ *''ਥਾਲ ਵਿਚਿ ਤਿੰਨਿ ਵਸਤੂ ਪਈਓ''* ਸ਼ਬਦ ਪੂਰਾ ਕਰਕੇ ਭਾਵ ਅਰਥ ਸਮਝਾਓ।

2. ਨਿਮਤ ਲਿਖਤ ਪੰਗਤੀਆਂ ਵਿਚੋਂ ਕਿਸੇ ਇਕ ਦੇ ਅਰਥ ਕਰੋ :

***ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ***
***ਸਹਸ ਮੂਰਤਿ ਨਨਾ ਏਕੁ ਤੁੋਹੀ॥***
***ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ***
***ਸਹਸ ਤਵ ਗੰਧ ਇਵ ਚਲਤ ਮੋਹੀ॥***

ਜਾਂ

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥*
*ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥*

**2X10=20**

(ਭਾਗ—ਸ)

ਹੇਠ ਲਿਖੇ ਦਸ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ :

1. ਮੀਰੀ-ਪੀਰੀ ਤੋਂ ਕੀ ਭਾਵ ਹੈ ?
2. ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕੀ ਰਿਸ਼ਤਾ ਸੀ ?
3. ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ ਜੋਤ ਕਦੋਂ ਤੇ ਕਿੱਥੇ ਸਮਾਏ ?
4. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਕਦੋਂ ਤੇ ਕਿੰਨ੍ਹਾਂ ਨੇ ਲਾਇਆ ?
5. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?
6. 'ਜਪੁ' ਬਾਣੀ ਦਾ ਸਮੁੱਚਾ ਸਰੂਪ ਕੀ ਹੈ ?
7. ਤ੍ਵਪ੍ਰਸਾਦਿ ਸਵੈਯੇ ਬਾਣੀ ਸਿੱਖ ਰਹਿਤ ਮਰਯਾਦਾ ਅਨੁਸਾਰ ਕਦੋਂ ਪੜ੍ਹੀ ਜਾਂਦੀ ਹੈ ?
8. 'ਅਨੰਦ ਸਾਹਿਬ' ਬਾਣੀ ਅਨੁਸਾਰ ਸਰਸੇ ਤੋਂ ਕੀ ਭਾਵ ਹੈ ?
9. 'ਰਹਰਾਸਿ' ਬਾਣੀ ਵਿਚ 'ਭਈ ਪਰਾਪਤਿ ਮਾਨੁਖ ਦੇਹੁਰੀਆ' ਸ਼ਬਦ ਵਿਚ ਕੀ ਉਪਦੇਸ਼ ਹੈ ?
10. 'ਸੋਹਿਲਾ' ਬਾਣੀ ਅਨੁਸਾਰ 'ਛਿਅ ਅਰ ਛਿਅ ਗੁਰ ਛਿਅ ਉਪਦੇਸ' ਵਾਲੀ ਪੂਰੀ ਪੰਗਤੀ ਤੋਂ ਕੀ ਭਾਵ ਹੈ ?

**10X2+20**

## ਪਰਚਾ ਦੂਜਾ

# ਸਿੱਖ ਇਤਿਹਾਸ
# ਤੇ
# ਰਹਿਤ ਮਰਯਾਦਾ

ਖਾਲੀ ਪੇਜ

## ਨੀਯਤ ਕੀਤੇ ਨਵੇਂ ਸਿਲੇਬਸ ਅਨੁਸਾਰ :

### ਪਰਚਾ ਦੂਜਾ—ਸਿੱਖ ਇਤਿਹਾਸ ਤੇ ਰਹਿਤ ਮਰਯਾਦਾ

ਸਮਾਂ : 3 ਘੰਟੇ ਕੁਲ ਅੰਕ 100

(ੳ) ਸਿੱਖ ਨਾਇਕਾਂ ਦੀਆਂ ਜੀਵਨੀਆਂ :

* ਭਾਈ ਦਿਆਲਾ ਜੀ
* ਬਾਬਾ ਬੋਤਾ ਸਿੰਘ-ਗਰਜਾ ਸਿੰਘ
* ਨਵਾਬ ਕਪੂਰ ਸਿੰਘ
* ਸ੍ਰ. ਜੱਸਾ ਸਿੰਘ ਆਹਲੂਵਾਲੀਆ
* ਅਕਾਲੀ ਫੂਲਾ ਸਿੰਘ
* ਭਾਈ ਸੁੱਖਾ ਸਿੰਘ-ਮਹਿਤਾਬ ਸਿੰਘ 20

(ਅ) ਅਠਾਰਵੀਂ ਸਦੀ ਦੇ ਘੱਲੂਘਾਰੇ : ਛੋਟਾ ਘੱਲੂਘਾਰਾ (1746), ਵੱਡਾ ਘੱਲੂਘਾਰਾ (1762)

ਇਤਿਹਾਸ ਸਿੱਖ ਮਿਸਲਾਂ : ਆਹਲੂਵਾਲੀਆ, ਸਿੰਘਪੁਰੀਆ, ਰਾਮਗੜ੍ਹੀਆ ਅਤੇ ਮਿਸਲ ਸ਼ਹੀਦਾਂ 20

(ੲ) ਹੇਠ ਲਿਖੇ ਵਿਸ਼ਿਆਂ ਦਾ ਅਧਿਐਨ :

* ਗੁਰਦੁਆਰਾ
* ਮੁਖਵਾਕ ਲੈਣ ਦੀ ਵਿਧੀ
* ਸ੍ਰੀ ਅਖੰਡ ਪਾਠ
* ਸਾਧਾਰਨ ਪਾਠ
* ਭੋਗ 20

(ਸ) ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਸਾਧ ਸੰਗਤ, ਸਿਮਰਨ ਅਰਦਾਸ ਦੀ ਮਹੱਤਤਾ। 20

(ਹ) ਦਸ ਪ੍ਰਸ਼ਨਾਂ ਦੇ ਸੰਖੇਪ ਉੱਤਰ—(ਭਾਗ ੳ-ਅ-ੲ-ਸ) ਵਿਚੋਂ ਆਉਣਗੇ। 20

# ਤਤਕਰਾ

## ਪਰਚਾ ਦੂਜਾ - ਸਿੱਖ ਇਤਿਹਾਸ ਤੇ ਰਹਿਤ ਮਰਯਾਦਾ


ਭਾਈ ਦਿਆਲਾ ਜੀ 101

ਬਾਬਾ ਬੋਤਾ ਸਿੰਘ-ਗਰਜਾ ਸਿੰਘ ਜੀ 104

ਨਵਾਬ ਕਪੂਰ ਸਿੰਘ ਜੀ 108

ਸ੍ਰ. ਜੱਸਾ ਸਿੱਘ ਆਹਲੂਵਾਲੀਆ 113

ਅਕਾਲੀ ਫੂਲਾ ਸਿੰਘ ਜੀ 118

ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ 122

ਛੋਟਾ ਘੱਲੂਘਾਰਾ 127

ਵੱਡਾ ਘੱਲੂਘਾਰਾ 132

ਸਿੱਖ ਮਿਸਲਾਂ :

- ਆਹਲੂਵਾਲੀਆ ਮਿਸਲ 138
- ਸਿੰਘਪੁਰੀਆ ਮਿਸਲ 141
- ਰਾਮਗੜ੍ਹੀਆ ਮਿਸਲ 144
- ਮਿਸਲ ਸ਼ਹੀਦਾਂ 146

ਕੁਝ ਵਿਸ਼ਿਆਂ ਦਾ ਅਧਿਐਨ :

- ਗੁਰਦੁਆਰੇ 149
- ਮੁਖਵਾਕ ਲੈਣ ਦੀ ਵਿਧੀ 152
- ਸਾਧਾਰਨ ਪਾਠ 153
- ਅਖੰਡ ਪਾਠ 154
- ਭੋਗ 155
- ਕਿਰਤ ਕਰਨੀ 158
- ਨਾਮ ਜਪਣਾ 162
- ਵੰਡ ਛਕਣਾ 166
- ਸਾਧ ਸੰਗਤ 170
- ਸਿਮਰਨ 174
- ਅਰਦਾਸ ਦੀ ਮੱਹਤਤਾ 178
- ਪ੍ਰਸ਼ਨ ਪੱਤਰ ਦੀ ਰੂਪ ਰੇਖਾ 183

# ਭਾਈ ਦਿਆਲਾ ਜੀ

## ਭਾਈ ਦਿਆਲਾ ਜੀ ਦਾ ਜੀਵਨ ਤੇ ਸ਼ਹੀਦੀ :

ਭਾਈ ਦਿਆਲਾ ਜੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਦਿੱਲੀ ਵਿਖੇ ਸ਼ਹੀਦ ਹੋਣ ਵਾਲੇ ਸਿਦਕੀ ਸਿੱਖਾਂ ਵਿਚੋਂ ਇਕ ਸਨ। ਇਹਨਾਂ ਨੂੰ ਪਾਣੀ ਦੀ ਦੇਗ ਵਿਚ ਬਿਠਾ ਕੇ ਹੇਠਾਂ ਅੱਗ ਬਾਲ਼ ਦਿੱਤੀ ਗਈ। ਉਬਲਦਾ ਪਾਣੀ ਵੀ ਭਾਈ ਦਿਆਲਾ ਜੀ ਦੇ ਸਿਦਕ ਨੂੰ ਡੁਲਾ ਨਾ ਸਕਿਆ। ਨੌਵੇਂ ਪਾਤਸ਼ਾਹ ਜੀ ਦੇ ਹੁਕਮਨਾਮਿਆਂ ਵਿਚ ਆਪ ਜੀ ਦਾ ਨਾਂ ਭਾਈ ਦਿਆਲ ਦਾਸ ਕਰਕੇ ਅਨੇਕ ਵਾਰ ਆਇਆ ਹੈ।

ਭਾਈ ਦਿਆਲਾ ਜੀ ਨੂੰ ਜਵਾਨੀ ਦੀ ਉਮਰੇ ਆਪ ਦੇ ਪਿਤਾ ਭਾਈ ਮਾਈ ਦਾਸ ਜੀ ਨੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਬਾਰ ਵਿਚ 1657 ਈ. ਨੂੰ ਸੇਵਾ ਲਈ ਹਾਜ਼ਰ ਕੀਤਾ ਸੀ। ਭਾਈ ਦਿਆਲਾ ਜੀ ਭਾਈ ਮਾਈ ਦਾਸ ਦੇ ਬਾਰ੍ਹਾਂ ਪੁੱਤਰਾਂ ਵਿਚੋਂ ਦੂਜੇ ਨੰਬਰ 'ਤੇ ਸਨ। ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਜੀ ਵੀ ਭਾਈ ਦਿਆਲਾ ਜੀ ਦੇ ਛੋਟੇ ਭਾਈ ਸਨ। ਭਾਈ ਸਾਹਿਬ ਦੇ ਪਰਿਵਾਰ ਦਾ ਸੰਬੰਧ ਗੁਰੂ ਘਰ ਨਾਲ ਪੁਰਾਣਾ ਸੀ। ਆਪ ਦੇ ਦਾਦਾ ਭਾਈ ਬੱਲੂ ਜੀ ਛੇਵੇਂ ਪਾਤਸ਼ਾਹ ਦੀ ਫ਼ੌਜ ਵਿਚ ਤਕੜੇ ਜਰਨੈਲ ਸਨ। ਭਾਈ ਦਿਆਲਾ ਜੀ ਹੋਣੀ ਗਿਆਰਾਂ ਭਰਾ ਗੁਰੂ ਪੰਥ ਲਈ ਕੁਰਬਾਨ ਹੋਏ।

ਭਾਈ ਦਿਆਲਾ ਜੀ ਨੇ ਪਹਿਲਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਫੇਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਬਾਰ ਵਿਚ ਸ਼ਰਧਾ ਭਾਵਨਾ ਨਾਲ ਹਰ ਪ੍ਰਕਾਰ ਦੀ ਸੇਵਾ ਨਿਭਾਈ। ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਏ ਤਾਂ ਭਾਈ ਦਿਆਲਾ ਜੀ ਨੂੰ 'ਘਰਬਾਰੀ ਦੀਵਾਨ' ਥਾਪਿਆ ਗਿਆ। ਆਪ ਗੁਰੂ ਘਰ ਦੇ ਬਹੁਤ ਹੀ ਵਿਸ਼ਵਾਸ ਪਾਤਰ ਸਨ। ਜਦੋਂ ਨੌਵੇਂ ਪਾਤਸ਼ਾਹ ਜੀ 1665 ਈ. ਨੂੰ ਪੂਰਬ ਵੱਲ ਪ੍ਰਚਾਰ ਲਈ ਗਏ ਤਾਂ ਆਪਣੇ ਪਰਿਵਾਰ ਨੂੰ ਪਟਨਾ ਸਾਹਿਬ ਛੱਡ ਗਏ ਸਨ। ਉਸ ਸਮੇਂ ਵੀ ਪਰਿਵਾਰ ਦੀ ਸੇਵਾ ਸੰਭਾਲ ਵਿਚ ਭਾਈ ਦਿਆਲਾ ਜੀ ਰਹੇ।

ਨੌਵੇਂ ਪਾਤਸ਼ਾਹ ਜੀ ਦੇ ਹੁਕਮਨਾਮਿਆਂ ਵਿਚ ਵੀ ਭਾਈ ਦਿਆਲਾ ਜੀ ਦਾ ਹਵਾਲਾ, ਮੁੱਖੀ ਸਿੱਖਾਂ ਦੇ ਰੂਪ ਵਿਚ ਆਇਆ ਹੈ। ਇਹਨਾਂ ਹਵਾਲਿਆਂ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਭਾਈ ਦਿਆਲਾ ਜੀ ਗੁਰੂ ਘਰ ਵਿਚ ਅਤਿ ਸਤਿਕਾਰਤ ਤੇ ਵੱਖ-ਵੱਖ

ਇਲਾਕਿਆਂ ਦੀਆਂ ਸਿੱਖ ਸੰਗਤਾਂ ਵਿਚ ਤਕੜਾ ਰਸੂਖ ਰੱਖਦੇ ਸਨ।

ਜਦ 11 ਨਵੰਬਰ 1675 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਹੋਈ ਤਾਂ ਉਹਨਾਂ ਤੋਂ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਵਿਚ ਸਾੜ ਕੇ ਸ਼ਹੀਦ ਕੀਤਾ ਗਿਆ। ਭਾਈ ਦਿਆਲਾ ਜੀ ਅੱਗੇ ਵੀ ਦੋ ਸਵਾਲ ਰੱਖੇ ਗਏ ਕਿ ਜਾਂ ਇਸਲਾਮ ਕਬੂਲ ਕਰੋ ਜਾਂ ਮੌਤ ਕਬੂਲ ਕਰੋ।

ਭਾਈ ਦਿਆਲਾ ਜੀ ਦਾ ਜੀਵਨ ਗੁਰਮਤਿ ਰੰਗ ਵਿਚ ਰੰਗਿਆ ਹੋਇਆ ਸੀ। ਇਸ ਭਜਨ ਬੰਦਗੀ ਵਾਲੇ ਸੂਰਮੇ ਨੇ ਜ਼ਾਲਮਾਂ ਨੂੰ ਉਹੋ ਉੱਤਰ ਦਿੱਤਾ ਕਿ ਮੈਨੂੰ ਮੇਰਾ ਧਰਮ ਪਿਆਰਾ ਹੈ। ਮੌਤ ਤੋਂ ਡਰ ਕੇ ਆਪਣਾ ਜੀਵਨ ਸਿਧਾਂਤ ਜਾਂ ਧਰਮ ਬਦਲ ਲੈਣਾ ਸੂਰਮਿਆਂ ਦਾ ਕੰਮ ਨਹੀਂ। ਇਸ ਲਈ ਮੈਨੂੰ ਸਿੱਖੀ ਉੱਤੇ ਮਾਣ ਹੈ। ਸਰੀਰ ਨੇ ਤਾਂ ਆਖ਼ਰ ਖ਼ਤਮ ਹੋਣਾ ਹੀ ਹੈ ਤੇ ਮੈਨੂੰ ਮੌਤ ਪ੍ਰਵਾਨ ਹੈ।

ਔਰੰਗਜ਼ੇਬ ਦੇ ਜਬਰ ਨੂੰ ਭਾਈ ਦਿਆਲਾ ਜੀ ਨੇ ਸਬਰ ਨਾਲ ਵੰਗਾਰਿਆ। ਭਾਈ ਦਿਆਲਾ ਜੀ ਨੂੰ 11 ਨਵੰਬਰ 1675 ਈ. ਨੂੰ ਸ਼ਾਹੀ ਹੁਕਮਾਂ ਨਾਲ ਦਿੱਲੀ ਦੇ ਚਾਂਦਨੀ ਚੌਕ ਵਿਚ ਪਾਣੀ ਦੀ ਉਬਲਦੀ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਆਪ ਨੇ ਇਸ ਅੱਤ ਦੇ ਸਰੀਰਕ ਕਸ਼ਟ ਨੂੰ ਤੁਛ ਕਰਕੇ ਜਾਣਿਆਂ ਅਤੇ ਗੁਰਬਾਣੀ ਦਾ ਪਾਠ ਕਰਦੇ ਕਰਦੇ, ਪ੍ਰਭੂ ਦੇ ਭਾਣੇ ਵਿਚ ਭਾਈ ਦਿਆਲਾ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ।

*ਅਭਿਆਸ ਲਈ ਪ੍ਰਸ਼ਨ :—*

(ੳ) ਭਾਈ ਦਿਆਲਾ ਜੀ ਦੇ ਜੀਵਨ ਤੇ ਸ਼ਹੀਦੀ ਬਾਰੇ ਵਿਸਤਾਰ ਪੂਰਵਕ ਚਾਨਣਾ ਪਾਓ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਭਾਈ ਦਿਆਲਾ ਜੀ ਦੇ ਪਰਿਵਾਰਕ ਪਿਛੋਕੜ ਬਾਰੇ ਤੁਸੀਂ ਕੀ ਜਾਣਦੇ ਹੋ ?

ਉੱਤਰ : ਭਾਈ ਦਿਆਲਾ ਜੀ-ਭਾਈ ਮਾਈ ਦਾਸ ਜੀ ਦੇ ਸਪੁੱਤਰ ਸਨ, ਆਪ ਦੇ ਦਾਦਾ ਭਾਈ ਬੱਲੂ ਜੀ ਛੇਵੇਂ ਪਾਤਸ਼ਾਹ ਜੀ ਦੀ ਫ਼ੌਜ ਵਿਚ ਤਕੜੇ ਜਰਨੈਲ ਸਨ।

ਪ੍ਰਸ਼ਨ 2 : ਭਾਈ ਦਿਆਲਾ ਜੀ ਨੇ ਕਿਹੜੇ-ਕਿਹੜੇ ਸਤਿਗੁਰਾਂ ਦੇ ਦਰਬਾਰ ਵਿਚ ਸੇਵਾ ਨਿਭਾਈ ?

ਉੱਤਰ : ਆਪ ਨੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਬਾਰ ਵਿਚ ਵੀ ਸੇਵਾ ਨਿਭਾਈ।

ਪ੍ਰਸ਼ਨ 3 : ਭਾਈ ਦਿਆਲਾ ਜੀ ਨੂੰ ਨੌਵੇਂ ਪਾਤਸ਼ਾਹ ਦੇ ਸਮੇਂ ਕਿਹੜੀ ਸੇਵਾ ਦਿੱਤੀ ਗਈ ?

ਉੱਤਰ : ਜਦ ਨੌਵੇਂ ਪਾਤਸ਼ਾਹ ਜੀ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਏ ਤਾਂ ਭਾਈ ਦਿਆਲਾ

ਜੀ ਨੂੰ 'ਘਰਬਾਰੀ ਦੀਵਾਨ' ਥਾਪਿਆ ਗਿਆ। ਆਪ ਗੁਰੂ ਘਰ ਦੇ ਬਹੁਤ ਹੀ ਵਿਸ਼ਵਾਸ ਪਾਤਰ ਸਨ।

ਪ੍ਰਸ਼ਨ 4 : ਭਾਈ ਦਿਆਲਾ ਜੀ ਹੋਣੀ ਕਿੰਨੇ ਭਰਾ ਸਿੱਖ ਪੰਥ ਲਈ ਕੁਰਬਾਨ ਹੋਏ ?

ਉੱਤਰ : ਭਾਈ ਦਿਆਲਾ ਜੀ ਹੋਣੀ ਬਾਰ੍ਹਾਂ ਭਰਾ ਸਨ। ਇਹਨਾਂ ਵਿਚੋਂ ਗਿਆਰਾਂ ਭਾਈ ਸਿੱਖ ਪੰਥ ਲਈ ਕੁਰਬਾਨ ਹੋਏ। ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਜੀ ਵੀ ਆਪ ਦੇ ਛੋਟੇ ਭਰਾ ਸਨ।

ਪ੍ਰਸ਼ਨ 5 : ਭਾਈ ਦਿਆਲਾ ਜੀ ਕਦੋਂ, ਕਿੱਥੇ ਤੇ ਕਿਵੇਂ ਸ਼ਹੀਦ ਹੋਏ ?

ਉੱਤਰ : ਭਾਈ ਦਿਆਲਾ ਜੀ ਨੂੰ 11 ਨਵੰਬਰ 1675 ਈ. ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ, ਪਾਣੀ ਦੀ ਉਬਲਦੀ ਦੇਗ 'ਚ ਉਬਾਲ ਕੇ ਸ਼ਹੀਦ ਕੀਤਾ ਗਿਆ।

☆☆☆

# ਬਾਬਾ ਬੋਤਾ ਸਿੰਘ-ਗਰਜਾ ਸਿੰਘ ਜੀ

## ਬਾਬਾ ਬੋਤਾ ਸਿੰਘ-ਗਰਜਾ ਸਿੰਘ ਜੀ ਦਾ ਜੀਵਨ ਤੇ ਸ਼ਹੀਦੀ :

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ (1716 ਈ.) ਤੋਂ ਲੈ ਕੇ 1765 ਈ. ਤਕ ਖ਼ਾਲਸਾ ਪੰਥ ਨੂੰ ਬਹੁਤ ਹੀ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਆਪਣੀ ਨਿਆਰੀ ਹੋਂਦ ਨੂੰ ਕਾਇਮ ਰੱਖਣ ਲਈ ਇਹ ਸਮਾਂ ਤਕੜੀ ਜਦੋ ਜਹਿਦ ਦਾ ਇਤਿਹਾਸ ਹੈ। ਉਪਰੋਕਤ ਵਿਸ਼ੇ ਅਨੁਸਾਰ ਸਮੇਂ ਬਾਰੇ ਜਾਣੀਏ ਤਾਂ ਪੰਜਾਬ ਦਾ ਗਵਰਨਰ ਖ਼ਾਨ ਬਹਾਦਰ ਜ਼ਕਰੀਆ ਖ਼ਾਂ ਸੀ। ਉਸ ਨੇ 1726 ਈ. ਤੋਂ ਲੈ ਕੇ 1745 ਈ. ਤਕ ਸਿੱਖਾਂ ਉੱਪਰ ਬਹੁਤ ਹੀ ਜ਼ੁਲਮ ਕੀਤੇ। ਜ਼ਕਰੀਆ ਖ਼ਾਂ ਨੇ ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੁਬੇਗ ਸਿੰਘ ਜੀ, ਸ਼ਾਹਬਾਜ ਸਿੰਘ ਅਤੇ ਹੋਰ ਬੇਅੰਤ ਸਿੰਘਾਂ ਸਿੰਘਣੀਆਂ ਨੂੰ ਅੱਤ ਦੇ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਿਆ। ਭਾਵੇਂ ਇਕ ਸਮੇਂ 1733 ਈ. ਵਿਚ ਜ਼ਕਰੀਆ ਖ਼ਾਂ ਨੇ ਭਾਈ ਸੁਬੇਗ ਸਿੰਘ ਰਾਹੀਂ ਸਿੱਖ ਪੰਥ ਨਾਲ ਨੇੜਤਾ ਵਧਾਉਣ ਲਈ ਜਾਗੀਰ ਵੀ ਦਿੱਤੀ, ਪਰ ਉਸ ਦੀ ਖੋਟੀ ਨੀਅਤ ਵਾਲੀ ਸਾਂਝ ਬਹੁਤਾ ਸਮਾਂ ਨਾ ਰਹਿ ਸਕੀ।

ਸੰਨ 1739 ਦੇ ਮੁੱਢਲੇ ਮਹੀਨਿਆਂ ਵਿਚ ਨਾਦਰਸ਼ਾਹ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ ਤੇ ਦਿੱਲੀ ਨੂੰ ਲੁੱਟਿਆ ਸੀ। ਜਦ ਲੁੱਟ ਦਾ ਮਾਲ ਲੈ ਕੇ ਉਹ ਇਰਾਨ ਨੂੰ ਵਾਪਸ ਮੁੜਿਆ ਤਾਂ ਹਕੂਮਤ ਦੇ ਸਤਾਏ ਸਿੱਖ ਜੋ ਸ਼ਿਵਾਲਕ ਦੀਆਂ ਪਹਾੜੀਆਂ ਵੱਲ ਸਨ, ਉਹਨਾਂ ਨੇ ਨਾਦਰ ਦੀ ਫ਼ੌਜ ਦੇ ਪਿਛਲੇ ਭਾਗ ਉਤੇ ਹੱਲਾ ਕਰਕੇ ਕਾਫ਼ੀ ਮਾਲ ਖੋਹ ਲਿਆ। ਸਿੱਖਾਂ ਦੀ ਦਲੇਰੀ ਤੋਂ ਹੈਰਾਨ ਹੋ ਕੇ ਨਾਦਰ, ਲਾਹੌਰ ਵਿਚ ਰੁਕਿਆ। ਉਸ ਨੇ ਜ਼ਕਰੀਆ ਖ਼ਾਂ ਨੂੰ ਕਿਹਾ ਕਿ ਇਹ ਬਾਗੀ ਇਕ ਦਿਨ ਤੇਰੇ ਮੁਲਕ ਉਤੇ ਕਬਜ਼ਾ ਵੀ ਕਰ ਸਕਦੇ ਹਨ।

ਜ਼ਕਰੀਆ ਖ਼ਾਂ ਨੇ ਫੇਰ ਇਲਾਕੇ ਦੇ ਅਧਿਕਾਰੀਆਂ ਨੂੰ ਹੁਕਮ ਦੇ ਕੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਕਮਰਕੱਸੇ ਕਰ ਲਏ। ਸਿੱਖ ਰਾਜਸਥਾਨ ਤੇ ਸ਼ਿਵਾਲਕ ਦੀਆਂ ਪਹਾੜੀਆਂ ਵੱਲ ਲੁਕ ਛਿਪ ਗਏ। ਜ਼ਕਰੀਆ ਖ਼ਾਂ ਦਾ ਪੱਕਾ ਨਿਸ਼ਚਾ ਸੀ ਕਿ ਸਿੱਖ ਲੋਕ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਕੇ ਫਿਰ ਨਵੀਂ ਸ਼ਕਤੀ ਤੇ ਦਲੇਰੀ ਹਾਸਲ ਕਰ ਲੈਂਦੇ ਹਨ। ਇਸ ਲਈ ਉਸ ਨੇ ਅੰਮ੍ਰਿਤਸਰ ਉੱਪਰ ਬਹੁਤ ਸਖ਼ਤੀ ਕੀਤੀ। ਉਧਰ ਸਿੱਖਾਂ ਦਾ ਹੌਸਲਾ ਦੇਖੋ ਕਿ ਉਹ ਜ਼ਕਰੀਆ ਖ਼ਾਂ ਦੀ ਮਨਾਹੀ ਤੇ ਸਖ਼ਤੀ ਦੇ ਬਾਵਜੂਦ ਵੀ ਰਾਤ ਬਰਾਤੇ ਸਰੋਵਰ 'ਚ ਇਸ਼ਨਾਨ ਕਰ ਜਾਂਦੇ ਸਨ। ਅੱਜ ਰੋਜ਼ਾਨਾ ਅਰਦਾਸ ਵਿਚ ਜੇ ਕਰ

ਅਸੀਂ ਅੰਮ੍ਰਿਤਸਰ ਦੇ ਇਸ਼ਨਾਨ ਦੀ ਜੋਦੜੀ ਕਰਦੇ ਹਾਂ ਤਾਂ ਇਸ ਪਿੱਛੇ ਸਾਡਾ ਬਹੁਤ ਵੱਡਾ ਇਤਿਹਾਸ, ਸ਼ਕਤੀ, ਦ੍ਰਿੜ੍ਹਤਾ, ਕੁਰਬਾਨੀ ਤੇ ਸਿੱਖੀ ਦੇ ਕੇਂਦਰ ਤੋਂ ਬਲਿਹਾਰੇ ਜਾਣ ਦਾ ਕੌਮੀ ਜਜ਼ਬਾ ਹੈ। ਸਾਡੇ ਵੱਡੇ ਵਡੇਰਿਆਂ ਨੇ ਸੀਸ ਤਲੀ 'ਤੇ ਧਰ ਕੇ ਵੀ ਕਿਸੇ ਸਮੇਂ ਅੰਮ੍ਰਿਤਸਰ ਦੇ ਇਸ਼ਨਾਨ ਕੀਤੇ ਸਨ।

ਇਹੋ ਇਤਿਹਾਸ ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਦਾ ਹੈ। ਬਾਬਾ ਬੋਤਾ ਸਿੰਘ ਜੀ ਪਿੰਡ ਭੜਾਣਾ, ਜ਼ਿਲ੍ਹਾ ਲਾਹੌਰ ਦੇ ਵਸਨੀਕ ਸਨ ਤੇ ਉਹਨਾਂ ਦਾ ਸਾਥੀ ਭਾਈ ਗਰਜਾ ਸਿੰਘ ਰੰਘਰੇਟਾ ਦੋਨੋ ਹੀ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਕੇ ਤਰਨ ਤਾਰਨ ਲਾਗੇ ਜਾ ਰਹੇ ਸਨ। ਉਹਨਾਂ ਨੂੰ ਵੇਖ ਕੇ ਦੋ ਮੁਸਲਮਾਨ ਹੌਲੀ-ਹੌਲੀ ਗੱਲਾਂ ਕਰਨ ਲੱਗ ਪਏ। ਇਕ ਨੇ ਕਿਹਾ, 'ਇਹ ਸਿੱਖ ਜਾਪਦੇ ਹਨ।' ਦੂਜੇ ਨੇ ਮਸ਼ਕਰੀ ਨਾਲ ਕਿਹਾ ਕਿ, 'ਸਿੱਖਾਂ ਦਾ ਤਾਂ ਖ਼ਾਨ ਬਹਾਦਰ ਨੇ ਖੁਰਾ ਖੋਜ ਹੀ ਮਿਟਾ ਦਿੱਤਾ ਹੈ। ਇਹ ਸਿੱਖ ਨਹੀਂ, ਬਹੁਰੂਪੀਏ ਹੋਣਗੇ।' ਇਹਨਾਂ ਦਿਆਂ ਬੋਲਾਂ ਨੇ ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਦੀ ਅਣਖ ਨੂੰ ਵੰਗਾਰਿਆ।

ਦੋਨਾਂ ਸਿੰਘਾਂ ਨੇ ਸਲਾਹ ਕੀਤੀ ਕਿ ਜ਼ਕਰੀਆ ਖਾਂ ਨੂੰ ਕਿਵੇਂ ਵੰਗਾਰਿਆ ਜਾਵੇ। ਉਹਨਾਂ ਨੇ ਤਰਨ ਤਾਰਨ ਤੋਂ ਝਬਾਲ ਵੱਲ ਜਾਂਦੀ ਸੜਕ ਉੱਪਰ, ਤਰਨ ਤਾਰਨ ਤੋਂ ਤਿੰਨ ਕੁ ਮੀਲ ਦੀ ਦੂਰੀ 'ਤੇ ਪਿੰਡ ਸਰਾਏ ਨੂਰ ਦੀ ਕੋਲ ਚੁੰਗੀ ਨਾਕਾ ਲਾ ਦਿੱਤਾ। ਉਸ ਸਮੇਂ ਇਹ ਰਸਤਾ ਗੋਇੰਦਵਾਲ ਸਾਹਿਬ ਦੇ ਪੱਤਣ ਲੰਘ ਕੇ ਲਾਹੌਰ ਜਾਣ ਵਾਲਿਆਂ ਲਈ ਆਮ ਰਸਤਾ ਸੀ। ਉਸ ਸਮੇਂ ਚੁੰਗੀ ਕਰ ਕੇਵਲ ਸਰਕਾਰ ਲੈ ਸਕਦੀ ਸੀ। ਇਸ ਲਈ ਮੁਗ਼ਲ ਸਰਕਾਰ ਦੇ ਅੰਦਰ ਇਕ ਹੋਰ ਸਿੱਖ ਸਰਕਾਰ ਕਾਇਮ ਹੋ ਗਈ। ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਨੇ ਖੋਤੇ ਉੱਤੇ ਭਾਰ ਲੈ ਕੇ ਜਾਣ ਵਾਲਿਆਂ ਲਈ ਇਕ ਪੈਸਾ ਅਤੇ ਗੱਡੇ ਵਾਲਿਆਂ ਨੂੰ ਇਕ ਆਨਾ ਚੁੰਗੀ ਲਾ ਕੇ ਉਗਰਾਹੀ ਕਰਨੀ ਸ਼ੁਰੂ ਕਰ ਦਿੱਤੀ। ਫਿਰ ਬਾਬਾ ਬੋਤਾ ਸਿੰਘ ਜੀ ਨੇ ਲਾਹੌਰ ਦੇ ਸੂਬੇ ਨੂੰ ਚਿੱਠੀ ਲਿਖੀ ਤੇ ਇਹ ਚਿੱਠੀ ਸਿੱਧੀ ਵੰਗਾਰ ਸੀ। ਇਸ ਬਾਰੇ ਭਾਈ ਰਤਨ ਸਿੰਘ ਭੰਗੂ ਜੀ ਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ :

***ਚਿੱਠੀ ਲਿਖੀ ਯੌਂ ਸਿੰਘ ਬੋਤਾ। ਹੱਥ ਹੈ ਸੋਟਾ ਵਿਚ ਰਾਹ ਖਲੋਤਾ।***
***ਆਨਾ ਲਾਯਾ ਗੱਡੇ ਨੂੰ ਪੈਸਾ ਲਾਯਾ ਖੋਤਾ।***
***ਆਖ ਭਾਬੀ ਖਾਨੋ ਨੂੰ ਯੌਂ ਆਖੇ ਸਿੰਘ ਬੋਤਾ।***

ਇਹ ਖ਼ਾਨੋ—ਖ਼ਾਨ ਬਹਾਦਰ ਜ਼ਕਰੀਆ ਖ਼ਾਂ ਦੀ ਵੱਡੀ ਭੈਣ ਸੀ ਤੇ ਉਹ ਫ਼ੈਜ਼ਲ ਖ਼ਾਂ ਨੂੰ ਵਿਆਹੀ ਹੋਈ ਸੀ। ਇਹ ਸਾਰਾ ਟੱਬਰ ਸਿੱਖਾਂ ਦਾ ਦੁਸ਼ਮਣ ਸੀ। ਇਸ ਲਈ ਇਹ ਚਿੱਠੀ ਜ਼ਕਰੀਆ ਖ਼ਾਂ ਨੂੰ ਚੋਭਵੇਂ ਸ਼ਬਦਾਂ ਵਿਚ ਲਿਖੀ।

ਉਧਰ ਜਦ ਜ਼ਕਰੀਆ ਖ਼ਾਂ ਨੂੰ ਖ਼ਬਰ ਮਿਲੀ ਤਾਂ ਉਸ ਨੇ ਆਪਣੇ ਇਕ ਫ਼ੌਜਦਾਰ ਜਲਾਲੁਦੀਨ ਨੂੰ ਇਕ ਸੌ ਘੋੜ ਸਵਾਰ ਦੇ ਕੇ ਭੇਜਿਆ ਕਿ ਦੋਨਾਂ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ

ਲਿਆਓ। ਹੁਣ ਇਕ ਪਾਸੇ ਮੁਗ਼ਲਾਂ ਦੇ ਸੌ ਘੋੜ ਸਵਾਰ ਤੇ ਦੂਜੇ ਪਾਸੇ ਸਤਿਗੁਰਾਂ ਦੇ ਚੜ੍ਹਦੀ ਕਲਾ ਵਾਲੇ ਸਿਪਾਹੀ ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਸਨ। ਇਹ ਫ਼ੌਜ ਨੂੰ ਵੇਖ ਕੇ ਨੱਠੇ ਨਹੀਂ, ਸਗੋਂ ਆਪਣੀਆਂ ਪਿੱਠਾਂ ਜੋੜ ਕੇ ਮੁਗ਼ਲ ਫ਼ੌਜ ਦਾ ਅਜਿਹਾ ਟਾਕਰਾ ਕੀਤਾ ਕਿ ਉਹ ਦੰਗ ਰਹਿ ਗਏ। ਮੁਗ਼ਲ ਸਿਪਾਹੀ ਇਹਨਾਂ ਨੂੰ ਮਾਰਨ ਲਈ ਅੱਗੇ ਵਧਦੇ। ਇਹਨਾਂ ਦੋਹਾਂ ਸਿੰਘਾਂ ਪਾਸ ਲੱਕੜ ਦੇ ਅਨਘੜਤ ਜਿਹੇ ਸੋਟੇ ਸਨ ਤੇ ਇਹ ਉਹਨਾ ਨਾਲ ਹੀ ਦੁਸ਼ਮਣਾਂ ਦੇ ਸਿਰ ਭੰਨ ਦਿੰਦੇ। ਦੋਹਾਂ ਸਿੰਘਾਂ ਨੇ ਲੰਬਾ ਸਮਾਂ ਡੱਟ ਕੇ ਟਾਕਰਾ ਕੀਤਾ ਤੇ ਮੁਗ਼ਲਾਂ ਦੇ ਅਨੇਕਾਂ ਸਿਪਾਹੀ ਮਾਰ ਦਿੱਤੇ। ਅੰਤ ਦੁਸ਼ਮਣ ਦਾ ਟਾਕਰਾ ਕਰਦੇ ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਸ਼ਹੀਦ ਹੋ ਗਏ। ਇਹ ਘਟਨਾ 1739 ਈ. ਦੀ ਹੈ। ਇਹਨਾਂ ਸੂਰਬੀਰ ਯੋਧਿਆਂ ਦੀ ਯਾਦ ਵਿਚ ਸ੍ਰੀ ਤਰਨ ਤਾਰਨ ਸਾਹਿਬ ਤੋਂ ਝਬਾਲ ਵਾਲੀ ਸੜਕ ਉੱਪਰ ਪਿੰਡ ਨੂਰ ਦੀ ਵਿਖੇ ਸ਼ਾਨਦਾਰ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ। ਇਹਨਾਂ ਦੀ ਬਹਾਦਰੀ ਦੀਆਂ ਵਾਰਾਂ ਜੁੱਗਾਂ ਜੁਗਾਂਤਰਾਂ ਤਕ ਗਾਈਆਂ ਜਾਂਦੀਆਂ ਰਹਿਣਗੀਆਂ।

*ਅਭਿਆਸ ਲਈ ਪ੍ਰਸ਼ਨ :—*

(ੳ) ਬਾਬਾ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਜੀ ਦੇ ਜੀਵਨ ਤੇ ਸ਼ਹੀਦੀ ਸੰਬੰਧੀ ਤੁਸੀਂ ਕੀ ਜਾਣਦੇ ਹੋ ?

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਦਾ ਇਤਿਹਾਸ ਕਿਸ ਸਮੇਂ ਨਾਲ ਸੰਬੰਧਿਤ ਹੈ ?

ਉੱਤਰ : ਇਹ ਘਟਨਾ 1739 ਈ. ਦੀ ਹੈ, ਜਦ ਪੰਜਾਬ ਦਾ ਗਵਰਨਰ ਖ਼ਾਨ ਬਹਾਦਰ ਜ਼ਕਰੀਆ ਖ਼ਾਂ ਸੀ। ਉਸ ਨੇ ਸਿੱਖਾਂ ਉੱਪਰ ਬਹੁਤ ਜ਼ੁਲਮ ਕੀਤੇ, ਪਰ ਇਹ ਦੋਨੋਂ ਸਿੰਘ ਫੇਰ ਵੀ ਅੰਮ੍ਰਿਤਸਰ ਸਾਹਿਬ ਇਸ਼ਨਾਨ ਕਰਕੇ ਗਏ ਅਤੇ ਦੋ ਮੁਸਲਮਾਨਾਂ ਦਾ ਤਾਹਨਾ ਸੁਣ ਕੇ ਮੁਗ਼ਲ ਸਰਕਾਰ ਲਈ ਵੰਗਾਰ ਬਣ ਗਏ।

ਪ੍ਰਸ਼ਨ 2 : ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਨੇ ਚੁੰਗੀ ਕਰ ਕਿਉਂ ਲਗਾਇਆ ?

ਉੱਤਰ : ਉਹਨਾਂ ਨੇ ਚੁੰਗੀ ਕਰ ਇਸ ਲਈ ਲਗਾਇਆ, ਕਿਉਂਕਿ ਚੁੰਗੀ ਕਰ ਕੇਵਲ ਸਰਕਾਰ ਹੀ ਲੈ ਸਕਦੀ ਸੀ। ਉਹਨਾਂ ਨੇ ਮੁਗ਼ਲ ਸਰਕਾਰ ਦੇ ਅੰਦਰ, ਸਿੱਖ ਸਰਕਾਰ ਕਾਇਮ ਕਰ ਦਿੱਤੀ, ਜੋ ਸ਼ਰ੍ਹੇਆਮ ਬਗਾਵਤ ਸੀ।

ਪ੍ਰਸ਼ਨ 3 : ਬਾਬਾ ਬੋਤਾ ਸਿੰਘ ਜੀ ਨੇ ਜ਼ਕਰੀਆ ਖ਼ਾਂ ਨੂੰ ਚਿੱਠੀ ਵਿਚ ਕੀ ਲਿਖਿਆ ?

ਉੱਤਰ : ਬਾਬਾ ਜੀ ਦੀ ਚਿੱਠੀ ਜ਼ਕਰੀਆ ਖ਼ਾਂ ਨੂੰ ਵੰਗਾਰ ਸੀ ਤੇ ਉਨ੍ਹਾਂ ਲਿਖਿਆ :

***ਚਿੱਠੀ ਲਿਖੀ ਯੌਂ ਸਿੰਘ ਬੋਤਾ। ਹੱਥ ਹੈ ਸੋਟਾ ਰਾਹ ਵਿਚ ਖਲੋਤਾ।***
***ਆਨਾ ਲਾਯਾ ਗੱਡੇ ਨੂੰ ਪੈਸਾ ਲਾਯਾ ਖੋਤਾ।***
***ਆਖ ਭਾਬੀ ਖਾਨੋ ਨੂੰ ਯੌਂ ਆਖੇ ਸਿੰਘ ਬੋਤਾ।***

ਪ੍ਰਸ਼ਨ 4 : ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਨੇ ਕਿੰਨੀ ਮੁਗ਼ਲ ਫ਼ੌਜ ਨਾਲ ਟਾਕਰਾ ਕੀਤਾ ?

ਉੱਤਰ : ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਕੇਵਲ ਦੋਨੋਂ ਸਨ ਅਤੇ ਮੁਗ਼ਲ ਫ਼ੌਜ ਵਿਚ ਇਕ ਸੌ ਘੋੜ-ਸਵਾਰ ਤੇ ਇਕ ਫ਼ੌਜਦਾਰ ਜਲਾਲੁਦੀਨ ਸੀ।

ਪ੍ਰਸ਼ਨ 5 : ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਕਿੱਥੇ ਹੈ ?

ਉੱਤਰ : ਇਹਨਾਂ ਸੂਰਬੀਰ ਯੋਧਿਆਂ ਦੀ ਯਾਦ ਵਿਚ ਸ੍ਰੀ ਤਰਨ ਤਾਰਨ ਸਾਹਿਬ ਤੋਂ ਝਬਾਲ ਵਾਲੀ ਸੜਕ ਉੱਪਰ ਪਿੰਡ ਨੂਰ ਦੀ ਵਿਖੇ ਸ਼ਾਨਦਾਰ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ। ਇਹ ਤਰਨ ਤਾਰਨ ਸਾਹਿਬ ਤੋਂ ਤਿੰਨ ਕੁ ਮੀਲ ਦੀ ਦੂਰੀ 'ਤੇ ਹੈ।

☆☆☆

# ਨਵਾਬ ਕਪੂਰ ਸਿੰਘ ਜੀ

## ਨਵਾਬ ਕਪੂਰ ਸਿੰਘ ਜੀ ਦਾ ਜੀਵਨ ਇਤਿਹਾਸ :

ਸਿੱਖ ਕੌਮ ਵਿਚ ਨਵਾਬ ਕਪੂਰ ਸਿੰਘ ਜੀ ਇਕ ਸਤਿਕਾਰਤ ਹਸਤੀ ਹੋਏ ਹਨ। ਆਪ ਜੀ ਨੇ 1733 ਈ. ਤੋਂ 1753 ਈ. ਤਕ ਪੂਰੇ ਵੀਹ ਸਾਲ ਕੌਮ ਨੂੰ ਯੋਗ ਅਗਵਾਈ ਦਿੱਤੀ। ਉਂਜ ਇਹ ਵੀ ਕਿਹਾ ਜਾ ਸਕਦਾ ਹੈ ਕਿ ਆਪ ਦਾ ਸਮੁੱਚਾ ਜੀਵਨ ਹੀ ਪੰਥਕ ਸੇਵਾ ਵਿਚ ਬਤੀਤ ਹੋਇਆ।

ਇਸ ਮਹਾਨ ਸ਼ਖ਼ਸੀਅਤ ਦਾ ਜਨਮ 1697 ਈ. ਨੂੰ, ਸ਼ੇਖ਼ੂਪੁਰਾ ਦੇ ਇਲਾਕੇ ਵਿਚ ਪਿੰਡ ਕਾਲੇਕੇ ਵਿਖੇ, ਚੌਧਰੀ ਦਲੀਪ ਸਿੰਘ ਜੀ ਦੇ ਘਰ, ਵਿਰਕ ਜੱਟ ਘਰਾਣੇ ਵਿਚ ਹੋਇਆ। ਘਰ ਵਿਚ ਸਿੱਖੀ ਵਾਤਾਵਰਣ ਹੋਣ ਕਰਕੇ ਮਨ ਉੱਪਰ ਤਕੜਾ ਪ੍ਰਭਾਵ ਪਿਆ। ਬਚਪਨ ਵਿਚ ਹੀ ਧਾਰਮਿਕ ਰੁਚੀਆਂ ਸਨ ਤੇ ਆਪਣੀ ਮਾਤਾ ਜੀ ਪਾਸੋਂ ਗੁਰਬਾਣੀ ਕੰਠ ਕੀਤੀ।

ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਕੌਮ ਵਿਚ ਬੰਦਈ ਖ਼ਾਲਸਾ ਤੇ ਤੱਤ ਖ਼ਾਲਸਾ ਵਿਚਕਾਰ ਝਗੜਾ ਵੱਧ ਗਿਆ ਸੀ। ਮਾਤਾ ਸੁੰਦਰੀ ਜੀ ਨੇ ਦਿੱਲੀ ਤੋਂ ਭਾਈ ਮਨੀ ਸਿੰਘ ਜੀ ਨੂੰ ਭੇਜਿਆ। ਉਹਨਾਂ ਨੇ ਕੌਮ ਵਿਚ ਪੂਰਨ ਏਕਤਾ ਕਰਵਾ ਦਿੱਤੀ। ਇਸ ਖ਼ੁਸ਼ੀ ਵਿਚ 1721 ਈ. ਨੂੰ ਵੈਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਤਕੜਾ ਪੰਥਕ ਇਕੱਠ ਹੋਇਆ ਅਤੇ ਅੰਮ੍ਰਿਤ ਸੰਚਾਰ ਵੀ ਹੋਇਆ। ਭਾਈ ਮਨੀ ਸਿੰਘ ਜੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਸਨ। ਜਿਥੇ ਉਸ ਦਿਨ ਬੇਅੰਤ ਸੰਗਤਾਂ ਨੇ ਅੰਮ੍ਰਿਤ ਛਕਿਆ ਉਥੇ ਸ. ਕਪੂਰ ਸਿੰਘ ਜੀ ਵੀ ਅੰਮ੍ਰਿਤ ਛਕ ਕੇ ਖ਼ਾਲਸਾ ਸਜ ਗਏ। ਫਿਰ ਆਪ ਨੇ ਇਲਾਕੇ ਦੇ ਨੌਜਵਾਨਾਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਆ ਤਾਂ ਇਲਾਕੇ ਵਿਚ ਉਹਨਾਂ ਦਾ ਚੰਗਾ ਸਤਿਕਾਰ ਹੋਣ ਲੱਗਾ।

ਉਧਰ 1726 ਈ. ਵਿਚ ਜ਼ਕਰੀਆ ਖ਼ਾਂ ਲਾਹੌਰ ਦਾ ਸੂਬੇਦਾਰ ਬਣਿਆ। ਉਸ ਨੇ ਸਿੱਖਾਂ ਉੱਪਰ ਬਹੁਤ ਸਖ਼ਤੀ ਕੀਤੀ। ਇਸੇ ਸਾਲ ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ ਹੋਈ। ਉਹਨਾਂ ਦੀ ਸ਼ਹੀਦੀ ਨੇ ਸਿੱਖ ਜਗਤ ਵਿਚ ਗ਼ੁੱਸੇ ਦੀ ਲਹਿਰ ਪੈਦਾ ਕਰ ਦਿੱਤੀ। ਹਰ ਗੱਭਰੂ ਇਸ ਸ਼ਹੀਦੀ ਦਾ ਬਦਲਾ ਲੈਣਾ ਚਾਹੁੰਦਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਰਬੱਤ ਖ਼ਾਲਸੇ ਦਾ ਇਕੱਠ ਹੋਇਆ। ਇਥੇ ਸ੍ਰ. ਕਪੂਰ ਸਿੰਘ ਨੇ ਕੁਝ ਸੁਝਾਅ ਰੱਖੇ ਕਿ, 'ਸਰਕਾਰ

ਦੀ ਆਰਥਿਕ ਨਾਕਾਬੰਦੀ ਕੀਤੀ ਜਾਏ ਤੇ ਲਾਹੌਰ ਦੇ ਖ਼ਜ਼ਾਨੇ ਵਿਚ ਬਾਹਰੋਂ ਮਾਇਆ ਨਾ ਆਉਣ ਦਿੱਤੀ ਜਾਵੇ। ਸਰਕਾਰੀ ਖ਼ਜ਼ਾਨੇ ਲੁੱਟ ਕੇ ਹਰ ਸਿੰਘ ਨੂੰ ਵਧੀਆ ਹਥਿਆਰ ਤੇ ਚੰਗਾ ਘੋੜਾ ਦਿੱਤਾ ਜਾਵੇ। ਜਿਸ ਨਾਲ ਵੀ ਸਰਕਾਰ ਵਧੀਕੀ ਕਰੇ, ਉਸ ਦੀ ਮਦਦ ਲਈ ਖ਼ਾਲਸਾ ਪਹੁੰਚੇ।'

ਉਥੇ ਸਮੂਹ ਸਿੱਖਾਂ ਨੂੰ ਇਸ ਨੌਜਵਾਨ ਦੀ ਦਲੀਲ ਚੰਗੀ ਲੱਗੀ ਤਾਂ ਸਭਨਾਂ ਨੇ ਸਹਿਮਤੀ ਨਾਲ ਸ੍ਰ. ਕਪੂਰ ਸਿੰਘ ਜੀ ਨੂੰ ਪੰਥ ਦਾ ਜਰਨੈਲ ਬਣਾ ਕੇ ਜ਼ਿੰਮੇਵਾਰੀ ਸੌਂਪ ਦਿੱਤੀ। ਸ੍ਰ. ਕਪੂਰ ਸਿੰਘ ਨੇ ਸਿੰਘਾਂ ਦੇ ਜੱਥੇ ਬਣਾ ਕੇ ਵੱਖ-ਵੱਖ ਇਲਾਕੇ ਵੰਡ ਦਿੱਤੇ। ਇਹਨਾਂ ਜਥਿਆਂ ਨੇ ਮੁਗ਼ਲ ਸਰਕਾਰ ਦਾ ਨੱਕ ਵਿਚ ਦਮ ਕਰ ਦਿੱਤਾ। ਸਰਕਾਰੀ ਘੋੜਿਆਂ ਦੇ ਵਪਾਰੀ ਤੇ ਲਾਹੌਰ ਦੇ ਖ਼ਜ਼ਾਨੇ ਲੁੱਟ ਕੇ ਸਿੰਘਾਂ ਲਈ ਚੰਗੇ ਘੋੜੇ ਤੇ ਜੰਗੀ ਸਮਾਨ ਤਿਆਰ ਕਰ ਲਿਆ। ਇਸ ਸਮੇਂ ਸਿੱਧੀ ਟੱਕਰ ਲੈਣ ਤੋਂ ਸਿਵਾ ਸਿੱਖਾਂ ਪਾਸ ਕੋਈ ਚਾਰਾ ਹੀ ਨਹੀਂ ਸੀ। ਉਧਰ ਮੁਗ਼ਲ ਹਕੂਮਤ ਤਾਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ 'ਤੇ ਤੁਲੀ ਹੋਈ ਸੀ। ਜਿਵੇਂ-ਜਿਵੇਂ ਸਿੱਖਾਂ ਦੀ ਚੜ੍ਹਤ ਬਣਦੀ ਜਾਵੇ, ਤਿਵੇਂ-ਤਿਵੇਂ ਹੀ ਪੰਜਾਬ ਵਿਚ ਰਾਜ ਕਰੇਗਾ ਖ਼ਾਲਸਾ ਦੀਆਂ ਅਵਾਜ਼ਾਂ ਗੂੰਜਣ ਲੱਗੀਆਂ।

ਅੰਤ 1733 ਈ. ਵਿਚ ਜ਼ਕਰੀਆ ਖ਼ਾਂ ਮਜਬੂਰ ਹੋ ਕੇ ਦਿੱਲੀ ਦੀ ਹਕੂਮਤ ਤੋਂ ਆਗਿਆ ਲੈ ਕੇ ਸਿੱਖ ਪੰਥ ਨਾਲ ਸੁਲਹ ਕਰਨ ਲਈ ਤਿਆਰ ਹੋ ਗਿਆ। ਉਸ ਨੇ ਲਾਹੌਰ ਆ ਕੇ ਭਾਈ ਸੁਬੇਗ ਸਿੰਘ ਰਾਹੀਂ ਸਿੱਖਾਂ ਨੂੰ ਇਕ ਜਾਗੀਰ, ਜਿਸ ਦੀ ਸਲਾਨਾ ਆਮਦਨ ਇਕ ਲੱਖ ਰੁਪਏ ਸੀ ਅਤੇ ਨਵਾਬ ਦੀ ਪਦਵੀ ਦੇਣ ਦੀ ਪੇਸ਼ਕਸ਼ ਕੀਤੀ। ਅੰਮ੍ਰਿਤਸਰ ਵਿਖੇ ਖ਼ਾਲਸਾ ਪੰਥ ਦਾ ਇਕੱਠ ਹੋਇਆ ਤੇ ਪੰਥ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ। ਭਾਈ ਸੁਬੇਗ ਸਿੰਘ ਨੇ ਕਿਹਾ ਕਿ ਪੰਥ ਦੇ ਭਲੇ ਲਈ ਇਹ ਜਾਗੀਰ ਤੇ ਨਵਾਬੀ ਨਾ ਠੁਕਰਾਓ। ਸਰਬਤ ਖ਼ਾਲਸੇ ਨੇ ਸਲਾਹ ਕੀਤੀ ਕਿ ਸ੍ਰ. ਕਪੂਰ ਸਿੰਘ ਜੀ ਦੀ ਯੋਗਤਾ ਕਰਕੇ ਤਾਂ ਮੁਗ਼ਲ ਸਰਕਾਰ ਨੇ ਗੋਡੇ ਟੇਕੇ ਹਨ। ਇਸ ਲਈ ਇਸ ਸਤਿਕਾਰ ਦੇ ਹੱਕਦਾਰ ਸ੍ਰ. ਕਪੂਰ ਸਿੰਘ ਜੀ ਹਨ।

ਸ੍ਰ. ਕਪੂਰ ਸਿੰਘ ਜੀ ਉਸ ਸਮੇਂ ਸੰਗਤਾਂ ਵਿਚ ਪੱਖਾ ਝੱਲਣ ਦੀ ਸੇਵਾ ਕਰ ਰਹੇ ਸਨ। ਭਾਈ ਸੁਬੇਗ ਸਿੰਘ ਨਵਾਬੀ ਦੀਆਂ ਵਸਤਾਂ ਲੈ ਕੇ ਅੱਗੇ ਵਧੇ, ਜਿਸ ਵਿਚ ਰੇਸ਼ਮ ਦੀ ਪੱਗ, ਇਕ ਕੈਂਠਾ, ਇਕ ਕਲਗੀ, ਜਿਗ੍ਹਾ, ਸੁਨਹਿਰੀ ਕੰਗਣਾਂ ਦਾ ਜੋੜਾ, ਇਕ ਮੋਤੀਆਂ ਦੀ ਮਾਲਾ, ਇਕ ਪੁਸ਼ਾਕ ਤੇ ਇਕ ਹੀਰਿਆਂ ਜੜੀ ਸ਼ਮਸ਼ੀਰ ਸੀ। ਸ੍ਰ. ਕਪੂਰ ਸਿੰਘ ਨੇ ਕਿਹਾ ਕਿ ਮੈਂ ਖ਼ਾਲਸਾ ਪੰਥ ਦੇ ਹੁਕਮ ਅੱਗੇ ਇਨਕਾਰੀ ਵੀ ਨਹੀਂ ਹੋ ਸਕਦਾ, ਪਰ ਇਹ ਸਰਕਾਰੀ ਮਾਲ ਪਹਿਲਾਂ ਪੰਜ ਸਿੰਘਾਂ ਦੇ ਚਰਨਾਂ ਨਾਲ ਛੁਹਾ ਕੇ ਦਿੱਤਾ ਜਾਏ ਤਾਂ ਮੈਂ ਪ੍ਰਵਾਨ ਕਰਾਂਗਾ। ਉਸ ਸਮੇਂ ਸਰਕਾਰੀ ਰੀਤੀ ਅਨੁਸਾਰ ਲੋਕ ਨਵਾਬੀ ਦੀ ਖਿਲਤ (ਪੁਸ਼ਾਕ) ਲੈ ਕੇ ਸਿਰ 'ਤੇ ਰੱਖਦੇ ਤੇ ਸਤਿਕਾਰ ਕਰਦੇ ਸਨ। ਪਰ ਸ੍ਰ. ਕਪੂਰ ਸਿੰਘ ਜੀ ਨੇ ਪੰਜ ਸਿੰਘਾਂ ਦੇ ਚਰਨਾਂ ਵਿਚ ਰਖਾ ਕੇ ਪ੍ਰਵਾਨ ਕੀਤੀ।

ਇਸ ਸਮੇਂ ਖ਼ਾਲਸਾ ਪੰਥ ਨੇ ਕੁਝ ਸ਼ਰਤਾਂ ਮੰਨਵਾਈਆਂ ਕਿ ਸਾਡੇ ਉੱਪਰ ਕੋਈ ਸਰਕਾਰੀ ਪਾਬੰਦੀ ਨਹੀਂ ਲੱਗੇਗੀ। ਸਭਨਾਂ ਨੂੰ ਗੁਰਦੁਆਰਿਆਂ ਦੀ ਦੇਖ ਭਾਲ ਤੇ ਸੇਵਾ ਸੰਭਾਲ ਦੀ ਅਜ਼ਾਦੀ ਹੋਵੇਗੀ। ਜ਼ਕਰੀਆ ਖ਼ਾਂ ਨੇ ਇਹ ਸ਼ਰਤਾਂ ਮੰਨ ਲਈਆਂ। ਉਸ ਦਾ ਖ਼ਿਆਲ ਸੀ ਕਿ ਸਰਕਾਰੀ ਧਨ ਨਾਲ ਸਿੱਖਾਂ ਵਿਚ ਫੁੱਟ ਪੈ ਜਾਵੇਗੀ, ਪਰ ਸ੍ਰ. ਕਪੂਰ ਸਿੰਘ ਜੀ ਦੀ ਯੋਗ ਅਗਵਾਈ ਹੇਠ ਸਿੱਖ ਵੱਡੀ ਪੱਧਰ 'ਤੇ ਜਥੇਬੰਦ ਹੋ ਗਏ। ਸਿੱਖੀ ਦਾ ਪ੍ਰਚਾਰ ਵੱਧ ਗਿਆ ਤੇ ਨੌਜਵਾਨ ਧੜਾ ਧੜ ਸਿੰਘ ਸਜਣ ਲੱਗੇ।

ਨਵਾਬ ਸ੍ਰ. ਕਪੂਰ ਸਿੰਘ ਜੀ ਨੇ ਸਿੱਖ ਪੰਥ ਨੂੰ ਜਥੇਬੰਦ ਕਰਨ ਲਈ ਦੋ ਸ਼੍ਰੇਣੀਆਂ ਬਣਾ ਦਿੱਤੀਆਂ ਸਨ। ਇਕ ਚਾਲੀ ਸਾਲ ਤੋਂ ਉੱਪਰ ਉਮਰ ਦੇ ਸਿੰਘਾਂ ਦਾ ਬੁੱਢਾ ਦਲ ਤੇ ਨੌਜਵਾਨਾਂ ਦਾ ਤਰਨਾ ਦਲ ਬਣਾਇਆ, ਕਿਉਂਕਿ 'ਤਰੁਨ' ਨੌਜਵਾਨ ਨੂੰ ਕਿਹਾ ਜਾਂਦਾ ਹੈ। ਦੋਹਾਂ ਦਲਾਂ ਦੇ ਆਪ ਸਾਂਝੇ ਜਰਨੈਲ ਥਾਪੇ ਗਏ। ਹੁਣ ਬੁੱਢਾ ਦਲ ਗੁਰਦੁਆਰਿਆਂ ਦੀ ਦੇਖ ਭਾਲ ਕਰਦਾ ਅਤੇ ਤਰੁਨਾ ਦਲ ਯੁੱਧ ਦੀ ਤਿਆਰੀ, ਸ਼ਸਤਰ ਵਿੱਦਿਆ ਦੀ ਮੁਹਾਰਤ ਅਤੇ ਮਜ਼ਲੂਮਾਂ ਦੀ ਰੱਖਿਆ ਕਰਦਾ ਸੀ। ਉਸ ਸਮੇਂ ਨਵਾਬ ਕਪੂਰ ਸਿੰਘ ਜੀ ਸਿੱਖਾਂ ਦੀ ਉਚ ਹਸਤੀ ਸਨ। ਆਪ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੁੰਦੇ ਤੇ ਸਿੱਖ ਸਮਾਜ ਆਪ ਦੇ ਜੱਥੇ ਪਾਸੋਂ ਅੰਮ੍ਰਿਤਪਾਨ ਕਰਨਾ ਸੁਭਾਗ ਸਮਝਦਾ ਸੀ। ਇਹਨਾਂ ਦਿਨਾਂ ਵਿਚ ਹੀ ਮਾਤਾ ਸੁੰਦਰੀ ਜੀ ਨੇ ਇਕ ਨੌਜਵਾਨ ਸ੍ਰ. ਜੱਸਾ ਸਿੰਘ ਨੂੰ ਆਪ ਦੇ ਪਾਸ ਭੇਜਿਆ, ਜਿਸ ਨੂੰ ਹਰ ਪੱਖੋਂ ਸ੍ਰ. ਕਪੂਰ ਸਿੰਘ ਜੀ ਨੇ ਨਿਪੁੰਨ ਕੀਤਾ।

ਉਧਰ ਜ਼ਕਰੀਆ ਖ਼ਾਂ ਨੇ ਸਿਰਫ਼ ਦੋ ਸਾਲ ਹੀ ਸਮਝੌਤੇ ਉੱਪਰ ਅਮਲ ਕੀਤਾ ਤੇ ਸੰਨ 1735 ਵਿਚ ਉਸ ਨੇ ਫਿਰ ਆਪਣੀ ਤਾਕਤ ਨਾਲ, ਦਿੱਤੀ ਹੋਈ ਜਾਗੀਰ 'ਤੇ ਕਬਜ਼ਾ ਕਰ ਲਿਆ। ਨਵਾਬ ਕਪੂਰ ਸਿੰਘ ਨੇ ਕਿਹਾ ਕਿ ਸਰਕਾਰ ਨੇ ਚੰਗਾ ਕੀਤਾ, ਕਿਉਂਕਿ ਸਾਰਾ ਪੰਜਾਬ ਹੀ ਸਾਡੀ ਜਾਗੀਰ ਹੈ। ਸਿੱਖਾਂ ਉੱਪਰ ਫਿਰ ਜ਼ੁਲਮ ਸ਼ੁਰੂ ਹੋ ਗਏ। ਅਨੇਕਾਂ ਸਿੱਖ ਸ਼ਹੀਦ ਕੀਤੇ ਗਏ। ਸਿੱਖ ਘਰ ਬਾਰ ਛੱਡ ਕੇ ਜੰਗਲਾਂ ਵਿਚ ਚਲੇ ਗਏ। ਇਸ ਮੁਸੀਬਤ ਦੇ ਸਮੇਂ ਨਵਾਬ ਕਪੂਰ ਸਿੰਘ ਜੀ ਨੇ ਸਿੱਖ ਕੌਮ ਨੂੰ ਚੜ੍ਹਦੀ ਕਲਾ ਵਿਚ ਰੱਖਿਆ ਤੇ ਮਾਲਵੇ ਵਿਚ ਜਾ ਕੇ ਸਿੱਖ ਸਰਦਾਰਾਂ ਨੂੰ ਰਾਜ ਕਾਇਮ ਕਰਨ ਵਿਚ ਮਦਦ ਕੀਤੀ।

ਸੰਨ 1739 ਵਿਚ ਨਾਦਰਸ਼ਾਹ ਦਿੱਲੀ ਲੁੱਟ ਕੇ ਇਰਾਨ ਵੱਲ ਮੁੜਿਆ ਤੇ ਜਦ ਉਹ ਸ਼ਿਵਾਲਕ ਦੀਆਂ ਪਹਾੜੀਆਂ ਦੇ ਰਸਤੇ ਤੋਂ ਲੰਘ ਰਿਹਾ ਸੀ ਤਾਂ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਖ਼ਾਲਸੇ ਨੇ ਉਸ ਪਾਸੋਂ ਕਾਫ਼ੀ ਧਨ ਖੋਹ ਲਿਆ। ਅਨੇਕ ਇਸਤਰੀਆਂ ਛੁਡਾ ਕੇ ਘਰੋ ਘਰੀਂ ਪਹੁੰਚਾਈਆਂ। ਜ਼ਕਰੀਆ ਖ਼ਾਂ ਦਾ ਜ਼ੁਲਮ ਹੋਰ ਵਧ ਗਿਆ। ਮੱਸੇ ਰੰਘੜ ਨੇ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਕੀਤੀ। ਉਸ ਦਾ ਸਿਰ ਵੱਢ ਕੇ ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਬਦਲਾ ਲਿਆ। ਸੰਨ 1746 ਵਿਚ ਛੋਟਾ ਘੱਲੂਘਾਰਾ ਵਾਪਰਿਆ।

ਸਮੁੱਚੇ ਹਾਲਾਤ ਨੂੰ ਵਾਚਣ ਲਈ 29 ਮਾਰਚ 1748 ਈ. ਨੂੰ ਸ੍ਰੀ ਅਕਾਲ ਤਖ਼ਤ

ਸਾਹਿਬ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸੇ ਦਾ ਇਕੱਠ ਹੋਇਆ। ਨਵਾਬ ਕਪੂਰ ਸਿੰਘ ਜੀ ਨੇ ਸਾਰੀਆਂ ਮਿਸਲਾਂ ਦਾ ਜਥੇਬੰਦਕ ਨਾਂ ਦਲ ਖ਼ਾਲਸਾ ਰੱਖਿਆ ਤੇ ਇਸ ਦੀ ਜਥੇਦਾਰੀ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪੀ ਗਈ। ਇਸ ਸਮੇਂ ਨਵਾਬ ਕਪੂਰ ਸਿੰਘ ਜੀ ਨੇ ਕੌਮ ਦੀ ਸੁਯੋਗ ਅਗਵਾਈ ਕੀਤੀ।

1753 ਈ. ਵਿਚ ਆਪ ਬੀਮਾਰ ਰਹਿਣ ਲੱਗ ਪਏ। ਆਪ ਨੇ ਪੰਥਕ ਇਕੱਠ ਬੁਲਾ ਕੇ ਸਾਰੀਆਂ ਜ਼ਿੰਮੇਵਾਰੀਆਂ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪ ਦਿੱਤੀਆਂ। ਅੰਤ ਸਿੱਖ ਪੰਥ ਦੇ ਮਹਾਨ ਜਰਨੈਲ ਨਵਾਬ ਕਪੂਰ ਸਿੰਘ ਜੀ 7 ਅਕਤੂਬਰ 1753 ਈ. ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਸਸਕਾਰ ਬਾਬਾ ਅਟੱਲ ਰਾਇ ਜੀ ਦੇ ਦੇਹਰੇ ਪਾਸ ਕੀਤਾ ਗਿਆ, ਜਿੱਥੇ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ। ਆਪ ਜੀ ਦੀ ਕੌਮੀ ਸੇਵਾ ਨੂੰ ਸਦਾ ਯਾਦ ਕੀਤਾ ਜਾਂਦਾ ਰਹੇਗਾ।

*ਅਭਿਆਸ ਲਈ ਪ੍ਰਸ਼ਨ :—*

(ੳ) ਨਵਾਬ ਕਪੂਰ ਸਿੰਘ ਜੀ ਦੇ ਜੀਵਨ ਇਤਿਹਾਸ ਸੰਬੰਧੀ ਤੁਸੀਂ ਕੀ ਜਾਣਦੇ ਹੋ ?

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਨਵਾਬ ਕਪੂਰ ਸਿੰਘ ਜੀ ਦੇ ਪਰਿਵਾਰਕ ਪਿਛੋਕੜ ਬਾਰੇ ਜਾਣਕਾਰੀ ਦਿਓ।

ਉੱਤਰ : ਆਪ ਦਾ ਜਨਮ 1697 ਈ. ਨੂੰ ਸ਼ੇਖੂਪੁਰ ਦੇ ਇਲਾਕੇ ਵਿਚ ਪਿੰਡ ਕਾਲੇਕੇ ਵਿਖੇ ਚੌਧਰੀ ਦਲੀਪ ਸਿੰਘ ਦੇ ਘਰ, ਵਿਰਕ ਜੱਟ ਘਰਾਣੇ ਵਿਚ ਹੋਇਆ। ਬਚਪਨ ਵਿਚ ਹੀ ਧਾਰਮਿਕ ਰੁਚੀਆਂ ਸਨ ਤੇ ਆਪਣੀ ਮਾਤਾ ਜੀ ਪਾਸੋਂ ਗੁਰਬਾਣੀ ਕੰਠ ਕੀਤੀ।

ਪ੍ਰਸ਼ਨ 2 : ਨਵਾਬ ਕਪੂਰ ਸਿੰਘ ਜੀ ਨੇ ਅੰਮ੍ਰਿਤਪਾਨ ਕਦੋਂ ਕੀਤਾ ?

ਉੱਤਰ : ਸੰਨ 1721 ਵਿਚ ਅੰਮ੍ਰਿਤਸਰ ਵਿਖੇ ਤਕੜਾ ਪੰਥਕ ਇਕੱਠ ਹੋਇਆ ਅਤੇ ਅੰਮ੍ਰਿਤ ਸੰਚਾਰ ਹੋਇਆ। ਭਾਈ ਮਨੀ ਸਿੰਘ ਜੀ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਸਨ। ਜਿਥੇ ਬੇਅੰਤ ਸੰਗਤਾਂ ਨੇ ਅੰਮ੍ਰਿਤ ਛਕਿਆ ਉਥੇ ਨਵਾਬ ਕਪੂਰ ਸਿੰਘ ਜੀ ਨੇ ਵੀ ਅੰਮ੍ਰਿਤ ਛਕਿਆ ਤੇ ਖ਼ਾਲਸਾ ਸਜ ਗਏ।

ਪ੍ਰਸ਼ਨ 3 : ਨਵਾਬ ਕਪੂਰ ਸਿੰਘ ਜੀ ਨੇ 1726 ਈ. ਵਿਚ ਸਰਬੱਤ ਖ਼ਾਲਸੇ ਦੇ ਇਕੱਠ ਵਿਚ ਕੀ ਸੁਝਾਅ ਪੇਸ਼ ਕੀਤੇ ?

ਉੱਤਰ : ਆਪ ਨੇ ਸੁਝਾਅ ਰੱਖੇ ਕਿ, 'ਸਰਕਾਰ ਦੀ ਆਰਥਿਕ ਨਾਕਾਬੰਦੀ ਕੀਤੀ ਜਾਏ ਤੇ ਲਾਹੌਰ ਦੇ ਖ਼ਜਾਨੇ ਵਿਚ ਬਾਹਰੋਂ ਮਾਇਆ ਨਾ ਆਉਣ ਦਿੱਤੀ ਜਾਏ। ਸਰਕਾਰੀ ਖ਼ਜਾਨੇ ਲੁੱਟ ਕੇ ਹਰ ਸਿੰਘ ਨੂੰ ਵਧੀਆ ਹਥਿਆਰ ਤੇ ਚੰਗਾ ਘੋੜਾ ਦਿੱਤਾ ਜਾਵੇ। ਜਿਸ ਨਾਲ ਵੀ ਸਰਕਾਰ ਵਧੀਕੀ ਕਰੇ, ਉਸ ਦੀ ਮਦਦ ਲਈ ਖ਼ਾਲਸਾ ਪਹੁੰਚੇ।

ਪ੍ਰਸ਼ਨ 4 : ਨਵਾਬ ਕਪੂਰ ਸਿੰਘ ਜੀ ਨੇ ਜਥੇਬੰਦੀ ਦਾ ਨਾਂ 'ਦਲ ਖ਼ਾਲਸਾ' ਕਦੋਂ ਰੱਖਿਆ ?

ਉੱਤਰ : ਸਮਕਾਲੀ ਹਾਲਾਤਾਂ ਨੂੰ ਦੇਖਦਿਆਂ 29 ਮਾਰਚ 1748 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਇਕੱਤਰ ਹੋਇਆ। ਇਸ ਸਮੇਂ ਨਵਾਬ ਕਪੂਰ ਸਿੰਘ ਜੀ ਨੇ ਸਾਰੀਆਂ ਮਿਸਲਾਂ ਦਾ ਜਥੇਬੰਦਕ ਨਾਂ ਦਲ ਖ਼ਾਲਸਾ ਰੱਖਿਆ।

ਪ੍ਰਸ਼ਨ 5 : ਨਵਾਬ ਕਪੂਰ ਸਿੰਘ ਜੀ ਦਾ ਅਕਾਲ ਚਲਾਣਾ ਕਦੋਂ ਤੇ ਕਿੱਥੇ ਹੋਇਆ ?

ਉੱਤਰ : 1753 ਈ. ਨੂੰ ਆਪ ਬੀਮਾਰ ਰਹਿਣ ਲੱਗ ਪਏ ਸਨ। ਆਪ ਨੇ ਪੰਥਕ ਇਕੱਠ ਬੁਲਾ ਕੇ ਸਾਰੀਆਂ ਜ਼ਿੰਮੇਵਾਰੀਆਂ ਸ੍. ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪ ਦਿੱਤੀਆਂ। ਅੰਤ 7 ਅਕਤੂਬਰ 1753 ਈ. ਨੂੰ ਅੰਮ੍ਰਿਤਸਰ ਵਿਖੇ ਆਪ ਅਕਾਲ ਚਲਾਣਾ ਕਰ ਗਏ। ਆਪ ਦਾ ਸਸਕਾਰ ਬਾਬਾ ਅਟੱਲ ਰਾਇ ਜੀ ਦੇ ਦੇਹਰੇ ਪਾਸ ਕੀਤਾ ਗਿਆ, ਜਿੱਥੇ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ।

☆☆☆

# ਸ੍ਰ. ਜੱਸਾ ਸਿੰਘ ਆਹਲੂਵਾਲੀਆ

## ਸ੍ਰ. ਜੱਸਾ ਸਿੰਘ ਆਹਲੂਵਾਲੀਆ ਦਾ ਜੀਵਨ ਇਤਿਹਾਸ :

ਸ੍ਰ. ਜੱਸਾ ਸਿੰਘ ਆਹਲੂਵਾਲੀਆ, ਅਠਾਰਵੀਂ ਸਦੀ ਦਾ ਉਹ ਬਹਾਦਰ ਸਿੱਖ ਜਰਨੈਲ ਸੀ, ਜਿਸ ਨੇ ਚਾਲ੍ਹੀ ਸਾਲ ਦਿਨ ਰਾਤ ਇਕ ਕਰਕੇ ਬਿਖੜੇ ਸਮੇਂ ਵਿਚ ਸਿੱਖ ਕੌਮ ਦੀ ਸੇਵਾ ਕੀਤੀ। ਉਹ ਇਕੋ ਇਕ ਸਿੱਖ ਸੀ, ਜਿਸ ਨੂੰ ਸਮੁੱਚੀ ਕੌਮ ਨੇ ਸਤਿਕਾਰ ਨਾਲ ਸੁਲਤਾਨ-ਉਲ-ਕੌਮ ਕਿਹਾ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖ ਕੌਮ ਦੀ ਸੁਚੱਜੀ ਅਗਵਾਈ ਨਵਾਬ ਕਪੂਰ ਸਿੰਘ ਨੇ ਕੀਤੀ ਅਤੇ ਉਹਨਾਂ ਦੇ ਹੁੰਦਿਆਂ ਹੀ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੇ ਐਸੀ ਕਮਾਨ ਸੰਭਾਲੀ ਕਿ ਹਰ ਕੌਮੀ ਫ਼ਰਜ਼ ਨੂੰ ਸ਼ਾਨਦਾਰ ਤਰੀਕੇ ਨਾਲ ਨਿਭਾਇਆ।

ਸ੍ਰ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਈ. ਨੂੰ ਜ਼ਿਲ੍ਹਾ ਲਾਹੌਰ ਦੇ ਪਿੰਡ ਆਹਲੂ ਵਿਖੇ ਸ੍ਰ. ਬਦਰ ਸਿੰਘ ਦੇ ਘਰ ਹੋਇਆ। ਸ੍ਰ. ਬਦਰ ਸਿੰਘ ਦੇ ਘਰ ਕਈ ਸਾਲਾਂ ਤਕ ਸੰਤਾਨ ਨਹੀਂ ਸੀ ਹੋਈ ਤਾਂ ਉਹਨਾਂ ਨੇ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਅਰਦਾਸ ਕੀਤੀ ਅਤੇ ਬਹੁਤ ਸੁੱਖਣਾ ਸੁਖ ਕੇ ਇਹ ਪੁੱਤਰ ਲਿਆ ਸੀ। ਜੱਸਾ ਸਿੰਘ ਅਜੇ ਪੰਜ ਕੁ ਸਾਲ ਦਾ ਸੀ ਜਦ ਪਿਤਾ ਜੀ ਅਕਾਲ ਚਲਾਣਾ ਕਰ ਗਏ। ਆਪ ਦੀ ਮਾਤਾ ਜੀ ਬਹੁਤ ਭਜਨ ਬੰਦਗੀ ਵਾਲੀ ਔਰਤ ਸੀ ਅਤੇ ਰਸ ਭਿੰਨਾ ਕੀਰਤਨ ਕਰ ਲੈਂਦੀ ਸੀ। ਉਸ ਦੀ ਭਾਵਨਾ ਸੀ ਕਿ ਅਸੀਂ ਪੁੱਤਰ ਨੂੰ ਗੁਰੂ ਘਰ ਲਿਜਾਣਾ ਸੀ। ਮਾਂ ਆਪਣੇ ਪੁੱਤਰ ਜੱਸਾ ਸਿੰਘ ਨੂੰ ਲੈ ਕੇ ਦਿੱਲੀ ਜਾ ਪਹੁੰਚੀ, ਕਿਉਂਕਿ ਉਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਰਹਿੰਦੇ ਸਨ। ਮਾਂ ਨੇ ਜਾ ਕੇ ਮਾਤਾ ਸੁੰਦਰੀ ਜੀ ਨੂੰ ਦੱਸਿਆ ਕਿ ਇਹ ਬਾਲ ਦਸਮ ਪਾਤਸ਼ਾਹ ਜੀ ਦੀ ਅਪਾਰ ਕਿਰਪਾ ਨਾਲ ਹੋਇਆ ਹੈ। ਬਾਲ ਜੱਸਾ ਸਿੰਘ ਨੇ ਮਾਤਾ ਸੁੰਦਰੀ ਜੀ ਨਾਲ ਏਨਾ ਮੋਹ ਪਾ ਲਿਆ ਕਿ ਆਪ ਦਾ ਸਾਰਾ ਬਚਪਨ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਪਾਸ ਹੀ ਬੀਤਿਆ।

ਜਦ ਜੱਸਾ ਸਿੰਘ ਜਵਾਨ ਹੋਇਆ ਤਾਂ ਮਾਤਾ ਸੁੰਦਰੀ ਜੀ ਨੇ 1735 ਈ. ਵਿਚ ਇਹਨਾਂ ਨੂੰ ਖ਼ਾਲਸਾ ਪੰਥ ਦੀ ਸੇਵਾ ਲਈ ਨਵਾਬ ਕਪੂਰ ਸਿੰਘ ਜੀ ਪਾਸ ਭੇਜ ਦਿੱਤਾ। ਜਦ ਦਿੱਲੀ ਤੋਂ ਆਪ ਨੂੰ ਵਿਦਾ ਕੀਤਾ ਤਾਂ ਮਾਤਾ ਸੁੰਦਰੀ ਜੀ ਨੇ ਇਕ ਢਾਲ, ਤਲਵਾਰ, ਕਮਾਨ, ਤੀਰਾਂ ਦਾ ਭੱਥਾ, ਇਕ ਗੁਰਜ ਤੇ ਸੁਨਹਿਰੀ ਪੁਸ਼ਾਕ ਦਿੱਤੀ। ਨਾਲ ਹੀ ਨਵਾਬ

ਕਪੂਰ ਸਿੰਘ ਜੀ ਨੂੰ ਚਿੱਠੀ ਲਿਖੀ ਕਿ ਇਸ ਨੂੰ ਸਾਡਾ ਸਪੁੱਤਰ ਜਾਣ ਕੇ ਸਭ ਖ਼ਾਲਸਈ ਗੁਣਾਂ ਵਿਚ ਨਿਪੁੰਨ ਕਰਨਾ ਹੈ।

ਇਤਿਹਾਸਕਾਰ ਲਿਖਦੇ ਹਨ ਕਿ ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਧਰਮ ਦਾ ਪੁੱਤਰ ਹੀ ਬਣਾ ਲਿਆ। ਆਪ ਨੇ ਬਹੁਤ ਛੇਤੀ ਜੰਗ ਦੇ ਪੈਂਤੜੇ ਤੇ ਸ਼ਸਤਰ ਵਿੱਦਿਆ ਪ੍ਰਾਪਤ ਕਰ ਲਈ। ਲੰਬਾ ਸਮਾਂ ਦਿੱਲੀ ਰਹਿਣ ਕਰਕੇ ਇਹਨਾਂ ਦੀ ਬੋਲੀ ਵਿਚ ਉਰਦੂ ਤੇ ਹਿੰਦੀ ਦਾ ਕਾਫ਼ੀ ਰਲਾ ਸੀ ਤੇ ਗੱਲਾਂ ਗੱਲਾਂ ਵਿਚ ਹਮਕੋ-ਤੁਮਕੋ ਕਹਿ ਜਾਂਦੇ ਸਨ। ਸਿੰਘਾਂ ਨੇ ਆਪ ਦੀ ਅੱਲ 'ਹਮਕੋ-ਤੁਮਕੋ' ਪਾ ਦਿੱਤੀ। ਇਕ ਦਿਨ ਜੱਸਾ ਸਿੰਘ ਨੇ ਨਵਾਬ ਕਪੂਰ ਸਿੰਘ ਨੂੰ ਕਿਹਾ ਕਿ ਸਿੰਘ ਮੈਨੂੰ ਹਮਕੋ-ਤੁਮਕੋ ਕਹਿ ਕੇ ਚਿੜਾਉਂਦੇ ਹਨ ਤਾਂ ਨਵਾਬ ਜੀ ਨੇ ਕਿਹਾ ਕਿ ਘਬਰਾ ਨਾ, ਇਹ ਤੈਨੂੰ ਕਿਸੇ ਦਿਨ ਪਾਤਸ਼ਾਹ ਵੀ ਬਣਾ ਸਕਦੇ ਹਨ। ਨਵਾਬ ਕਪੂਰ ਸਿੰਘ ਜੀ ਨੇ ਆਪ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਜੱਸਾ ਸਿੰਘ ਨੂੰ ਅੰਮ੍ਰਿਤ ਛਕਾਇਆ।

ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਛੇਤੀ ਹੀ ਭੰਡਾਰੀ ਦੀ ਪਦਵੀ ਦੇ ਦਿੱਤੀ। ਘੋੜਿਆਂ ਦੇ ਦਾਣੇ ਦੇ ਭੰਡਾਰ ਦਾ ਚਾਰਜ ਉਹਨਾਂ ਪਾਸ ਆ ਗਿਆ ਤੇ ਇਹ ਉਸ ਸਮੇਂ ਮਹੱਤਵਪੂਰਨ ਪਦਵੀ ਸੀ। ਨਵਾਬ ਸਾਹਿਬ ਨੂੰ ਜੱਸਾ ਸਿੰਘ ਉੱਪਰ ਏਨਾ ਵਿਸ਼ਵਾਸ ਸੀ ਕਿ ਉਹ ਖ਼ਜਾਨੇ ਦੀਆਂ ਚਾਬੀਆਂ ਵੀ ਉਸ ਨੂੰ ਦਿੰਦੇ ਸਨ। ਆਪ ਅਜੇ ਵੀਹ ਕੁ ਸਾਲਾਂ ਦੇ ਸਨ ਜਦ ਨਾਦਰ ਸ਼ਾਹ ਦੀ ਮੁੜਦੀ ਫ਼ੌਜ ਉਤੇ ਹੱਲਾ ਬੋਲ ਕੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠਾਂ ਆਪ ਨੇ ਕਰਾਰੇ ਹੱਥ ਵਿਖਾਏ। ਆਪ ਲੰਬਾ ਸਮਾਂ ਨਵਾਬ ਸਾਹਿਬ ਦੇ ਜਥੇ ਵਿਚ ਰਹੇ ਅਤੇ 1745 ਈ. ਵਿਚ ਆਪਣਾ ਵੱਖਰਾ ਜਥਾ ਬਣਾ ਲਿਆ।

1746 ਈ. ਵਿਚ ਛੋਟੇ ਘੱਲੂਘਾਰੇ ਸਮੇਂ ਸ੍ਰ. ਜੱਸਾ ਸਿੰਘ ਜੀ ਨੇ ਬਹੁਤ ਹੀ ਸੂਰਮਗਤੀ ਵਿਖਾਈ। ਜਿਸ ਸਮੇਂ ਸਿੰਘ ਚਾਰੇ ਪਾਸਿਉਂ ਹੀ ਘੇਰੇ ਗਏ ਸਨ। ਉਸ ਸਮੇਂ ਆਪ ਨੇ ਬੀਰਤਾ ਦਿਖਾ ਕੇ ਪੰਥ ਵਿਚ ਉਘਾ ਨਾਂ ਪੈਦਾ ਕੀਤਾ। ਫਿਰ 1748 ਈ. ਨੂੰ ਜਦ ਵੈਸਾਖੀ ਦੇ ਦਿਨ ਅੰਮ੍ਰਿਤਸਰ ਵਿਚ ਸਰਬੱਤ ਖ਼ਾਲਸਾ ਦਾ ਇਕੱਠ ਹੋਇਆ ਤਾਂ ਨਵਾਬ ਕਪੂਰ ਸਿੰਘ ਜੀ ਨੇ ਸਾਰੀਆਂ ਮਿਸਲਾਂ ਦਾ ਜਥੇਬੰਦਕ ਨਾਂ ਦਲ ਖ਼ਾਲਸਾ ਰੱਖਿਆ ਤਾਂ ਸਾਰੀਆਂ ਮਿਸਲਾਂ ਦਾ ਪ੍ਰਮੁੱਖ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਥਾਪਿਆ ਗਿਆ। ਆਪ ਉਸ ਸਮੇਂ ਆਹਲੂਵਾਲੀਆ ਮਿਸਲ ਦੇ ਜਥੇਦਾਰ ਵੀ ਸਨ। ਆਪ ਨੇ ਦਲ ਖ਼ਾਲਸਾ ਦੀ ਮਦਦ ਨਾਲ ਪਹਿਲਾਂ ਅੰਮ੍ਰਿਤਸਰ ਦੇ ਹਾਕਮ ਸਲਾਬਤ ਖ਼ਾਂ ਅਤੇ ਫਿਰ ਮੁਲਤਾਨ ਦੇ ਸੂਬੇਦਾਰ ਸ਼ਾਹ ਨਿਵਾਜ਼ ਖ਼ਾਨ ਨੂੰ ਕਤਲ ਕੀਤਾ। ਸ੍ਰ. ਜੱਸਾ ਸਿੰਘ ਦੇ ਨਾਂ ਦੀਆਂ ਪੰਜਾਬ ਭਰ ਵਿਚ ਧੁੰਮਾਂ ਪੈ ਗਈਆਂ। ਉਸ ਨੇ ਇਕ ਵਾਰ ਕਲਾਨੌਰ ਲੁੱਟਿਆ ਤੇ ਫਿਰ ਲਾਹੌਰ ਵੀ ਲੁੱਟਿਆ। ਅਹਿਮਦ ਸ਼ਾਹ ਅਬਦਾਲੀ ਦੇ ਪੰਜਵੇਂ ਹਮਲੇ ਸਮੇਂ ਸਿੱਧੀ ਟੱਕਰ ਲਈ।

1761 ਈ. ਨੂੰ ਦੀਵਾਲੀ ਵਾਲੇ ਦਿਨ ਜਦ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ

ਵਿਖੇ ਖ਼ਾਲਸਾ ਇਕੱਤਰ ਹੋਇਆ ਤਾਂ ਫ਼ੈਸਲਾ ਕੀਤਾ ਕਿ ਹੁਣ ਲਾਹੌਰ 'ਤੇ ਕਬਜ਼ਾ ਕੀਤਾ ਜਾਏ। ਸਿੰਘਾਂ ਨੇ ਜਾ ਲਾਹੌਰ ਘੇਰਿਆ ਅਤੇ ਸੂਬੇਦਾਰ ਉਬੈਦ ਖ਼ਾਨ ਨੂੰ ਭਜਾ ਕੇ ਸ੍. ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬਿਠਾ ਕੇ ਬਾਦਸ਼ਾਹ ਬਣਾ ਦਿੱਤਾ। ਜਲਦੀ ਕਾਰਵਾਈ ਵਿਚ ਸ੍. ਜੱਸਾ ਸਿੰਘ ਆਹਲੂਵਾਲੀਆ ਦੇ ਨਾਂ ਉੱਪਰ ਸਿੱਕਾ ਵੀ ਚਲਾ ਦਿੱਤਾ। ਜਦ ਦਿੱਲੀ ਤੋਂ ਸ਼ਾਹੀ ਫ਼ੌਜ ਵੱਡੀ ਗਿਣਤੀ ਵਿਚ ਆ ਗਈ ਤਾਂ ਸਿੰਘਾਂ ਨੇ ਲਾਹੌਰ ਛੱਡ ਦਿੱਤਾ।

ਉਧਰ ਅਹਿਮਦਸ਼ਾਹ ਅਬਦਾਲੀ ਸਿੱਖਾਂ ਤੋਂ ਬਹੁਤ ਦੁਖੀ ਸੀ। ਉਸ ਨੇ ਆਪਣੀ ਸਾਰੀ ਤਾਕਤ ਲਾ ਕੇ ਸਿੰਘਾਂ ਨੂੰ ਮਲੇਰਕੋਟਲਾ ਨੇੜੇ ਕੁਪਰਹੀੜ ਵਿਖੇ ਘੇਰ ਕੇ ਮਾਰਨ ਦਾ ਕੋਝਾ ਯਤਨ ਕੀਤਾ। ਇਸ ਘਟਨਾ ਨੂੰ ਵੱਡਾ ਘੱਲੂਘਾਰਾ ਕਿਹਾ ਗਿਆ ਜੋ 1762 ਈ. ਵਿਚ ਵਾਪਰਿਆ। ਸ੍. ਜੱਸਾ ਸਿੰਘ ਬਹੁਤ ਬਹਾਦਰੀ ਨਾਲ ਲੜੇ। ਆਪ ਦੇ ਸਰੀਰ ਉੱਪਰ ਦੋ ਦਰਜਨ ਦੇ ਕਰੀਬ ਫੱਟ ਲੱਗੇ, ਪਰ ਹੌਸਲਾ ਨਹੀਂ ਹਾਰਿਆ। ਭਾਵੇਂ ਤੀਹ ਹਜ਼ਾਰ ਸਿੰਘ ਇਸ ਘੱਲੂਘਾਰੇ ਵਿਚ ਸ਼ਹੀਦ ਹੋ ਗਏ ਸਨ, ਪਰ ਸ੍. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਨੇ ਕੌਮ ਵਿਚ ਢਹਿੰਦੀ ਕਲਾ ਨਹੀਂ ਆਉਣ ਦਿੱਤੀ।

14 ਜਨਵਰੀ 1764 ਈ. ਨੂੰ ਸ੍. ਜੱਸਾ ਸਿੰਘ ਦੀ ਅਗਵਾਈ ਹੇਠ ਸਾਰੀਆਂ ਮਿਸਲਾਂ ਨੇ ਮਿਲ ਕੇ ਸਰਹੰਦ 'ਤੇ ਹਮਲਾ ਕੀਤਾ ਅਤੇ ਨਵਾਬ ਜ਼ੈਨ ਖ਼ਾਂ ਨੂੰ ਮਾਰ ਮੁਕਾਇਆ। ਸਰਹੰਦ ਉਪਰ ਖ਼ਾਲਸੇ ਦਾ ਫਿਰ ਕਬਜ਼ਾ ਹੋ ਗਿਆ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਸਥਾਨ 'ਤੇ ਫਤਹਿਗੜ੍ਹ ਸਾਹਿਬ ਗੁਰਦੁਆਰਾ ਬਣਾਇਆ ਗਿਆ। ਉਧਰ ਅਹਿਮਦ ਸ਼ਾਹ ਅਬਦਾਲੀ ਨੇ 1762 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਵਿੱਤਰ ਇਮਾਰਤ ਢਾਹ ਦਿੱਤੀ ਸੀ। ਅਕਤੂਬਰ 1764 ਈ. ਵਿਚ ਸ੍. ਜੱਸਾ ਸਿੰਘ ਆਹਲੂਵਾਲੀਆ ਨੇ ਫਿਰ ਤਿਆਰ ਕਰਵਾਈ। ਸੰਨ 1777 ਵਿਚ ਸ੍. ਆਹਲੂਵਾਲੀਆ ਨੇ ਕਪੂਰਥਲਾ 'ਤੇ ਹਮਲਾ ਕੀਤਾ। ਇਥੋਂ ਦੇ ਹੁਕਮਰਾਨ ਰਾਏ ਇਬਰਾਹੀਮ ਭੱਟੀ ਨੂੰ ਹਾਰ ਦੇ ਕੇ ਕਪੂਰਥਲਾ ਨੂੰ ਆਪਣੀ ਰਾਜਧਾਨੀ ਬਣਾ ਲਿਆ।

ਸ੍. ਜੱਸਾ ਸਿੰਘ ਆਹਲੂਵਾਲੀਆ ਨੇ ਸਿੱਧ ਕਰ ਦਿੱਤਾ ਕਿ ਦ੍ਰਿੜ੍ਹ ਵਿਸ਼ਵਾਸ ਅਤੇ ਧਰਮ ਤੇ ਕੌਮ ਨਾਲ ਗੂਹੜਾ ਪਿਆਰ ਹਰ ਜ਼ੁਲਮ ਦੇ ਵਹਿਣ ਨੂੰ ਠੱਲ ਪਾ ਦਿੰਦਾ ਹੈ। ਇਹ ਖ਼ਾਲਸਾ ਪੰਥ ਦਾ ਮਹਾਨ ਜਰਨੈਲ, ਪੰਥ ਦਾ ਵਫ਼ਾਦਾਰ ਸਿਪਾਹੀ 20 ਅਕਤੂਬਰ 1783 ਈ. ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਿਆ। ਆਪ ਦੀ ਅੰਤਿਮ ਖਾਹਸ਼ ਅਨੁਸਾਰ ਆਪ ਦਾ ਸਸਕਾਰ ਨਵਾਬ ਕਪੂਰ ਸਿੰਘ ਜੀ ਦੇ ਸਥਾਨ ਲਾਗੇ ਬਾਬਾ ਅਟੱਲ ਰਾਇ ਦੇ ਦੇਹਰੇ ਪਾਸ ਕੀਤਾ ਗਿਆ, ਜਿੱਥੇ ਉਨ੍ਹਾਂ ਦੀ ਸਮਾਧ ਬਣੀ ਹੋਈ ਹੈ। ਸਿੱਖ ਕੌਮ ਸ੍. ਜੱਸਾ ਸਿੰਘ ਆਹਲੂਵਾਲੀਆ ਦੇ ਪਰਉਪਕਾਰਾਂ ਤੇ ਅਠਾਰਵੀਂ ਸਦੀ ਵਿਚ ਦਿੱਤੀ ਸੁਯੋਗ ਅਗਵਾਈ ਨੂੰ ਸਦਾ ਯਾਦ ਰੱਖੇਗੀ।

*ਅਭਿਆਸ ਲਈ ਪ੍ਰਸ਼ਨ :—*

(ੳ) ਸ੍ਰ. ਜੱਸਾ ਸਿੰਘ ਆਹਲੂਵਾਲੀਆ ਦਾ ਜੀਵਨ ਇਤਿਹਾਸ ਲਿਖੋ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੇ ਜਨਮ ਤੇ ਪਰਿਵਾਰ ਬਾਰੇ ਦੱਸੋ।

ਉੱਤਰ : ਆਪ ਦਾ ਜਨਮ 3 ਮਈ 1718 ਈ. ਨੂੰ ਜ਼ਿਲ੍ਹਾ ਲਾਹੌਰ ਦੇ ਪਿੰਡ ਆਹਲੂ ਵਿਖੇ ਸ੍ਰ. ਬਦਰ ਸਿੰਘ ਦੇ ਘਰ ਹੋਇਆ। ਆਪ ਦੀ ਮਾਤਾ ਭਜਨ ਬੰਦਗੀ ਵਾਲੀ ਔਰਤ ਸੀ ਅਤੇ ਰਸ ਭਿੰਨਾ ਕੀਰਤਨ ਕਰ ਲੈਂਦੀ ਸੀ।

ਪ੍ਰਸ਼ਨ 2 : ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ ਬਚਪਨ ਵਿਚ ਉਹਨਾਂ ਨੂੰ ਕਿੰਨ੍ਹਾਂ ਪਾਸ ਲੈ ਕੇ ਗਈ ?

ਉੱਤਰ : ਸ੍ਰ. ਜੱਸਾ ਸਿੰਘ ਅਜੇ ਪੰਜ ਕੁ ਸਾਲਾਂ ਦੇ ਸਨ ਜਦ ਇਹਨਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਇਹਨਾਂ ਦੀ ਮਾਂ ਆਪਣੇ ਪੁੱਤਰ ਨੂੰ ਦਿੱਲੀ ਵਿਖੇ ਦਸਮ ਪਾਤਸ਼ਾਹ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਪਾਸ ਲੈ ਕੇ ਗਈ। ਉਹਨਾਂ ਨੂੰ ਦੱਸਿਆ ਕਿ ਇਹ ਬਾਲ ਦਸਮ ਪਾਤਸ਼ਾਹ ਜੀ ਦੀ ਕਿਰਪਾ ਨਾਲ ਹੋਇਆ ਹੈ। ਫਿਰ ਆਪ ਦਾ ਬਚਪਨ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਪਾਸ ਹੀ ਬੀਤਿਆ।

ਪ੍ਰਸ਼ਨ 3 : ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਮਾਤਾ ਸੁੰਦਰੀ ਜੀ ਨੇ ਨਵਾਬ ਕਪੂਰ ਸਿੰਘ ਪਾਸ ਕਦੋਂ ਭੇਜਿਆ ?

ਉੱਤਰ : ਜਦ ਜੱਸਾ ਸਿੰਘ ਜਵਾਨ ਹੋਇਆ ਤਾਂ ਮਾਤਾ ਸੁੰਦਰੀ ਜੀ ਨੇ 1735 ਈ. ਵਿਚ ਇਹਨਾਂ ਨੂੰ ਖ਼ਾਲਸਾ ਪੰਥ ਦੀ ਸੇਵਾ ਲਈ ਨਵਾਬ ਕਪੂਰ ਸਿੰਘ ਜੀ ਪਾਸ ਭੇਜ ਦਿੱਤਾ। ਮਾਤਾ ਸੁੰਦਰੀ ਜੀ ਨੇ ਇਕ ਢਾਲ, ਤਲਵਾਰ, ਕਮਾਨ, ਤੀਰਾਂ ਦਾ ਭੱਥਾ, ਇਕ ਗੁਰਜ ਤੇ ਸੁਨਹਿਰੀ ਪੁਸ਼ਾਕ ਦਿੱਤੀ। ਨਾਲ ਹੀ ਨਵਾਬ ਕਪੂਰ ਸਿੰਘ ਨੂੰ ਚਿੱਠੀ ਲਿਖੀ ਕਿ ਇਸ ਨੂੰ ਸਾਡਾ ਸਪੁੱਤਰ ਜਾਣ ਕੇ ਸਭ ਖ਼ਾਲਸਈ ਗੁਣਾਂ ਵਿਚ ਨਿਪੁੰਨ ਕਰਨਾ ਹੈ।

ਪ੍ਰਸ਼ਨ 4 : ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖ ਪੰਥ ਦੀ ਕੀ ਮਹਾਨ ਸੇਵਾ ਕੀਤੀ ?

ਉੱਤਰ : ਆਪ ਨੇ 1746 ਈ. ਵਿਚ ਛੋਟੇ ਘੱਲੂਘਾਰੇ ਸਮੇਂ ਦੁਸ਼ਮਣ ਨਾਲ ਡਟ ਕੇ ਟਾਕਰਾ ਕੀਤਾ। ਆਪ ਜਿਥੇ ਆਹਲੂਵਾਲੀਆ ਮਿਸਲ ਦੇ ਜਥੇਦਾਰ ਸਨ ਉਥੇ ਸਾਰੀਆਂ ਮਿਸਲਾਂ ਦੇ ਪ੍ਰਮੁੱਖ ਸਰਦਾਰ ਵਜੋਂ ਵੀ ਸੇਵਾ ਨਿਭਾਈ। ਆਪ ਨੇ ਇਕ ਵਾਰ ਲਾਹੌਰ 'ਤੇ ਕਬਜ਼ਾ ਕਰ ਕੇ ਸਿੱਕਾ ਵੀ ਚਲਾਇਆ। 1762 ਈ. ਵਿਚ ਵੱਡੇ ਘੱਲੂਘਾਰੇ ਸਮੇਂ ਜਿਥੇ ਅਬਦਾਲੀ ਨਾਲ ਟੱਕਰ ਲਈ ਉਥੇ ਪੰਥ ਦੀ ਯੋਗ ਅਗਵਾਈ ਕੀਤੀ। ਆਪ

ਨੇ ਸਰਹੰਦ ਉੱਪਰ ਇਕ ਵਾਰ ਫਿਰ ਕਬਜ਼ਾ ਕੀਤਾ। 1764 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਮੁੜ ਤਿਆਰੀ ਕਰਵਾਈ, ਕਿਉਂਕਿ 1762 ਈ. ਵਿਚ ਇਸ ਪਵਿੱਤਰ ਇਮਾਰਤ ਨੂੰ ਅਬਦਾਲੀ ਨੇ ਢਾਹ ਦਿੱਤਾ ਸੀ। ਆਪ ਨੇ ਸਿੱਖੀ ਦੇ ਪ੍ਰਚਾਰ ਤੇ ਪਾਸਾਰ ਵਿਚ ਵੱਡਾ ਯੋਗਦਾਨ ਪਾਇਆ।

ਪ੍ਰਸ਼ਨ 5 : ਸ੍ਰ. ਜੱਸਾ ਸਿੰਘ ਆਹਲੂਵਾਲੀਆ ਦਾ ਅਕਾਲ ਚਲਾਣਾ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਆਪ ਦਾ ਅਕਾਲ ਚਲਾਣਾ 20 ਅਕਤੂਬਰ 1783 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ। ਆਪ ਦੀ ਅੰਤਮ ਖਾਹਸ਼ ਅਨੁਸਾਰ ਆਪ ਦਾ ਸਸਕਾਰ ਨਵਾਬ ਕਪੂਰ ਸਿੰਘ ਜੀ ਦੇ ਸਥਾਨ ਲਾਗੇ ਬਾਬਾ ਅਟੱਲ ਰਾਇ ਦੇ ਦੇਹਰੇ ਪਾਸ ਕੀਤਾ ਗਿਆ, ਜਿੱਥੇ ਉਨ੍ਹਾਂ ਦੀ ਸਮਾਧ ਬਣੀ ਹੋਈ ਹੈ।

☆☆☆

# ਅਕਾਲੀ ਫੂਲਾ ਸਿੰਘ ਜੀ

## ਅਕਾਲੀ ਫੂਲਾ ਸਿੰਘ ਜੀ ਦਾ ਜੀਵਨ ਇਤਿਹਾਸ :

ਸਿੱਖ ਰਾਜ ਦੇ ਸਮੇਂ ਜਿਹੜੇ ਮਹਾਨ ਵਿਅਕਤੀਆਂ ਨੇ ਪੰਥਕ ਜਜ਼ਬੇ ਨਾਲ ਕੌਮੀ ਸੇਵਾ ਵਿਚ ਹਿੱਸਾ ਪਾਇਆ, ਉਹਨਾਂ ਵਿਚੋਂ ਅਕਾਲੀ ਫੂਲਾ ਸਿੰਘ ਜੀ ਦਾ ਨਾਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਅਕਾਲੀ ਫੂਲਾ ਸਿੰਘ ਜੀ ਦਾ ਜਨਮ ਇਕ ਨਿੱਕੇ ਜਿਹੇ ਪਿੰਡ ਸ਼ੀਹਾਂ, ਹਰਿਆਣਾ ਦੇ ਇਲਾਕਾ ਬਾਂਗਰ ਵਿਖੇ ਸ੍ਰ. ਈਸ਼ਰ ਸਿੰਘ ਦੇ ਘਰ 1761 ਈ. ਨੂੰ ਹੋਇਆ। ਸ੍ਰ. ਈਸ਼ਰ ਸਿੰਘ ਨਿਸ਼ਾਨਾ ਵਾਲੀ ਮਿਸਲ ਵਿਚ ਸ਼ਾਮਲ ਹੋ ਕੇ ਕਈ ਜੰਗਾਂ ਵਿਚ ਲੜੇ। ਅਕਾਲੀ ਫੂਲਾ ਸਿੰਘ ਦੇ ਜਨਮ ਸਮੇਂ ਅਹਿਮਦਸ਼ਾਹ ਅਬਦਾਲੀ ਦੇ ਪੰਜਾਬ ਉੱਪਰ ਹਮਲੇ ਹੋ ਰਹੇ ਸਨ। ਇਹਨਾਂ ਦੇ ਪਿਤਾ 1762 ਈ. ਵਿਚ ਵੱਡੇ ਘੱਲੂਘਾਰੇ ਸਮੇਂ ਲੜਦਿਆਂ ਸਖ਼ਤ ਫੱਟੜ ਹੋ ਗਏ ਤੇ ਕੁਝ ਚਿਰ ਬਾਅਦ ਘਰ ਜਾ ਕੇ ਅਕਾਲ ਚਲਾਣਾ ਕਰ ਗਏ। ਉਹਨਾਂ ਨੇ ਆਪਣੇ ਚਲਾਣੇ ਤੋਂ ਪਹਿਲਾਂ ਫੂਲਾ ਸਿੰਘ ਦੀ ਬਾਂਹ ਆਪਣੇ ਮਿੱਤਰ ਬਾਬਾ ਨੈਣਾ ਸਿੰਘ ਨੂੰ ਫੜਾਈ ਅਤੇ ਕਿਹਾ ਕਿ ਮੇਰੇ ਪੁੱਤਰ ਨੂੰ ਪੰਥਕ ਸੇਵਾ ਵਿਚ ਲਾ ਦੇਈਂ। ਬਾਬਾ ਨੈਣਾ ਸਿੰਘ ਆਪ ਮਿਸਲ ਸ਼ਹੀਦਾਂ ਵਿਚ ਸ਼ਾਮਲ ਸਨ ਤੇ ਨਿਹੰਗ ਸਿੰਘਾਂ ਦੇ ਬੁੱਢੇ ਦਲ ਦੇ ਜਥੇਦਾਰ ਸਨ।

ਫੂਲਾ ਸਿੰਘ ਨੇ ਪਿਤਾ ਜੀ ਦੇ ਚਲਾਣੇ ਤੋਂ ਬਾਅਦ ਆਪਣੀ ਮਾਤਾ ਤੇ ਬਾਬਾ ਨੈਣਾ ਸਿੰਘ ਜੀ ਦੇ ਉਦਮ ਨਾਲ ਗੁਰਬਾਣੀ ਪੜ੍ਹੀ ਤੇ ਕੰਠ ਕੀਤੀ। ਇਸ ਦੇ ਨਾਲ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਘੋੜ-ਸਵਾਰੀ ਤੇ ਨੇਜ਼ਾਬਾਜ਼ੀ ਦਾ ਇਹਨਾਂ ਨੂੰ ਬਹੁਤ ਸ਼ੌਕ ਸੀ। ਅਜਿਹੀਆਂ ਰੁਚੀਆਂ ਕਰਕੇ ਅਕਾਲੀ ਫੂਲਾ ਸਿੰਘ ਜੀ ਨੇ ਯੁੱਧ ਕਲਾ ਵਿਚ ਬਹੁਤ ਛੇਤੀ ਮੁਹਾਰਤ ਹਾਸਲ ਕਰ ਲਈ। ਅਕਾਲ ਦਾ ਭਾਣਾ ਵਾਪਰਿਆ ਕਿ ਇਹਨਾਂ ਦੇ ਮਾਤਾ ਜੀ ਦੀ ਵੀ ਮੌਤ ਹੋ ਗਈ। ਆਪ ਇਕੱਲੇ ਹੀ ਰਹਿ ਗਏ। ਫਿਰ ਆਪ ਅਕਾਲੀ ਬਾਣਾ ਪਾ ਕੇ ਸ਼ਹੀਦਾਂ ਦੀ ਮਿਸਲ ਵਿਚ ਸ਼ਾਮਲ ਹੋ ਗਏ। ਆਪ ਨੇ ਜਥੇ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸ੍ਰੀ ਅਨੰਦਪੁਰ ਸਾਹਿਬ ਹੀ ਜਥੇ ਦੇ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਬਾਬਾ ਨੈਣਾ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਅਕਾਲੀ ਫੂਲਾ ਸਿੰਘ ਜੀ ਜਥੇ ਦੇ ਆਗੂ ਬਣ ਗਏ।

1800 ਈ. ਵਿਚ ਅਕਾਲੀ ਫੂਲਾ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਨੂੰ ਆਪਣਾ ਕੇਂਦਰ ਬਣਾਇਆ। ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚੋਂ ਮਹੰਤਾਂ ਵੱਲੋਂ ਸ਼ੁਰੂ ਕੀਤੀ ਬ੍ਰਾਹਮਣੀ ਮਰਯਾਦਾ ਦਾ ਸਫਾਇਆ ਕੀਤਾ ਅਤੇ ਅੰਮ੍ਰਿਤ ਸਰੋਵਰ ਦੀ

ਕਾਰ ਸੇਵਾ ਕਰਵਾਈ। ਆਪ ਗੁਰਧਾਮਾਂ ਦੇ ਪ੍ਰਬੰਧ ਤੇ ਮਰਯਾਦਾ ਉੱਪਰ ਪੂਰੀ ਨਿਗਾਹ ਰੱਖਦੇ ਸਨ।

1802 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਵਿਚ ਸ਼ਾਮਲ ਕਰਨ ਲਈ ਅੰਮ੍ਰਿਤਸਰ ਉੱਪਰ ਚੜ੍ਹਾਈ ਕੀਤੀ। ਇਥੇ ਕਈ ਨਿੱਕੇ-ਨਿੱਕੇ ਸਰਦਾਰ ਕਾਬਜ਼ ਸਨ ਜੋ ਭੰਗੀਆਂ ਦੀ ਮਿਸਲ ਵਿਚੋਂ ਸਨ। ਅਕਾਲੀ ਫੂਲਾ ਸਿੰਘ ਜੀ ਨੇ ਵਿਚ ਪੈ ਕੇ ਸੁਲਹ ਸਫਾਈ ਕਰਵਾ ਦਿੱਤੀ, ਕਿਉਂਕਿ ਸਿੱਖਾਂ ਹੱਥੋਂ ਸਿੱਖਾਂ ਦਾ ਹੀ ਲਹੂ ਡੁੱਲ੍ਹਣਾ ਸੀ। ਭੰਗੀ ਸਰਦਾਰਾਂ ਨੂੰ ਜਾਗੀਰ ਮਿਲ ਗਈ ਅਤੇ ਅੰਮ੍ਰਿਤਸਰ ਮਹਾਰਾਜੇ ਦੇ ਪ੍ਰਬੰਧ ਹੇਠ ਆ ਗਿਆ। ਇਹ ਫ਼ੈਸਲਾ ਕਰਵਾਉਣ ਨਾਲ ਪੰਥ ਵਿਚ ਅਕਾਲੀ ਫੂਲਾ ਸਿੰਘ ਜੀ ਦਾ ਸਤਿਕਾਰ ਬਹੁਤ ਵਧ ਗਿਆ। ਮਹਾਰਾਜਾ ਰਣਜੀਤ ਸਿੰਘ ਜੀ ਦਾ ਅਕਾਲੀ ਫੂਲਾ ਸਿੰਘ ਜੀ ਨਾਲ ਗੂਹੜਾ ਪਿਆਰ ਪੈ ਗਿਆ ਤੇ ਉਹ ਹਰ ਮੁਹਿੰਮ ਵਿਚ ਇਹਨਾਂ ਦੀ ਸਲਾਹ ਤੇ ਸਹਾਇਤਾ ਲੈਣ ਲੱਗ ਪਏ।

1807 ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਉੱਪਰ ਚੜ੍ਹਾਈ ਕੀਤੀ ਤੇ ਕਸੂਰ ਦਾ ਹਾਕਮ ਮੁਕਾਬਲੇ ਲਈ ਡਟ ਗਿਆ। ਮਹਾਰਾਜਾ ਨੇ ਅਕਾਲੀ ਫੂਲਾ ਸਿੰਘ ਜੀ ਤੋਂ ਮਦਦ ਮੰਗੀ ਤੇ ਉਹਨਾਂ ਨੇ ਜੰਗ ਵਿਚ ਐਸੇ ਜੌਹਰ ਦਿਖਾਏ ਕਿ ਸਾਰੇ ਜਰਨੈਲ ਅਸ਼ ਅਸ਼ ਕਰ ਉਠੇ। ਇਸ ਤੋਂ ਬਾਅਦ ਅਕਾਲੀ ਫੂਲਾ ਸਿੰਘ ਜੀ ਕੁਝ ਸਮੇਂ ਲਈ ਦਮਦਮਾ ਸਾਹਿਬ ਤੇ ਫਿਰ ਅਨੰਦਪੁਰ ਸਾਹਿਬ ਚਲੇ ਗਏ। ਉਪਰੰਤ ਆਪ ਨੇ ਅਨੇਕਾਂ ਹੀ ਵੱਡੀਆਂ ਮੁਹਿੰਮਾਂ ਵਿਚ ਹਿੱਸਾ ਲਿਆ। ਮੁਲਤਾਨ ਦੀ ਅੰਤਮ ਲੜਾਈ ਜੋ 1818 ਈ. ਨੂੰ ਹੋਈ, ਉਸ ਵਿਚ ਮੁਲਤਾਨ ਦਾ ਪ੍ਰਸਿੱਧ ਕਿਲ੍ਹਾ ਫ਼ਤਹਿ ਕਰਨ ਦਾ ਸਿਹਰਾ ਅਕਾਲੀ ਫੂਲਾ ਸਿੰਘ ਜੀ ਨੂੰ ਜਾਂਦਾ ਹੈ। ਮੁਲਤਾਨ ਦੀ ਫ਼ਤਹਿ ਤੋਂ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਜੀ ਨੂੰ ਖ਼ਾਲਸਾ ਰਾਜ ਦਾ ਰਾਖਾ ਆਖ ਕੇ ਸਨਮਾਨਿਆਂ ਸੀ। ਭਾਵੇਂ ਸਾਰੀ ਖ਼ਾਲਸਾ ਫ਼ੌਜ ਦਲੇਰ ਤੇ ਜੰਗ ਦੀ ਮਾਹਰ ਸੀ, ਪਰ ਅਕਾਲੀ ਫੂਲਾ ਸਿੰਘ ਜੀ ਦੇ ਜਥੇ ਦਾ ਹੌਸਲਾ ਤੇ ਸਿੱਧੀ ਟੱਕਰ ਲੈਣ ਦੀ ਸ਼ਕਤੀ ਦਾ ਕੋਈ ਮੁਕਾਬਲਾ ਨਹੀਂ ਸੀ।

1818 ਈ. ਵਿਚ ਹੀ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਉੱਪਰ ਧਾਵਾ ਬੋਲਿਆ। ਸਿੱਖ ਫ਼ੌਜਾਂ ਦੇ ਵਿਰੁੱਧ ਪਠਾਣਾਂ ਨੇ ਜਹਾਦ ਦਾ ਨਾਹਰਾ ਲਾ ਕੇ ਮੁਸਲਮਾਨ ਨਾਲ ਜੋੜ ਲਏ। ਮਹਾਰਾਜੇ ਨੇ ਅਕਾਲੀ ਜੀ ਤੋਂ ਸਹਾਇਤਾ ਮੰਗੀ। ਇਹਨਾਂ ਦੀਆਂ ਤੇਗਾਂ ਮੂਹਰੇ ਪਠਾਣ ਨੱਸ ਗਏ ਅਤੇ ਪਿਸ਼ਾਵਰ ਉਤੇ ਖ਼ਾਲਸਾ ਫ਼ੌਜ ਦਾ ਕਬਜ਼ਾ ਹੋ ਗਿਆ।

1819 ਈ. ਵਿਚ ਕਸ਼ਮੀਰ ਦੀ ਜਿੱਤ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਵਿਚ ਦੀਪਮਾਲਾ ਕੀਤੀ ਅਤੇ ਅਕਾਲੀ ਜੀ ਨੂੰ 'ਮਹਾਂਬਲੀ' ਦੀ ਉਪਾਧੀ ਦਿੱਤੀ। ਇਸੇ ਤਰ੍ਹਾਂ ਜਦ ਖ਼ਬਰ ਮਿਲੀ ਕਿ ਕਾਬਲ ਦੇ ਬਾਦਸ਼ਾਹ ਮੁਹੰਮਦ ਅਜ਼ੀਮ ਖ਼ਾਂ ਨੇ ਨੌਸ਼ਹਿਰੇ ਦੇ ਮੈਦਾਨ ਵਿਚ ਵੱਡੀ ਫ਼ੌਜ ਲੈ ਕੇ ਆਂਦੀ ਹੈ। ਸ੍ਰ. ਸ਼ੇਰ ਸਿੰਘ ਤੇ ਹਰੀ ਸਿੰਘ ਨਲੂਏ ਨੇ ਹਮਲਾ ਕਰ

ਦਿੱਤਾ। ਇਸ ਸਮੇਂ ਮਹਾਰਾਜਾ ਤੇ ਅਕਾਲੀ ਫੂਲਾ ਸਿੰਘ ਜੀ ਨੇ ਅਟਕ ਦਰਿਆ ਦੀ ਪ੍ਰਵਾਹ ਨਾ ਕੀਤੀ ਤੇ ਜੰਗ ਵਿਚ ਪਹੁੰਚ ਗਏ। ਛੋਟੀ ਜਿਹੀ ਝੜਪ ਪਿੱਛੋਂ ਵੈਰੀ ਨੌਸ਼ਹਿਰੇ ਪਹੁੰਚ ਗਿਆ।

14 ਮਾਰਚ 1823 ਈ. ਨੂੰ ਫਿਰ ਨੌਸ਼ਹਿਰੇ ਦੇ ਮੈਦਾਨ ਵਿਚ ਜਬਰਦਸਤ ਜੰਗ ਹੋਈ। ਇਸ ਜੰਗ ਵਿਚ ਹਾਥੀ 'ਤੇ ਸਵਾਰ ਹੋ ਕੇ ਲੜਦੇ ਅਕਾਲੀ ਫੂਲਾ ਸਿੰਘ ਜੀ ਨੂੰ ਇਕ ਪਠਾਣ ਨੇ ਛਿਪ ਕੇ ਦੋ ਗੋਲੀਆਂ ਮਾਰੀਆਂ ਤਾਂ ਆਪ ਸ਼ਹੀਦ ਹੋ ਗਏ। ਅਕਾਲੀ ਜੀ ਦਾ ਸਸਕਾਰ ਨੌਸ਼ਹਿਰੇ ਕੀਤਾ ਗਿਆ ਤੇ ਉਸ ਥਾਂ ਸਮਾਧ ਉਸਾਰੀ ਗਈ।

ਅਕਾਲੀ ਫੂਲਾ ਸਿੰਘ ਜੀ ਇਕ ਨਿਡਰ ਆਗੂ ਸਨ। ਉਹ ਧਾਰਮਿਕ ਮਰਯਾਦਾ ਦੇ ਬਹੁਤ ਪਾਬੰਦ ਸਨ। ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਕੋਰੜੇ ਮਾਰਨ ਦੀ ਸਜ਼ਾ ਸੁਣਾਈ ਸੀ, ਭਾਵੇਂ ਬਾਅਦ ਵਿਚ ਸੰਗਤ ਦੀ ਬੇਨਤੀ 'ਤੇ ਮੁਆਫ਼ ਕਰ ਦਿੱਤੀ ਗਈ ਸੀ। ਅਕਾਲੀ ਜੀ ਦਾ ਗੁਰਸਿੱਖੀ ਨਾਲ ਬਹੁਤ ਪਿਆਰ ਸੀ। ਆਪ ਜੀ ਨੇ ਅੰਮ੍ਰਿਤ ਵੇਲੇ ਦੇ ਨਿਤਨੇਮ ਦੀ ਮਰਯਾਦਾ ਨੂੰ ਅੰਤਮ ਸਵਾਸਾਂ ਤਕ ਨਿਭਾਇਆ। ਅਕਾਲੀ ਜੀ ਕਿਸੇ ਵੀ ਮੁਹਿੰਮ 'ਤੇ ਜਾਂਦੇ ਤਾਂ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ ਲੈ ਕੇ ਹੀ ਰਵਾਨਾ ਹੁੰਦੇ। ਇਸ ਮਹਾਨ ਯੋਧੇ ਦੀ ਯਾਦ ਵਿਚ ਅਜ਼ਾਦੀ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਵਿਖੇ ਇਕ ਬਹੁ ਮੰਜ਼ਲਾ ਬੁਰਜ ਉਸਾਰਿਆ ਗਿਆ ਜੋ ਉਹਨਾਂ ਦੀ ਸ਼ਖ਼ਸੀਅਤ ਦੇ ਅਨੇਕ ਪੱਖਾਂ ਨੂੰ ਜਾਨਣ ਲਈ ਪ੍ਰੇਰਦਾ ਹੈ। ਅਕਾਲੀ ਫੂਲਾ ਸਿੰਘ ਜੀ ਵਰਗੀਆਂ ਮਹਾਨ ਸ਼ਖ਼ਸੀਅਤਾਂ ਖ਼ਾਲਸਾ ਪੰਥ ਦੀ ਸ਼ਾਨ ਹਨ। ਅਕਾਲੀ ਜੀ ਗ੍ਰਿਹਸਥੀ ਨਹੀਂ ਸਨ। ਪਰ ਉਨ੍ਹਾਂ ਦੇ ਛੋਟੇ ਭਾਈ ਸੰਤ ਸਿੰਘ ਦੀ ਅੰਸ਼ ਬੰਸ ਤਰਨ ਤਾਰਨ ਸਾਹਿਬ ਵੱਸਦੀ ਹੈ।

*ਅਭਿਆਸ ਲਈ ਪ੍ਰਸ਼ਨ :—*

(ੳ) ਅਕਾਲੀ ਫੂਲਾ ਸਿੰਘ ਜੀ ਦੇ ਜੀਵਨ ਇਤਿਹਾਸ ਉੱਪਰ ਚਾਨਣਾ ਪਾਓ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਅਕਾਲੀ ਫੂਲਾ ਸਿੰਘ ਜੀ ਦੇ ਜਨਮ ਤੇ ਪਰਿਵਾਰ ਸੰਬੰਧੀ ਜਾਣਕਾਰੀ ਦਿਓ।

ਉੱਤਰ : ਆਪ ਜੀ ਦਾ ਜਨਮ ਇਕ ਨਿੱਕੇ ਜਿਹੇ ਪਿੰਡ ਸ਼ੀਹਾਂ, ਹਰਿਆਣਾ ਦੇ ਇਲਾਕਾ ਬਾਂਗਰ ਵਿਖੇ ਸ੍ਰ. ਈਸ਼ਰ ਸਿੰਘ ਦੇ ਘਰ 1761 ਈ. ਨੂੰ ਹੋਇਆ। ਸ੍ਰ. ਈਸ਼ਰ ਸਿੰਘ ਜੀ ਨਿਸ਼ਾਨਾ ਵਾਲੀ ਮਿਸਲ ਵਿਚ ਸ਼ਾਮਲ ਹੋ ਕੇ ਕਈ ਜੰਗਾਂ ਵਿਚ ਲੜੇ।

ਪ੍ਰਸ਼ਨ 2 : ਅਕਾਲੀ ਫੂਲਾ ਸਿੰਘ ਜੀ ਦੀ ਪਾਲਣਾ ਪੋਸਣਾ ਕਿਵੇਂ ਹੋਈ ?

ਉੱਤਰ : ਅਕਾਲੀ ਜੀ ਬਹੁਤ ਛੋਟੇ ਸਨ ਜਦ ਇਹਨਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਚਲਾਣੇ ਤੋਂ ਪਹਿਲਾਂ ਆਪਣੇ ਪੁੱਤਰ ਦੀ ਬਾਂਹ ਬਾਬਾ ਨੈਣਾ ਸਿੰਘ ਨੂੰ ਫੜਾਈ

ਤੇ ਕਿਹਾ ਕਿ ਮੇਰੇ ਪੁੱਤਰ ਨੂੰ ਪੰਥਕ ਸੇਵਾ ਵਿਚ ਲਾਈਂ। ਬਾਬਾ ਨੈਣਾ ਸਿੰਘ ਮਿਸਲ ਸ਼ਹੀਦਾਂ ਵਿਚ ਸ਼ਾਮਲ ਸਨ। ਅਕਾਲੀ ਜੀ ਦੀ ਪਾਲਣਾ ਪੋਸਣਾ ਆਪ ਦੀ ਮਾਤਾ ਤੇ ਬਾਬਾ ਨੈਣਾ ਸਿੰਘ ਦੀ ਸੁਚੱਜੀ ਪ੍ਰੇਰਨਾ ਹੇਠ ਹੋਈ।

ਪ੍ਰਸ਼ਨ 3 : ਅਕਾਲੀ ਫੂਲਾ ਸਿੰਘ ਜੀ ਨੇ 1800 ਈ. ਵਿਚ ਸ੍ਰੀ ਅੰਮ੍ਰਿਤਸਰ ਨੂੰ ਆਪਣਾ ਕੇਂਦਰ ਬਣਾ ਕੇ ਕੀ ਸੁਧਾਰ ਕੀਤਾ ?

ਉੱਤਰ : ਅਕਾਲੀ ਜੀ ਨੇ 1800 ਈ. ਵਿਚ ਸ੍ਰੀ ਅੰਮ੍ਰਿਤਸਰ ਨੂੰ ਆਪਣਾ ਕੇਂਦਰ ਬਣਾਇਆ। ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚੋਂ ਮਹੰਤਾਂ ਵੱਲੋਂ ਸ਼ੁਰੂ ਕੀਤੀ ਬ੍ਰਾਹਮਣੀ ਮਰਯਾਦਾ ਦਾ ਸਫਾਇਆ ਕੀਤਾ ਅਤੇ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਵਾਈ। ਆਪ ਗੁਰਧਾਮਾਂ ਦੇ ਪ੍ਰਬੰਧ ਤੇ ਮਰਯਾਦਾ ਉੱਪਰ ਪੂਰੀ ਨਿਗਾਹ ਰੱਖਦੇ ਸਨ।

ਪ੍ਰਸ਼ਨ 4 : ਅਕਾਲੀ ਫੂਲਾ ਸਿੰਘ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਨੇ ਕੀ-ਕੀ ਉਪਾਧੀ ਦਿੱਤੀ ?

ਉੱਤਰ : ਮੁਲਤਾਨ ਦੀ ਅੰਤਮ ਲੜਾਈ 1818 ਈ. ਨੂੰ ਹੋਈ। ਉਸ ਵਿਚ ਮੁਲਤਾਨ ਦਾ ਪ੍ਰਸਿੱਧ ਕਿਲ੍ਹਾ ਫ਼ਤਹਿ ਕਰਨ ਦਾ ਸਿਹਰਾ ਅਕਾਲੀ ਜੀ ਨੂੰ ਜਾਂਦਾ ਹੈ। ਮੁਲਤਾਨ ਦੀ ਫ਼ਤਹਿ ਤੋਂ ਪਿੱਛੋਂ ਮਹਾਰਾਜਾ ਨੇ ਅਕਾਲੀ ਜੀ ਨੂੰ ਖ਼ਾਲਸਾ ਰਾਜ ਦਾ ਰਾਖਾ ਆਖ ਕੇ ਸਨਮਾਨਿਆ ਸੀ। ਇਸੇ ਤਰ੍ਹਾਂ 1819 ਵਿਚ ਕਸ਼ਮੀਰ ਦੀ ਜਿੱਤ ਤੋਂ ਬਾਅਦ ਮਹਾਰਾਜਾ ਨੇ ਅਕਾਲੀ ਜੀ ਨੂੰ ਮਹਾਂਬਲੀ ਦੀ ਉਪਾਧੀ ਦਿੱਤੀ।

ਪ੍ਰਸ਼ਨ 5 : ਅਕਾਲੀ ਫੂਲਾ ਸਿੰਘ ਜੀ ਦੀ ਸ਼ਹੀਦੀ ਕਦੋਂ ਹੋਈ ਅਤੇ ਉਹਨਾਂ ਦੀ ਯਾਦਗਾਰ ਕਿਥੇ ਹੈ ?

ਉੱਤਰ : 14 ਮਾਰਚ 1823 ਈ. ਨੂੰ ਨੌਸ਼ਹਿਰੇ ਦੇ ਮੈਦਾਨ ਵਿਚ ਜਬਰਦਸਤ ਜੰਗ ਹੋਈ। ਇਸ ਜੰਗ ਵਿਚ ਹਾਥੀ 'ਤੇ ਸਵਾਰ ਹੋ ਕੇ ਲੜਦੇ ਅਕਾਲੀ ਜੀ ਨੂੰ ਇਕ ਪਠਾਣ ਨੇ ਛਿਪ ਕੇ ਦੋ ਗੋਲੀਆਂ ਮਾਰੀਆਂ ਤਾਂ ਆਪ ਸ਼ਹੀਦ ਹੋ ਗਏ। ਆਪ ਦਾ ਸਸਕਾਰ ਨੌਸ਼ਹਿਰੇ ਕੀਤਾ ਗਿਆ ਤੇ ਉਸ ਥਾਂ ਸਮਾਧ ਉਸਾਰੀ ਗਈ। ਅਜ਼ਾਦੀ ਤੋਂ ਬਾਅਦ ਇਹਨਾਂ ਦੀ ਯਾਦ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਇਕ ਬਹੁ ਮੰਜ਼ਲਾ ਬੁਰਜ ਉਸਾਰਿਆ ਗਿਆ।

☆☆☆

# ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ

## ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਦੀ ਬਹਾਦਰੀ :

1739 ਈ. ਵਿਚ ਨਾਦਰਸ਼ਾਹ ਨੇ ਦਿੱਲੀ ਲੁੱਟੀ ਅਤੇ ਜਦ ਉਹ ਵਾਪਸ ਇਰਾਨ ਨੂੰ ਮੁੜਿਆ ਤਾਂ ਸਿੱਖ ਯੋਧਿਆਂ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਉਸ ਦਾ ਕਾਫ਼ੀ ਧਨ ਖੋਹ ਲਿਆ। ਨੌਜਵਾਨ ਸੁੰਦਰੀਆਂ ਛੁਡਾ ਕੇ ਘਰੋ ਘਰੀਂ ਪਹੁੰਚਾਈਆਂ। ਲਾਹੌਰ ਪਹੁੰਚ ਕੇ ਨਾਦਰਸ਼ਾਹ ਨੇ ਪੰਜਾਬ ਦੇ ਗਵਰਨਰ ਜ਼ਕਰੀਆ ਖ਼ਾਂ ਨੂੰ ਸਿੱਖਾਂ ਉੱਪਰ ਸਖ਼ਤੀ ਕਰਨ ਦਾ ਹੁਕਮ ਦਿੱਤਾ।

ਇਸ ਤੋਂ ਬਾਅਦ ਜ਼ਕਰੀਆ ਖ਼ਾਂ ਨੇ ਸਿੱਖਾਂ ਵਿਰੁੱਧ ਤਕੜੀ ਸਖ਼ਤ ਮੁਹਿੰਮ ਚਲਾਉਣ ਦਾ ਇਰਾਦਾ ਧਾਰ ਲਿਆ। ਸਿੱਖਾਂ ਨੂੰ ਪਕੜਨ ਤੇ ਮਾਰਨ ਲਈ ਇਨਾਮ ਰੱਖੇ ਗਏ। ਜੋ ਆਦਮੀ ਕਿਸੇ ਸਿੱਖ ਦੀ ਗ੍ਰਿਫ਼ਤਾਰੀ ਲਈ ਸੂਹ ਦੇਵੇ ਉਸ ਨੂੰ 10 ਰੁਪਏ ਅਤੇ ਸਿੱਖ ਦਾ ਸਿਰ ਲਿਆਉਣ ਵਾਲੇ ਨੂੰ 50 ਰੁਪਏ ਇਨਾਮ ਦੇਣ ਦਾ ਲਾਲਚ ਦਿੱਤਾ ਗਿਆ। ਉਸ ਸਮੇਂ ਇਹ ਬਹੁਤ ਹੀ ਵੱਡੀ ਰਕਮ ਸੀ। ਉਸ ਨੇ ਸਭ ਚੌਧਰੀ ਤੇ ਹਕੂਮਤੀ ਅਮਲਾ ਸਿੱਖਾਂ ਦੀ ਤਬਾਹੀ ਕਰਨ ਵੱਲ ਲਾ ਦਿੱਤਾ। ਇਸ ਸਮੇਂ ਇਨਾਮ ਤੇ ਚੌਧਰ ਦੇ ਭੁੱਖਿਆਂ ਨੇ ਮੁਗ਼ਲ ਸਰਕਾਰ ਦਾ ਪੂਰਾ ਸਹਿਯੋਗ ਦਿੱਤਾ।

ਚੌਧਰੀਆਂ ਵਿਚੋਂ ਮੰਡਿਆਲੀ ਪਿੰਡ ਦਾ ਮੱਸਾ ਰੰਘੜ ਸਭ ਤੋਂ ਵਧ ਕੇ ਜ਼ੁਲਮ ਕਰਨ ਦੀ ਭੂਮਿਕਾ ਨਿਭਾ ਰਿਹਾ ਸੀ। ਉਹ ਅੰਮ੍ਰਿਤਸਰ ਦਾ ਕੋਤਵਾਲ ਨਿਯੁਕਤ ਕੀਤਾ ਗਿਆ। ਉਸ ਨੇ ਜ਼ਕਰੀਆ ਖ਼ਾਂ ਦੀ ਸ਼ਹਿ ਉਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਪਰ ਕਬਜ਼ਾ ਕਰ ਲਿਆ। ਉਸ ਨੇ ਪਰਕਰਮਾ ਵਿਚ ਘੋੜੇ ਬੰਨ੍ਹ ਲਏ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਨਾਚ ਘਰ ਬਣਾ ਲਿਆ। ਜਿਥੇ ਮਹਾਰਾਜ ਦਾ ਪ੍ਰਕਾਸ਼ ਹੁੰਦਾ ਸੀ ਉਥੇ ਪਲੰਘ ਡਾਹ ਕੇ ਬੈਠਦਾ ਅਤੇ ਤੰਬਾਕੂ ਤੇ ਸ਼ਰਾਬ ਪੀਂਦਾ। ਉਥੇ ਹੀ ਵੇਸਵਾ ਦਾ ਨਾਚ ਹੋਣ ਲੱਗਿਆ। ਸਿਆਣਿਆਂ ਦਾ ਕਥਨ ਹੈ ਕਿ ਜਦ ਆਦਮੀ ਦੀ ਮੌਤ ਨੇੜੇ ਆ ਜਾਏ ਤਾਂ ਮੱਤ ਮਾਰੀ ਜਾਂਦੀ ਹੈ।

ਉਧਰ ਹਕੂਮਤ ਦੀ ਅੱਤ ਸਖ਼ਤੀ ਕਰਕੇ ਸਮੇਂ ਦੀ ਨਬਜ਼ ਨੂੰ ਪਛਾਣਦੇ ਹੋਏ ਬਹੁਤੇ

ਸਿੰਘ ਜੰਗਲਾਂ, ਬੀਆਬਾਨਾਂ ਜਾਂ ਬੀਕਾਨੇਰ ਵੱਲ ਚਲੇ ਗਏ। ਚੌਧਰੀਆਂ ਨੇ ਸੂਬਾ ਲਾਹੌਰ ਨੂੰ ਖ਼ੁਸ਼ੀ ਦੀਆਂ ਖ਼ਬਰਾਂ ਭੇਜੀਆਂ ਕਿ ਪੰਜਾਬ ਵਿਚ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਨਾ ਸਹਾਰਦਾ ਹੋਇਆ ਪਿੰਡ ਕੰਗ ਦੇ ਰਹਿਣ ਵਾਲਾ ਇਕ ਸਿੱਖ ਬੁਲਾਕਾ ਸਿੰਘ ਇਹ ਖ਼ਬਰ ਪੁਚਾਉਣ ਲਈ ਸਿੰਘਾਂ ਪਾਸ ਬੀਕਾਨੇਰ ਪਹੁੰਚ ਗਿਆ। ਉਸ ਨੇ ਭਾਵਕ ਹੋ ਕੇ ਅੱਖਾਂ 'ਚੋਂ ਅੱਥਰੂ ਕੇਰਦਿਆਂ ਪੰਜਾਬ ਦਾ ਹਾਲ ਦੱਸਿਆ ਕਿ ਮੱਸਾ ਰੰਘੜ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਕਰ ਰਿਹਾ ਹੈ ਤੇ ਤੁਸੀਂ ਬਹੁਤ ਦੂਰ ਆ ਗਏ ਹੋ। ਜੇ ਕਰ ਅਸੀਂ ਆਪਣੇ ਪਵਿੱਤਰ ਸਥਾਨ ਦੂਜਿਆਂ ਗੋਚਰੇ ਛੱਡਾਂਗੇ ਤਾਂ ਰਾਖੀ ਕੌਣ ਕਰੇਗਾ ? ਉਹ ਵਾਰਤਾ ਸੁਣਾਉਂਦਾ ਭੁੱਬਾਂ ਮਾਰ ਕੇ ਰੋ ਪਿਆ।

ਸਾਰੀ ਵਾਰਤਾ ਸੁਣ ਕੇ ਦਲ ਦੇ ਜਥੇਦਾਰ ਬੁੱਢਾ ਸਿੰਘ ਨੇ ਮਿਆਨ 'ਚੋਂ ਤੇਗ਼ ਕੱਢੀ ਤੇ ਸਾਰੇ ਸਿੰਘਾਂ ਨੂੰ ਸੰਬੋਧਨ ਹੋ ਕੇ ਕਹਿਣ ਲੱਗਾ, ਖ਼ਾਲਸਾ ਜੀ ! ਅੱਜ ਮੱਸਾ ਰੰਘੜ ਨੇ ਪੰਥ ਦੀ ਅਣਖ ਨੂੰ ਵੰਗਾਰਿਆ ਏ। ਹੈ ਕੋਈ ਸੂਰਮਾ ਜੋ ਸੀਸ ਤਲੀ 'ਤੇ ਧਰ ਕੇ ਤੁਰੇ, ਜਾਂ ਤਾਂ ਉਸ ਪਾਪੀ ਦਾ ਨਾਸ਼ ਕਰ ਦੇਵੇ ਜਾਂ ਸਤਿਗੁਰਾਂ ਦੇ ਦਰਬਾਰ ਦੀ ਪਵਿੱਤਰਤਾ ਲਈ ਸ਼ਹੀਦ ਹੋ ਜਾਵੇ।

ਜਥੇਦਾਰ ਦੀ ਵੰਗਾਰ ਸੁਣ ਕੇ ਸਿੰਘਾਂ ਦੇ ਡੌਲੇ ਫਰਕੇ। ਸਭ ਤੋਂ ਪਹਿਲਾਂ ਸ੍ਰ. ਮਹਿਤਾਬ ਸਿੰਘ ਭੰਗੂ ਮੀਰਾਂਕੋਟੀਆ ਤੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਉਠ ਖੜੇ ਹੋਏ। ਉਹਨਾਂ ਨੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾ ਕੇ ਮਿਆਨ ਵਿਚੋਂ ਤੇਗ਼ਾਂ ਕੱਢੀਆਂ ਤੇ ਬੀਰ ਰਸ ਵਿਚ ਬੋਲੇ ਕਿ, ਜਥੇਦਾਰ ਜੀ ! ਅਸੀਂ ਮੱਸੇ ਪਾਪੀ ਦਾ ਸਿਰ ਸੰਗਤਾਂ ਦੇ ਚਰਨਾਂ 'ਚ ਲਿਆ ਧਰਾਂਗੇ ਤੇ ਜਾਂ ਫਿਰ ਸ਼ਹੀਦ ਹੋ ਜਾਵਾਂਗੇ। ਆਓ, ਸਤਿਗੁਰਾਂ ਦੇ ਚਰਨਾਂ 'ਚ ਅਰਦਾਸ ਕਰੀਏ।

ਖ਼ਾਲਸੇ ਨੇ ਚੜ੍ਹਦੀ ਕਲਾ ਦੇ ਜੈਕਾਰੇ ਛੱਡੇ। ਅਰਦਾਸਾ ਸੋਧ ਕੇ, ਅਕਾਲ ਦੀ ਓਟ ਲੈ ਕੇ ਦੋਵੇਂ ਜੋਧੇ ਘੋੜਿਆਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਨੂੰ ਰਵਾਨਾ ਹੋਏ। ਪੰਜਾਬ ਲਾਗੇ ਪਹੁੰਚ ਕੇ ਉਹਨਾਂ ਨੇ ਕੁਝ ਭੇਸ ਬਦਲ ਲਿਆ। ਅੰਮ੍ਰਿਤਸਰ ਦੇ ਨੇੜੇ ਪਹੁੰਚ ਕੇ ਉਹਨਾਂ ਦੋ ਬੋਰੀਆਂ ਠੀਕਰੀਆਂ ਦੀਆਂ ਭਰ ਕੇ ਅੱਗੇ ਕਾਠੀਆਂ ਉੱਪਰ ਰੱਖ ਲਈਆਂ। ਵੇਖਣ ਵਾਲੇ ਨੂੰ ਜਾਪਦਾ ਸੀ ਕਿ ਮੁਸਲਮਾਨ ਨੰਬਰਦਾਰ ਜ਼ਮੀਨ ਦਾ ਮਾਮਲਾ ਤਾਰਨ ਲਈ ਚੱਲੇ ਹਨ।

ਇਹ ਘਟਨਾ ਅਗਸਤ 1740 ਈ. ਦੀ ਹੈ ਜਦ ਇਹ ਸਿੰਘ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਰਕਰਮਾ ਵਿਚ ਦਾਖਲ ਹੋਏ। ਆਪਣੇ ਘੋੜੇ ਇਹਨਾਂ ਸਿੰਘਾਂ ਨੇ ਦਰਸ਼ਨੀ ਡਿਉੜੀ ਦੇ ਬਾਹਰ ਲਾਚੀ ਬੇਰੀ* ਨਾਲ ਬੰਨ੍ਹ ਦਿੱਤੇ ਤੇ ਠੀਕਰੀਆਂ ਵਾਲੀਆਂ ਬੋਰੀਆਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਚਲੇ ਗਏ। ਪਹਿਰੇਦਾਰਾਂ ਨੇ ਵੀ ਮਾਮਲਾ ਤਾਰਨ ਵਾਲੇ ਸਮਝ ਕੇ ਰੋਕ ਨਾ ਲਗਾਈ।

ਅੱਗੇ ਮੱਸਾ ਰੰਘੜ ਨਸ਼ੇ 'ਚ ਗੁੱਟ ਹੋ ਕੇ ਹੁੱਕਾ ਪੀ ਰਿਹਾ ਸੀ। ਵੇਸਵਾ ਦਾ ਨਾਚ ਹੋ

---

* ਇਸ ਬੇਰੀ ਦੇ ਛੋਟੇ-ਛੋਟੇ ਲਾਚੀਆਂ ਵਰਗੇ ਬੇਰ ਹੋਣ ਕਰਕੇ ਇਸ ਨੂੰ ਲਾਚੀ ਬੇਰ ਕਿਹਾ ਜਾਂਦਾ ਹੈ।

ਰਿਹਾ ਸੀ। ਇਹ ਬੇਅਦਬੀ ਦੇਖ ਕੇ ਸਿੰਘਾਂ ਦਾ ਖ਼ੂਨ ਉਬਾਲੇ ਖਾ ਉਠਿਆ। ਉਨ੍ਹਾਂ ਨੇ ਬੋਰੀਆਂ ਮੱਸੇ ਦੇ ਅੱਗੇ ਜਾ ਰੱਖੀਆਂ। ਜਦ ਪਲੰਘ 'ਤੇ ਬੈਠਾ ਮੱਸਾ ਰੰਘੜ ਮਾਮਲੇ ਵਾਲੀ ਬੋਰੀ ਵੱਲ ਝੁਕਿਆ ਤਾਂ ਭਾਈ ਮਹਿਤਾਬ ਸਿੰਘ ਨੇ ਤਲਵਾਰ ਦਾ ਐਸਾ ਵਾਰ ਕੀਤਾ ਕਿ ਇਕੋ ਟੱਕ ਨਾਲ ਮੱਸੇ ਰੰਘੜ ਦੀ ਧੌਣ ਲਾਹ ਦਿੱਤੀ। ਉਸ ਦੇ ਸਾਥੀ ਘਬਰਾ ਕੇ ਇਧਰ ਉਧਰ ਭੱਜ ਉਠੇ। ਦੋਨੋਂ ਸਿੰਘ ਪਹਿਰੇਦਾਰਾਂ ਦੇ ਸੰਭਲਣ ਤੋਂ ਪਹਿਲਾਂ ਹੀ ਮੱਸੇ ਦਾ ਸਿਰ ਲੈ ਕੇ ਘੋੜਿਆਂ 'ਤੇ ਚੜ੍ਹ ਕੇ ਹਵਾ ਹੋ ਗਏ। ਲੰਬਾ ਸਫ਼ਰ ਤਹਿ ਕਰਕੇ ਦੋਹਾਂ ਯੋਧਿਆਂ ਨੇ ਬੀਕਾਨੇਰ ਪਹੁੰਚ ਕੇ ਮੱਸੇ ਦਾ ਸਿਰ ਜਥੇਦਾਰ ਦੇ ਅੱਗੇ ਜਾ ਰੱਖਿਆ। ਫ਼ਤਹਿ ਦੇ ਜੈਕਾਰੇ ਗੂੰਜੇ ਤੇ ਸੂਰਮਿਆਂ ਨੇ ਸਾਬਤ ਕਰ ਦਿੱਤਾ ਕਿ ਅਣਖੀਲੀਆਂ ਕੌਮਾਂ ਆਪਣੇ ਪਵਿੱਤਰ ਗੁਰਧਾਮਾਂ ਦੀ ਬੇਅਦਬੀ ਨਹੀਂ ਸਹਿਣ ਕਰ ਸਕਦੀਆਂ।

ਉਧਰ ਮੱਸੇ ਦੀ ਮੌਤ ਦਾ ਹਾਲ ਜਾਣ ਕੇ ਲਾਹੌਰ ਦਾ ਸੂਬਾ ਜ਼ਕਰੀਆ ਖ਼ਾਂ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਅੰਮ੍ਰਿਤਸਰ ਦੇ ਇਰਦ ਗਿਰਦ ਸਾਰੇ ਹੀ ਚੌਧਰੀਆਂ ਨੂੰ ਹੁਕਮ ਚਾੜ੍ਹਿਆ ਕਿ ਮੱਸੇ ਦੇ ਕਾਤਲ ਜਲਦੀ ਫੜ੍ਹੇ ਜਾਣ। ਜੰਡਿਆਲੇ ਦੇ ਹਰਿਭਗਤ ਨਿਰੰਜਨੀਏ ਨੇ ਭਾਈ ਮਹਿਤਾਬ ਸਿੰਘ ਦੇ ਨਾਂ ਦੀ ਚੁਗਲੀ ਕੀਤੀ। ਇਹ ਸੁਣ ਕੇ ਨੂਰਦੀਨ ਦੀ ਕਮਾਨ ਹੇਠ ਮੁਗ਼ਲ ਸਿਪਾਹੀਆਂ ਨੇ ਪਿੰਡ ਮੀਰਾਂਕੋਟ ਨੂੰ ਘੇਰਾ ਪਾ ਲਿਆ। ਭਾਈ ਮਹਿਤਾਬ ਸਿੰਘ ਤਾਂ ਬੀਕਾਨੇਰ ਵੱਲ ਹੀ ਚਲਾ ਗਿਆ ਸੀ। ਉਹਨਾਂ ਦਾ ਪੁੱਤਰ ਰਾਇ ਸਿੰਘ ਜੋ ਸੱਤ ਕੁ ਸਾਲ ਦਾ ਸੀ, ਉਸ ਦੀ ਬਾਂਹ ਆਪ ਨੇ ਪਿੰਡ ਦੇ ਪੈਂਚ ਨੱਥੇ ਖਹਿਰੇ ਨੂੰ ਫੜਾਈ ਸੀ। ਨੂਰਦੀਨ ਨੇ ਇਹ ਬੱਚਾ ਉਸ ਦੇ ਹਵਾਲੇ ਕਰਨ ਲਈ ਕਿਹਾ, ਪਰ ਨੱਥਾ ਖਹਿਰਾ ਤੇ ਉਸ ਦੇ ਸਾਥੀਆਂ ਨੇ ਬੱਚੇ ਦੀ ਰੱਖਿਆ ਲਈ ਯੁੱਧ ਕੀਤਾ। ਨੱਥਾ ਤੇ ਉਸ ਦੇ ਸਾਥੀ ਮਾਰੇ ਗਏ ਤੇ ਬੱਚਾ ਰਾਇ ਸਿੰਘ ਵੀ ਸਖ਼ਤ ਫਟੜ ਹੋ ਗਿਆ। ਬੱਚੇ ਨੂੰ ਮਰਿਆ ਸਮਝ ਕੇ ਸਿਪਾਹੀ ਚਲੇ ਗਏ। ਉਹ ਇਕ ਕੰਬੋ ਇਸਤਰੀ ਨੇ ਪਾਲਿਆ। ਫਿਰ ਵੱਡਾ ਹੋਇਆ ਵਿਆਹਿਆ ਗਿਆ ਤੇ ਉਸ ਦਾ ਪੁੱਤਰ ਭਾਈ ਰਤਨ ਸਿੰਘ ਭੰਗੂ ਹੋਇਆ ਜੋ ਸਿੱਖ ਇਤਿਹਾਸ ਦਾ ਮਹਾਨ ਲੇਖਕ ਹੋਇਆ।

ਇਧਰ ਪੰਜਾਬ ਵਿਚ ਦੋਨਾਂ ਯੋਧਿਆਂ ਦੀ ਥਾਂ-ਥਾਂ ਚਰਚਾ ਹੋ ਰਹੀ ਸੀ ਤੇ ਮੁਗ਼ਲ ਸਰਕਾਰ ਲਈ ਬਹੁਤ ਵੱਡੀ ਵੰਗਾਰ ਸੀ। ਸੰਨ 1745 ਵਿਚ ਭਾਈ ਮਹਿਤਾਬ ਸਿੰਘ ਜੀ ਆਪਣੇ ਪਰਿਵਾਰ ਨੂੰ ਮਿਲਣ ਲਈ ਪਿੰਡ ਆ ਗਏ। ਕਿਸੇ ਨੇ ਮੁਗ਼ਲਾਂ ਪਾਸ ਜਾ ਚੁਗ਼ਲੀ ਕੀਤੀ ਤੇ ਉਹ ਫੜ੍ਹੇ ਗਏ। ਲਾਹੌਰ ਵਿਚ ਉਹਨਾਂ ਨੂੰ ਚਰਖੜੀ ਉਤੇ ਚਾੜ੍ਹਿਆ ਗਿਆ ਤੇ ਅੱਤ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਇਹਨਾਂ ਤੋਂ ਬਾਅਦ ਭਾਈ ਸੁੱਖਾ ਸਿੰਘ ਜੀ ਨੇ ਕਈ ਸਾਲ ਬਹਾਦਰੀ ਵਾਲੇ ਕਾਰਨਾਮੇ ਕੀਤੇ। ਉਸ ਨੇ ਅਨੇਕਾਂ ਪੰਥ ਵਿਰੋਧੀ ਮੁਖ਼ਬਰਾਂ ਨੂੰ ਸੋਧਿਆ। ਅੰਤ ਰਾਵੀ ਕੰਢੇ 1752 ਈ. ਵਿਚ ਦੁਸ਼ਮਣ ਨਾਲ ਇਕ ਮੁੱਠਭੇੜ ਦੌਰਾਨ ਆਪ ਨੇ ਸ਼ਹੀਦੀ ਪ੍ਰਾਪਤ ਕੀਤੀ।

~~~~~~~~~~~~~~~~~~~~
~~~~~~~~~~~~~~~~~~~~

ਇਹਨਾਂ ਯੋਧਿਆਂ ਦਾ ਇਤਿਹਾਸ ਹਰ ਯੁੱਗ ਵਿਚ ਜ਼ਾਲਮ ਲਈ ਲਲਕਾਰ ਹੈ ਤੇ ਇਹਨਾਂ ਦੀਆਂ ਵਾਰਾਂ ਜੁਗਾਂ ਜੁਗਾਂਤਰਾਂ ਤਕ ਗਾਈਆਂ ਜਾਂਦੀਆਂ ਰਹਿਣਗੀਆਂ।

*ਅਭਿਆਸ ਲਈ ਪ੍ਰਸ਼ਨ :—*

(ੳ) ਭਾਈ ਸੁੱਖਾ ਸਿੰਘ ਜੀ ਤੇ ਭਾਈ ਮਹਿਤਾਬ ਸਿੰਘ ਜੀ ਦੀ ਬਹਾਦਰੀ ਦਾ ਇਤਿਹਾਸ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਮੱਸਾ ਰੰਘੜ ਕੌਣ ਸੀ ?

ਉੱਤਰ : ਇਹ ਮੰਡਿਆਲੀ ਪਿੰਡ ਦਾ ਚੌਧਰੀ ਸੀ, ਜਿਸ ਨੂੰ ਜ਼ਕਰੀਆ ਖ਼ਾਂ ਨੇ ਅੰਮ੍ਰਿਤਸਰ ਦਾ ਕੋਤਵਾਲ ਨਿਯੁਕਤ ਕੀਤਾ। ਅਠਾਰਵੀਂ ਸਦੀ ਦੇ ਚੌਥੇ ਦਹਾਕੇ ਵਿਚ ਸਿੱਖਾਂ ਉੱਪਰ ਸਖ਼ਤੀ ਦਾ ਦੌਰ ਸੀ। ਇਹ ਸ੍ਰੀ ਹਰਿਮੰਦਰ ਸਾਹਿਬ ਵਿਚ ਪਲੰਘ ਡਾਹ ਕੇ ਬੈਠਿਆ ਅਤੇ ਹੁੱਕਾ ਤੇ ਸ਼ਰਾਬ ਪੀਂਦਾ ਰਿਹਾ। ਵੇਸਵਾ ਦਾ ਨਾਚ ਹੋਇਆ ਤੇ ਇਸ ਨੇ ਹੰਕਾਰ ਵਿਚ ਬੇਅਦਬੀ ਕੀਤੀ।

ਪ੍ਰਸ਼ਨ 2 : ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਕੌਣ ਸਨ ਅਤੇ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਿਵੇਂ ਪਹੁੰਚੇ ?

ਉੱਤਰ : ਭਾਈ ਸੁੱਖਾ ਸਿੰਘ ਜੀ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਜੀ ਭੰਗੂ ਮੀਰਾਂਕੋਟ ਦੇ ਰਹਿਣ ਵਾਲੇ ਸਨ। ਉਹ ਜ਼ੁਲਮ ਦੇ ਦੌਰ ਵਿਚ ਬੀਕਾਨੇਰ ਤੋਂ ਪੰਜਾਬ ਵੱਲ ਆਏ। ਉਹਨਾਂ ਨੇ ਭੇਸ ਬਦਲ ਕੇ ਦੋ ਬੋਰੀਆਂ ਠੀਕਰੀਆਂ ਦੀਆਂ ਘੋੜਿਆਂ ਦੀਆਂ ਕਾਠੀਆਂ ਅੱਗੇ ਰੱਖ ਲਈਆਂ ਅਤੇ ਜਾਪਦੇ ਸਨ ਕਿ ਮੁਸਲਮਾਨ ਨੰਬਰਦਾਰ ਜ਼ਮੀਨ ਦਾ ਮਾਮਲਾ ਤਾਰਨ ਆਏ ਹਨ।

ਪ੍ਰਸ਼ਨ 3 : ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਨੇ ਮੱਸਾ ਰੰਘੜ ਤੋਂ ਕਿਵੇਂ ਬਦਲਾ ਲਿਆ ?

ਉੱਤਰ : ਇਹ ਘਟਨਾ ਅਗਸਤ 1740 ਈ. ਦੀ ਹੈ ਜਦ ਦੋਨੋਂ ਸਿੰਘ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਰਕਰਮਾ ਵਿਚ ਦਾਖਲ ਹੋਏ। ਆਪਣੇ ਘੋੜੇ ਦਰਸ਼ਨੀ ਡਿਉੜੀ ਦੇ ਬਾਹਰ ਲਾਚੀ ਬੇਰੀ ਨਾਲ ਬੰਨ੍ਹ ਦਿੱਤੇ। ਠੀਕਰੀਆਂ ਦੀਆਂ ਬੋਰੀਆਂ ਮੱਸੇ ਰੰਘੜ ਪਾਸ ਲੈ ਗਏ। ਜਦ ਉਹ ਪਲੰਘ 'ਤੇ ਬੈਠਾ ਮਾਮਲੇ ਵਾਲੀ ਬੋਰੀ ਵੱਲ ਝੁਕਿਆ ਤਾਂ ਭਾਈ ਮਹਿਤਾਬ ਸਿੰਘ ਜੀ ਨੇ ਤੇਗ ਦੇ ਇਕੋ ਟੱਕ ਨਾਲ ਮੱਸੇ ਦੀ ਧੌਣ ਲਾਹ ਦਿੱਤੀ। ਫਿਰ ਉਸ ਦਾ ਸਿਰ ਲੈ ਕੇ ਘੋੜਿਆਂ 'ਤੇ ਚੜ੍ਹ ਕੇ ਹਵਾ ਹੋ ਗਏ।

ਪ੍ਰਸ਼ਨ 4 : ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਦੀ ਸ਼ਹੀਦੀ ਕਿਵੇਂ ਹੋਈ ?

ਉੱਤਰ : ਦੋਨੋਂ ਸਿੰਘ ਮੱਸਾ ਰੰਘੜ ਦਾ ਸਿਰ ਲੈ ਕੇ ਤਾਂ ਬੀਕਾਨੇਰ ਸੁਰੱਖਿਅਤ ਚਲੇ ਗਏ ਸਨ। ਸੰਨ 1745 ਵਿਚ ਭਾਈ ਮਹਿਤਾਬ ਸਿੰਘ ਜੀ ਆਪਣੇ ਪਰਿਵਾਰ ਨੂੰ ਮਿਲਣ ਲਈ ਪਿੰਡ ਆ ਗਏ। ਕਿਸੇ ਦੋਖੀ ਨੇ ਚੁਗਲੀ ਕਰਕੇ ਇਨ੍ਹਾਂ ਨੂੰ ਪਕੜਾ ਦਿੱਤਾ। ਲਾਹੌਰ ਵਿਚ ਮੁਗ਼ਲਾਂ ਨੇ ਇਹਨਾਂ ਨੂੰ ਚਰਖੜੀ ਉਤੇ ਚਾੜ੍ਹ ਕੇ ਅਤੇ ਅੱਤ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਇਹਨਾਂ ਤੋਂ ਬਾਅਦ ਭਾਈ ਸੁੱਖਾ ਸਿੰਘ ਜੀ ਨੇ ਬਹੁਤ ਬਹਾਦਰੀ ਭਰੇ ਕਾਰਨਾਮੇ ਕੀਤੇ ਅਤੇ 1752 ਈ. ਨੂੰ ਇਕ ਵਾਰ ਮੁਗ਼ਲਾਂ ਦੀ ਮੁੱਠਭੇੜ ਵਿਚ ਸ਼ਹੀਦ ਹੋ ਗਏ।

ਪ੍ਰਸ਼ਨ 5 : ਸਿੱਖ ਇਤਿਹਾਸ ਦੇ ਲੇਖਕ ਭਾਈ ਰਤਨ ਸਿੰਘ ਭੰਗੂ ਜੀ ਨਾਲ ਭਾਈ ਮਹਿਤਾਬ ਸਿੰਘ ਜੀ ਦਾ ਕੀ ਰਿਸ਼ਤਾ ਸੀ ?

ਉੱਤਰ : ਭਾਈ ਮਹਿਤਾਬ ਸਿੰਘ ਜੀ ਦਾ ਸਪੁੱਤਰ ਭਾਈ ਰਾਇ ਸਿੰਘ ਇਕ ਮੁੱਠਭੇੜ ਵਿਚ ਫੱਟੜ ਹੋ ਕੇ ਵੀ ਬਚ ਗਿਆ ਸੀ। ਉਸ ਦੀ ਪਾਲਣਾ ਪੋਸਣਾ ਇਕ ਕੰਬੋ ਇਸਤਰੀ ਨੇ ਕੀਤੀ। ਜਦ ਉਹ ਵਿਆਹਿਆ ਗਿਆ ਤਾਂ ਉਸ ਦੇ ਘਰ ਰਤਨ ਸਿੰਘ ਭੰਗੂ ਜੀ ਦਾ ਜਨਮ ਹੋਇਆ। ਇਹ ਸਿੱਖ ਇਤਿਹਾਸ ਦਾ ਮਹਾਨ ਲੇਖਕ ਹੋਇਆ, ਜਿਸ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਲਿਖਿਆ। ਇਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਿੱਖ ਮਿਸਲਾਂ ਦੀ ਹੋਂਦ ਤਕ ਇਤਿਹਾਸ ਹੈ। ਰਿਸ਼ਤੇ ਵਿਚ ਭਾਈ ਰਤਨ ਸਿੰਘ ਭੰਗੂ, ਭਾਈ ਮਹਿਤਾਬ ਸਿੰਘ ਜੀ ਦਾ ਪੋਤਰਾ ਸੀ।

☆☆☆

# ਛੋਟਾ ਘੱਲੂਘਾਰਾ

## ਛੋਟਾ ਘੱਲੂਘਾਰਾ (1746 ਈ.) :

ਸੰਨ 1726 ਤੋਂ 1745 ਤਕ ਲਾਹੌਰ ਦਾ ਸੂਬੇਦਾਰ ਜ਼ਕਰੀਆ ਖ਼ਾਂ ਰਿਹਾ। ਇਸ ਨੇ ਸਿੰਘਾਂ ਉੱਪਰ ਬਹੁਤ ਜ਼ੁਲਮ ਕੀਤੇ। ਇਸ ਦੇ ਪਾਸ ਲਖਪਤ ਰਾਏ ਤੇ ਜਸਪਤ ਰਾਏ ਦੋ ਭਰਾ ਕਲਾਨੌਰ ਦੇ ਖੱਤਰੀ ਵਫ਼ਾਦਾਰ ਨੌਕਰ ਸਨ। ਜ਼ਕਰੀਆ ਖ਼ਾਂ ਨੇ ਲਖਪਤ ਰਾਏ ਨੂੰ ਆਪਣਾ ਵਜ਼ੀਰ ਬਣਾ ਲਿਆ ਅਤੇ ਜਸਪਤ ਰਾਏ ਨੂੰ ਐਮਨਾਬਾਦ ਦਾ ਫ਼ੌਜਦਾਰ ਬਣਾ ਦਿੱਤਾ ਸੀ। ਜ਼ਕਰੀਆ ਖ਼ਾਂ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਯਹੀਆ ਖ਼ਾਂ ਲਾਹੌਰ ਦਾ ਸੂਬੇਦਾਰ ਬਣ ਗਿਆ। ਉਸ ਨੇ ਵੀ ਲਖਪਤ ਤੇ ਜਸਪਤ ਪਾਸ ਉਹੋ ਪਦਵੀਆਂ ਰਹਿਣ ਦਿੱਤੀਆਂ। ਯਹੀਆ ਖ਼ਾਂ ਵੀ ਆਪਣੇ ਪਿਉ ਵਾਂਗ ਸਿੱਖਾਂ ਦਾ ਦੁਸ਼ਮਣ ਹੀ ਰਿਹਾ ਅਤੇ ਸਿੱਖ ਵੀ ਇਸ ਨੂੰ ਵੈਰੀ ਹੀ ਸਮਝਦੇ ਸਨ।

ਇਹ ਘਟਨਾ ਜਨਵਰੀ 1746 ਈ. ਦੀ ਹੈ, ਜਦ ਇਕ ਦਿਨ ਸਿੰਘਾਂ ਦਾ ਇਕ ਟੋਲਾ ਮੁਗ਼ਲ ਸਿਪਾਹੀਆਂ ਦੇ ਭੇਸ ਵਿਚ ਲਾਹੌਰ ਮੋਰੀ ਦਰਵਾਜ਼ੇ ਰਾਹੀਂ ਜਾ ਦਾਖਲ ਹੋਇਆ। ਉਹਨਾਂ ਨੇ ਲਾਹੌਰ ਨੂੰ ਚੰਗੀ ਤਰ੍ਹਾਂ ਲੁੱਟਿਆ। ਉਹ ਚੰਗਾ ਮਾਲ ਲੁੱਟ ਕੇ ਸ਼ਾਹੀ ਫ਼ੌਜ ਦੇ ਉਠਣ ਤੋਂ ਪਹਿਲਾਂ ਹੀ ਰਾਵੀ ਕੰਢੇ ਜੰਗਲ ਵਿਚ ਜਾ ਵੜੇ। ਇਹ ਖ਼ਬਰ ਸੁਣ ਕੇ ਯਹੀਆ ਖ਼ਾਂ ਅੱਗ ਬਬੂਲਾ ਹੋ ਉਠਿਆ। ਉਸ ਨੇ ਆਪਣੇ ਦੀਵਾਨ ਲਖਪਤ ਰਾਏ ਨੂੰ ਹੁਕਮ ਕੀਤਾ ਕਿ ਮੇਰੇ ਇਲਾਕੇ ਵਿਚੋਂ ਸਿੰਘਾਂ ਦਾ ਖੁਰਾ ਖੋਜ ਮਿਟਾ ਦਿੱਤਾ ਜਾਵੇ। ਲਖਪਤ ਰਾਏ ਫ਼ੌਜ ਲੈ ਕੇ ਸਿੰਘਾਂ ਦੇ ਪਿੱਛੇ ਲੱਗ ਗਿਆ, ਪਰ ਸਿੰਘ ਰਾਵੀ ਦਾ ਕੰਢਾ ਛੱਡ ਕੇ ਐਮਨਾਬਾਦ ਨੂੰ ਚਲੇ ਗਏ।

ਜਿਸ ਸਮੇਂ ਸਿੰਘਾਂ ਨੇ ਲਾਹੌਰ ਵੱਲ ਐਮਨਾਬਾਦ ਦਾ ਰੁਖ਼ ਕੀਤਾ ਤਾਂ ਜਸਪਤ ਰਾਏ ਐਮਨਾਬਾਦ ਦਾ ਫ਼ੌਜਦਾਰ ਸੀ। ਕਿਸੇ ਨੇ ਇਸ ਪਾਸ ਸ਼ਿਕਾਇਤ ਕੀਤੀ ਕਿ ਦੋ ਹਜ਼ਾਰ ਘੋੜ-ਸਵਾਰ ਸਿੰਘ ਸਾਡੇ ਇਲਾਕੇ ਨੂੰ ਆ ਪਏ ਹਨ। ਇਹ ਸੁਣ ਕੇ ਜਸਪਤ ਰਾਏ ਨੇ ਸਿੰਘਾਂ ਨੂੰ ਹੁਕਮ ਭੇਜਿਆ ਕਿ ਇਥੋਂ ਨਿਕਲ ਜਾਓ, ਨਹੀਂ ਤਾਂ ਮੈਂ ਬੁਰੀ ਕਰਾਂਗਾ। ਅੱਗੋਂ ਸਿੰਘਾਂ ਨੇ ਨਰਮੀ ਨਾਲ ਸੁਨੇਹਾ ਭੇਜਿਆ ਕਿ ਅਸੀਂ ਇਕ ਰਾਤ ਕੱਟ ਕੇ ਚਲੇ ਜਾਣਾ ਹੈ ਅਤੇ ਤੁਹਾਡੇ ਇਲਾਕੇ ਵਿਚ ਕਿਸੇ ਕਿਸਮ ਦੀ ਵਧੀਕੀ ਨਹੀਂ ਕੀਤੀ ਜਾਵੇਗੀ। ਜਸਪਤ ਰਾਏ ਸਿੰਘਾਂ ਨਾਲ ਏਨਾ ਲਿਹਾਜ਼ ਕਰਨ ਵਾਸਤੇ ਵੀ ਤਿਆਰ ਨਾ ਹੋਇਆ। ਉਹ ਗੁੱਸੇ ਵਿਚ ਕੁਝ ਫ਼ੌਜ ਲੈ ਕੇ ਅਤੇ ਕੁਝ ਮਾਂਗਵੀਂ ਧਾੜ ਦੇ ਨਾਲ, ਹਾਥੀ ਉੱਪਰ ਸਵਾਰ ਹੋ ਕੇ ਗਿਆ। ਸਿੰਘਾਂ ਨੂੰ ਚਾਰ ਚੁਫੇਰਿਉਂ ਘੇਰਾ ਪਾ ਕੇ ਹੱਲਾ ਬੋਲ ਦਿੱਤਾ। ਪੂਰੀ ਠੁਕ ਕੇ ਲੜਾਈ ਹੋਈ। ਜਸਪਤ

ਰਾਏ ਹਾਥੀ ਉੱਪਰ ਬੈਠਾ ਹੱਲੇ ਕਰਵਾ ਰਿਹਾ ਸੀ। ਚਲਦੇ ਯੁੱਧ ਵਿਚ ਭਾਈ ਨਿਬਾਹੂ ਸਿੰਘ ਰੰਘਰੇਟਾ, ਜਸਪਤ ਦੇ ਹਾਥੀ ਦੀ ਪੂਛ ਫੜ੍ਹ ਕੇ ਉੱਪਰ ਚੜ੍ਹ ਗਿਆ ਤੇ ਉਸ ਨੇ ਜਸਪਤ ਰਾਏ ਦਾ ਸਿਰ ਵੱਢ ਲਿਆਂਦਾ। ਇਸ ਦੇ ਸਿਰ ਵੱਢਣ ਦੀ ਦੇਰ ਸੀ ਕਿ ਮੁਗ਼ਲ ਫ਼ੌਜ ਤੇ ਮਾਂਗਵੀਂ ਧਾੜ ਸਭ ਤਿੱਤਰ ਬਿਤਰ ਹੋ ਗਈ। ਉਸ ਦੇ ਸਿਪਾਹੀਆਂ ਨੂੰ ਜਸਪਤ ਦੀ ਲੋਥ ਵੀ ਨਾ ਚੁੱਕਣ ਦਿੱਤੀ। ਸਿੰਘਾਂ ਨੇ ਫ਼ਤਹਿ ਦੇ ਝੰਡੇ ਗੱਡ ਦਿੱਤੇ। ਫਿਰ ਜਸਪਤ ਦੇ ਗੁਰੂ ਬਾਬਾ ਕਿਰਪਾ ਰਾਮ ਨੇ ਪੰਜ ਸੌ ਰੁਪਏ ਸਿੰਘਾਂ ਨੂੰ ਭੇਟਾ ਕਰਕੇ ਉਸ ਦਾ ਵੱਢਿਆ ਸਿਰ ਵਾਪਸ ਲਿਆ। ਇਹ ਘਟਨਾ ਫਰਵਰੀ-ਮਾਰਚ 1746 ਈ. ਦੀ ਹੈ। ਫਿਰ ਸਿੰਘਾਂ ਨੇ ਐਮਨਾਬਾਦ ਨੂੰ ਦਿਲ ਖੋਲ੍ਹ ਕੇ ਲੁੱਟਿਆ ਅਤੇ ਰਾਵੀ ਕੰਢੇ ਝੱਲ ਵਿਚ ਜਾ ਪਹੁੰਚੇ।

ਜਦੋਂ ਜਸਪਤ ਦੇ ਮਰਨ ਦੀ ਖ਼ਬਰ ਲਾਹੌਰ ਪਹੁੰਚੀ ਤਾਂ ਉਸ ਦਾ ਭਰਾ ਲਖਪਤ ਰਾਏ ਤੇ ਯਹੀਆ ਖ਼ਾਂ ਅੱਗ ਭਬੂਕਾ ਹੋ ਉਠੇ। ਲਖਪਤ ਨੇ ਪਿੰਡਾਂ ਤੇ ਸ਼ਹਿਰਾਂ ਵਿਚ ਸਿੱਖਾਂ ਦੀ ਗ੍ਰਿਫ਼ਤਾਰੀ ਦਾ ਹੁਕਮ ਕਰ ਦਿੱਤਾ। ਖ਼ਾਲਸਾ ਦਲ ਦੇ ਪਿੱਛੇ ਤਕੜੀ ਫ਼ੌਜ ਭੇਜੀ ਗਈ। ਬੇਅੰਤ ਬੇਗੁਨਾਹ ਸਿੰਘ, ਸਿੰਘਣੀਆਂ ਤੇ ਬੱਚੇ ਪਕੜ ਕੇ ਲਾਹੌਰ ਲਿਆਂਦੇ ਗਏ ਅਤੇ ਕਤਲ ਕਰ ਦਿੱਤੇ। ਸਿੱਖਾਂ ਦੇ ਕਈ ਹਮਦਰਦ ਲੋਕਾਂ ਨੇ ਲਖਪਤ ਨੂੰ ਬੇਨਤੀ ਕੀਤੀ ਕਿ ਬੇਗੁਨਾਹ ਸਿੱਖਾਂ ਦਾ ਖ਼ੂਨ ਨਾ ਕੀਤਾ ਜਾਵੇ, ਪਰ ਉਸ ਨੇ ਕਿਸੇ ਦੀ ਗੱਲ ਨਾ ਮੰਨੀ। ਲਖਪਤ ਨੇ ਕਿਹਾ ਕਿ ਮੈਂ ਸਿੱਖਾਂ ਦਾ ਖੁਰਾ ਖੋਜ ਮਿਟਾ ਦਿਆਂਗਾ। ਇਸ ਤੋਂ ਪਹਿਲਾਂ ਜੰਗੀ ਸਿੱਖ ਹੀ ਹਕੂਮਤ ਦੇ ਬਾਗੀ ਸਮਝੇ ਜਾਂਦੇ ਸਨ, ਪਰ ਅਮਨ ਸ਼ਾਂਤੀ ਨਾਲ ਘਰਾਂ ਵਿਚ ਰਹਿਣ ਵਾਲਿਆਂ ਨੂੰ ਕੁਝ ਵੀ ਨਹੀਂ ਕਿਹਾ ਜਾਂਦਾ ਸੀ। ਹੁਣ ਲਖਪਤ ਨੇ ਤਾਂ ਇਕ ਵਾਢਿਉਂ ਹੀ ਤਲਵਾਰ ਧਰ ਲਈ ਸੀ। ਉਸ ਨੇ ਇਹ ਵੀ ਢੰਡੋਰਾ ਪਿਟਵਾਇਆ ਕਿ ਗ੍ਰੰਥ ਸਾਹਿਬ ਨੂੰ ਪੋਥੀ ਕਿਹਾ ਜਾਵੇ ਅਤੇ ਗੁੜ ਨੂੰ ਰੋੜੀ ਜਾਂ ਭੇਲੀ ਕਹੋ, ਕਿਉਂਕਿ ਗੁੜ ਕਹਿਣ ਨਾਲ ਸਿੱਖਾਂ ਦੇ ਗੁਰੂ ਦਾ ਭੁਲੇਖਾ ਪੈਂਦਾ ਹੈ। ਕੋਈ ਵਾਹਿਗੁਰੂ ਸ਼ਬਦ ਵੀ ਮੁਖੋਂ ਨਾ ਕਹੇ ਅਤੇ ਹੁਕਮ ਅਦੂਲੀ ਕਰਨ ਵਾਲੇ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।

ਉਧਰ ਜਸਪਤ ਨੂੰ ਕਤਲ ਕਰਕੇ ਅਤੇ ਐਮਨਾਬਾਦ ਲੁੱਟ ਕੇ ਸਿੱਖ ਰਾਵੀ ਕੰਢੇ ਝੱਲ ਵਿਚ ਜਾ ਪਹੁੰਚੇ ਸਨ। ਇਹ ਝੱਲ ਤੇ ਜੰਗਲ ਹੀ ਉਸ ਸਮੇਂ ਸਿੰਘਾਂ ਦੇ ਵੱਡੇ ਕਿਲ੍ਹੇ ਸਨ। ਸਿੰਘਾਂ ਦੇ ਦਲ ਵਿਚ ਉਸ ਸਮੇਂ ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਨੌਧ ਸਿੰਘ ਸ਼ੁਕਰਚੱਕੀਆ, ਸ੍ਰ. ਸੁੱਖਾ ਸਿੰਘ ਮਾੜੀ ਕੰਬੋ ਅਤੇ ਸ੍ਰ. ਗੁਰਦਿਆਲ ਸਿੰਘ ਡੱਲੇਵਾਲੀਆ ਦੇ ਜੱਥੇ ਸਨ।

ਲਖਪਤ ਤੇ ਯਹੀਆ ਖ਼ਾਂ ਤਕੜੀ ਫ਼ੌਜ ਲੈ ਕੇ ਸਿੰਘਾਂ ਦਾ ਪਿੱਛਾ ਕਰਨ ਲਈ ਚੜ੍ਹੇ। ਸਿੰਘ ਝੱਲਾਂ ਵਿਚ ਛਿਪ ਬੈਠੇ ਸਨ। ਜਦ ਸਿੰਘਾਂ ਨੂੰ ਖ਼ਬਰ ਮਿਲੀ ਤਾਂ ਉਹਨਾਂ ਨੇ ਕਾਹਨੂੰਵਾਨ, ਬਸੌਲੀ, ਪੜੋਲ ਤੇ ਕਠੂਏ ਵੱਲ ਰੁਖ਼ ਕੀਤਾ। ਲਖਪਤ ਨੇ ਪਹਾੜ ਦੇ ਚੌਧਰੀਆਂ ਤੇ ਨੰਬਰਦਾਰਾਂ ਨੂੰ ਹੁਕਮ ਜਾਰੀ ਕੀਤਾ ਕਿ ਉਹ ਸਿੰਘਾਂ ਨੂੰ ਰੋਕਣ ਤੇ ਕਿਸੇ ਰਸਤੇ ਲੰਘਣ ਨਾ ਦੇਣ। ਲਖਪਤ ਪਾਸ ਘੋੜ-ਸਵਾਰ, ਪੈਦਲ ਫ਼ੌਜ ਤੇ ਭਾਰੀ ਤੋਪਖ਼ਾਨਾ ਸੀ,

ਪਰ ਇਸ ਦੇ ਮੁਕਾਬਲੇ ਸਿੰਘਾਂ ਪਾਸ ਕੁਝ ਵੀ ਨਹੀਂ ਸੀ, ਕੇਵਲ ਸਿੱਖੀ ਸਿਦਕ ਤੇ ਕੌਮੀ ਜਜ਼ਬਾ ਸੀ।

ਸਿੰਘਾਂ ਨੇ ਕਾਹਨੂੰਵਾਨ ਦੇ ਸਰਕੰਡੇਦਾਰ ਛੰਬਾਂ ਵਿਚ ਜਾ ਪਨਾਹ ਲਈ। ਇਹ ਸੰਘਣਾ ਜੰਗਲ ਸੀ ਤੇ ਸਾਗ ਪੱਤਰ ਖਾ ਕੇ ਸਿੰਘਾਂ ਨੇ ਗੁਜ਼ਾਰਾ ਕੀਤਾ। ਮੁਗ਼ਲ ਫ਼ੌਜ ਨੇ ਜੰਗਲ ਕੱਟ ਕੇ ਅੱਗਾਂ ਲਾ ਕੇ ਵੀ ਰਸਤਾ ਬਣਾਇਆ। ਲਖਪਤ ਦਾ ਇਰਾਦਾ ਸੀ ਕਿ ਖ਼ਾਲਸਾ ਦਲ ਨੂੰ ਘੇਰ ਕੇ ਮਾਰਿਆ ਜਾਵੇ। ਖ਼ਾਲਸੇ ਲਈ ਬਿਪਤਾ ਦਾ ਸਮਾਂ ਸੀ। ਇਕ ਤਾਂ ਗਿਣਤੀ ਥੋੜੀ ਤੇ ਦੂਜਾ ਜੰਗੀ ਸਾਮਾਨ ਤੇ ਖਾਣ ਪੀਣ ਦੀ ਕਮੀ ਸੀ। ਇਥੇ ਸਿੰਘ ਛਾਪਾਮਾਰ ਲੜਾਈ ਲੜਦੇ ਸਨ।

ਇਹ ਅਜਿਹਾ ਇਲਾਕਾ ਸੀ, ਜਿੱਥੇ ਅੱਗੇ ਪਹਾੜ, ਲਹਿੰਦੇ ਵੱਲ ਰਾਵੀ ਦਰਿਆ, ਚੜ੍ਹਦੇ ਬੰਨੇ ਬਿਆਸ ਤੇ ਇਕ ਪਾਸੇ ਸ਼ਾਹੀ ਫ਼ੌਜ ਸੀ। ਸਿੰਘਾਂ ਨੇ ਰਾਵੀ ਪਾਰ ਕਰਨ ਦਾ ਯਤਨ ਕੀਤਾ। ਪਾਣੀ ਦੀ ਡੂੰਘਾਈ ਪਰਖਣ ਲਈ ਦੋ ਯੋਧਿਆਂ ਨੇ ਰਾਵੀ ਵਿਚ ਘੋੜੇ ਠੇਲ੍ਹ ਦਿੱਤੇ, ਪਰ ਉਹ ਘੋੜਿਆਂ ਸਮੇਤ ਪਾਣੀ ਵਿਚ ਰੁੜ੍ਹ ਗਏ। ਜਦ ਕੁਝ ਸਿੰਘ ਬਸੌਲੀ ਤੇ ਕਠੂਏ ਵੱਲ ਗਏ ਤਾਂ ਅੱਗੋਂ ਰਾਜਪੂਤਾਂ ਨੇ ਮੁਕਾਬਲਾ ਕੀਤਾ ਅਤੇ ਜੇ ਕਰ ਕੁਝ ਸਿੰਘ ਪਹਾੜਾਂ ਵੱਲ ਨਿਕਲੇ ਤਾਂ ਪਹਾੜੀਆਂ ਨੇ ਹੱਲਾ ਕਰ ਦਿੱਤਾ। ਹੁਣ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਆਹਮੋ ਸਾਹਮਣੇ ਹੋ ਕੇ ਲੜੀਏ ਅਤੇ ਦੁਸ਼ਮਣਾਂ ਵਿਚੋਂ ਰਾਹ ਬਣਾ ਕੇ ਅੱਗੇ ਨਿਕਲ ਜਾਵਾਂਗੇ।

ਸਿੱਖਾਂ ਦਾ ਮੁੱਖ ਜੱਥਾ ਭਾਈ ਸੁੱਖਾ ਸਿੰਘ ਦੀ ਅਗਵਾਈ ਹੇਠ ਲੜਿਆ। ਉਹ ਸੈਂਕੜਿਆਂ ਦੀ ਗਿਣਤੀ ਵਿਚ ਕੱਟ ਮਰੇ ਅਤੇ ਉਹਨਾਂ ਵਿਚੋਂ ਕੁਝ ਕੈਦੀ ਵੀ ਬਣਾ ਲਏ ਗਏ। ਭਾਈ ਸੁੱਖਾ ਸਿੰਘ ਨੇ ਜ਼ਖ਼ਮੀ ਲੱਤ ਪੱਗ ਪਾੜ ਕੇ ਘੋੜੇ ਦੀ ਕਾਠੀ ਨਾਲ ਬੱਧੀ ਅਤੇ ਫਿਰ ਵੀ ਤਲਵਾਰ ਚਲਾਉਂਦਾ ਰਿਹਾ। ਇਥੇ ਭਿਆਨਕ ਯੁੱਧ ਹੋਇਆ। ਸਾਰੇ ਸਿੱਖ ਜਥੇ ਚੜ੍ਹਦੀ ਕਲਾ ਨਾਲ ਲੜੇ ਅਤੇ ਦੁਸ਼ਮਣ ਦੇ ਆਹੂ ਲਾਹ ਸੁੱਟੇ। ਬਹੁਤ ਸਿੰਘ ਸ਼ਹੀਦੀਆਂ ਪਾ ਗਏ। ਕੁਝ ਸਿੰਘ ਦੁਸ਼ਮਣ ਦੀਆਂ ਫ਼ੌਜਾਂ ਨੂੰ ਚੀਰਦੇ ਮੰਡੀ ਤੇ ਕੁੱਲੂ ਵੱਲ ਚਲੇ ਗਏ। ਕੁਝ ਲੜਦੇ ਭਿੜਦੇ ਬਿਆਸ ਪਾਰ ਕਰਕੇ ਦੁਆਬੇ ਜਾ ਪਹੁੰਚੇ ਅਤੇ ਕਈ ਰਾਵੀ ਪਾਰ ਕਰਕੇ ਗੁਰਦਾਸਪੁਰ ਦੇ ਰਿਆੜਕੀ ਇਲਾਕੇ ਵਿਚ ਚਲੇ ਗਏ। ਉੱਪਰੋਂ ਜੇਠ ਦਾ ਮਹੀਨਾ ਤੇ ਅੱਤ ਦੀ ਗਰਮੀ ਸੀ। ਪੈਦਲ ਸਿੰਘਾਂ ਦੇ ਤੱਪਦੀ ਰੇਤ ਨੇ ਪੈਰ ਲੂਹ ਸੁੱਟੇ ਅਤੇ ਉਹਨਾਂ ਨੇ ਕੱਪੜੇ ਪਾੜ ਕੇ ਪੈਰਾਂ ਨਾਲ ਬੱਧੇ। ਬਹੁਤ ਸਿੰਘ ਸ਼ਹੀਦ ਹੋ ਗਏ ਤੇ ਬਾਕੀ ਵੱਖ-ਵੱਖ ਦਿਸ਼ਾਵਾਂ ਨੂੰ ਨਿਕਲ ਗਏ। ਹੁਣ ਲਖਪਤ ਤੇ ਯਹੀਆ ਖ਼ਾਂ ਆਪਣੀ ਫ਼ੌਜ ਸਮੇਤ ਲਾਹੌਰ ਚਲੇ ਗਏ। ਇਸ ਯੁੱਧ ਵਿਚ ਲਖਪਤ ਦਾ ਪੁੱਤਰ ਹਰਭਜ ਰਾਏ ਅਤੇ ਯਹੀਆ ਖ਼ਾਂ ਦਾ ਪੁੱਤਰ ਨਾਹਰ ਖ਼ਾਂ ਵੀ ਮਾਰੇ ਗਏ।

ਕਾਹਨੂੰਵਾਨ ਤੇ ਬਸੌਲੀ ਦੇ ਇਲਾਕੇ ਵਿਚ ਹੋਈ ਇਸ ਜੰਗ ਤੇ ਕਤਲੇਆਮ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਇਹ ਘੱਲੂਘਾਰਾ 1 ਜੂਨ 1746 ਈ. ਨੂੰ ਵਾਪਰਿਆ।

~~~~~~~~~~~~~~~~~~~~
~~~~~~~~~~~~~~~~~~~~

ਇਸ ਵਿਚ ਸੱਤ ਹਜ਼ਾਰ ਸਿੱਖ ਸ਼ਹੀਦ ਹੋਏ ਅਤੇ ਤਿੰਨ ਹਜ਼ਾਰ ਦੇ ਕਰੀਬ ਬੰਦੀ ਬਣਾ ਕੇ ਲਾਹੌਰ ਲਿਆਂਦੇ ਗਏ, ਜਿੱਥੇ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਇਕ ਚੰਗਾ ਕਸਬਾ ਹੈ, ਜੋ ਕਾਦੀਆਂ ਤੋਂ ਚਾਰ ਕੋਹ ਪਹਾੜ ਵੱਲ ਹੈ। ਕਾਹਨੂੰਵਾਨ ਵਿਚ ਅਕਾਲੀ ਲਹਿਰ ਦੇ ਪਿੱਛੋਂ ਅਕਾਲੀ ਜੱਥੇ ਨੇ, ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਛੋਟੇ ਘੱਲੂਘਾਰੇ ਦੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਾਇਆ ਸੀ। ਫਿਰ ਪੰਜਾਬ ਦੀ ਅਕਾਲੀ ਸਰਕਾਰ ਨੇ ਇਥੇ ਸੰਨ 2011 ਵਿਚ ਸ਼ਹੀਦੀ ਸਮਾਰਕ ਬਣਾਇਆ, ਜੋ ਰਹਿੰਦੀ ਦੁਨੀਆਂ ਤਕ ਸੰਸਾਰ ਭਰ ਦੇ ਲੋਕਾਂ ਅੱਗੇ ਉਹਨਾਂ ਯੋਧਿਆਂ ਦਾ ਇਤਿਹਾਸ ਦੁਹਰਾਉਂਦਾ ਰਹੇਗਾ।

### *ਅਭਿਆਸ ਲਈ ਪ੍ਰਸ਼ਨ :—*

(ੳ) ਛੋਟਾ ਘੱਲੂਘਾਰਾ ਦੇ ਇਤਿਹਾਸ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

### *ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਛੋਟਾ ਘੱਲੂਘਾਰਾ ਕਦੋਂ ਤੇ ਕਿੱਥੇ ਵਾਪਰਿਆ ?

ਉੱਤਰ : ਛੋਟਾ ਘੱਲੂਘਾਰਾ 1 ਜੂਨ 1746 ਈ. ਨੂੰ ਕਾਹਨੂੰਵਾਨ ਦੇ ਇਲਾਕੇ ਵਿਚ ਵਾਪਰਿਆ। ਇਸ ਵਿਚ ਲਖਪਤ ਰਾਏ ਤੇ ਯਹੀਆ ਖ਼ਾਂ ਨੇ ਸਿੰਘਾਂ ਉੱਪਰ ਹਮਲਾ ਕੀਤਾ।

ਪ੍ਰਸ਼ਨ 2 : ਛੋਟਾ ਘੱਲੂਘਾਰਾ ਵਾਪਰਨ ਦਾ ਕੀ ਕਾਰਨ ਬਣਿਆਂ ?

ਉੱਤਰ : ਜਨਵਰੀ 1746 ਈ. ਦੀ ਘਟਨਾ ਹੈ ਕਿ ਸਿੰਘਾਂ ਦਾ ਇਕ ਕਾਫ਼ਲਾ ਐਮਨਾਬਾਦ ਵੱਲ ਗਿਆ। ਜਸਪਤ ਰਾਏ ਐਮਨਾਬਾਦ ਦਾ ਫ਼ੌਜਦਾਰ ਸੀ। ਉਸ ਨੇ ਹੰਕਾਰ ਵਿਚ ਸਿੰਘਾਂ ਉੱਪਰ ਹੱਲਾ ਬੋਲ ਦਿੱਤਾ ਤੇ ਇਸ ਜੰਗ ਵਿਚ ਜਸਪਤ ਰਾਏ ਮਾਰਿਆ ਗਿਆ। ਫਿਰ ਉਸ ਦੇ ਭਰਾ ਲਖਪਤ ਰਾਏ ਨੇ ਬਦਲੇ ਦੀ ਭਾਵਨਾ ਨਾਲ ਸਿੰਘਾਂ ਉੱਪਰ ਵੱਡਾ ਹਮਲਾ ਕੀਤਾ।

ਪ੍ਰਸ਼ਨ 3 : ਛੋਟੇ ਘੱਲੂਘਾਰੇ ਸਮੇਂ ਖ਼ਾਲਸਾ ਫ਼ੌਜ ਵਿਚ ਕਿਹੜੇ-ਕਿਹੜੇ ਜਥੇ ਸਨ ?

ਉੱਤਰ : ਉਸ ਸਮੇਂ ਸਿੰਘਾਂ ਦੇ ਦਲ ਵਿਚ ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਨੌਧ ਸਿੰਘ ਸ਼ੁਕਰਚੱਕੀਆ, ਸ੍ਰ. ਸੁੱਖਾ ਸਿੰਘ ਮਾੜੀ ਕੰਬੋ ਅਤੇ ਸ੍ਰ. ਗੁਰਦਿਆਲ ਸਿੰਘ ਡੱਲੇਵਾਲੀਆ ਦੇ ਜਥੇ ਸਨ।

ਪ੍ਰਸ਼ਨ 4 : ਛੋਟੇ ਘੱਲੂਘਾਰੇ ਵਿਚ ਸਿੱਖਾਂ ਦਾ ਕਿੰਨਾ ਕੁ ਜਾਨੀ ਨੁਕਸਾਨ ਹੋਇਆ ?

ਉੱਤਰ : ਛੋਟੇ ਘੱਲੂਘਾਰੇ ਵਿਚ ਤਕਰੀਬਨ ਸੱਤ ਹਜ਼ਾਰ ਸਿੱਖ ਸ਼ਹੀਦ ਹੋਏ ਅਤੇ ਤਿੰਨ

ਹਜ਼ਾਰ ਦੇ ਕਰੀਬ ਬੰਦੀ ਬਣਾ ਕੇ ਲਾਹੌਰ ਲਿਆਂਦੇ ਗਏ, ਜਿੱਥੇ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸ ਤਰ੍ਹਾਂ ਕੁੱਲ ਦਸ ਹਜ਼ਾਰ ਸਿੱਖ ਸ਼ਹੀਦ ਹੋਏ।

ਪ੍ਰਸ਼ਨ 5 : ਛੋਟੇ ਘੱਲੂਘਾਰੇ ਦਾ ਸਥਾਨ ਅਤੇ ਯਾਦਗਾਰ ਬਾਰੇ ਤੁਸੀਂ ਕੀ ਜਾਣਦੇ ਹੋ ?

ਉੱਤਰ : ਛੋਟਾ ਘੱਲੂਘਾਰਾ 1 ਜੂਨ 1746 ਈ. ਨੂੰ ਕਾਹਨੂੰਵਾਨ ਵਿਖੇ ਵਾਪਰਿਆ। ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਇਕ ਚੰਗਾ ਕਸਬਾ ਹੈ ਜੋ ਕਾਦੀਆਂ ਤੋਂ ਚਾਰ ਕੋਹ ਪਹਾੜ ਵੱਲ ਹੈ। ਇਥੇ ਅਕਾਲੀ ਲਹਿਰ ਦੇ ਪਿੱਛੋਂ ਅਕਾਲੀ ਜਥੇ ਨੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਬਣਾਇਆ ਸੀ। ਫਿਰ 2011 ਵਿਚ ਪੰਜਾਬ ਦੀ ਅਕਾਲੀ ਸਰਕਾਰ ਨੇ ਛੋਟੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ 'ਸ਼ਹੀਦੀ ਸਮਾਰਕ' ਬਣਾਇਆ। ਇਹ ਰਹਿੰਦੀ ਦੁਨੀਆਂ ਤਕ ਸੰਸਾਰ ਭਰ ਦੇ ਲੋਕਾਂ ਅੱਗੇ ਉਹਨਾਂ ਯੋਧਿਆਂ ਦਾ ਇਤਿਹਾਸ ਦੁਹਰਾਉਂਦਾ ਰਹੇਗਾ।

☆☆☆

# ਵੱਡਾ ਘੱਲੂਘਾਰਾ

## ਵੱਡਾ ਘੱਲੂਘਾਰਾ (1762 ਈ.) :

ਅਠਾਰਵੀਂ ਸਦੀ ਦਾ ਸਿੱਖ ਇਤਿਹਾਸ ਵੱਡੇ ਸੰਘਰਸ਼, ਜੰਗਾਂ, ਸਾਕਿਆਂ ਤੇ ਘੱਲੂਘਾਰਿਆਂ ਨਾਲ ਭਰਿਆ ਪਿਆ ਹੈ। ਇਸ ਸਦੀ ਵਿਚ ਛੋਟਾ ਘੱਲੂਘਾਰਾ ਜੂਨ 1746 ਵਿਚ ਵਾਪਰਿਆ ਅਤੇ ਵੱਡਾ ਘੱਲੂਘਾਰਾ ਫਰਵਰੀ 1762 ਵਿਚ ਵਾਪਰਿਆ। ਘੱਲੂਘਾਰਾ ਦਾ ਅਰਥ, ਤਬਾਹੀ ਜਾਂ ਬਰਬਾਦੀ ਹੈ। ਛੋਟੇ ਘੱਲੂਘਾਰੇ ਵਿਚ ਦਸ ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ ਅਤੇ ਵੱਡੇ ਘੱਲੂਘਾਰੇ ਵਿਚ ਤੀਹ ਹਜ਼ਾਰ ਸਿੰਘ, ਸਿੰਘਣੀਆਂ, ਬੱਚੇ ਤੇ ਬਜ਼ੁਰਗ ਸ਼ਹੀਦ ਹੋਏ। ਇਸ ਲਈ ਸਿੱਖ ਕੌਮ ਦੀ ਏਨੇ ਵੱਡੇ ਪੱਧਰ 'ਤੇ ਹੋਈ ਕਤਲੇਆਮ ਤੇ ਸ਼ਹੀਦੀਆਂ ਨੂੰ ਵੱਡਾ ਘੱਲੂਘਾਰਾ ਕਿਹਾ ਗਿਆ।

## ਵੱਡਾ ਘੱਲੂਘਾਰਾ ਕਿਉਂ, ਕਿਵੇਂ ਤੇ ਕਿੱਥੇ ਵਾਪਰਿਆ :

ਵੱਡਾ ਘੱਲੂਘਾਰਾ ਵਾਪਰਨ ਤੋਂ ਪਹਿਲਾਂ ਇਸ ਦੇਸ ਦਾ ਮੰਦਾ ਹਾਲ ਸੀ। ਨਾਦਰਸ਼ਾਹ ਤੇ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਨੇ ਮੁਗ਼ਲ ਸਾਮਰਾਜ ਤੇ ਮਰਹੱਟਿਆਂ ਦੀ ਸ਼ਕਤੀ ਨੂੰ ਤਹਿਸ ਨਹਿਸ ਕਰ ਦਿੱਤਾ ਸੀ। 1761 ਈ. ਨੂੰ ਅਬਦਾਲੀ ਨੇ ਮਰਹੱਟਿਆਂ ਨੂੰ ਪਾਣੀਪਤ ਦੇ ਮੈਦਾਨ ਵਿਚ ਬੁਰੀ ਤਰ੍ਹਾਂ ਕੁਚਲ ਦਿੱਤਾ ਸੀ। ਉਸ ਨੇ ਖੂਬ ਲੁੱਟ ਮਾਰ ਕੀਤੀ, ਪਰ ਜਦ ਵਾਪਸ ਮੁੜਿਆ ਤਾਂ ਸਿੰਘਾਂ ਨੇ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਲਈ ਉਸ ਦਾ ਸਤਲੁਜ ਤੋਂ ਅਟਕ ਤਕ ਪਿੱਛਾ ਕਰਕੇ ਤੰਗ ਵੀ ਕੀਤਾ ਅਤੇ ਉਸ ਦੀ ਲੁੱਟ ਵੀ ਕੀਤੀ। ਭਾਰਤ ਦੀਆਂ ਬਾਈ ਸੌ ਮੁਟਿਆਰਾਂ ਨੂੰ ਉਸ ਕੋਲੋਂ ਛੁਡਵਾ ਕੇ ਘਰੋ ਘਰੀ ਪਹੁੰਚਾਇਆ। ਅਬਦਾਲੀ ਦੇ ਅਟਕ ਦਰਿਆ ਪਾਰ ਕਰਦਿਆਂ ਹੀ ਸਿੰਘਾਂ ਨੇ ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ ਸਿੱਕਾ ਵੀ ਚਲਾਇਆ। ਅਕਤੂਬਰ 1761 ਨੂੰ ਉਹਨਾਂ ਅੰਮ੍ਰਿਤਸਰ ਵਿਚੇ ਦੀਵਾਲੀ ਵੀ ਧੂਮ ਧਾਮ ਨਾਲ ਮਨਾਈ। ਸਰਬੱਤ ਖ਼ਾਲਸਾ ਨੇ ਇਹ ਵੀ ਗੁਰਮਤਾ ਸੋਧਿਆ ਕਿ ਅਬਦਾਲੀ ਦੇ ਹਮਾਇਤੀਆਂ ਨੂੰ ਟਿਕਾਣੇ ਲਾਇਆ ਜਾਵੇ। ਇਸ ਵਿਚ ਪਹਿਲਾ ਨੰਬਰ ਆਕਲ ਦਾਸ ਜੰਡਿਆਲੀਏ ਦਾ ਹੀ ਲੱਗਿਆ। ਖ਼ਾਲਸੇ ਨੇ ਜੰਡਿਆਲੇ ਨੂੰ ਘੇਰਾ ਪਾ ਲਿਆ। ਉਸ ਨੇ ਯਕਦਮ ਅਬਦਾਲੀ ਨੂੰ ਚਿੱਠੀ ਭੇਜੀ। ਇਧਰ ਖ਼ਾਲਸੇ ਨੂੰ ਸੂਹ ਮਿਲ ਗਈ ਤਾਂ ਉਹਨਾਂ ਨੇ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਘੇਰਾ ਚੁੱਕ ਦਿੱਤਾ ਅਤੇ ਸਰਹਿੰਦ ਵੱਲ ਚਲੇ ਗਏ।

ਜਦ ਸਿੰਘਾਂ ਦੀ ਇਸ ਚੜ੍ਹਤ ਦੀ ਸੂਹ ਅਬਦਾਲੀ ਨੂੰ ਪਹੁੰਚੀ ਤਾਂ ਉਹ ਸਿੰਘਾਂ ਦੀ ਲੁੱਟ ਮਾਰ ਤੋਂ ਦੁਖੀ ਤਾਂ ਪਹਿਲਾਂ ਹੀ ਸੀ। ਹੁਣ ਉਹ ਸਿੱਖ ਸ਼ਕਤੀ ਨੂੰ ਕੁਚਲਣ ਲਈ ਚੜ੍ਹ ਪਿਆ। ਅਬਦਾਲੀ ਦਾ ਇਹ ਭਾਰਤ ਉੱਤੇ ਛੇਵਾਂ ਹਮਲਾ ਸੀ ਜੋ ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਲਈ ਹੀ ਕੀਤਾ ਸੀ।

ਇਸ ਤਰ੍ਹਾਂ ਦੇ ਹਾਲਾਤਾਂ ਵਿਚ ਗ਼ੁੱਸੇ ਵਿਚ ਭਰੇ ਪੀਤੇ ਅਬਦਾਲੀ ਨੇ ਸਿੱਖ ਸ਼ਕਤੀ ਨੂੰ ਸਦਾ ਵਾਸਤੇ ਖ਼ਤਮ ਕਰਨ ਲਈ ਤਕੜਾ ਲਸ਼ਕਰ ਲੈ ਕੇ ਪੰਜਾਬ ਵੱਲ ਚੜ੍ਹਾਈ ਕੀਤੀ। ਅਬਦਾਲੀ ਨੇ ਆਪਣੀ ਫ਼ੌਜ ਨੂੰ ਹੁਕਮ ਦਿੱਤਾ ਕਿ ਭਾਰਤੀ ਲਿਬਾਸ ਵਿਚ ਜੋ ਵੀ ਬੰਦਾ ਟੱਕਰੇ ਉਸ ਨੂੰ ਪਾਰ ਬੁਲਾ ਦਿਓ। ਜ਼ੈਨ ਖ਼ਾਂ ਦੀ ਦੇਸੀ ਫ਼ੌਜ ਨੂੰ ਹੁਕਮ ਕੀਤਾ ਕਿ ਉਹ ਨਿਸ਼ਾਨੀ ਵਜੋਂ ਪੱਗਾਂ ਵਿਚ ਹਰੇ ਪੱਤੇ ਟੰਗ ਲੈਣ। ਜ਼ੈਨ ਖ਼ਾਂ ਸਰਹਿੰਦ ਦਾ ਹਾਕਮ ਸੀ।

ਇਧਰ ਸਿੰਘਾਂ ਨੂੰ ਵੀ ਅਬਦਾਲੀ ਦੇ ਹਮਲੇ ਦੀ ਸੂਹ ਮਿਲ ਗਈ ਸੀ। ਸਿੰਘ, ਅਬਦਾਲੀ ਨਾਲ ਸਿੱਧੀ ਫ਼ੈਸਲਾਕੁੰਨ ਟੱਕਰ ਲੈਣ ਦੇ ਰੌਅ ਵਿਚ ਸਨ, ਪਰ ਅਬਦਾਲੀ ਦਾ ਟਾਕਰਾ ਕਰਨ ਤੋਂ ਪਹਿਲਾਂ ਉਹ ਆਪਣੇ ਪਰਿਵਾਰਾਂ ਨੂੰ ਕਿਸੇ ਸੁਰੱਖਿਅਤ ਸਥਾਨ 'ਤੇ ਪਹੁੰਚਾਉਣਾ ਬਹੁਤ ਜ਼ਰੂਰੀ ਸਮਝਦੇ ਸਨ। ਇਹ ਗੱਲ ਸਿੰਘਾਂ ਦੇ ਅੰਦਾਜ਼ੇ ਦੇ ਉਲਟ ਹੋ ਗਈ ਕਿ ਅਬਦਾਲੀ ਬਹੁਤ ਤੇਜ਼ੀ ਨਾਲ 3 ਫਰਵਰੀ 1762 ਨੂੰ ਲਾਹੌਰ ਪਹੁੰਚ ਗਿਆ। ਜੰਡਿਆਲੇ ਦੀ ਸੂਹ ਉਸ ਨੂੰ ਮਿਲ ਗਈ ਕਿ ਸਿੱਖ ਜੰਡਿਆਲਿਉਂ ਅੱਗੇ ਮਲੇਰਕੋਟਲੇ ਵੱਲ ਚਲੇ ਗਏ ਹਨ। ਹੁਣ ਉਹ ਮਲੇਰਕੋਟਲੇ ਦੇ ਇਲਾਕੇ ਵੱਲ ਵਧਿਆ, ਜਿੱਥੇ ਸਿੱਖ ਹਾਲੇ ਇਕੱਤਰ ਹੀ ਹੋ ਰਹੇ ਸਨ। ਸਿੰਘਾਂ ਨੂੰ ਆਸ ਸੀ ਕਿ ਉਹ ਕੁਝ ਦਿਨ ਲਾਹੌਰ ਆਰਾਮ ਕਰੇਗਾ। ਪਰ ਉਸ ਨੇ ਆਪਣੇ ਸਾਥੀਆਂ—ਵਲੀ ਖ਼ਾਨ, ਭੀਖਨ ਖ਼ਾਂ ਮਲੇਰਕੋਟਲੇ ਵਾਲੇ ਤੇ ਜ਼ੈਨ ਖ਼ਾਂ ਸਮੇਤ ਤਕੜੀ ਫ਼ੌਜ ਨਾਲ ਸਿੱਖਾਂ ਨੂੰ 5 ਫਰਵਰੀ 1762 ਨੂੰ ਮਲੇਰਕੋਟਲੇ ਦੇ ਨੇੜੇ 'ਕੁੱਪ ਰਹੀੜੇ' ਦੇ ਅਸਥਾਨ ਉਤੇ ਘੇਰਾ ਪਾ ਲਿਆ। ਗਿਆਨੀ ਗਿਆਨ ਸਿੰਘ ਜੀ ਨੇ ਅਬਦਾਲੀ ਦੀ ਫ਼ੌਜ ਦੀ ਗਿਣਤੀ ਡੇਢ ਲੱਖ ਦੱਸੀ ਹੈ। ਇਹਨਾਂ ਤੋਂ ਇਲਾਵਾ ਹੋਰ ਵੀ ਮੁਸਲਿਮ ਚੌਧਰੀ ਤੇ ਫ਼ੌਜਦਾਰਾਂ ਦੀ ਗਿਣਤੀ ਪਾ ਕੇ ਸਾਰੀ ਫ਼ੌਜ ਡੇਢ-ਦੋ ਲੱਖ ਦੇ ਲਗਭਗ ਬਣ ਗਈ। ਦੂਜੇ ਪਾਸੇ ਸਿੱਖ ਫ਼ੌਜ ਦੀ ਗਿਣਤੀ ਤੀਹ ਹਜ਼ਾਰ ਦੇ ਕਰੀਬ ਸੀ ਅਤੇ ਬਾਕੀ ਉਹਨਾਂ ਦੇ ਬਾਲ ਬੱਚੇ, ਬਜ਼ੁਰਗ ਤੇ ਇਸਤਰੀਆਂ ਸਨ।

ਉਧਰ ਅਬਦਾਲੀ ਨੂੰ ਆਪਣੀ ਜਿੱਤ ਉਤੇ ਪੂਰਾ ਹੰਕਾਰ ਸੀ ਅਤੇ ਉਹ ਸਿੱਖਾਂ ਦੀ ਹੋਂਦ ਨੂੰ ਮੁਕੰਮਲ ਖ਼ਤਮ ਕਰਨ ਲਈ ਆਇਆ ਸੀ। ਇਸ ਸਮੇਂ ਦਲ ਖ਼ਾਲਸਾ ਦੇ ਮੁੱਖ ਜਰਨੈਲ ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਜੱਸਾ ਸਿੰਘ ਰਾਮਗੜ੍ਹੀਆ, ਸ੍ਰ. ਚੜ੍ਹਤ ਸਿੰਘ ਸ਼ੁਕਰਚੱਕੀਆ, ਸ. ਸ਼ਾਮ ਸਿੰਘ ਤੇ ਬਾਕੀ ਸਰਦਾਰਾਂ ਨੇ ਵਿਚਾਰ ਕੀਤੀ ਕਿ ਅਬਦਾਲੀ ਨਾਲ ਸਿੱਧੀ ਟੱਕਰ ਲੈਣ ਤੋਂ ਪਹਿਲਾਂ ਆਪਣੇ ਪਰਿਵਾਰਾਂ ਨੂੰ ਬਰਨਾਲਾ ਵਿਖੇ ਪਹੁੰਚਾ ਦੇਈਏ। ਉਥੇ ਬਾਬਾ ਆਲਾ ਸਿੰਘ ਦਾ ਰਾਜ ਸੀ। ਸਿੰਘਾਂ ਨੂੰ ਵਿਸ਼ਵਾਸ ਸੀ ਕਿ ਉਥੇ

ਬੱਚੇ ਤੇ ਔਰਤਾਂ ਸੁਰੱਖਿਅਤ ਹੋਣਗੇ, ਪਰ ਅਬਦਾਲੀ ਤੂਫ਼ਾਨ ਦੀ ਤਰ੍ਹਾਂ ਮਾਰੋ ਮਾਰ ਕਰਦਾ ਆ ਗਿਆ। ਸਿੰਘਾਂ ਨੇ ਆਪਣੇ ਪਰਿਵਾਰਾਂ ਨੂੰ ਵਿਚਕਾਰ ਲੈ ਕੇ ਉਹਨਾਂ ਦੁਆਲੇ ਜੁਝਾਰੂ ਸਿੰਘਾਂ ਦਾ ਘੇਰਾ ਘੱਤ ਲਿਆ ਅਤੇ ਜੰਗ ਦੀ ਕਮਾਨ ਸੰਭਾਲ ਲਈ। ਅਜੇ ਖ਼ਾਲਸਾ ਦਲ ਕੁਝ ਦੂਰ ਹੀ ਗਿਆ ਸੀ ਕਿ ਅਦਬਾਲੀ ਦੇ ਜਰਨੈਲ ਪੂਰੇ ਜੋਸ਼ ਨਾਲ ਟੁੱਟ ਕੇ ਪੈ ਗਏ। ਹੁਣ ਸਿੰਘ ਆਪਣੇ ਪਰਿਵਾਰਾਂ ਨੂੰ ਵੀ ਬਚਾਉਂਦੇ ਤੇ ਦੁਸ਼ਮਣ ਨਾਲ ਵੀ ਜੂਝਦੇ ਸਨ। ਇਸ ਤਰ੍ਹਾਂ ਸਿੰਘਾਂ ਦਾ ਬਹੁਤ ਨੁਕਸਾਨ ਹੋਇਆ। ਫਿਰ ਸਿੰਘਾਂ ਨੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਦੇ ਸੁਝਾਅ ਉੱਪਰ ਪੂਰੇ ਜੋਸ਼ ਨਾਲ ਰਲ ਕੇ ਅਬਦਾਲੀ ਦੀ ਫ਼ੌਜ ਉੱਪਰ ਹਮਲਾ ਕੀਤਾ ਤਾਂ ਉਸ ਦੀਆਂ ਫ਼ੌਜਾਂ ਤੋਬਾ ਤੋਬਾ ਕਰ ਉਠੀਆਂ।

ਇਸ ਤੋਂ ਬਾਅਦ ਅਬਦਾਲੀ ਨੇ ਆਪਣੇ ਜਰਨੈਲਾਂ ਨੂੰ ਜ਼ੋਰਦਾਰ ਹਮਲਾ ਕਰਨ ਲਈ ਲਲਕਾਰਿਆ। ਅਬਦਾਲੀ ਦੀ ਫ਼ੌਜ, ਸਿੰਘਾਂ ਵੱਲੋਂ ਪਰਿਵਾਰਾਂ ਦੁਆਲੇ ਬਣਾਏ ਘੇਰੇ ਨੂੰ ਤੋੜਨ ਵਿਚ ਸਫਲ ਹੋ ਗਈ। ਫਿਰ ਦੁਸ਼ਮਣ ਨੇ ਕਿਸੇ ਬਿਰਧ, ਬੱਚੇ ਜਾਂ ਇਸਤਰੀ ਉੱਪਰ ਤਰਸ ਨਾ ਕੀਤਾ ਅਤੇ ਥੋੜੇ ਸਮੇਂ ਵਿਚ ਹੀ ਹਜ਼ਾਰਾਂ ਦੀ ਗਿਣਤੀ 'ਚ ਪਰਿਵਾਰਾਂ ਦੇ ਜੀਅ ਕਤਲ ਕਰ ਦਿੱਤੇ। ਇਧਰ ਸਿੱਖ ਮਿਸਲਾਂ ਦੇ ਸਰਦਾਰਾਂ ਨੇ ਵੀ ਜੰਗੀ ਵਿਉਂਤ ਅਨੁਸਾਰ ਜਿੱਥੇ ਆਪਣੇ ਆਪ ਨੂੰ ਬਚਾਇਆ ਉਥੇ ਜਵਾਬੀ ਹਮਲੇ ਕਰਕੇ ਅਬਦਾਲੀ ਨੂੰ ਨਾਨੀ ਚੇਤੇ ਕਰਵਾ ਦਿੱਤੀ।

ਤਕਰੀਬਨ ਵੀਹ ਮੀਲ ਦੇ ਇਲਾਕੇ ਵਿਚ ਲੜੀ ਗਈ ਇਸ ਭਿਆਨਕ ਜੰਗ ਵਿਚ ਅਬਦਾਲੀ ਦੀ ਫ਼ੌਜ ਨੇ ਪੂਰੀ ਬੇਰਹਿਮੀ ਨਾਲ ਕਤਲੇਆਮ ਕੀਤਾ। ਰਾਤ ਪੈਣ ਤਕ ਸਿੰਘਾਂ ਨੇ ਵੀਹ ਮੀਲ ਸਫ਼ਰ ਤਹਿ ਕਰ ਲਿਆ ਸੀ। ਅਬਦਾਲੀ ਦੀਆਂ ਫ਼ੌਜਾਂ ਵੀ ਚਾਰ ਦਿਨਾਂ ਦੀ ਲੜਾਈ ਵਿਚ ਥੱਕ ਕੇ ਚੂਰ ਹੋ ਗਈਆਂ ਸਨ। ਅਬਦਾਲੀ ਵੀ ਸੋਚ ਰਿਹਾ ਸੀ ਕਿ ਸਿੱਖਾਂ ਨੂੰ ਖਤਮ ਕਰਨਾ ਉਸ ਦੇ ਵੱਸ ਦੀ ਗੱਲ ਨਹੀਂ। ਅੰਤ ਪਿੰਡ ਕੁਤਬਾ ਬਾਹਮਣੀਆਂ ਨੇੜੇ ਇਕ ਢਾਬ 'ਤੇ ਜਾ ਕੇ ਫ਼ੌਜਾਂ ਰੁਕੀਆਂ। ਇਥੇ ਢਾਬ ਦੇ ਇਕ ਪਾਸੇ ਸਿੰਘਾਂ ਨੇ ਪਾਣੀ ਪੀ ਕੇ ਪਿਆਸ ਬੁਝਾਈ ਅਤੇ ਦੂਜੇ ਪਾਸੇ ਅਫ਼ਗਾਨ ਫ਼ੌਜੀ ਪਾਣੀ ਪੀ ਰਹੇ ਸਨ। ਇਥੇ ਅਫ਼ਗਾਨੀ ਫ਼ੌਜਾਂ ਰੁਕ ਗਈਆਂ ਅਤੇ ਸਿੰਘ ਆਪਣੀ ਬਚੀ ਵਹੀਰ ਨੂੰ ਲੈ ਕੇ ਰਾਤੋ ਰਾਤ ਬਰਨਾਲੇ ਚਲੇ ਗਏ। ਇਹ 5 ਫਰਵਰੀ ਦੀ ਜੰਗ ਸ਼ੁਰੂ ਹੋਈ 8 ਫਰਵਰੀ ਨੂੰ ਖ਼ਤਮ ਹੋਈ। ਸਿੱਖ ਇਤਿਹਾਸ ਵਿਚ ਇਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

ਇਸ ਵੱਡੇ ਘੱਲੂਘਾਰੇ ਵਿਚ ਤਕਰੀਬਨ ਤੀਹ ਹਜ਼ਾਰ ਸਿੱਖ ਸ਼ਹੀਦ ਹੋਏ। ਇਹ ਸਿੱਖਾਂ ਲਈ ਬਹੁਤ ਹੀ ਵੱਡੀ ਸੱਟ ਸੀ। ਫਿਰ ਵੀ ਸਿੱਖ ਚੜ੍ਹਦੀ ਕਲਾ ਵਿਚ ਸਨ। ਸ਼ਾਮ ਨੂੰ ਰਹਰਾਸਿ ਸਾਹਿਬ ਦੇ ਪਾਠ ਤੋਂ ਬਾਅਦ ਉਹਨਾਂ ਜੈਕਾਰੇ ਗਜਾ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਇਸ ਸਮੇਂ ਇਕ ਨਿਹੰਗ ਸਿੰਘ ਨੇ ਉੱਚੀ ਅਵਾਜ਼ ਵਿਚ ਕਿਹਾ :

***ਤੱਤ ਖਾਲਸੋ ਸੋ ਰਹਯੋ ਗਯੋ ਸੁ ਖੋਟ ਗਵਾਇ।***

ਭਾਵ ਤੱਤ ਖ਼ਾਲਸਾ ਅਜੇ ਚੜ੍ਹਦੀ ਕਲਾ ਵਿਚ ਹੈ ਤੇ ਅਜੇ ਤਾਂ ਖੋਟ ਹੀ ਗਿਆ ਹੈ।

ਇਹ ਜੰਗ ਕਿੰਨੀ ਭਿਆਨਕ ਸੀ ਕਿ ਜਦੋਂ ਜੰਗ ਖ਼ਤਮ ਹੋਈ ਤਾਂ ਸ੍ਰ. ਜੱਸਾ ਸਿੰਘ ਆਹਲੂਵਾਲੀਏ ਦੇ ਸਰੀਰ ਉੱਪਰ ਤਲਵਾਰਾਂ ਦੇ 22 ਫੱਟ ਸਨ ਅਤੇ ਸ੍ਰ. ਚੜ੍ਹਤ ਸਿੰਘ ਸ਼ੁਕਰਚੱਕੀਏ ਦੇ ਸਰੀਰ ਉੱਪਰ 19 ਫੱਟ ਸਨ।

ਉਧਰ ਅਬਦਾਲੀ 3 ਮਾਰਚ ਨੂੰ ਲਾਹੌਰ ਵਾਪਸ ਚਲਾ ਗਿਆ ਅਤੇ ਆਪਣਾ ਪ੍ਰਭਾਵ ਪਾਉਣ ਲਈ ਲੜਾਈ ਵਿਚ ਮਾਰੇ ਗਏ ਸਿੱਖਾਂ ਦੇ ਸਿਰਾਂ ਦੇ 50 ਗੱਡੇ ਲੱਦ ਕੇ ਲਾਹੌਰ ਲੈ ਗਿਆ। ਕਤਲ ਹੋਏ ਸਿੱਖਾਂ ਦੇ ਸਿਰਾਂ ਦੇ ਮੀਨਾਰ ਉਸਾਰੇ ਗਏ।

ਇਧਰ ਸਿੰਘਾਂ ਦੀ ਦਲੇਰੀ ਸੀ ਕਿ 8 ਫਰਵਰੀ 1762 ਨੂੰ ਹਾਲੇ ਘੱਲੂਘਾਰਾ ਖ਼ਤਮ ਹੋਇਆ ਤੇ ਮਈ 1762 ਨੂੰ ਦਲ ਖ਼ਾਲਸਾ ਨੇ ਸਰਹੰਦ ਦੇ ਨਵਾਬ ਨੂੰ ਜਾ ਘੇਰਿਆ। ਇਸ ਤੋਂ ਪਹਿਲਾਂ ਅਪ੍ਰੈਲ 1762 ਨੂੰ ਅੰਮ੍ਰਿਤਸਰ ਵਿਖੇ ਧੂਮ ਧਾਮ ਨਾਲ ਵਿਸਾਖੀ ਵੀ ਮਨਾਈ। ਸਭ ਕੁਝ ਸੁਣ ਕੇ ਅਬਦਾਲੀ ਲੋਹਾ ਲਾਖਾ ਹੋਇਆ ਫਿਰ ਅੰਮ੍ਰਿਤਸਰ ਉੱਪਰ ਚੜ੍ਹ ਕੇ ਆਇਆ ਤੇ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਨੀਹਾਂ ਵਿਚ ਬਾਰੂਦ ਭਰ ਕੇ ਇਸ ਦੀ ਪਵਿੱਤਰ ਇਮਾਰਤ ਢਾਹ ਦਿੱਤੀ। ਸਰੋਵਰ ਨੂੰ ਕੂੜੇ ਕਰਕਟ ਨਾਲ ਭਰ ਦਿੱਤਾ।

ਇਥੇ ਇਕ ਇਤਿਹਾਸਕ ਘਟਨਾ ਵਾਪਰੀ ਜਦ ਬਾਰੂਦ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਉਡਾਈ ਤਾਂ ਇਕ ਇੱਟ ਅਬਦਾਲੀ ਦੇ ਨੱਕ ਉੱਪਰ ਵੱਜੀ। ਅਬਦਾਲੀ ਉਸ ਸਮੇਂ ਹੰਕਾਰਿਆ ਹੋਇਆ ਘੋੜੇ 'ਤੇ ਸਵਾਰ ਹੋ ਕੇ ਪਰਕਰਮਾ ਵਿਚ ਫਿਰ ਰਿਹਾ ਸੀ। ਇਸ ਇੱਟ ਦਾ ਐਸਾ ਜ਼ਖ਼ਮ ਹੋਇਆ ਜੋ ਪਿੱਛੋਂ ਨਾਸੂਰ ਬਣ ਕੇ ਅਬਦਾਲੀ ਦੀ ਮੌਤ ਦਾ ਕਾਰਨ ਬਣ ਗਿਆ। ਵੱਡੇ ਘੱਲੂਘਾਰੇ ਦਾ ਸਿੱਟਾ ਇਹ ਨਿਕਲਿਆ ਕਿ ਅਬਦਾਲੀ ਕਮਜ਼ੋਰ ਹੁੰਦਾ ਗਿਆ ਤੇ ਸਿੰਘ ਅੱਗੇ ਨਾਲੋਂ ਹੋਰ ਮਜਬੂਤ ਹੋ ਗਏ। ਕੁਝ ਸਮੇਂ ਬਾਅਦ ਹੀ ਸਿੱਖ ਸ਼ਕਤੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ ਸਭ ਤੋਂ ਸ਼ਕਤੀਸ਼ਾਲੀ ਖ਼ਾਲਸਾ ਰਾਜ ਦੀ ਨੀਂਹ ਰੱਖ ਦਿੱਤੀ, ਜਿਸ ਨੇ ਫਿਰ ਕਈ ਦਹਾਕੇ ਰਾਜ ਕੀਤਾ।

ਵੱਡੇ ਘੱਲੂਘਾਰੇ ਦਾ ਸਥਾਨ ਮਲੇਰ ਕੋਟਲਾ ਤੋਂ ਬਾਰ੍ਹਾਂ ਕੁ ਕਿਲੋਮੀਟਰ ਉਤਰ ਵੱਲ ਦੋ ਨਗਰ ਕੁੱਪ ਤੇ ਰਹੀੜਾ ਹਨ, ਜੋ ਨੇੜੇ ਨੇੜੇ ਹਨ। ਇਹ ਜ਼ਿਲ੍ਹਾ ਸੰਗਰੂਰ ਵਿਚ ਪੈਂਦੇ ਹਨ। ਇਥੇ ਪਹਿਲਾਂ ਪਿੰਡ ਕੁੱਪ ਵਿਖੇ ਇਕ ਕਾਰ ਸੇਵਾ ਵਾਲੇ ਬਾਬਾ ਜੀ ਨੇ ਗੁਰਦੁਆਰਾ ਸਾਹਿਬ ਤਿਆਰ ਕਰਵਾਇਆ ਸੀ। ਫਿਰ 2011 ਵਿਚ ਪੰਜਾਬ ਦੀ ਅਕਾਲੀ ਸਰਕਾਰ ਨੇ ਵੱਡੇਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ 'ਸ਼ਹੀਦੀ ਸਮਾਰਕ' ਬਣਵਾਇਆ। ਇਹ ਯਾਦਗਾਰਾਂ ਜੁੱਗਾਂ ਜੁਗਾਂਤਰਾਂ ਤਕ ਕੌਮੀ ਵਾਰਸਾਂ ਨੂੰ ਆਪਣੇ ਜੋਧਿਆਂ ਦੇ ਇਤਿਹਾਸ ਨਾਲ ਜੋੜ ਕੇ ਰੱਖਣਗੀਆਂ।

~~~~~~~~~~~~~~~~~~~~
~~~~~~~~~~~~~~~~~~~~

*ਅਭਿਆਸ ਲਈ ਪ੍ਰਸ਼ਨ :—*

(ੳ) ਵੱਡਾ ਘੱਲੂਘਾਰਾ ਕਿਉਂ, ਕਿਵੇਂ ਤੇ ਕਿੱਥੇ ਵਾਪਰਿਆ ? ਇਸ ਸੰਬੰਧੀ ਚਾਨਣਾ ਪਾਓ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਵੱਡਾ ਘੱਲੂਘਾਰਾ ਕਦੋਂ ਤੇ ਕਿੱਥੇ ਵਾਪਰਿਆ ਅਤੇ ਇਸ ਵਿਚ ਕਿੰਨੇ ਸਿੱਖ ਸ਼ਹੀਦ ਹੋਏ ?

ਉੱਤਰ : ਵੱਡਾ ਘੱਲੂਘਾਰਾ 5 ਫਰਵਰੀ 1762 ਈ. ਨੂੰ ਕੁੱਪ ਰਹੀੜੇ ਵਿਖੇ ਵਾਪਰਿਆ। ਅਹਿਮਦਸ਼ਾਹ ਅਬਦਾਲੀ ਦਾ ਇਹ ਭਾਰਤ ਉਤੇ ਛੇਵਾਂ ਹਮਲਾ ਸੀ ਜੋ ਸਿੱਖ ਸ਼ਕਤੀ ਨੂੰ ਖ਼ਤਮ ਕਰਨ ਲਈ ਕੀਤਾ। ਇਸ ਵਿਚ 30 ਹਜ਼ਾਰ ਦੇ ਕਰੀਬ ਸਿੱਖ ਸ਼ਹੀਦ ਹੋਏ।

ਪ੍ਰਸ਼ਨ 2 : ਵੱਡੇ ਘੱਲੂਘਾਰੇ ਸਮੇਂ ਅਬਦਾਲੀ ਦਾ ਟਾਕਰਾ ਕਰਨ ਵਾਲੇ ਕਿਹੜੇ ਸਿੱਖ ਜਰਨੈਲ ਸਨ ?

ਉੱਤਰ : ਇਸ ਸਮੇਂ ਦਲ ਖ਼ਾਲਸਾ ਦੇ ਮੁੱਖ ਜਰਨੈਲ ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਜੱਸਾ ਸਿੰਘ ਰਾਮਗੜ੍ਹੀਆ, ਸ੍ਰ. ਚੜ੍ਹਤ ਸਿੰਘ ਸ਼ੁਕਰਚੱਕੀਆ (ਇਹ ਮਹਾਰਾਜਾ ਰਣਜੀਤ ਸਿੰਘ ਜੀ ਦਾ ਦਾਦਾ ਸੀ), ਸ੍ਰ. ਸ਼ਾਮ ਸਿੰਘ ਤੇ ਹੋਰ ਬਹੁਤ ਸਾਰੇ ਸਰਦਾਰ ਸਨ।

ਪ੍ਰਸ਼ਨ 3 : ਵੱਡੇ ਘੱਲੂਘਾਰੇ ਸਮੇਂ ਸਿੰਘ ਬਰਨਾਲੇ ਕਿਉਂ ਪਹੁੰਚਣਾ ਚਾਹੁੰਦੇ ਸਨ ?

ਉੱਤਰ : ਉਸ ਸਮੇਂ ਸਿੰਘ, ਅਬਦਾਲੀ ਨਾਲ ਟੱਕਰ ਤਾਂ ਲੈਣੀ ਚਾਹੁੰਦੇ ਸਨ, ਪਰ ਉਹਨਾਂ ਦੇ ਬਾਲ-ਬੱਚੇ ਤੇ ਔਰਤਾਂ ਵੀ ਨਾਲ ਸਨ। ਬਰਨਾਲੇ ਬਾਬਾ ਆਲਾ ਸਿੰਘ ਦਾ ਰਾਜ ਸੀ। ਸਿੰਘਾਂ ਨੂੰ ਵਿਸ਼ਵਾਸ ਸੀ ਕਿ ਉਥੇ ਸਾਡੇ ਪਰਿਵਾਰ ਸੁਰੱਖਿਅਤ ਰਹਿਣਗੇ ਅਤੇ ਫਿਰ ਅਸੀਂ ਸਿੱਧੀ ਟੱਕਰ ਲਵਾਂਗੇ।

ਪ੍ਰਸ਼ਨ 4 : ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਉਪਰ ਹਮਲਾ ਕਿਉਂ ਕੀਤਾ ?

ਉੱਤਰ : ਵੱਡਾ ਘੱਲੂਘਾਰਾ ਫਰਵਰੀ 1762 ਨੂੰ ਵਾਪਰਿਆ ਤੇ ਖ਼ਾਲਸਾ ਪੰਥ ਨੇ ਅਪ੍ਰੈਲ ਦੇ ਮਹੀਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਿਸਾਖੀ ਦਾ ਮੇਲਾ ਮਨਾਇਆ। ਉਸਨੂੰ ਜਾਪਿਆ ਕਿ ਸਿੱਖਾਂ ਦੀ ਸ਼ਕਤੀ ਦਾ ਕੇਂਦਰ ਹਰਿਮੰਦਰ ਹੈ ਤੇ ਜਦ ਤਕ ਹਰਿਮੰਦਰ ਸਾਹਿਬ ਹੈ ਤਦ ਤਕ ਇਹਨਾਂ ਦੀ ਬਹਾਦਰੀ ਤੇ ਸ਼ਕਤੀ ਖ਼ਤਮ ਨਹੀਂ ਹੋ ਸਕਦੀ। ਘੱਲੂਘਾਰੇ ਤੋਂ ਬਾਅਦ ਉਹ ਅਜੇ ਲਾਹੌਰ ਠਹਿਰਿਆ ਸੀ। ਉਸ ਨੇ ਫਿਰ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਇਮਾਰਤ ਢਾਹ ਦਿੱਤੀ ਤੇ ਸਰੋਵਰ ਪੂਰ ਦਿੱਤਾ।

ਪ੍ਰਸ਼ਨ 5 : ਜਿੱਥੇ ਵੱਡਾ ਘੱਲੂਘਾਰਾ ਵਾਪਰਿਆ ਉਹ ਸਥਾਨ ਕਿੱਥੇ ਹੈ ਤੇ ਕਿਹੜੀ ਯਾਦਗਾਰ ਬਣੀ ਹੈ ?

ਉੱਤਰ : ਵੱਡਾ ਘੱਲੂਘਾਰਾ 5 ਫਰਵਰੀ 1762 ਈ. ਨੂੰ ਵਾਪਰਿਆ ਸੀ। ਇਹ ਸਥਾਨ ਮਲੇਰਕੋਟਲਾ ਤੋਂ ਬਾਰ੍ਹਾਂ ਕੁ ਕਿਲੋਮੀਟਰ ਉਤਰ ਵੱਲ ਪਿੰਡ ਕੁੱਪ ਜ਼ਿਲ੍ਹਾ ਸੰਗਰੂਰ ਵਿਚ ਹੈ। ਕੁੱਪ ਤੇ ਰਹੀੜਾ ਦੋ ਪਿੰਡ ਨੇੜੇ-ਨੇੜੇ ਹਨ। ਇਥੇ ਪਹਿਲਾਂ ਇਕ ਕਾਰ ਸੇ ਵਾ ਵਾਲੇ ਬਾਬਾ ਜੀ ਨੇ ਗੁਰਦੁਆਰਾ ਸਾਹਿਬ ਬਣਵਾਇਆ ਸੀ। ਫਿਰ 2011 ਵਿਚ ਪੰਜਾਬ ਦੀ ਅਕਾਲੀ ਸਰਕਾਰ ਨੇ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ 'ਸ਼ਹੀਦੀ ਸਮਾਰਕ' ਬਣਾਇਆ। ਇਹ ਯਾਦਗਾਰਾਂ ਜੁੱਗਾਂ ਜੁਗਾਂਤਰਾਂ ਤਕ ਕੌਮੀ ਵਾਰਸਾਂ ਨੂੰ ਆਪਣੇ ਯੋਧਿਆਂ ਦੇ ਇਤਿਹਾਸ ਨਾਲ ਜੋੜ ਕੇ ਰੱਖਣਗੀਆਂ।

☆☆☆

# ਆਹਲੂਵਾਲੀਆ ਮਿਸਲ

## ਆਹਲੂਵਾਲੀਆ ਮਿਸਲ ਦੀ ਇਤਿਹਾਸਕ ਜਾਣਕਾਰੀ :

ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਆਹਲੂਵਾਲੀਆ ਮਿਸਲ ਦਾ ਸਿੱਖ ਪੰਥ ਵਿਚ ਤਕੜਾ ਸਥਾਨ ਸੀ। ਇਸ ਮਿਸਲ ਦਾ ਮੋਢੀ ਸ੍ਰ. ਜੱਸਾ ਸਿੰਘ ਆਹਲੂਵਾਲੀਆ ਸੀ। ਸ੍ਰ. ਜੱਸਾ ਸਿੰਘ ਦਾ ਜਨਮ ਜ਼ਿਲ੍ਹਾ ਲਾਹੌਰ ਦੇ ਪਿੰਡ ਆਹਲੂ ਵਿਖੇ 3 ਮਈ 1718 ਈ. ਵਿਚ ਸ੍ਰ. ਬਦਰ ਸਿੰਘ ਦੇ ਘਰ ਹੋਇਆ। ਸ੍ਰ. ਜੱਸਾ ਸਿੰਘ ਜੀ 'ਆਹਲੂ' ਪਿੰਡ ਦੇ ਹੋਣ ਕਰਕੇ ਉਹਨਾਂ ਨੂੰ ਆਹਲੂਵਾਲੀਆ ਕਹਿਣ ਲੱਗ ਪਏ। ਆਪ ਦੀ ਉਮਰ ਹਾਲੇ ਪੰਜ ਕੁ ਸਾਲ ਦੀ ਸੀ ਜਦ ਪਿਤਾ ਜੀ ਅਕਾਲ ਚਲਾਣਾ ਕਰ ਗਏ। ਇਹਨਾਂ ਦੀ ਮਾਤਾ ਤੇ ਮਾਮਾ ਬਾਘ ਸਿੰਘ ਆਪ ਨੂੰ ਗੁਰੂ ਘਰ ਦੀ ਸ਼ਰਧਾ ਕਰਕੇ ਦਸਮ ਪਾਤਸ਼ਾਹ ਜੀ ਦੀ ਸੁਪਤਨੀ ਮਾਤਾ ਸੁੰਦਰੀ ਜੀ ਪਾਸ ਦਿੱਲੀ ਲੈ ਕੇ ਗਏ। ਆਪ ਦਾ ਬਾਲਪਨ ਦਿੱਲੀ ਹੀ ਬੀਤਿਆ। ਉਥੇ ਗੁਰਮੁਖੀ ਤੇ ਫ਼ਾਰਸੀ ਭਾਸ਼ਾ ਦੇ ਨਾਲ ਨਾਲ ਆਪ ਨੇ ਗੁਰਬਾਣੀ ਤੇ ਗੁਰ-ਇਤਿਹਾਸ ਬਾਰੇ ਚੋਖਾ ਗਿਆਨ ਪ੍ਰਾਪਤ ਕੀਤਾ। ਜਦ ਜਵਾਨ ਹੋਏ ਤਾਂ 1735 ਈ. ਵਿਚ ਮਾਤਾ ਸੁੰਦਰੀ ਜੀ ਨੇ ਇਹਨਾਂ ਨੂੰ ਪੰਥ ਦੀ ਸਤਿਕਾਰਤ ਹਸਤੀ ਨਵਾਬ ਕਪੂਰ ਸਿੰਘ ਜੀ ਪਾਸ ਭੇਜਿਆ। ਇਹਨਾਂ ਪਾਸੋਂ ਹੀ ਆਪ ਨੇ ਅੰਮ੍ਰਿਤ ਛਕਿਆ ਅਤੇ ਹਰ ਪ੍ਰਕਾਰ ਦੇ ਗੁਣ ਪ੍ਰਾਪਤ ਕੀਤੇ।

ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੇ ਅਠਾਰਵੀਂ ਸਦੀ ਵਿਚ ਹੋਏ ਸਿੱਖ ਸੰਘਰਸ਼ ਵਿਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ। ਆਪ ਅਜੇ ਵੀਹ ਕੁ ਸਾਲਾਂ ਦੇ ਸਨ ਜਦ ਨਾਦਰਸ਼ਾਹ ਦੀ ਮੁੜਦੀ ਹੋਈ ਫ਼ੌਜ ਉਤੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਫ਼ੌਜ ਉਤੇ ਹੱਲਾ ਬੋਲਿਆ ਤੇ ਕਰਾਰੇ ਹੱਥ ਵਿਖਾਏ। ਸੰਨ 1745 ਵਿਚ ਆਪ ਨੇ ਆਪਣਾ ਸੁਤੰਤਰ ਜੱਥਾ ਬਣਾਇਆ। ਜਦ 1746 ਵਿਚ ਛੋਟਾ ਘੱਲੂਘਾਰਾ ਵਾਪਰਿਆ ਤਾਂ ਆਪ ਨੇ ਤਕੜੀ ਬੀਰਤਾ ਦਿਖਾਈ, ਕਿਉਂਕਿ ਉਸ ਸਮੇਂ ਸਿੱਖ ਚਾਰੇ ਪਾਸਿਉਂ ਹੀ ਘਿਰ ਗਏ ਸਨ।

ਜਦ 1748 ਈ. ਵਿਚ ਵੈਸਾਖੀ ਵਾਲੇ ਦਿਨ 65 ਸਿੱਖ ਜੱਥਿਆਂ ਨੂੰ ਮਿਲਾ ਕੇ ਨਵਾਬ ਕਪੂਰ ਸਿੰਘ ਜੀ ਨੇ ਸਾਰੇ ਪੰਥ ਦੀ ਇਕ ਜਥੇਬੰਦੀ ਦਲ ਖ਼ਾਲਸਾ ਬਣਾਈ ਤਾਂ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਸਰਬ ਸੰਮਤੀ ਨਾਲ ਜਥੇਦਾਰ ਚੁਣਿਆਂ ਗਿਆ। ਫਿਰ ਉਸ ਦੇ ਮਤਹਿਤ ਗਿਆਰਾਂ ਮਿਸਲਾਂ ਬਣਾਈਆਂ ਗਈਆਂ। ਬਾਹਰਵੀਂ ਮਿਸਲ ਫੂਲਕੀਆ ਇਹਨਾਂ

ਗਿਆਰਾਂ ਤੋਂ ਵੱਖਰੀ ਸੀ, ਜਿਸ ਦਾ ਬਾਨੀ ਸ੍ਰ. ਆਲਾ ਸਿੰਘ ਪਟਿਆਲਾ ਸੀ। ਆਹਲੂਵਾਲੀਆ ਮਿਸਲ ਸ੍ਰ. ਜੱਸਾ ਸਿੰਘ ਦੇ ਨਾਂ 'ਤੇ ਬਣੀ। ਉਂਝ ਇਤਿਹਾਸਕਾਰਾਂ ਅਨੁਸਾਰ ਜਥੇ ਦਾ ਬਾਨੀ ਸ੍ਰ. ਬਾਘ ਸਿੰਘ ਜੀ ਜੋ ਸ੍ਰ. ਜੱਸਾ ਸਿੰਘ ਆਹਲੂਵਾਲੀਏ ਦਾ ਮਾਮਾ ਸੀ। ਜਦ ਜਥਿਆਂ ਦੀ ਥਾਂ ਮਿਸਲਾਂ ਬਣੀਆਂ ਤਾਂ ਮਿਸਲ ਦਾ ਜਥੇਦਾਰ ਸ੍ਰ. ਜੱਸਾ ਸਿੰਘ ਥਾਪਿਆ ਗਿਆ। ਸ੍ਰ. ਬਾਘ ਸਿੰਘ ਦੇ ਕੋਈ ਪੁੱਤਰ ਨਹੀਂ ਸੀ ਤੇ ਉਸ ਦੀ ਮੌਤ ਤੋਂ ਬਾਅਦ ਸਾਰੀ ਜਾਇਦਾਦ ਦਾ ਮਾਲਕ ਸ੍ਰ. ਜੱਸਾ ਸਿੰਘ ਬਣਿਆਂ।

ਉਸ ਸਮੇਂ ਭਾਵੇਂ ਸਾਰੀਆਂ ਮਿਸਲਾਂ ਅਜ਼ਾਦ ਸਨ, ਪਰ ਪੰਥ ਉੱਪਰ ਭੀੜ ਸਮੇਂ ਜਾਂ ਵੱਡੀ ਮੁਹਿੰਮ ਵੇਲੇ ਸਾਰੀਆਂ ਹੀ ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੀ ਜਥੇਦਾਰੀ ਹੇਠ ਕੰਮ ਕਰਦੀਆਂ ਸਨ। ਸ੍ਰ. ਜੱਸਾ ਸਿਘ ਹਰ ਮੁਹਿੰਮ ਵਿਚ ਸਦਾ ਅੱਗੇ ਹੋ ਕੇ ਲੜਿਆ। ਅੰਮ੍ਰਿਤਸਰ ਦਾ ਹਾਕਮ ਸਲਾਬਤ ਖ਼ਾਂ ਤੇ ਮੁਲਤਾਨ ਦਾ ਸੂਬੇਦਾਰ ਸ਼ਾਹ ਨਿਵਾਜ਼ ਆਪ ਦੇ ਹੱਥੋਂ ਕਤਲ ਹੋਏ। ਸ੍ਰ. ਜੱਸਾ ਸਿੰਘ ਨੇ ਕਲਾਨੌਰ ਤੇ ਲਾਹੌਰ ਵੀ ਲੁੱਟੇ ਤੇ ਅਬਦਾਲੀ ਦੇ ਪੰਜਵੇਂ ਹਮਲੇ ਸਮੇਂ ਟੱਕਰ ਲਈ ਅਤੇ ਜਿਹਲਮ ਦਰਿਆ ਦੇ ਕੰਢੇ ਹਮਲਾ ਕਰਕੇ ਬੰਦੀ ਇਸਤਰੀਆਂ ਛੁਡਾਈਆਂ।

ਅਕਤੂਬਰ 1761 ਈ. ਨੂੰ ਦੀਵਾਲੀ ਵਾਲੇ ਦਿਨ ਸਮੂਹ ਪੰਥ ਨੇ ਫ਼ੈਸਲਾ ਕੀਤਾ ਕਿ ਲਾਹੌਰ 'ਤੇ ਕਬਜ਼ਾ ਕੀਤਾ ਜਾਵੇ। ਸਿੰਘਾਂ ਨੇ ਜਾ ਲਾਹੌਰ ਘੇਰਿਆ ਅਤੇ ਸੂਬੇਦਾਰ ਉਬੈਦ ਖ਼ਾਨ ਨੂੰ ਭਜਾ ਕੇ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬਿਠਾ ਕੇ ਬਾਦਸ਼ਾਹ ਬਣਾ ਦਿੱਤਾ। ਸ਼ਾਹੀ ਟਕਸਾਲ ਉਤੇ ਕਬਜ਼ਾ ਕਰਕੇ ਸ੍ਰ. ਜੱਸਾ ਸਿੰਘ ਦੇ ਨਾਂ ਉੱਤੇ ਸਿੱਕਾ ਵੀ ਚਲਾ ਦਿੱਤਾ।

ਫਰਵਰੀ 1762 ਵਿਚ ਵੱਡੇ ਘੱਲੂਘਾਰੇ ਸਮੇਂ ਅਬਦਾਲੀ ਦੇ ਟਾਕਰੇ ਲਈ ਦਲ ਖ਼ਾਲਸਾ ਦੀਆਂ ਸਾਰੀਆਂ ਮਿਸਲਾਂ ਸ਼ਾਮਿਲ ਸਨ। ਇਸ ਲੜਾਈ ਵਿਚ ਸ੍ਰ. ਜੱਸਾ ਸਿੰਘ ਦੇ ਸਰੀਰ ਉਤੇ ਬਾਈ ਫੱਟ ਲੱਗੇ, ਪਰ ਆਪ ਚੜ੍ਹਦੀ ਕਲਾ ਵਿਚ ਰਹੇ। ਇਹਨਾਂ ਦੀ ਅਗਵਾਈ ਨੇ ਕੌਮ ਵਿਚ ਢਹਿੰਦੀ ਕਲਾ ਨਹੀਂ ਆਉਣ ਦਿੱਤੀ।

ਜਨਵਰੀ 1764 ਈ. ਨੂੰ ਸ੍ਰ. ਆਹਲੂਵਾਲੀਆ ਦੀ ਅਗਵਾਈ ਹੇਠ ਸਾਰੀਆਂ ਮਿਸਲਾਂ ਨੇ ਮਿਲ ਕੇ ਸਰਹੰਦ ਉੱਤੇ ਹਮਲਾ ਕੀਤਾ। ਉਥੋਂ ਦੇ ਨਵਾਬ ਜ਼ੈਨ ਖ਼ਾਂ ਨੂੰ ਮਾਰ ਮੁਕਾਇਆ। ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਖ਼ਾਲਸੇ ਨੇ ਫਿਰ ਕਬਜ਼ਾ ਕੀਤਾ। ਅਬਦਾਲੀ ਨੇ 1762 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਇਮਾਰਤ ਢਾਹ ਦਿੱਤੀ ਸੀ ਤੇ ਅਕਤੂਬਰ 1764 ਵਿਚ ਸ੍ਰ. ਆਹਲੂਵਾਲੀਆ ਨੇ ਫਿਰ ਤਿਆਰ ਕਰਵਾਈ। ਸੰਨ 1777 ਈ. ਵਿਚ ਸ੍ਰ. ਜੱਸਾ ਸਿੰਘ ਨੇ ਇਬਰਾਹੀਮ ਭੱਟੀ ਨੂੰ ਹਾਰ ਦੇ ਕੇ ਕਪੂਰਥਲੇ ਨੂੰ ਆਪਣੀ ਰਾਜਧਾਨੀ ਬਣਾਇਆ। ਅੰਤ 20 ਅਕਤੂਬਰ 1783 ਈ. ਨੂੰ ਸ੍ਰ. ਜੱਸਾ ਸਿੰਘ ਆਹਲੂਵਾਲੀਆ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਸਸਕਾਰ

ਬਾਬਾ ਅਟਲ ਰਾਇ ਜੀ ਦੇ ਦੇਹਰੇ ਪਾਸ ਕੀਤਾ ਗਿਆ। ਆਪ ਉੱਚੇ ਲੰਮੇ ਦਰਸ਼ਨੀ ਸਿੰਘ ਸਨ ਤੇ ਸਾਰੀ ਉਮਰ ਗ਼ਰੀਬਾਂ ਦੇ ਹਮਦਰਦ ਰਹੇ। ਸ੍ਰ. ਜੱਸਾ ਸਿੰਘ ਦੀਆਂ ਦੋ ਲੜਕੀਆਂ ਸਨ, ਇਸ ਲਈ ਉਹਨਾਂ ਤੋਂ ਬਾਅਦ ਆਪ ਦਾ ਚਚੇਰਾ ਭਰਾ ਸ੍ਰ. ਭਾਗ ਸਿੰਘ ਮਿਸਲਦਾਰ ਬਣਿਆਂ। ਭਾਗ ਸਿੰਘ ਦੀ 1801 ਵਿਚ ਮੌਤ ਹੋ ਗਈ ਤਾਂ ਉਸ ਦਾ ਲੜਕਾ ਫ਼ਤੇ ਸਿੰਘ ਮਿਸਲ ਦੀ ਗੱਦੀ 'ਤੇ ਬੈਠਾ। ਇਹ ਮਹਾਰਾਜਾ ਰਣਜੀਤ ਸਿੰਘ ਜੀ ਦਾ ਪੱਗ ਵਟ ਮਿੱਤਰ ਸੀ ਤੇ ਸਦਾ ਹੀ ਵਫ਼ਾਦਾਰ ਰਿਹਾ। ਜਦ ਇਹ 1837 ਈ. ਵਿਚ ਚਲਾਣਾ ਕਰ ਗਿਆ ਤਾਂ ਇਹਨਾਂ ਦਾ ਪੁੱਤਰ ਸ੍ਰ. ਨਿਹਾਲ ਸਿੰਘ ਜਾਗੀਰ ਦਾ ਮਾਲਕ ਬਣਿਆਂ। ਮਹਾਰਾਜਾ ਨੇ ਨਿਹਾਲ ਸਿੰਘ ਨੂੰ ਕਪੂਰਥਲੇ ਦਾ ਰਾਜਾ ਬਣਾ ਦਿੱਤਾ। ਸੰਨ 1846 ਵਿਚ ਅੰਗਰੇਜ਼ਾਂ ਤੇ ਸਿੱਖਾਂ ਦੀ ਜੰਗ ਸਮੇਂ ਕਪੂਰਥਲਾ ਰਿਆਸਤ ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਹੇਠ ਆ ਗਈ। ਅੰਗਰੇਜ਼ਾਂ ਤੇ ਸਿੱਖਾਂ ਦੀ ਦੂਜੀ ਜੰਗ ਸਮੇਂ ਰਾਜਾ ਨਿਹਾਲ ਸਿੰਘ ਨੇ ਅੰਗਰੇਜ਼ਾਂ ਦੀ ਮਦਦ ਕੀਤੀ। ਸੰਨ 1852 ਵਿਚ ਰਾਜਾ ਨਿਹਾਲ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਸ੍ਰ. ਰਣਧੀਰ ਸਿੰਘ ਕਪੂਰਥਲੇ ਦਾ ਰਾਜਾ ਬਣਿਆਂ। 1870 ਵਿਚ ਰਣਧੀਰ ਸਿੰਘ ਦੀ ਮੌਤ ਤੋਂ ਪਿਛੋਂ ਉਹਨਾਂ ਦਾ ਲੜਕਾ ਖੜਕ ਸਿੰਘ ਗੱਦੀ 'ਤੇ ਬੈਠਾ। 1877 ਵਿਚ ਖੜਕ ਸਿੰਘ ਦੀ ਮੌਤ ਤੋਂ ਪਿੱਛੋਂ ਉਹਨਾਂ ਦਾ 5 ਸਾਲ ਦਾ ਲੜਕਾ ਜਗਤਜੀਤ ਸਿੰਘ ਰਾਜ ਗੱਦੀ 'ਤੇ ਬੈਠਾ। ਇਹਨਾਂ ਦੇ ਰਾਜ ਕਾਲ ਵਿਚ ਕਪੂਰਥਲਾ ਰਿਆਸਤ ਦਾ ਤਕੜਾ ਵਿਕਾਸ ਹੋਇਆ। 1948 ਵਿਚ ਇਸ ਰਿਆਸਤ ਨੂੰ ਪੈਪਸੂ ਵਿਚ ਸ਼ਾਮਲ ਕਰ ਲਿਆ ਤੇ ਮਹਾਰਾਜਾ ਜਗਤਜੀਤ ਸਿੰਘ ਨੂੰ ਉਪ-ਰਾਜ ਪ੍ਰਮੁੱਖ ਬਣਾਇਆ ਗਿਆ। ਸੰਨ 1949 ਵਿਚ ਇਹਨਾਂ ਦੀ ਮੌਤ ਤੋਂ ਬਾਅਦ ਇਹਨਾਂ ਦਾ ਲੜਕਾ ਪਰਮਜੀਤ ਸਿੰਘ ਰਾਜ ਸੱਤਾ ਦਾ ਅਧਿਕਾਰੀ ਬਣ ਗਿਆ। ਜਦ 1955 ਵਿਚ ਇਹਨਾਂ ਦੀ ਮੌਤ ਹੋਈ ਤਾਂ ਆਪ ਦਾ ਲੜਕਾ ਸੁਖਜੀਤ ਸਿੰਘ ਰਾਜ ਪਰਿਵਾਰ ਦਾ ਮੁਖੀ ਬਣਿਆਂ। 1 ਨਵੰਬਰ 1956 ਨੂੰ ਪੈਪਸੂ ਨੂੰ ਪੰਜਾਬ ਵਿਚ ਸਮੋ ਦਿੱਤਾ ਗਿਆ ਤਾਂ ਪੰਜਾਬ ਦੀਆਂ ਰਿਆਸਤਾਂ ਦੀ ਹੋਂਦ ਸਥਾਈ ਤੌਰ 'ਤੇ ਖ਼ਤਮ ਹੋ ਗਈ।

*ਅਭਿਆਸ ਲਈ ਪ੍ਰਸ਼ਨ :—*

(ੳ) ਆਹਲੂਵਾਲੀਆ ਮਿਸਲ ਦੀ ਇਤਿਹਾਸਕ ਜਾਣਕਾਰੀ ਦਿਓ।

☆☆☆

# ਸਿੰਘਪੁਰੀਆ ਮਿਸਲ

## ਸਿੰਘਪੁਰੀਆ ਮਿਸਲ ਦੀ ਇਤਿਹਾਸਕ ਜਾਣਕਾਰੀ :

ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਵਿੱਚੋਂ ਇਕ ਮਿਸਲ ਸਿੰਘਪੁਰੀਆ ਮਿਸਲ ਦੇ ਨਾਉਂ ਨਾਲ ਜਾਣੀ ਜਾਂਦੀ ਸੀ। ਇਸ ਦੀ ਸਥਾਪਨਾ ਕਰਨ ਵਾਲਾ ਨਵਾਬ ਕਪੂਰ ਸਿੰਘ ਸੀ। ਸ੍ਰ. ਕਪੂਰ ਸਿੰਘ ਦਾ ਜਨਮ 1697 ਈ. ਨੂੰ ਸ਼ੇਖੂਪੁਰ ਦੇ ਇਲਾਕੇ ਪਿੰਡ ਕਾਲੇਕੇ ਵਿਖੇ ਚੌਧਰੀ ਦਲੀਪ ਸਿੰਘ ਦੇ ਘਰ ਹੋਇਆ। ਜਦ ਆਪ ਜਵਾਨੀ ਦੀ ਉਮਰੇ ਪੰਥਕ ਕਾਰਜਾਂ ਵਿਚ ਲੱਗੇ ਤਾਂ ਇਹਨਾਂ ਨੇ ਅੰਮ੍ਰਿਤਸਰ ਦੇ ਨਜ਼ਦੀਕ ਫੈਜ਼ੁਲਾ ਖ਼ਾਨ ਵਲੋਂ ਵਸਾਏ ਹੋਏ ਫ਼ੈਜ਼ੁਲਾਪੁਰਾ ਨਾਉਂ ਦੇ ਕਸਬੇ ਉੱਪਰ ਕਬਜ਼ਾ ਕਰ ਲਿਆ ਅਤੇ ਉਸ ਦਾ ਨਾਂ 'ਸਿੰਘਪੁਰਾ' ਰੱਖਿਆ। ਇਹਨਾਂ ਦੇ ਜੱਥੇ ਨੂੰ ਸਿੰਘਪੁਰੀਆਂ ਦਾ ਜੱਥਾ ਕਿਹਾ ਜਾਂਦਾ ਸੀ। ਫਿਰ ਇਸੇ ਹੀ ਨਾਂ ਉੱਤੇ ਸਿੰਘਪੁਰੀਆ ਮਿਸਲ ਕਾਇਮ ਹੋਈ। ਕੁਝ ਇਤਿਹਾਸਕਾਰ ਇਸ ਨੂੰ ਫ਼ੈਜ਼ੁਲਾਪੁਰੀ ਮਿਸਲ ਵੀ ਕਹਿੰਦੇ ਹਨ। ਸ੍ਰ. ਕਪੂਰ ਸਿੰਘ ਜੀ ਦੀਆਂ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਸਨ। ਇਹਨਾਂ ਨੇ 1721 ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ 'ਤੇ ਹੋਏ ਅੰਮ੍ਰਿਤ ਸੰਚਾਰ ਸਮੇਂ ਭਾਈ ਮਨੀ ਸਿੰਘ ਜੀ ਦੇ ਹੱਥੋਂ ਅੰਮ੍ਰਿਤਪਾਨ ਕੀਤਾ। ਭਰ ਜਵਾਨੀ ਦੀ ਉਮਰ ਵਿਚ ਇਹਨਾਂ ਨੇ ਪਿੰਡ-ਪਿੰਡ ਅਨੇਕਾਂ ਨੌਜਵਾਨਾਂ ਨੂੰ ਪ੍ਰੇਰ ਕੇ ਸਿੰਘ ਸਜਾਇਆ। ਇਹਨਾਂ ਦੀਆਂ ਜੁਝਾਰੂ ਰੁਚੀਆਂ ਤੇ ਕੌਮੀ ਪਿਆਰ ਕਰਕੇ ਸਤਿਗੁਰਾਂ ਦੀ ਕਿਰਪਾ ਨਾਲ ਸਿੱਖ ਪੰਥ ਵਿਚ ਤਕੜੀ ਹੋਂਦ ਬਣੀ।

1733 ਈ. ਨੂੰ ਵੈਸਾਖੀ 'ਤੇ ਸ੍ਰੀ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਇਕੱਤਰ ਹੋਇਆ। ਜ਼ਕਰੀਆ ਖ਼ਾਂ ਸੂਬੇਦਾਰ ਲਾਹੌਰ ਵਲੋਂ ਸ੍ਰ. ਸੁਬੇਗ ਸਿੰਘ 'ਨਵਾਬੀ' ਦਾ ਖ਼ਿਤਾਬ ਤੇ ਜਾਗੀਰ ਦਾ ਪਟਾ ਲੈ ਕੇ ਆਇਆ। ਲੰਬੀ ਵਿਚਾਰ ਤੋਂ ਬਾਅਦ ਪੰਥ ਨੇ ਸੰਗਤ ਵਿਚ ਪੱਖਾ ਝੱਲ ਰਹੇ ਸ੍ਰ. ਕਪੂਰ ਸਿੰਘ ਜੀ ਨੂੰ ਨਵਾਬੀ ਦੀ ਖ਼ਿਲਅਤ (ਪੋਸ਼ਾਕ) ਸਰਬ ਸੰਮਤੀ ਨਾਲ ਦੇ ਦਿੱਤੀ। ਉਸ ਦਿਨ ਤੋਂ ਬਾਅਦ ਆਪ ਨਵਾਬ ਕਪੂਰ ਸਿੰਘ ਕਰਕੇ ਪ੍ਰਸਿੱਧ ਹੋਏ।

ਆਪ ਨੇ ਸਿੱਖ ਪੰਥ ਨੂੰ ਜਥੇਬੰਦ ਕਰਨ ਲਈ ਦੋ ਸ਼੍ਰੇਣੀਆਂ ਬਣਾ ਦਿੱਤੀਆਂ। ਇਹ ਸਨ, 'ਬੁੱਢਾ ਦਲ ਤੇ ਤਰੁਨਾ ਦਲ।' ਆਪ ਦੋਹਾਂ ਦਲਾਂ ਦੇ ਸਾਂਝੇ ਜਥੇਦਾਰ ਥਾਪੇ ਗਏ। ਇਹਨਾਂ ਵਿਚ ਸਿੱਖੀ ਪ੍ਰਚਾਰ ਦਾ ਬਹੁਤ ਉਤਸ਼ਾਹ ਸੀ। ਬੇਅੰਤ ਲੋਕਾਂ ਨੇ ਇਹਨਾਂ ਦੇ ਜੱਥੇ ਪਾਸੋਂ ਅੰਮ੍ਰਿਤ ਛਕਿਆ। ਆਪ ਹਰ ਮੁਸੀਬਤ ਵਿਚ ਅੱਗੇ ਹੋ ਕੇ ਲੜੇ। ਦਿੱਲੀ ਲੁੱਟ ਕੇ ਮੁੜਦੇ

ਹੋਏ ਨਾਦਰਸ਼ਾਹ ਨੂੰ ਇਹਨਾਂ ਦੇ ਜੱਥੇ ਨੇ ਲੁੱਟਿਆ ਅਤੇ ਬੰਧਕ ਮੁਟਿਆਰਾਂ ਨੂੰ ਛੁਡਾ ਕੇ ਘਰੋ ਘਰੀਂ ਪਹੁੰਚਾਇਆ। ਆਪ ਨੇ 1748 ਵਿਚ ਸਿੱਖ ਪੰਥ ਦੀ ਸਾਂਝੀ ਜਥੇਬੰਦੀ ਦਾ ਨਾਂ ਦਲ ਖ਼ਾਲਸਾ ਰੱਖਿਆ। ਉਸ ਦੀ ਕਮਾਂਡ ਤਾਂ ਭਾਵੇਂ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ ਸੌਂਪ ਦਿੱਤੀ, ਪਰ ਸਰਪ੍ਰਸਤੀ ਇਹਨਾਂ ਦੀ ਹੀ ਰਹੀ।

ਨਵਾਬ ਕਪੂਰ ਸਿੰਘ ਨੇ ਆਪਣੇ ਅਧੀਨ ਕੇਵਲ ਸਿੰਘਪੁਰੀਆ ਮਿਸਲ ਨੂੰ ਰੱਖਿਆ। ਇਹ ਮਿਸਲ ਭਾਵੇਂ ਬਹੁਤ ਵੱਡੀ ਨਹੀਂ ਸੀ, ਪਰ ਆਪ ਦੀ ਸ਼ਖ਼ਸੀਅਤ ਬਹੁਤ ਉੱਚੀ ਸੀ। ਸਾਰੇ ਸਰਦਾਰ ਆਪ ਦੀ ਬਹੁਤ ਇੱਜ਼ਤ ਕਰਦੇ ਸਨ। ਆਪ ਹਰ ਕੌਮੀ ਜੰਗ ਵਿਚ ਅੱਗੇ ਹੋ ਕੇ ਜੂਝੇ, ਇਸ ਲਈ ਆਪ ਦੇ ਸਰੀਰ ਉੱਪਰ ਜ਼ਖ਼ਮਾਂ ਦੇ ਬਹੁਤ ਨਿਸ਼ਾਨ ਸਨ।

1753 ਈ. ਵਿਚ ਆਪ ਬੀਮਾਰ ਰਹਿਣ ਲੱਗ ਪਏ ਅਤੇ 7 ਅਕਤੂਬਰ 1753 ਈ. ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਆਪ ਨੇ ਅਕਾਲ ਚਲਾਣੇ ਤੋਂ ਪਹਿਲਾਂ ਇਕ ਪੰਥਕ ਇਕੱਠ ਬੁਲਾ ਕੇ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਪੰਥਕ ਜਥੇਦਾਰੀ ਸੌਂਪ ਦਿੱਤੀ ਸੀ। ਨਵਾਬ ਕਪੂਰ ਸਿੰਘ ਦੇ ਕੋਈ ਔਲਾਦ ਨਹੀਂ ਸੀ। ਇਹਨਾਂ ਤੋਂ ਬਾਅਦ ਸਿੰਘਪੁਰੀਆ ਮਿਸਲ ਦਾ ਮੁੱਖੀ ਸ੍ਰ. ਖੁਸ਼ਹਾਲ ਸਿੰਘ ਬਣਿਆਂ। ਜਦ ਅਬਦਾਲੀ ਨੌਵੇਂ ਹਮਲੇ ਪਿੱਛੋਂ ਵਾਪਸ ਗਿਆ ਤਾਂ ਸਿੰਘਾਂ ਨੇ ਨਵੇਂ ਇਲਾਕੇ ਮੱਲਣੇ ਸ਼ੁਰੂ ਕਰ ਦਿੱਤੇ। ਹੁਣ ਸਿੰਘਪੁਰੀਆ ਮਿਸਲ ਪਾਸ ਵੀ ਕਾਫ਼ੀ ਇਲਾਕੇ ਸਨ। ਜਲੰਧਰ ਤੇ ਹੁਸ਼ਿਆਰਪੁਰ ਦੇ ਕੁਝ ਹਿੱਸੇ, ਜਲੰਧਰ ਦੁਆਬ ਵਿਚ ਖਾਪੜਖੇੜੀ, ਸਿੰਘਪੁਰਾ, ਬਾਰੀ ਦੁਆਬ ਵਿਚ ਅਬੋਹਰ, ਆਦਮਪੁਰ, ਛੱਤ ਬਨੂੜ, ਭਰਤਗੜ੍ਹ, ਅਟੱਲਗੜ੍ਹ ਆਦਿ। ਸ੍ਰ. ਖੁਸ਼ਹਾਲ ਸਿੰਘ ਮਾਲਵੇ ਦੀਆਂ ਅਨੇਕ ਮੁਹਿੰਮਾਂ ਵਿਚ ਸ਼ਾਮਲ ਰਿਹਾ। ਇਹਨਾਂ ਦੀ 1795 ਈ. ਨੂੰ ਮੌਤ ਹੋ ਗਈ ਤੇ ਫਿਰ ਉਸ ਦਾ ਪੁੱਤਰ ਸ੍ਰ. ਬੁੱਧ ਸਿੰਘ, ਸਿੰਘਪੁਰੀਆ ਮਿਸਲ ਦਾ ਮੁਖੀ ਬਣਿਆਂ।

ਸ੍ਰ. ਬੁੱਧ ਸਿੰਘ ਨੇ ਇਕ ਇਤਿਹਾਸਕ ਵਾਕ ਨੂੰ ਸੱਚ ਕੀਤਾ ਕਿ ਜਦੋਂ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਤਰਨ ਤਾਰਨ ਸਾਹਿਬ ਦਾ ਸਰੋਵਰ ਬਣਾਉਣ ਲਈ ਇੱਟਾਂ ਪਕਾਈਆਂ ਤਾਂ ਇਲਾਕੇ ਦਾ ਚੌਧਰੀ ਨੂਰਦੀਨ ਧੱਕੇ ਨਾਲ ਚੁਕਵਾ ਕੇ ਆਪਣੇ ਪਿੰਡ ਸਰਾਏ ਨੂਰਦੀਨ ਲੈ ਗਿਆ ਸੀ। ਉਸ ਨੇ ਇਹਨਾਂ ਇੱਟਾਂ ਦੇ ਆਪਣੇ ਮਕਾਨ ਬਣਵਾ ਲਏ ਸਨ। ਸਤਿਗੁਰਾਂ ਨੇ ਬਚਨ ਕੀਤਾ ਕਿ ਕਦੇ ਕੋਈ ਸਾਡਾ ਸਿੱਖ ਇਹ ਇੱਟਾਂ ਹੱਥੋ ਹੱਥ ਲਿਆ ਕੇ ਫਿਰ ਸਰੋਵਰ ਬਣਾਵੇਗਾ। ਸ੍ਰ. ਬੁੱਧ ਸਿੰਘ ਸਿੰਘਪੁਰੀਆ ਉੱਪਰ ਸਤਿਗੁਰਾਂ ਦੀ ਕਿਰਪਾ ਹੋਈ ਤੇ ਬਚਨ ਪੂਰਾ ਹੋਇਆ। ਉਹਨਾਂ ਨੇ ਨੂਰਦੀਨ ਦੇ ਮਕਾਨ ਢਾਹ ਕੇ ਉਹੋ ਇੱਟਾਂ ਸ੍ਰੀ ਤਰਨ ਤਾਰਨ ਸਾਹਿਬ ਲਿਆ ਕੇ ਸਰੋਵਰ ਬਣਵਾਇਆ।

ਸ੍ਰ. ਬੁੱਧ ਸਿੰਘ ਪਹਿਲਾਂ ਕੁਝ ਸਮਾਂ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਸਹਿਯੋਗੀ ਰਿਹਾ, ਪਰ ਬਾਅਦ ਵਿਚ ਬਾਗੀ ਹੋ ਗਿਆ। ਸ੍ਰ. ਬੁੱਧ ਸਿੰਘ ਦੀ ਮਿਸਲ ਦੇ ਇਲਾਕੇ ਸਤਲੁਜ ਦੇ ਦੋਨੋਂ ਪਾਸੇ ਸਨ। ਸਤਲੁਜ ਤੋਂ ਸੱਜੇ ਪਾਸੇ ਦਾ ਸਾਰਾ ਇਲਾਕਾ ਸ਼ੇਰੇ ਪੰਜਾਬ

ਨੇ ਸਿੱਖ ਰਾਜ ਵਿਚ ਮਿਲਾ ਲਿਆ ਅਤੇ ਸਤਲੁਜ ਤੋਂ ਪਾਰ ਵਾਲੇ ਇਲਾਕੇ ਨੂੰ ਸਮਾਂ ਪਾ ਕੇ ਅੰਗਰੇਜ਼ਾਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ। ਸ੍ਰ. ਬੁੱਧ ਸਿੰਘ ਜੀ ਸੰਨ 1816 ਵਿਚ ਅਕਾਲ ਚਲਾਣਾ ਕਰ ਗਏ। ਇਸ ਤਰ੍ਹਾਂ ਇਸ ਮਿਸਲ ਦੀ ਹੋਂਦ ਖ਼ਤਮ ਹੋ ਗਈ। ਸ੍ਰ. ਬੁੱਧ ਸਿੰਘ ਦੇ ਸੱਤ ਲੜਕੇ ਸਨ। ਇਹਨਾਂ ਦੀ ਸੰਤਾਨ ਮਨੌਲੀ ਵਾਲੇ ਸਰਦਾਰਾਂ ਵਜੋਂ ਜਾਣੀ ਜਾਂਦੀ ਰਹੀ ਹੈ।

*ਅਭਿਆਸ ਲਈ ਪ੍ਰਸ਼ਨ :—*

(ੳ) ਸਿੰਘਪੁਰੀਆ ਮਿਸਲ ਦੇ ਇਤਿਹਾਸ ਸਬੰਧੀ ਤੁਸੀਂ ਕੀ ਜਾਣਦੇ ਹੋ ?

☆☆☆

# ਰਾਮਗੜ੍ਹੀਆ ਮਿਸਲ

## ਰਾਮਗੜ੍ਹੀਆ ਮਿਸਲ ਦੀ ਇਤਿਹਾਸਕ ਜਾਣਕਾਰੀ :

ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਇਕ ਮਿਸਲ ਰਾਮਗੜ੍ਹੀਆ ਮਿਸਲ ਦੇ ਨਾਓਂ ਨਾਲ ਜਾਣੀ ਜਾਂਦੀ ਸੀ। ਇਸ ਮਿਸਲ ਦੀ ਸਥਾਪਨਾ ਸ੍ਰ. ਜੱਸਾ ਸਿੰਘ ਨੇ ਕੀਤੀ। ਸ੍ਰ. ਜੱਸਾ ਸਿੰਘ ਦੇ ਦਾਦਾ ਸ੍ਰ. ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ। ਹਰਦਾਸ ਸਿੰਘ ਦਾ ਪੁੱਤਰ ਭਗਵਾਨ ਸਿੰਘ ਸੀ, ਜਿਸ ਦੇ ਪੰਜ ਪੁੱਤਰ ਸਨ—ਜੈ ਸਿੰਘ, ਜੱਸਾ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ। ਇਹਨਾਂ ਵਿਚੋਂ ਸ੍ਰ. ਜੱਸਾ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ ਤਿੰਨੇ ਭਰਾ ਸ੍ਰ. ਨੰਦ ਸਿੰਘ ਸਾਂਘਣੀਆਂ ਦੇ ਜਥੇ ਵਿਚ ਸ਼ਾਮਲ ਹੋ ਗਏ। ਸ੍ਰ. ਨੰਦ ਸਿੰਘ ਦੀ ਮੌਤ ਤੋਂ ਬਾਅਦ ਸ੍ਰ. ਜੱਸਾ ਸਿੰਘ ਜਥੇ ਦਾ ਜਥੇਦਾਰ ਬਣਿਆ।

ਸੰਨ 1748 ਵਿਚ ਆਪਣੀ ਸੁਰੱਖਿਆ ਲਈ ਸਿੰਘਾਂ ਨੇ ਅੰਮ੍ਰਿਤਸਰ ਵਿਚ ਇਕ ਕੱਚੀ ਵਲਗਣ ਤਿਆਰ ਕੀਤੀ ਤੇ ਉਸ ਦਾ ਨਾਂ ਰਾਮਰਾਓਣੀ ਰੱਖਿਆ। ਜਦ ਮੀਰ ਮੰਨੂੰ ਦੇ ਹੁਕਮ ਨਾਲ ਅਦੀਨਾ ਬੇਗ ਨੇ ਰਾਮਰਾਓਣੀ 'ਤੇ ਹਮਲਾ ਕੀਤਾ ਤਾਂ ਸ੍ਰ. ਜੱਸਾ ਸਿੰਘ ਉਸ ਸਮੇਂ ਅਦੀਨਾ ਬੇਗ ਦੀ ਨੌਕਰੀ ਕਰਦੇ ਸਨ। ਸ੍ਰ. ਜੱਸਾ ਸਿੰਘ ਪਹਿਲਾਂ ਦੇ ਗ਼ੁੱਸੇ ਗਿਲੇ ਤਿਆਗ ਕੇ ਪੰਥਕ ਜਜ਼ਬੇ ਨਾਲ ਸਿੰਘਾਂ ਨਾਲ ਆ ਮਿਲੇ। ਇਸ ਸਮੇਂ ਦੀਵਾਨ ਕੌੜਾ ਮੱਲ ਨੇ ਰਾਮਰਾਓਣੀ ਦਾ ਫ਼ੌਜੀ ਘੇਰਾ ਉਠਾ ਕੇ ਸਿੰਘਾਂ ਨਾਲ ਸੁਲ੍ਹਾ ਕਰਵਾ ਦਿੱਤੀ ਸੀ। ਫਿਰ ਰਾਮਰਾਓਣੀ ਦੇ ਸਥਾਨ 'ਤੇ ਇਕ ਕਿਲ੍ਹੇ ਦੀ ਉਸਾਰੀ ਕੀਤੀ ਗਈ ਅਤੇ ਇਸ ਦਾ ਨਾਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ 'ਤੇ ਰਾਮਗੜ੍ਹ ਰੱਖਿਆ ਗਿਆ। ਪੰਥ ਨੇ ਇਹ ਕਿਲ੍ਹਾ ਸ੍ਰ. ਜੱਸਾ ਸਿੰਘ ਦੇ ਹਵਾਲੇ ਕੀਤਾ। ਜਦ ਫਿਰ ਮਿਸਲਾਂ ਦੀ ਸਥਾਪਨਾ ਹੋਈ ਤਾਂ ਸ੍ਰ. ਜੱਸਾ ਸਿੰਘ ਦੀ ਮਿਸਲ ਨੂੰ ਰਾਮਗੜ੍ਹੀਆ ਮਿਸਲ ਦਾ ਨਾਂ ਦਿੱਤਾ ਗਿਆ।

ਸ੍ਰ. ਜੱਸਾ ਸਿੰਘ ਤਰਖਾਣ ਸਿੱਖ ਸੀ, ਇਸ ਲਈ ਸਾਰੇ ਹੀ ਤਰਖਾਣ ਸਿੱਖ ਫਿਰ ਆਪਣੇ ਆਪ ਨੂੰ ਰਾਮਗੜ੍ਹੀਏ ਅਖਵਾਓਣ ਲੱਗ ਪਏ। ਰਾਮਗੜ੍ਹੀਆ ਮਿਸਲ ਨੂੰ ਤਰਨਾ ਦਲ ਵਿਚ ਸ਼ਾਮਲ ਕੀਤਾ ਗਿਆ।

ਸ੍ਰ. ਜੱਸਾ ਸਿੰਘ ਸ਼ੁਰੂ ਤੋਂ ਹੀ ਤਕੜਾ ਬਹਾਦਰ ਤੇ ਨਿਡਰ ਜੋਧਾ ਸੀ। ਗੁਰੂ ਭਰੋਸੇ ਵਾਲਾ

ਤੇ ਗੁਰਬਾਣੀ ਦਾ ਨੇਮੀ ਸੀ। ਆਪਣੀ ਬਹਾਦਰੀ ਕਾਰਨ ਦਲ ਖ਼ਾਲਸਾ ਵਿਚ ਇਹਨਾਂ ਦਾ ਵਿਸ਼ੇਸ਼ ਸਥਾਨ ਬਣ ਗਿਆ। ਆਪ ਹਰ ਪੰਥਕ ਮੁਹਿੰਮ ਵਿਚ ਅੱਗੇ ਹੋ ਕੇ ਜੂਝੇ। ਸ੍ਰ. ਜੱਸਾ ਸਿੰਘ ਨੇ ਕਨ੍ਹਈਆ ਮਿਸਲ ਦੇ ਸਰਦਾਰ ਜੈ ਸਿੰਘ ਨਾਲ ਮਿਲ ਕੇ ਗੁਰਦਾਸਪੁਰ ਜ਼ਿਲ੍ਹੇ ਦਾ ਬਹੁਤ ਸਾਰਾ ਇਲਾਕਾ ਜਿੱਤਿਆ ਤੇ ਆਪਣੀ ਮਿਸਲ ਦੀ ਰਿਆਸਤ ਕਾਇਮ ਕੀਤੀ। 1764 ਈ. ਵਿਚ ਜਦ ਸਿੱਖਾਂ ਨੇ ਜ਼ੈਨ ਖ਼ਾਂ ਨੂੰ ਮਾਰ ਕੇ ਸਰਹੰਦ ਦਾ ਇਲਾਕਾ ਵੰਡਿਆ ਤਾਂ ਰਾਮਗੜ੍ਹੀਆ ਮਿਸਲ ਨੇ ਉਸ ਵਿਚੋਂ ਇਲਾਕਾ ਨਹੀਂ ਮੱਲਿਆ ਸਗੋਂ ਉਹਨਾਂ ਨੇ ਰਿਆੜਕੀ ਤੇ ਬਿਆਸ ਦੇ ਦੋਹੀਂ ਪਾਸੀਂ ਕਾਫ਼ੀ ਇਲਾਕਾ ਆਣ ਮੱਲਿਆ ਸੀ। ਸੰਨ 1769 ਵਿਚ ਇਹਨਾਂ ਪਾਸ ਦਸ ਲੱਖ ਦਾ ਇਲਾਕਾ ਸੀ।

ਰਾਮਗੜ੍ਹੀਆ ਮਿਸਲ ਨੇ ਹੋਰਨਾਂ ਮਿਸਲਦਾਰਾਂ ਨਾਲ ਮਿਲ ਕੇ ਅਹਿਮਦਸ਼ਾਹ ਅਬਦਾਲੀ ਨਾਲ ਕਈ ਲੜਾਈਆਂ ਲੜੀਆਂ। ਸੰਨ 1776 ਵਿਖ ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਤੇ ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੀ ਆਪਸੀ ਟੱਕਰ ਹੋ ਗਈ ਤਾਂ ਇਸ ਟੱਕਰ ਵਿਚ ਰਾਮਗੜ੍ਹੀਏ ਬੁਰੀ ਤਰ੍ਹਾਂ ਹਾਰ ਗਏ ਤੇ ਫਿਰ ਹਿਸਾਰ ਵੱਲ ਚਲੇ ਗਏ। ਸ੍ਰ. ਜੱਸਾ ਸਿੰਘ ਨੇ ਹਿਸਾਰ ਦੇ ਹਾਕਮ ਨੂੰ ਕਤਲ ਕਰਕੇ ਇਕ ਪੰਡਤ ਦੀਆਂ ਦੋ ਲੜਕੀਆਂ ਛੁਡਾਈਆਂ। ਇਕ ਵਾਰੀ ਦਿੱਲੀ 'ਤੇ ਹਮਲਾ ਕਰਕੇ ਮੁਗਲਾਂ ਦੀਆਂ ਚਾਰ ਤੋਪਾਂ ਖੋਹ ਲਿਆਇਆ।

1783 ਈ. ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਤੋਂ ਬਾਅਦ ਸ੍ਰ. ਰਾਮਗੜ੍ਹੀਆ ਪੰਜਾਬ ਵੱਲ ਪਰਤ ਆਏ। ਫਿਰ ਇਹਨਾਂ ਨੇ ਗੁਰਦਾਸਪੁਰ, ਜਲੰਧਰ ਜ਼ਿਲ੍ਹਿਆਂ ਦੇ ਕਈ ਇਲਾਕੇ ਆਪਣੇ ਕਬਜ਼ੇ ਵਿਚ ਕਰ ਲਏ ਅਤੇ ਕਾਂਗੜਾ, ਨੂਰਪੁਰ, ਮੰਡੀ ਤੇ ਚੰਬੇ ਦੇ ਪਹਾੜੀ ਰਾਜਿਆਂ ਤੋਂ ਖ਼ਿਰਾਜ (ਟੈਕਸ) ਲੈਂਦੇ ਸਨ।

ਸੰਨ 1803 ਵਿਚ ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਅਕਾਲ ਚਲਾਣਾ ਕਰ ਗਏ। ਉਹਨਾਂ ਤੋਂ ਬਾਅਦ ਉਹਨਾਂ ਦਾ ਲੜਕਾ ਸ੍ਰ. ਜੋਧ ਸਿੰਘ ਰਾਮਗੜ੍ਹੀਆ ਮਿਸਲ ਦਾ ਆਗੂ ਬਣਿਆਂ। ਸ੍ਰ. ਜੱਸਾ ਸਿੰਘ ਦੀ ਮੌਤ ਤੋਂ ਪਹਿਲਾਂ ਹੀ ਇਸ ਰਿਆਸਤ ਦਾ ਕਾਫ਼ੀ ਹਿੱਸਾ ਸਦਾ ਕੌਰ ਦੇ ਕਬਜ਼ੇ ਵਿਚ ਆ ਗਿਆ ਸੀ, ਜੋ ਕਨ੍ਹਈਆ ਮਿਸਲ ਦੀ ਆਗੂ ਸੀ। ਇਸ ਲਈ ਸ੍ਰ. ਜੋਧ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਕਰ ਲਈ। ਸਤੰਬਰ 1815 ਈ. ਵਿਚ ਸ੍ਰ. ਜੋਧ ਸਿੰਘ ਅਕਾਲ ਚਲਾਣਾ ਕਰ ਗਿਆ। ਉਸ ਦੇ ਕੋਈ ਪੁੱਤਰ ਨਹੀਂ ਸੀ, ਇਸ ਲਈ ਉਸ ਦੇ ਵਾਰਸਾਂ ਦੀ ਆਪਸ ਵਿਚ ਲੜਾਈ ਛਿੜ ਪਈ। ਮਹਾਰਾਜਾ ਰਣਜੀਤ ਸਿੰਘ ਨੇ ਉਸ ਦਾ ਰਹਿੰਦਾ ਇਲਾਕਾ ਵੀ ਜ਼ਬਤ ਕਰਕੇ ਆਪਣੀ ਰਿਆਸਤ ਵਿਚ ਮਿਲਾ ਲਿਆ। ਜੋਧ ਸਿੰਘ ਦੀ ਵਿਧਵਾ ਤੇ ਦੋ ਹੋਰ ਦਾਅਵੇਦਾਰ ਵੀਰ ਸਿੰਘ ਤੇ ਦੀਵਾਨ ਸਿੰਘ ਨੂੰ ਜਾਗੀਰ ਦੇ ਦਿੱਤੀ। ਇਸ ਤਰ੍ਹਾਂ ਰਾਮਗੜ੍ਹੀਆ ਮਿਸਲ ਦੀ ਹੋਂਦ ਹੀ ਖ਼ਤਮ ਹੋ ਗਈ। ਅੰਮ੍ਰਿਤਸਰ ਵਿਚ ਰਾਮਗੜ੍ਹੀਆਂ ਦਾ ਕਟੜਾ ਤੇ ਬੁੰਗਾ ਪ੍ਰਸਿੱਧ ਹਨ।

***ਅਭਿਆਸ ਲਈ ਪ੍ਰਸ਼ਨ :—***

(ੳ) ਰਾਮਗੜ੍ਹੀਆ ਮਿਸਲ ਦੇ ਇਤਿਹਾਸ ਬਾਰੇ ਤੁਸੀਂ ਕੀ ਜਾਣਦੇ ਹੋ ?

# ਮਿਸਲ ਸ਼ਹੀਦਾਂ

## ਮਿਸਲ ਸ਼ਹੀਦਾਂ ਦੀ ਇਤਿਹਾਸਕ ਜਾਣਕਾਰੀ :

ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਇਕ ਮਿਸਲ ਸ਼ਹੀਦਾਂ ਵਾਲੀ ਮਿਸਲ ਕਰਕੇ ਜਾਣੀ ਜਾਂਦੀ ਸੀ। ਇਸ ਮਿਸਲ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਬਾਬਾ ਜੀ ਦਸਮ ਪਾਤਸ਼ਾਹ ਜੀ ਦੇ ਹਜ਼ੂਰੀ ਸਿੰਘਾਂ ਵਿਚੋਂ ਸਨ। ਆਪ ਜੀ ਦਾ ਜਨਮ 1682 ਈ. ਨੂੰ ਪਿੰਡ ਪਹੂਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। (ਉਸ ਸਮੇਂ ਇਹ ਜ਼ਿਲ੍ਹਾ ਲਾਹੌਰ ਸੀ) ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ। ਆਪ ਹਰ ਯੁੱਧ ਵਿਚ ਸ਼ਾਮਲ ਹੋਏ। ਜਦ ਦਸਮ ਪਾਤਸ਼ਾਹ ਜੀ ਨੇ 1706 ਈ. ਵਿਚ ਸ੍ਰੀ ਦਮਦਮਾ ਸਾਹਿਬ ਵਿਖੇ ਨਿਵਾਸ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਉਹਨਾਂ ਦੀ ਸੇਵਾ 'ਚ ਰਹੇ। ਫਿਰ ਜਦ ਗੁਰੂ ਜੀ ਨਾਂਦੇੜ ਵੱਲ ਚਲੇ ਗਏ ਤਾਂ ਬਾਬਾ ਜੀ ਨੇ ਦਮਦਮਾ ਸਾਹਿਬ ਵਿਖੇ ਹੀ ਟਿਕਾਣਾ ਕੀਤਾ। ਉਥੇ ਉਹਨਾਂ ਨੇ ਇਕ ਖੂਹ ਲਵਾਇਆ, ਜੋ ਅਜੇ ਵੀ ਮੌਜੂਦ ਹੈ। ਦਸਮ ਪਾਤਸ਼ਾਹ ਜੀ ਨੇ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੁਬਾਰਾ ਸੰਪਾਦਤ ਕਰਵਾਈ ਸੀ। ਬਾਬਾ ਦੀਪ ਸਿੰਘ ਜੀ ਨੇ ਉਸ ਤੋਂ ਆਪਣੀ ਸੁੰਦਰ ਲਿਖਾਈ ਵਿਚ ਚਾਰ ਸਰੂਪ ਤਿਆਰ ਕੀਤੇ। ਉਹਨਾਂ ਵਿਚੋਂ ਇਕ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਇਕ ਸ੍ਰੀ ਪਟਨਾ ਸਾਹਿਬ, ਇਕ ਸ੍ਰੀ ਅਨੰਦਪੁਰ ਸਾਹਿਬ ਅਤੇ ਇਕ ਸਰੂਪ ਸ੍ਰੀ ਦਮਦਮਾ ਸਾਹਿਬ ਵਿਖੇ ਸੁਸ਼ੋਭਿਤ ਕੀਤਾ। ਬਾਬਾ ਦੀਪ ਸਿੰਘ ਜੀ ਜਿਥੇ ਸੂਰਬੀਰ ਜੋਧੇ ਸਨ ਉਥੇ ਆਪਣੇ ਸਮੇਂ ਦੇ ਮਹਾਨ ਵਿਦਵਾਨ ਸਨ।

ਜਦ ਬਾਬਾ ਬੰਦਾ ਸਿੰਘ ਜੀ ਬਹਾਦਰ ਪੰਜਾਬ ਵਿਚ ਆਏ ਤਾਂ ਬਾਬਾ ਦੀਪ ਸਿੰਘ ਜੀ ਆਪਣਾ ਜਥਾ ਲੈ ਕੇ ਉਹਨਾਂ ਨਾਲ ਜਾ ਰਲੇ। ਬਾਬਾ ਜੀ ਹਰੇਕ ਜੰਗ ਵਿਚ ਅੱਗੇ ਹੋ ਕੇ ਜੂਝੇ। ਇਸ ਕਰਕੇ ਆਪ ਦੇ ਜਥੇ ਦਾ ਨਾਮ ਸ਼ਹੀਦਾਂ ਦਾ ਜਥਾ ਪੈ ਗਿਆ ਤੇ ਬਾਬਾ ਦੀਪ ਸਿੰਘ ਜੀ ਦਾ ਲਕਬ ਸ਼ਹੀਦ ਹੀ ਪੈ ਗਿਆ। ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਫਿਰ ਸ੍ਰੀ ਦਮਦਮਾ ਸਾਹਿਬ ਹੀ ਜਾ ਟਿਕੇ। ਜਦੋਂ 1748 ਈ. ਨੂੰ ਮਿਸਲਾਂ ਬਣੀਆਂ ਤਾਂ ਸ਼ਹੀਦਾਂ ਦੀ ਮਿਸਲ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਬਣੇ। ਇਸ ਮਿਸਲ ਵਿਚ ਜ਼ਿਆਦਾਤਰ ਨਿਹੰਗ ਸਿੰਘ ਸਨ। ਇਹਨਾਂ ਦਾ ਮੁੱਖ ਟਿਕਾਣਾ ਸ੍ਰੀ ਦਮਦਮਾ ਸਾਹਿਬ ਸੀ।

ਜਦ ਅਹਿਮਦਸ਼ਾਹ ਅਬਦਾਲੀ ਦੇ ਜਰਨੈਲ ਜਹਾਨ ਖ਼ਾਨ ਨੇ ਫ਼ੌਜ ਲੈ ਕੇ

ਅੰਮ੍ਰਿਤਸਰ 'ਤੇ ਚੜ੍ਹਾਈ ਕੀਤੀ, ਉਸ ਵੇਲੇ ਬਾਬਾ ਗੁਰਬਖਸ਼ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਰਾਖੀ ਕਰ ਰਹੇ ਸਨ। ਉਹ ਆਪਣੇ ਥੋੜੇ ਜਿਹੇ ਸਾਥੀਆਂ ਦੇ ਹੁੰਦਿਆਂ ਸਿੱਧੀ ਟੱਕਰ ਲੈ ਕੇ ਸ਼ਹੀਦ ਹੋ ਗਏ। ਉਹਨਾਂ ਦੀ ਯਾਦਗਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਜ਼ਦੀਕ ਹੈ।

ਫਿਰ ਜਹਾਨ ਖ਼ਾਨ ਨੇ ਸ੍ਰੀ ਅੰਮ੍ਰਿਤਸਰ ਉੱਪਰ ਕਬਜ਼ਾ ਕਰ ਲਿਆ। ਉਸ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਪੂਰ ਦਿੱਤਾ ਅਤੇ ਕਈ ਗੁਰਦੁਆਰੇ ਵੀ ਢਾਹ ਦਿੱਤੇ। ਜਦ ਇਹ ਖ਼ਬਰ ਸ੍ਰੀ ਦਮਦਮਾ ਸਾਹਿਬ ਪਹੁੰਚੀ ਤਾਂ ਬਾਬਾ ਦੀਪ ਸਿੰਘ ਜੀ ਨੇ ਉਥੋਂ ਦੀ ਸੇਵਾ ਆਪਣੇ ਭਤੀਜੇ ਭਾਈ ਸੱਦਾ ਸਿੰਘ ਨੂੰ ਸੌਂਪ ਦਿੱਤੀ। ਆਪ ਨੇ ਇਸ ਬੇ-ਅਦਬੀ ਦਾ ਬਦਲਾ ਲੈਣ ਦਾ ਪ੍ਰਣ ਕੀਤਾ ਤੇ ਅਰਦਾਸਾ ਸੋਧ ਕੇ ਪੰਜ ਸੌ ਸਿੰਘਾਂ ਦਾ ਜੱਥਾ ਲੈ ਕੇ ਸ੍ਰੀ ਅੰਮ੍ਰਿਤਸਰ ਵੱਲ ਚੜ੍ਹਾਈ ਕੀਤੀ। ਰਸਤੇ ਵਿਚ ਹੋਰ ਸਿੰਘ ਰਲਦੇ ਗਏ ਅਤੇ ਅੰਮ੍ਰਿਤਸਰ ਤਕ ਪਹੁੰਚਦਿਆਂ ਦਸ ਹਜ਼ਾਰ ਸਿੰਘ ਹੋ ਗਏ।

ਉਧਰੋਂ ਲਾਹੌਰ ਦੇ ਸੂਬੇ ਨੂੰ ਵੀ ਸੂਹ ਮਿਲ ਗਈ ਕਿ ਸਿੱਖ ਦੀਵਾਲੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਇਕੱਠੇ ਹੋ ਰਹੇ ਹਨ। ਉਹਨੇ ਲਾਹੌਰ ਵਿਚ ਜਹਾਦ ਦਾ ਐਲਾਨ ਕੀਤਾ। 11 ਨਵੰਬਰ 1757 ਈ. ਨੂੰ ਗੋਲ੍ਹਵੜ ਦੇ ਕੋਲ ਜਹਾਨ ਖ਼ਾਨ ਤੇ ਖ਼ਾਲਸਾ ਫ਼ੌਜ ਦੀ ਸਿੱਧੀ ਟੱਕਰ ਹੋਈ। ਸਿੰਘ ਸਹਿਜੇ-ਸਹਿਜੇ ਲੜਦੇ ਅਗਾਂਹ ਵਧਦੇ ਗਏ। ਜਦ ਬਾਬਾ ਜੀ ਰਾਮਸਰ ਸਾਹਿਬ ਵਾਲੇ ਸਥਾਨ ਤਕ ਪਹੁੰਚੇ ਤਾਂ ਦੋਨਾਂ ਜਰਨੈਲਾਂ ਜਹਾਨ ਖ਼ਾਨ ਤੇ ਬਾਬਾ ਦੀਪ ਸਿੰਘ ਜੀ ਦੀ ਸਿੱਧੀ ਟੱਕਰ ਹੋਈ। ਐਸਾ ਸਾਂਝਾ ਵਾਰ ਹੋਇਆ ਕਿ ਦੋਹਾਂ ਜਰਨੈਲਾਂ ਦੇ ਸਿਰ ਲੱਥ ਗਏ। ਇਥੋਂ ਬਾਬਾ ਦੀਪ ਸਿੰਘ ਜੀ ਨੇ ਲਗਭਗ ਵੱਖ ਹੋ ਚੁੱਕੇ ਸੀਸ ਨੂੰ ਖੱਬੇ ਹੱਥ ਨਾਲ ਸਾਂਭਿਆ ਤੇ ਫਿਰ ਲੜਦੇ ਹੋਏ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਪਹੁੰਚ ਕੇ ਆਪਣੀ ਕੀਤੀ ਹੋਈ ਅਰਦਾਸ ਦੇ ਬੋਲ ਪੁਗਾਏ ਅਤੇ ਸ਼ਹੀਦੀ ਪਾ ਗਏ। ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਬੁੰਗਾ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਬਣਿਆਂ। ਆਪ ਜੀ ਦਾ ਸ਼ਹੀਦ ਗੰਜ ਸ੍ਰੀ ਰਾਮਸਰ ਸਾਹਿਬ ਪਾਸ ਹੈ, ਜਿਥੇ ਆਪ ਦੀ ਦੇਹ ਦਾ ਸਸਕਾਰ ਕੀਤਾ ਗਿਆ ਸੀ।

ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰ. ਸੱਦਾ ਸਿੰਘ ਮਿਸਲ ਦੇ ਮੁਖੀ ਬਣੇ। ਸੰਨ 1762 ਵਿਚ ਦਕੋਹੇ ਪਾਸ ਪਠਾਣਾਂ ਨਾਲ ਲੜਦੇ ਸੱਦਾ ਸਿੰਘ ਸ਼ਹੀਦ ਹੋ ਗਏ ਤਾਂ ਮਿਸਲ ਦਾ ਮੁਖੀ ਕਰਮ ਸਿੰਘ ਬਣਿਆਂ। ਮਿਸਲ ਸ਼ਹੀਦਾਂ ਵਿਚ ਉਹ ਨਾਮਵਰ ਸਰਦਾਰ ਹੋਇਆ। ਵੱਡੇ ਘੱਲੂਘਾਰੇ ਵਿਚ ਉਹ ਬਹੁਤ ਬਹਾਦਰੀ ਨਾਲ ਲੜਿਆ। ਜਦੋਂ ਬੁੱਢਾ ਦਲ ਤੇ ਤਰਨਾ ਦਲ ਦੋ ਜੱਥੇ ਬਣ ਗਏ ਤਾਂ ਇਹ ਮਿਸਲ ਬੁੱਢਾ ਦਲ ਵਿਚ ਸ਼ਾਮਲ ਹੋ ਗਈ। ਜਦ ਜਨਵਰੀ 1764 ਈ. ਨੂੰ ਸਰਹੰਦ ਦੀ ਲੜਾਈ ਵਿਚ ਜ਼ੈਨ ਖ਼ਾਂ ਨੂੰ ਮਾਰ ਕੇ ਸਿੰਘਾਂ ਨੇ ਉਸ ਦੇ ਇਲਾਕੇ ਉੱਪਰ ਕਬਜ਼ਾ ਕੀਤਾ ਤਾਂ ਮਿਸਲ ਸ਼ਹੀਦਾਂ ਪਾਸ ਚੰਗੇ ਇਲਾਕੇ ਆ ਗਏ।

ਸੰਨ 1784 ਵਿਚ ਸ੍ਰ. ਕਰਮ ਸਿੰਘ ਦੀ ਮੌਤ ਤੋਂ ਬਾਅਦ ਉਹਨਾਂ ਦਾ ਵੱਡਾ ਪੁੱਤਰ ਸ੍ਰ. ਗੁਲਾਬ ਸਿੰਘ ਮਿਸਲ ਸ਼ਹੀਦਾਂ ਦਾ ਮੁਖੀ ਬਣਿਆਂ। ਸੰਨ 1809 ਵਿਚ ਅੰਗਰੇਜ਼ੀ ਸਰਕਾਰ ਨੇ ਮਾਲਵੇ ਦੀਆਂ ਸਾਰੀਆਂ ਰਿਆਸਤਾਂ ਆਪਣੇ ਅਧੀਨ ਰੱਖਿਆ ਵਿਚ ਲੈ ਲਈਆਂ। ਸੰਨ 1844 ਵਿਚ ਗੁਲਾਬ ਸਿੰਘ ਦੀ ਮੌਤ ਤੋਂ ਬਾਅਦ, ਇਹਨਾਂ ਪਾਸ ਜੋ ਜਗੀਰ ਸੀ, ਉਸ ਦਾ ਮਾਲਕ ਸ਼ਿਵਕਿਰਪਾਲ ਸਿੰਘ ਬਣ ਗਿਆ। ਇਹ ਅੰਗਰੇਜ਼ ਸਰਕਾਰ ਦੀ ਮਦਦ ਕਰਦਾ ਰਿਹਾ। ਮਿਸਲ ਸ਼ਹੀਦਾਂ ਦੀ ਹੋਂਦ ਤਾਂ 1809 ਵਿਚ ਹੀ ਖ਼ਤਮ ਹੋ ਗਈ। ਸੰਨ 1871 ਵਿਚ ਸ਼ਿਵਕਿਰਪਾਲ ਸਿੰਘ ਦੀ ਮੌਤ ਤੋਂ ਬਾਅਦ ਉਹਨਾਂ ਦਾ ਪੁੱਤਰ ਸ੍ਰ. ਜੀਵਨ ਸਿੰਘ ਜਾਗੀਰ ਦਾ ਵਾਰਸ ਬਣਿਆਂ। ਇਹ ਘਰਾਣਾ ਸ਼ਾਹਜ਼ਾਦਪੁਰੀਏ ਸਰਦਾਰ ਅਖਵਾਉਂਦਾ ਹੈ।

*ਅਭਿਆਸ ਲਈ ਪ੍ਰਸ਼ਨ :—*

(ੳ) ਮਿਸਲ ਸ਼ਹੀਦਾਂ ਦੇ ਇਤਿਹਾਸ ਸਬੰਧੀ ਚਾਨਣਾ ਪਾਓ।

☆☆☆

# ਗੁਰਦੁਆਰੇ

## ਗੁਰਦੁਆਰਾ :—

ਸਿੱਖ ਪੰਥ ਤੇ ਸਿੱਖ ਸੱਭਿਆਚਾਰ ਵਿਚ ਗੁਰਦੁਆਰਾ ਸਾਹਿਬ ਦਾ ਬਹੁਤ ਨਿਆਰਾ ਤੇ ਉੱਚਾ ਸਥਾਨ ਹੈ। ਗੁਰਦੁਆਰਾ ਤੋਂ ਭਾਵ, 'ਗੁਰੂ ਦਾ ਘਰ, ਗੁਰੂ ਦੇ ਰਾਹੀਂ, ਗੁਰੂ ਦੀ ਮਾਰਫ਼ਤ ਆਦਿ।' ਸਿੱਖ ਪੰਥ ਵਿਚ ਗੁਰਦੁਆਰਾ ਸਾਹਿਬ ਕਿਸੇ ਸ਼ਬਦ ਦੇ ਅਰਥਾਂ ਤਕ ਹੀ ਸੀਮਤ ਨਹੀਂ ਹੈ ਸਗੋਂ ਸਿੱਖ ਧਰਮ ਵਿਚ ਗੁਰਦੁਆਰਾ ਸਾਹਿਬ ਅਨੇਕਾਂ ਹੀ ਅਰਥਾਂ ਨੂੰ ਪ੍ਰਗਟ ਕਰਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਗੁਰਦੁਆਰੇ ਦੀ ਪ੍ਰਿਭਾਸ਼ਾ ਤੇ ਸਰੂਪ ਸਬੰਧੀ ਲਿਖਿਆ ਹੈ, ''ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸੂਆਂ ਲਈ ਗਿਆਨ ਉਪਦੇਸ਼ਕ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤ ਦੀ ਪੱਤ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਅਸਥਾਨ ਹੈ।''

## ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦੁਆਰੇ ਦੀ ਮਰਯਾਦਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ :

ਸਿੱਖ ਰਹਿਤ ਮਰਯਾਦਾ ਵਿਚ ਗੁਰਦੁਆਰਾ ਸਾਹਿਬ ਦੀ ਮਰਯਾਦਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਸਬੰਧੀ ਸਿੱਖ ਸਮਾਜ ਨੂੰ 'ਗੁਰਦੁਆਰੇ' ਸਿਰਲੇਖ ਹੇਠ ਇਉਂ ਸਮਝਾਇਆ ਗਿਆ ਹੈ :

* ਗੁਰਬਾਣੀ ਦਾ ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ-ਮੇਲ ਦੇ ਅਸਥਾਨਾਂ-ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।
* ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤੀ ਹੋਵੇ। ਬਿਨਾਂ ਖ਼ਾਸ ਕਾਰਨ ਦੇ (ਜਦ ਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਰਾਸਿ ਦੇ ਪਾਠ ਮਗਰੋਂ ਸੁੱਖ-ਆਸਨ ਕੀਤਾ ਜਾਵੇ। ਜਦ

ਤਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ, ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ। ਉਪ੍ਰੰਤ ਸੁੱਖ-ਆਸਨ ਕਰ ਦੇਣਾ ਉਚਿਤ ਹੈ ਤਾਂ ਜੋ ਬੇਅਦਬੀ ਨਾ ਹੋਵੇ।

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ਼ ਸੁਥਰਾ ਹੋਵੇ। ਉੱਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ 'ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉੱਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉੱਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।
* ਉੱਪਰ ਦੱਸੇ ਸਾਮਾਨ ਤੋਂ ਇਲਾਵਾ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।
* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ-ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇਕੱਤ੍ਰਤਾ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।
* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ 'ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਨਾਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ, ਇਹੋ ਜਿਹੇ ਕਰਮ ਮਨਮੱਤ ਹਨ।
* ਇਕ ਤੋਂ ਦੂਜੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਉਣ ਦੀ ਅਤਿ ਲੋੜ ਪੈ ਜਾਵੇ ਤਾਂ ਭਰਮ ਨਹੀਂ ਕਰਨਾ।

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸਾ ਸੋਧ ਕੇ ਪ੍ਰਕਾਸ਼ ਕੀਤਾ ਜਾਵੇ। ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।
* ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ ਤਾਂ ਭਾਵੇਂ ਅੱਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿੱਖ ਨੂੰ ਸਨਮਾਨ ਲਈ ਉੱਠ ਖਲੋਣਾ ਚਾਹੀਏ।
* ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ, ਸੁਥਰਾ ਹੋ ਕੇ ਜਾਣਾ ਚਾਹੀਏ, ਜੇ ਪੈਰ ਮੈਲੇ ਜਾਂ ਗੰਦੇ ਹੋਣ, ਤਾਂ ਜਲ ਨਾਲ ਧੋ ਲੈਣੇ ਚਾਹੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਥਵਾ ਗੁਰਦੁਆਰੇ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪ੍ਰਕਰਮਾ ਕਰਨੀ ਚਾਹੀਏ।
* ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼, ਮਜ਼੍ਹਬ, ਜਾਤਿ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਦੇ ਪਾਸ ਸਿੱਖ ਧਰਮ ਤੋਂ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।
* ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਹੈ। ਉਪ੍ਰੰਤ ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰ ਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ ਜਾਵੇ।
* ਸੰਗਤ ਵਿਚ ਬੈਠਣ ਲਈ ਭੀ ਸਿੱਖ-ਅਸਿੱਖ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।
* ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ।
* ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।
* ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।
* ਗੁਰਦੁਆਰੇ ਵਿਚ ਨਗਾਰਾ ਹੋਵੇ, ਜੋ ਸਮੇਂ ਸਿਰ ਵਜਾਇਆ ਜਾਵੇ।

***ਅਭਿਆਸ ਲਈ ਪ੍ਰਸ਼ਨ :—***

(ੳ) ਗੁਰਦੁਆਰੇ ਤੋਂ ਕੀ ਭਾਵ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦੁਆਰੇ ਸਿਰਲੇਖ ਹੇਠ ਰੋਜ਼ਾਨਾ ਦੀ ਮਰਯਾਦਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਸਬੰਧੀ ਕੀ ਉਪਦੇਸ਼ ਹੈ ?

~~~~~~~~~~~~~~~~~~~~
~~~~~~~~~~~~~~~~~~~~

# ਮੁਖਵਾਕ ਲੈਣ ਦੀ ਵਿਧੀ

ਮੁਖਵਾਕ, ਵਾਕ ਲੈਣਾ ਜਾਂ ਹੁਕਮ ਲੈਣਾ ਸਭ ਦਾ ਭਾਵ ਇਕ ਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪਿਆਰ ਭਾਵਨਾ ਨਾਲ ਇਕ ਸ਼ਬਦ ਦਾ ਪਾਠ ਸੁਣਨਾ ਜਾਂ ਕਰਨਾ। ਉਂਜ ਤਾਂ ਸਮੁੱਚੀ ਗੁਰਬਾਣੀ ਹੀ ਸ੍ਰੀ ਮੁਖਵਾਕ ਤੇ ਹੁਕਮ ਰੂਪ ਹੈ। ਇਹ ਸਾਡੇ ਜੀਵਨ ਨੂੰ ਸੰਵਾਰਦੀ ਤੇ ਸੇਧ ਬਖ਼ਸ਼ਦੀ ਹੈ। ਅਸੀਂ ਹਰ ਹੁਕਮ ਜਾਂ ਮੁਖਵਾਕ ਨੂੰ ਸਤਿ ਕਰਕੇ ਮੰਨਣਾ ਹੈ।

ਸਿੱਖ ਰਹਿਤ ਮਰਯਾਦਾ ਵਿਚ ਮੁਖਵਾਕ ਲੈਣ ਦੀ ਵਿਧੀ 'ਹੁਕਮ ਲੈਣਾ" ਸਿਰਲੇਖ ਹੇਠ ਸਿੱਖ ਸਮਾਜ ਨੂੰ ਇਉਂ ਸਮਝਾਈ ਗਈ ਹੈ :

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਗੁਰੂ-ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਅਵਾਜ਼ਾ ਲੈਣਾ ਜਾਂ ਸੁਣਨਾ, ਸਤਿਗੁਰੂ ਦੇ ਦਰਸ਼ਨ ਹਨ। ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁੱਕ ਕੇ ਦਰਸ਼ਨ ਕਰਨਾ ਜਾਂ ਕਰਵਾਉਣਾ ਮਨਮਤ ਹੈ।
* ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।
* ਦੀਵਾਨ ਸਮੇਂ ਸੰਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕੇਵਲ ਸਿੱਖ (ਮਰਦ ਜਾਂ ਤੀਵੀ) ਹੀ ਬੈਠਣ ਦਾ ਅਧਿਕਾਰੀ ਹੈ।
* ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰ ਕੇ ਸੁਣਾਵੇ। ਆਪਣੇ ਆਪ ਲਈ ਪਾਠ ਕੋਈ ਗੈਰ-ਸਿੱਖ ਭੀ ਕਰ ਸਕਦਾ ਹੈ।
* 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ ਨਾਮ ਆ ਜਾਵੇ, ਉਸ ਤੁਕ 'ਤੇ ਭੋਗ ਪਾਇਆ ਜਾਵੇ।
* ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋ ਕੇ ਅੰਤਮ ਹੁਕਮ ਲਿਆ ਜਾਵੇ।

*ਅਭਿਆ ਲਈ ਪ੍ਰਸ਼ਨ :—*

(ੳ) ਮੁਖਵਾਕ ਤੋਂ ਕੀ ਭਾਵ ਹੈ ਅਤੇ ਸਿੱਖ ਰਹਿਤ ਮਰਯਾਦਾ ਵਿਚ ਹੁਕਮ ਲੈਣ ਦੀ ਕੀ ਵਿਧੀ ਸਮਝਾਈ ਗਈ ਹੈ ?

# ਸਾਧਾਰਨ ਪਾਠ

ਕਿਸੇ ਧਰਮ ਗ੍ਰੰਥ ਨੂੰ ਪੜ੍ਹਨ ਦੀ ਕਿਰਿਆ ਨੂੰ ਪਾਠ ਕਰਨਾ ਕਿਹਾ ਜਾਂਦਾ ਹੈ। ਅਸੀਂ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਾਠ ਕਰਦੇ ਹਾਂ। ਜੇ ਕਰ 'ਸਾਧਾਰਨ' ਦਾ ਅਰਥ ਕਰੀਏ ਤਾਂ ਸਾਧਾਰ ਤੋਂ ਭਾਵ ਹੈ, 'ਆਸਰੇ ਸਹਿਤ' ਅਤੇ ਸਾਧਾਰਨ ਤੋਂ ਆਧਾਰ ਸਾਹਿਤ ਕਰਨ ਵਾਲਾ, ਆਸਰਾ ਦੇਣ ਵਾਲਾ ਹੈ। ਸੰਖੇਪ ਸ਼ਬਦਾਂ ਵਿਚ ਜਿਹੜਾ ਪਾਠ, ਜਦੋਂ ਵੀ ਸਮਾਂ ਮਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਕਰ ਲਿਆ ਜਾਵੇ ਉਸ ਨੂੰ 'ਸਾਧਾਰਨ ਪਾਠ' ਜਾਂ 'ਸਹਿਜ ਪਾਠ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਅਸੀਂ ਸਹਿਜ ਨਾਲ ਗੁਰਬਾਣੀ ਦਾ ਸ਼ੁੱਧ ਉਚਾਰਨ, ਸ਼ਬਦਾਂ ਦੇ ਭਾਵ ਅਰਥ ਅਤੇ ਗੁਰਬਾਣੀ ਉਪਦੇਸ਼ ਨੂੰ ਵਧੀਆ ਢੰਗ ਨਾਲ ਸਮਝ ਸਕਦੇ ਹਾਂ।

ਸਿੱਖ ਰਹਿਤ ਮਰਯਾਦਾ ਵਿਚ ਸਾਧਾਰਨ ਪਾਠ ਦੀ ਮਹੱਤਤਾ ਤੇ ਮਰਯਾਦਾ ਇਸ ਤਰ੍ਹਾਂ ਸਮਝਾਈ ਗਈ ਹੈ :

* ਹਰ ਇਕ ਸਿੱਖ ਨੂੰ ਵੱਸ ਲੱਗੇ, ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਵੇਕਲਾ ਸਥਾਨ ਨਿਯਤ ਕਰਨਾ ਚਾਹੀਏ।
* ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।
* ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਹੁਕਮ' ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।
* ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਤੇ ਮਹੀਨੇ ਦੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।
* ਪਾਠ ਆਰੰਭ ਕਰਨ ਸਮੇਂ ਪ੍ਰਸ਼ਾਦਿ ਲਿਆ ਕੇ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਏ। ਫੇਰ ਜਪੁ ਜੀ ਸਾਹਿਬ ਦਾ ਪਾਠ ਕਰਨਾ ਚਾਹੀਏ।

*ਅਭਿਆਸ ਲਈ ਪ੍ਰਸ਼ਨ :—*

(ੳ) ਸਾਧਾਰਨ ਪਾਠ ਤੋਂ ਕੀ ਭਾਵ ਹੈ ਅਤੇ ਸਿੱਖ ਰਹਿਤ ਮਰਯਾਦਾ ਵਿਚ 'ਸਾਧਾਰਨ ਪਾਠ' ਸਿਰਲੇਖ ਹੇਠ ਇਸ ਦੀ ਮਹੱਤਤਾ ਤੇ ਮਰਯਾਦਾ ਕੀ ਸਮਝਾਈ ਗਈ ਹੈ ?

~~~~~~~~~~~~~~~~~~~~
~~~~~~~~~~~~~~~~~~~~

# ਅਖੰਡ ਪਾਠ

ਅਖੰਡ ਤੋਂ ਭਾਵ ਹੈ, ਇਕ ਰਸ, ਲਗਾਤਾਰ ਜੋ ਖੰਡਿਤ ਨਾ ਹੋਵੇ। ਇਸ ਪ੍ਰਕਾਰ ਅਖੰਡ ਪਾਠ, ਉਹ ਪਾਠ ਹੈ ਜੋ ਪ੍ਰਾਰੰਭ ਤੋਂ ਲੈ ਕੇ ਭੋਗ ਪੈਣ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲਗਾਤਾਰ ਚੱਲਦਾ ਰਹੇ।

ਸਿੱਖ ਰਹਿਤ ਮਰਯਾਦਾ ਵਿਚ ਅਖੰਡ ਪਾਠ ਸਿਰਲੇਖ ਹੇਠ ਇਸ ਦੀ ਮਰਯਾਦਾ ਇਉਂ ਬਿਆਨ ਕੀਤੀ ਗਈ ਹੈ :

* ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤਰ ਦਾ ਧਿਆਨ ਰੱਖ ਕੇ, ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ।
* ਅਖੰਡ ਪਾਠ ਜਿਸ ਪਰਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਕਿਸੇ ਆਦਮੀ, ਸਾਕ ਸੰਬੰਧੀ, ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ।
* ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ-ਸ਼ਕਤਿ ਭੋਜਨ ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।
* ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣਾ ਜਾਂ ਨਾਲ-ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।

ਅਖੰਡ ਪਾਠ ਦਾ ਅਰੰਭ :—ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦਿ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਨ ਮਗੋਂ ਅਰਦਾਸ ਕਰ ਕੇ ਅਤੇ 'ਹੁਕਮ' ਲੈ ਕੇ ਪਾਠ ਦਾ ਆਰੰਭ ਕੀਤਾ ਜਾਵੇ।

*ਅਭਿਆਸ ਲਈ ਪ੍ਰਸ਼ਨ :—*

(ੳ) ਅਖੰਡ ਪਾਠ ਤੋਂ ਕੀ ਭਾਵ ਹੈ ਅਤੇ ਸਿੱਖ ਰਹਿਤ ਮਰਯਾਦਾ ਵਿਚ 'ਅਖੰਡ ਪਾਠ' ਸਿਰਲੇਖ ਹੇਠ ਇਸ ਦੀ ਕੀ ਮਰਯਾਦਾ ਸਮਝਾਈ ਗਈ ਹੈ ?

# ਭੋਗ

ਭੋਗ ਤੋਂ ਭਾਵ ਸਮਾਪਤੀ ਜਾਂ ਅੰਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਪਾਠ ਜਾਂ ਅਖੰਡ ਪਾਠ ਦੀ ਸਮਾਪਤੀ ਦੀ ਮਰਯਾਦਾ ਕੀ ਹੈ। ਸਿੱਖ ਰਹਿਤ ਮਰਯਾਦਾ ਵਿਚ ਭੋਗ ਸਿਰਲੇਖ ਹੇਠ ਇਸ ਤਰ੍ਹਾਂ ਸਮਝਾਈ ਗਈ ਹੈ :

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ 'ਚ ਅਜੇ ਤਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪ੍ਰੰਤ ਅਨੰਦ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।
* ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤਿ 'ਅਰਦਾਸ' ਕਰਾਈ ਜਾਵੇ।

*ਅਭਿਆਸ ਲਈ ਪ੍ਰਸ਼ਨ :—*

(ੳ) ਭੋਗ ਤੋਂ ਕੀ ਭਾਵ ਹੈ ਅਤੇ ਸਿੱਖ ਰਹਿਤ ਮਰਯਾਦਾ ਵਿਚ ਸਾਧਾਰਨ ਪਾਠ ਤੇ ਅਖੰਡ ਪਾਠ ਦੇ ਭੋਗ ਦੀ ਕੀ ਮਰਯਾਦਾ ਹੈ ?

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਸਿੱਖ ਧਰਮ ਵਿਚ ਗੁਰਦੁਆਰਾ ਸਾਹਿਬ ਦੀ ਕੀ ਮਹੱਤਤਾ ਹੈ ?

ਉੱਤਰ : ਸਿੱਖ ਧਰਮ ਵਿਚ ਗੁਰਦੁਆਰਾ ਸਾਹਿਬ ਅਨੇਕਾਂ ਹੀ ਅਰਥਾਂ ਨੂੰ ਪ੍ਰਗਟ ਕਰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਲਿਖਿਆ, 'ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸੂਆਂ ਲਈ ਗਿਆਨ ਉਪਦੇਸ਼ਕ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤ ਦੀ ਪੱਤ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਅਸਥਾਨ ਹੈ।

ਪ੍ਰਸ਼ਨ 2 : ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਬਾਣੀ ਦਾ ਅਸਰ ਵਧੇਰੇ ਕਦੋਂ ਹੁੰਦਾ ਹੈ ?

ਉੱਤਰ : ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਬਾਣੀ ਦਾ ਅਸਰ ਸਾਧ ਸੰਗਤ 'ਚ

ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ-ਮੇਲ ਦੇ ਅਸਥਾਨਾਂ-ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।

ਪ੍ਰਸ਼ਨ 3 : ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਦੀਵੇ ਮਚਾ ਕੇ ਆਰਤੀ ਕਰਨੀ ਜਾਂ ਟੱਲ ਖੜਕਾਉਣੇ ਆਦਿ ਸੰਬੰਧੀ ਕੀ ਉਪਦੇਸ਼ ਹੈ ?

ਉੱਤਰ : ਸਿੱਖ ਰਹਿਤ ਮਰਯਾਦਾ ਅਨੁਸਾਰ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

ਪ੍ਰਸ਼ਨ 4 : ਸਿੱਖ ਰਹਿਤ ਮਰਯਾਦਾ ਅਨੁਸਾਰ ਸੰਗਤ ਵਿਚ ਬੈਠਣ ਵਾਲਿਆਂ ਲਈ ਕੀ ਉਪਦੇਸ਼ ਹੈ ?

ਉੱਤਰ : ਸੰਗਤ ਵਿਚ ਬੈਠਨ ਲਈ ਭੀ ਸਿੱਖ-ਅਸਿੱਖ, ਛੂਤ-ਛਾਤ, ਜਾਤ-ਪਾਤ, ਉਚ-ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ। ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਕੀ ਜਾਂ ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ। ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।

ਪ੍ਰਸ਼ਨ 5 : ਸਿੱਖ ਰਹਿਤ ਮਰਯਾਦਾ ਅਨੁਸਾਰ ਸੰਗਤ ਵਿਚ ਇਕ ਸਮੇਂ ਕਿਹੜੀ ਇਕੋ ਗੱਲ ਹੋਣੀ ਚਾਹੀਦੀ ਹੈ ?

ਉੱਤਰ : ਸਿੱਖ ਰਹਿਤ ਮਰਯਾਦਾ ਅਨੁਸਾਰ ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ—ਕੀਰਤਨ ਜਾਂ ਕਥਾ ਵਿਖਿਆਨ ਜਾਂ ਪਾਠ।

ਪ੍ਰਸ਼ਨ 6 : ਸਿੱਖ ਰਹਿਤ ਮਰਯਾਦਾ ਅਨੁਸਾਰ ਹੁਕਮਨਾਮਾ ਲੈਣ ਸੰਬੰਧੀ ਕੀ ਆਦੇਸ਼ ਹੈ ?

ਉੱਤਰ : 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ ਉਸ ਤੁਕ 'ਤੇ ਭੋਗ ਪਾਇਆ ਜਾਵੇ।

ਪ੍ਰਸ਼ਨ 7 : ਸਾਧਾਰਨ ਪਾਠ ਤੋਂ ਕੀ ਭਾਵ ਹੈ ?

ਉੱਤਰ : ਸੰਖੇਪ ਸ਼ਬਦਾਂ ਵਿਚ ਜਿਹੜਾ ਪਾਠ, ਜਦੋਂ ਵੀ ਸਮਾਂ ਮਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਕਰ ਲਿਆ ਜਾਵੇ, ਉਸ ਨੂੰ ਸਾਧਾਰਨ ਪਾਠ ਜਾਂ ਸਹਿਜ ਪਾਠ ਕਿਹਾ ਜਾਂਦਾ

ਹੈ। ਇਸ ਤਰ੍ਹਾਂ ਅਸੀਂ ਸਹਿਜ ਨਾਲ ਗੁਰਬਾਣੀ ਦਾ ਸ਼ੁੱਧ ਉਚਾਰਨ, ਸ਼ਬਦਾਂ ਦੇ ਭਾਵ ਅਰਥ ਅਤੇ ਗੁਰਬਾਣੀ ਉਪਦੇਸ਼ ਨੂੰ ਵਧੀਆ ਢੰਗ ਨਾਲ ਸਮਝ ਸਕਦੇ ਹਾਂ।

ਪ੍ਰਸ਼ਨ 8 : ਸਿੱਖ ਰਹਿਤ ਮਰਯਾਦਾ ਅਨੁਸਾਰ ਹਰੇਕ ਸਿੱਖ ਲਈ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਕੀ ਕਰਨ ਦਾ ਆਦੇਸ਼ ਹੈ ?

ਉੱਤਰ : ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰੱਥ ਹੋਵੇ ਤਾਂ ਸ਼ੰਕਾ ਨਹੀਂ ਕਰਨਾ।

ਪ੍ਰਸ਼ਨ 9 : ਸਿੱਖ ਰਹਿਤ ਮਰਯਾਦਾ ਅਨੁਸਾਰ ਸਾਧਾਰਨ ਪਾਠ/ਅਖੰਡ ਪਾਠ ਪ੍ਰਾਰੰਭ ਕਰਨ ਦੀ ਕੀ ਵਿਧੀ ਹੈ ?

ਉੱਤਰ : ਸਾਧਾਰਨ ਪਾਠ/ਅਖੰਡ ਪਾਠ ਪ੍ਰਾਰੰਭ ਕਰਨ ਵੇਲੇ ਕੜਾਹ ਪ੍ਰਸ਼ਾਦ ਲਿਆ ਕੇ, ਫੇਰ ਅਨੰਦੁ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸ ਕਰਕੇ ਅਤੇ 'ਹੁਕਮ' ਲੈ ਕੇ ਪਾਠ ਦਾ ਆਰੰਭ ਕੀਤਾ ਜਾਵੇ।

ਪ੍ਰਸ਼ਨ 10 : ਅਖੰਡ ਪਾਠ ਤੋਂ ਕੀ ਭਾਵ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਇਸ ਦੀ ਕੀ ਮਰਯਾਦਾ ਹੈ ?

ਉੱਤਰ : ਅਖੰਡ ਤੋਂ ਭਾਵ ਹੈ, ਇਕ ਰਸ ਲਗਾਤਾਰ ਜੋ ਖੰਡਿਤ ਨਾ ਹੋਵੇ। ਇਸ ਪ੍ਰਕਾਰ ਅਖੰਡ ਪਾਠ, ਉਹ ਪਾਠ ਹੈ ਜੋ ਪ੍ਰਾਰੰਭ ਤੋਂ ਲੈ ਕੇ ਭੋਗ ਪੈਣ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲਗਾਤਾਰ ਚੱਲਦਾ ਰਹੇ। ਸਿੱਖ ਰਹਿਤ ਮਰਯਾਦਾ ਅਨੁਸਾਰ ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ।

ਪ੍ਰਸ਼ਨ 11 : ਸਿੱਖ ਰਹਿਤ ਮਰਯਾਦਾ ਅਨੁਸਾਰ ਅਖੰਡ ਪਾਠ ਦੇ ਸਮੇਂ ਕੁੰਭ, ਜੋਤ ਰੱਖਣ ਸਬੰਧੀ ਕੀ ਵਿਚਾਰ ਹਨ ?

ਉੱਤਰ : ਸਿੱਖ ਰਹਿਤ ਮਰਯਾਦਾ ਅਨੁਸਾਰ ਅਖੰਡ ਪਾਠ ਜਾਂ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣਾ ਜਾਂ ਨਾਲ-ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।

ਪ੍ਰਸ਼ਨ 12 : ਸਿੱਖ ਰਹਿਤ ਮਰਯਾਦਾ ਅਨੁਸਾਰ ਸਾਧਾਰਨ ਜਾਂ ਅਖੰਡ ਪਾਠ ਦੇ ਭੋਗ ਦੀ ਕੀ ਮਰਯਾਦਾ ਹੈ ?

ਉੱਤਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। ਇਸ ਤੋਂ ਉਪ੍ਰੰਤ ਅਨੰਦ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

# ਕਿਰਤ ਕਰਨੀ

ਇਹ ਅਟੱਲ ਸੱਚਾਈ ਹੈ ਕਿ ਜੇ ਕਰ ਸਿੱਖ ਧਰਮ ਦੀ ਸਮੁੱਚੀ ਸਿੱਖਿਆ ਨੂੰ ਇਕ ਫਿਕਰੇ ਵਿਚ ਦੱਸਣਾ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਸਿੱਖੀ—ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਨਾਮ ਹੈ। ਇਕ ਸਿੱਖ ਦੇ ਜੀਵਨ ਵਿਚ ਤਿੰਨਾਂ ਦਾ ਹੀ ਵਿਸ਼ੇਸ਼ ਸਥਾਨ ਹੈ। ਇਹਨਾਂ ਤਿੰਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਮੁੱਖ ਉਪਦੇਸ਼ ਵੀ ਕਿਹਾ ਜਾਂਦਾ ਹੈ। ਇਹਨਾਂ ਵਿਚੋਂ ਕਿਰਤ ਨੂੰ ਸਭ ਤੋਂ ਪਹਿਲਾ ਸਥਾਨ ਹਾਸਲ ਹੈ। ਕਿਰਤ ਤੋਂ ਭਾਵ ਕੰਮ, ਕਰਮ, ਮਿਹਨਤ ਜਾਂ ਘਾਲ ਕਮਾਈ ਹੈ।

ਕਿਰਤ ਕਰਨੀ ਉਸ ਅਕਾਲ ਪੁਰਖ ਦਾ ਕਰਤਾਰੀ ਗੁਣ ਹੈ। ਉਹ ਸਾਰੇ ਹੀ ਪਾਸਾਰੇ ਦਾ ਕਰਤਾ ਹੋਣ ਕਰਕੇ ਇਕ ਵੱਡਾ ਕਿਰਤੀ ਹੈ। ਉਸ ਕਰਤੇ ਦੀ ਕਿਰਤ ਵਿਚ ਨਾ ਦਿਨ ਨਾ ਰਾਤ, ਨਾ ਕੋਈ ਛੁੱਟੀ ਤੇ ਨਾ ਕੋਈ ਐਤਵਾਰ ਹੈ। ਅਕਾਲ ਪੁਰਖ ਰਚਨਾ ਕਾਲ ਦੇ ਆਦਿ ਤੋਂ ਲੈ ਕੇ ਇਕ ਪਲ ਵੀ ਵਿਹਲਾ ਨਹੀਂ ਤੇ ਸਦਾ ਹੀ ਜਾਗਦਾ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਅਕਾਲ ਪੁਰਖ ਦੇ ਕਿਰਤੀ ਸੁਭਾਅ ਨੂੰ ਹੀ ਅਨੁਭਵ ਕਰਕੇ ਉਸ ਨੂੰ ਕਰਤਾ ਜਾਂ ਕਰਤਾਰ ਕਿਹਾ ਹੈ। ਮਨੁੱਖ ਉਸ ਕਰਤਾਰ ਦੀ ਅੰਸ਼ ਹੈ। ਇਸ ਪ੍ਰਕਾਰ ਇਸ ਦੇ ਲਈ ਕਿਰਤ ਕਰਨੀ ਜ਼ਰੂਰੀ ਹੈ ਜਾਂ ਇੰਞ ਕਹਿ ਲਈਏ ਕਿ ਇਸ ਦੇ ਵਾਸਤੇ ਕਿਰਤ ਕਰਨੀ ਧਰਮ ਨਿਭਾਉਣਾ ਤੇ ਧਰਮੀ ਹੋਣਾ ਹੈ। ਫਿਰ ਤਾਂ ਸਪੱਸ਼ਟ ਹੈ ਕਿ ਰੱਬ ਨੂੰ ਮੰਨਣ ਵਾਲਾ ਵਿਹਲੜ, ਕੰਮ ਚੋਰ ਤੇ ਨਿਕੰਮਾ ਨਹੀਂ ਹੋ ਸਕਦਾ ਅਤੇ ਜੇ ਕਰ ਹੈ ਤਾਂ ਫਿਰ ਉਹ ਰੱਬ ਨੂੰ ਮੰਨਣ ਵਾਲਾ ਨਹੀਂ ਹੋ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

***ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥***

(ਪੰਨਾ ੧੨੪੫)

ਭਾਵ ਜੋ ਘਾਲਿ-ਕਿਰਤ ਕਮਾਈ ਕਰਕੇ ਆਪਣਾ ਜੀਵਨ ਨਿਰਬਾਹ ਕਰਦਾ ਹੈ ਅਤੇ ਵੰਡ ਕੇ ਛਕਦਾ ਹੈ, ਅਸਲ ਧਰਮ ਦਾ ਰਾਹ ਉਸ ਨੇ ਪਹਿਚਾਣਿਆਂ ਹੈ।

ਇਸ ਲਈ ਕਿਰਤ ਕਰਨ ਵਾਲੇ ਦਾ ਬੇਹੱਦ ਸਤਿਕਾਰ ਕੀਤਾ ਗਿਆ ਹੈ ਅਤੇ ਵਿਹਲੜ ਜਾਂ ਨਿਕੰਮੇ ਨੂੰ ਧਰਮ ਤੇ ਸਮਾਜ ਲਈ ਬੋਝ ਕਿਹਾ ਹੈ। ਗੁਰ ਫੁਰਮਾਨ ਹੈ :

***ਗੁਰ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥***

(ਪੰਨਾ ੧੨੪੫)

ਭਾਵ ਕੋਈ ਆਪਣੇ ਆਪ ਨੂੰ ਗੁਰੂ ਪੀਰ ਅਖਵਾ ਰਿਹਾ ਹੋਵੇ, ਪਰ ਮੰਗ ਕੇ ਖਾਂਦਾ ਹੋਵੇ ਤਾਂ ਸਤਿਗੁਰੂ ਸੁਚੇਤ ਕਰਦੇ ਹਨ ਕਿ ਅਜਿਹੇ ਸ਼ਖ਼ਸ ਦੀ ਸਿੱਖਿਆ ਨਹੀਂ ਸੁਣਨੀ ਜਾਂ ਚਰਨੀਂ ਨਹੀਂ ਲੱਗਣਾ, ਕਿਉਂਕਿ ਇਹ ਸਮਾਜ ਲਈ ਬੋਝ ਹੈ। ਸਿੱਖ ਸੱਭਿਆਚਾਰ ਵਿਚ ਕਿਰਤ ਜਾਂ ਮਿਹਨਤ ਸਵੈਮਾਣ ਦਾ ਪ੍ਰਤੀਕ ਹੈ ਅਤੇ ਭੀਖ ਮੰਗਣਾਂ, ਦੂਜਿਆਂ ਦੀ ਮਿਹਨਤ ਦੀ ਲੁੱਟ ਜਾਂ ਵਿਹਲੜਪੁਣਾ ਆਦਿ ਸਭ ਨਿੰਦਣਯੋਗ ਤੇ ਘਟੀਆ ਕਰਮ ਮੰਨਿਆਂ ਗਿਆ ਹੈ।

ਹੁਣ ਅਗਲਾ ਸਵਾਲ ਹੋ ਸਕਦਾ ਹੈ ਕਿ ਕਿਰਤ ਕਰਨੀ ਕਿਹੜੀ ਹੈ ? ਕਿਰਤ ਅਨੇਕ ਪ੍ਰਕਾਰ ਦੀ ਹੈ। ਕਿਸਾਨ ਦਾ ਖੇਤੀ ਕਰਨਾ ਕਿਰਤ ਹੈ, ਮਜ਼ਦੂਰ ਦਾ ਮਜ਼ਦੂਰੀ ਕਰਨਾ ਕਿਰਤ ਹੈ, ਮੁਲਾਜ਼ਮ ਦਾ ਮੁਲਾਜ਼ਮਤ ਕਰਨਾ ਕਿਰਤ ਹੈ, ਇਕ ਪ੍ਰਚਾਰਕ ਦਾ ਪ੍ਰਚਾਰ ਕਰਨਾ ਕਿਰਤ ਹੈ ਅਤੇ ਇਕ ਵਿਦਿਆਰਥੀ ਲਈ ਪੜ੍ਹਾਈ ਕਰਨਾ ਵੀ ਕਿਰਤ ਹੈ। ਇਹਨਾਂ ਵਿਚੋਂ ਜਿਹੜਾ ਵੀ ਬਿਨਾ ਉਦਮ ਕੀਤਿਆਂ ਫ਼ਲ ਦੀ ਆਸ ਰੱਖਦਾ ਹੈ, ਉਹ ਕਿਰਤ ਦੀ ਭਾਵਨਾ ਨੂੰ ਨਹੀਂ ਸਮਝ ਰਿਹਾ ਹੈ। ਅਸੀਂ ਰੋਜ਼ਾਨਾ ਹੀ ਆਸਾ ਕੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਸਰਵਣ ਕਰਦੇ ਹਾਂ ਤੇ ਪੰਜਾਬੀ ਲੋਕ ਅਕਸਰ ਹੀ ਬੋਲਦੇ ਹਨ :

***ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥***

(ਪੰਨਾ ੪੭੪)

ਇਸ ਲਈ ਅਸੀਂ ਦਸਾਂ ਨਹੁੰਆਂ ਦੀ ਕਿਰਤ ਕਰਨੀ ਹੈ, ਜਿਸ ਵਿਚ ਧੋਖਾ, ਫਰੇਬ, ਠੱਗੀ, ਠੂੰਗਾ, ਬੇਈਮਾਨੀ ਤੇ ਮਿਲਾਵਟਖੋਰੀ ਨਾ ਹੋਵੇ, ਸਗੋਂ ਈਮਾਨਦਾਰੀ ਤੇ ਸਮਰਪਿਤ ਭਾਵਨਾ ਹੋਵੇ। ਕਿਸੇ ਨਾਲ ਧੋਖਾ ਕਰਕੇ ਜਾਂ ਜ਼ੁਲਮ ਕਰਕੇ ਕਮਾਇਆ ਹੋਇਆ ਧਨ ਕਦੇ ਵੀ ਸੁੱਖ ਨਹੀਂ ਦਿੰਦਾ। ਅਜਿਹੇ ਧਨ ਪ੍ਰਤੀ ਗੁਰੂ ਜੀ ਸੁਚੇਤ ਕਰਦੇ ਹਨ :

***ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥***

(ਪੰਨਾ ੪੧੭)

ਇਸ ਲਈ ਅਸੀਂ ਧਰਮ ਦੀ ਕਿਰਤ ਕਰਨੀ ਹੈ। ਧਰਮ ਦੀ ਕਿਰਤ ਜਾਂ ਸੱਚੀ ਕਿਰਤ ਸੰਬੰਧੀ ਅਸੀਂ ਇਕ ਤਸਵੀਰ ਅਕਸਰ ਦੇਖਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਕ ਹੱਥ ਵਿਚ ਭਾਈ ਲਾਲੋ ਦੀ ਕੋਧਰੇ ਦੀ ਰੋਟੀ 'ਚੋਂ ਦੁੱਧ ਟਪਕ ਰਿਹਾ ਅਤੇ ਦੂਜੇ ਹੱਥ ਵਿਚ ਮਲਕ ਭਾਗੋ ਦੇ ਪਕਵਾਨਾਂ ਵਿਚੋਂ ਲਹੂ ਟਪਕ ਰਿਹਾ ਹੈ। ਇਹ ਗੁਰੂ ਜੀ ਦੀ ਭਾਵੇਂ ਅਸਲੀ ਤਸਵੀਰ ਨਹੀਂ ਹੈ, ਪਰ ਜੋ ਦੋਹਾਂ ਹੱਥਾਂ ਵਿਚੋਂ ਸੰਦੇਸ਼ ਦਿੱਤਾ ਹੈ ਉਹ ਸੱਚੀ ਕਿਰਤ ਦੀ ਵਿਆਖਿਆ ਦਾ ਕਮਾਲ ਹੈ। ਲਹੂ ਤੋਂ ਭਾਵ ਬਿਨਾ ਮਿਹਨਤ ਤੋਂ ਬਣਾ ਕੇ ਖਾਧੇ ਜਾਂਦੇ ਪਕਵਾਨ ਬੁਰਿਆਈ ਤੇ ਬੇਗਾਨਾ ਖ਼ੂਨ ਪੀਣ ਦੇ ਪ੍ਰਤੀਕ ਹਨ। ਦੁੱਧ ਤੋਂ ਭਾਵ ਹੈ ਕਿ ਸੱਚੀ ਕਿਰਤ ਦੁੱਧ ਦੇ ਸਮਾਨ ਹੈ, ਜਿਸ ਵਿਚ ਪਵਿੱਤਰਤਾ, ਤਾਕਤ, ਧਰਮ ਤੇ ਸੁੰਦਰਤਾ ਹੈ।

ਇਸ ਸੰਬੰਧ ਵਿਚ ਅਸੀਂ ਗੁਰਬਾਣੀ ਦੀ ਪੰਕਤੀ ਅਕਸਰ ਹੀ ਪੜ੍ਹਦੇ ਤੇ ਸੁਣਦੇ ਹਾਂ :

***ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥***
***ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥***

(ਪੰਨਾ ੧੪੦)

ਭਾਵ ਜੇ ਕਰ ਕੱਪੜਿਆਂ ਨੂੰ ਖ਼ੂਨ ਲੱਗ ਜਾਵੇ ਤਾਂ ਮਨੁੱਖੀ ਜਾਮਾ ਗੰਦਾ ਕਿਹਾ ਜਾਂਦਾ ਹੈ ਤਾਂ ਫਿਰ ਮਨੁੱਖਾਂ ਦਾ ਖ਼ੂਨ ਪੀਣ ਵਾਲਾ ਕਿਵੇਂ ਪਵਿੱਤਰ ਜਾਂ ਨਿਰਮਲ ਅਖਵਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕਿਰਤ ਸੰਬੰਧੀ ਅਨੇਕ ਫ਼ੁਰਮਾਨ ਹਨ ਅਤੇ ਦਸ ਗੁਰੂ ਸਾਹਿਬਾਨ ਨੇ ਇਸ ਸਮਾਜ ਨੂੰ ਸੱਚੀ ਕਿਰਤ ਕਰਨ ਲਈ ਪ੍ਰੇਰਿਆ ਹੈ।

ਇਸ ਲਈ ਮਾਨਵਤਾ ਦੀ ਤਰੱਕੀ ਲਈ ਕਿਰਤ ਜ਼ਰੂਰੀ ਹੈ। ਮਨੁੱਖੀ ਸਮਾਜ ਤੇ ਪਸ਼ੂ ਪੰਛੀਆਂ ਦੇ ਸਮਾਜ ਵਿਚ ਇਕ ਵੱਡਾ ਅੰਤਰ ਇਹੀ ਹੈ। ਪਸ਼ੂ ਆਪ ਕੋਈ ਕਿਰਤ ਨਹੀਂ ਕਰਦੇ ਜਾਂ ਉਹਨਾਂ ਦੀ ਕਿਰਤ ਆਪਣਾ ਢਿੱਡ ਭਰਨ ਤਕ ਸੀਮਤ ਰਹਿੰਦੀ ਹੈ। ਫਿਰ ਵੀ ਕੀੜੀਆਂ ਦੀ ਲਾਈਨ ਦੇਖੋ, ਹਮੇਸ਼ਾਂ ਹੀ ਕੁਝ ਕਰ ਰਹੀਆਂ ਹਨ। ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੀ ਤਲਾਸ਼ ਵਿਚ ਲੱਗੀਆਂ ਹੁੰਦੀਆਂ ਹਨ ਤੇ ਹੋਰ ਪਸ਼ੂ-ਪੰਛੀ ਇਧਰ-ਉਧਰ ਹਰਕਤ ਕਰ ਰਹੇ ਹਨ। ਮਨੁੱਖ ਸਾਰੀਆਂ ਜੂਨਾਂ ਦਾ ਸਰਦਾਰ ਹੈ ਤੇ ਸਰਦਾਰਾਂ ਦੇ ਫ਼ਰਜ਼ ਸਦਾ ਹੀ ਵੱਡੇ ਹੁੰਦੇ ਹਨ। ਮਨੁੱਖ ਕਾਦਰ ਦੀ ਕੁਦਰਤ ਨੂੰ ਵੱਧ ਸਮਝਦਾ ਹੈ। ਇਹ ਉਸ ਕਰਤੇ ਦੀ ਉੱਤਮ ਕਿਰਤ ਹੈ। ਇਸ ਵਿਚ ਆਲਸ ਤੇ ਨਿਕੰਮਾਪਣ ਬਿਲਕੁਲ ਨਹੀਂ ਹੋਣਾ ਚਾਹੀਦਾ।

ਸਿਆਣਿਆਂ ਦਾ ਕਥਨ ਹੈ, 'ਹਰਕਤ ਵਿਚ ਬਰਕਤ' ਜਾਂ ਫਿਰ ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪਉਣ। ਇਹ ਸਭ ਵਿਚਾਰ ਕਿਰਤ ਕਰਨ ਲਈ ਪ੍ਰੇਰਦੇ ਹਨ। ਸਿੱਖ ਧਰਮ ਵਿਚ ਕਿਰਤ ਦਾ ਸੰਬੰਧ ਅਧਿਆਤਮਿਕ ਜੀਵਨ ਨਾਲ ਵੀ ਹੈ, ਇਹ ਕੇਵਲ ਪਦਾਰਥਕ ਲਾਭ ਤਕ ਹੀ ਸੀਮਤ ਨਹੀਂ ਹੈ। ਇਹ ਰੱਬੀ ਹੁਕਮ ਹੈ ਕਿ ਅਸੀਂ ਕਿਰਤ ਕਰੀਏ, ਕਿਉਂਕਿ ਰੱਬ ਸਦਾ ਹੀ ਕਿਰਿਆਸ਼ੀਲ ਹੈ। ਜੋ ਆਦਮੀ ਕਿਰਤ ਨਹੀਂ ਕਰਦੇ ਉਹ ਆਪਣੇ ਸਰੀਰ ਨੂੰ ਵੀ ਤੰਦਰੁਸਤ ਨਹੀਂ ਰੱਖ ਸਕਦੇ। ਕਿਰਤੀ ਮਨੁੱਖ ਤਕੜਾ ਤੇ ਤੰਦਰੁਸਤ ਰਹਿੰਦਾ ਹੈ। ਕਿਰਤ ਮਨੁੱਖ ਨੂੰ ਵਿਸ਼ੇ ਵਿਕਾਰਾਂ ਤੋਂ ਬਚਾਉਂਦੀ ਹੈ। ਆਪਣੀ ਤਰੱਕੀ ਤੇ ਚੜ੍ਹਦੀ ਕਲਾ ਵਿਚ ਰਹਿਣ ਲਈ ਕਿਰਤ ਕਰਨੀ ਜ਼ਰੂਰੀ ਹੈ। ਜੇ ਕਰ ਸਾਰੇ ਲੋਕ ਸੱਚੀ ਕਿਰਤ ਕਰਨ ਤਾਂ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਜਲਦੀ ਦੂਰ ਹੋ ਸਕਦੀਆਂ ਹਨ। ਤੱਤਸਾਰ ਵਜੋਂ ਮਨੁੱਖ ਦੇ ਜੀਵਨ ਦੀਆਂ ਤਿੰਨ ਵੱਡੀਆਂ ਸ਼ਕਤੀਆਂ ਹਨ, 'ਉਹਦਾ ਸਰੀਰ ਤਕੜਾ ਹੋਵੇ, ਮਨ ਸੁੱਚਾ ਤੇ ਉਪਕਾਰੀ ਹੋਵੇ ਅਤੇ ਉਹ ਇੱਜ਼ਤ ਨਾਲ ਜ਼ਿੰਦਗੀ ਜੀਵੇ। ਇਨ੍ਹਾਂ ਤਿੰਨਾਂ ਹੀ ਸ਼ਕਤੀਆਂ ਦਾ ਮੁੱਖ ਅਧਾਰ 'ਕਿਰਤ' ਹੈ।

*ਅਭਿਆਸ ਲਈ ਪ੍ਰਸ਼ਨ :—*

(ੳ) 'ਕਿਰਤ ਕਰਨੀ' ਵਿਸ਼ੇ ਉੱਪਰ ਗੁਰਮਤਿ ਦੇ ਨਜ਼ਰੀਏ ਤੋਂ ਚਾਨਣਾ ਪਾਓ ?

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਸਿੱਖ ਧਰਮ ਦੀ ਸਮੁੱਚੀ ਸਿੱਖਿਆ ਨੂੰ ਇਕ ਫਿਕਰੇ ਵਿਚ ਦੱਸਣਾ ਹੋਵੇ ਤਾਂ ਕੀ ਕਿਹਾ ਜਾ ਸਕਦਾ ਹੈ ?

ਉੱਤਰ : ਕਿਹਾ ਜਾ ਸਕਦਾ ਹੈ ਕਿ ਸਿੱਖੀ—ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਨਾਮ ਹੈ। ਇਹਨਾਂ ਤਿੰਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਮੁੱਖ ਉਪਦੇਸ਼ ਵੀ ਕਿਹਾ ਜਾਂਦਾ ਹੈ।

ਪ੍ਰਸ਼ਨ 2 : ਕਿਰਤ ਤੋਂ ਕੀ ਭਾਵ ਹੈ ?

ਉੱਤਰ : ਕਿਰਤ ਤੋਂ ਭਾਵ—ਕੰਮ, ਕਰਮ, ਮਿਹਨਤ ਜਾਂ ਘਾਲ ਕਮਾਈ ਹੈ। ਤਿੰਨ ਮੁੱਖ ਉਪਦੇਸ਼ਾਂ ਵਿਚ ਕਿਰਤ ਨੂੰ ਸਭ ਤੋਂ ਪਹਿਲਾ ਸਥਾਨ ਹਾਸਲ ਹੈ।

ਪ੍ਰਸ਼ਨ 3 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨੂੰ ਕਰਤਾ ਜਾਂ ਕਰਤਾਰ ਕਿਉਂ ਕਿਹਾ ਹੈ ?

ਉੱਤਰ : ਗੁਰੂ ਜੀ ਨੇ ਅਕਾਲ ਪੁਰਖ ਦੇ ਕਿਰਤੀ ਸੁਭਾਅ ਨੂੰ ਅਨੁਭਵ ਕਰਕੇ ਉਸ ਨੂੰ ਕਰਤਾ ਜਾਂ ਕਰਤਾਰ ਕਿਹਾ ਹੈ। ਮਨੁੱਖ ਉਸ ਕਰਤਾਰ ਦੀ ਅੰਸ਼ ਹੈ ਤੇ ਇਸ ਦੇ ਲਈ ਕਿਰਤ ਕਰਨੀ ਆਪਣਾ ਧਰਮ ਨਿਭਾਉਣਾ ਹੈ।

ਪ੍ਰਸ਼ਨ 4 : ਕਿਰਤੀ ਮਨੁੱਖ ਤੰਦਰੁਸਤ ਕਿਉਂ ਰਹਿੰਦਾ ਹੈ ?

ਉੱਤਰ : ਸਿਆਣਿਆਂ ਦਾ ਕਥਨ ਹੈ, 'ਹਰਕਤ ਵਿਚ ਬਰਕਤ'। ਜੋ ਮਨੁੱਖ ਕਿਰਤ ਨਹੀਂ ਕਰਦੇ, ਉਹ ਆਪਣੇ ਸਰੀਰ ਨੂੰ ਵੀ ਤੰਦਰੁਸਤ ਨਹੀਂ ਰੱਖ ਸਕਦੇ। ਇਸ ਲਈ ਕਿਰਤੀ ਮਨੁੱਖ ਤਕੜਾ ਤੇ ਤੰਦਰੁਸਤ ਰਹਿੰਦਾ ਹੈ।

ਪ੍ਰਸ਼ਨ 5 : ਮਨੁੱਖੀ ਜੀਵਨ ਦੀਆਂ ਤਿੰਨ ਵੱਡੀਆਂ ਸ਼ਕਤੀਆਂ ਕਿਹੜੀਆਂ ਹਨ ?

ਉੱਤਰ : ਉਸ ਦਾ ਸਰੀਰ ਤਕੜਾ ਹੋਵੇ, ਮਨ ਸੁੱਚਾ ਤੇ ਉਪਕਾਰੀ ਹੋਵੇ ਅਤੇ ਉਹ ਇੱਜ਼ਤ ਨਾਲ ਜ਼ਿੰਦਗੀ ਜੀਵੇ। ਇਹਨਾਂ ਤਿੰਨਾਂ ਹੀ ਸ਼ਕਤੀਆਂ ਦਾ ਮੁੱਖ ਆਧਾਰ 'ਕਿਰਤ' ਹੈ।

☆☆☆

# ਨਾਮ ਜਪਣਾ

ਗੁਰਮਤਿ ਦਾ ਦੂਜਾ ਮੁੱਖ ਉਪਦੇਸ਼ ਹੈ, 'ਨਾਮ ਜਪਣਾ'। ਪਹਿਲਾ ਉਪਦੇਸ਼ ਕਿਰਤ ਕਰਨੀ ਹੈ। ਕਿਰਤ ਕਰਨੀ ਹੀ ਇਸ ਕਰਕੇ ਹੈ ਕਿ ਮਨੁੱਖ ਦਾ ਸਰੀਰ ਤਕੜਾ ਰਹੇ ਅਤੇ ਤਕੜੇ ਸਰੀਰ ਨਾਲ ਹੀ ਨਾਮ ਜਪਿਆ ਜਾ ਸਕਦਾ ਹੈ। ਕਿਰਤ ਇਕ ਵਸੀਲਾ ਹੈ ਜੋ ਹਰ ਮਨੁੱਖ ਲਈ ਜ਼ਰੂਰੀ ਹੈ ਤੇ ਉਸ ਦਾ ਜੀਵਨ ਨਿਸ਼ਾਨਾ ਨਾਮ ਜਪਣਾ ਹੈ। ਸਿੱਖ ਪੰਥ ਰੋਜ਼ਾਨਾ ਅਰਦਾਸ ਵਿਚ ਦਾਨਾ ਸਿਰ ਦਾਨ—ਨਾਮ ਦਾਨ ਦੀ ਜੋਦੜੀ ਕਰਦਾ ਹੈ।

ਨਾਮ ਕੀ ਹੈ ? ਕਿਸੇ ਪੁਰਖ, ਸਥਾਨ ਜਾਂ ਵਸਤੂ ਨੂੰ ਜਿਸ ਸੰਗਿਆ ਨਾਲ ਅਸੀਂ ਪੁਕਾਰਦੇ ਹਾਂ, ਉਸ ਨੂੰ ਨਾਉਂ ਜਾਂ ਨਾਮ ਕਿਹਾ ਜਾਂਦਾ ਹੈ। ਇਕ ਗੱਲ ਧਿਆਨ ਮੰਗਦੀ ਹੈ ਕਿ ਨਾਮ ਗੁਰਬਾਣੀ ਵਿਚ ਕੇਵਲ ਸੰਗਿਆ ਦੇ ਅਰਥਾਂ ਵਿਚ ਹੀ ਨਹੀਂ ਆਇਆ, ਸਗੋਂ ਨਾਮ ਇਕ ਵਿਆਪਕ ਸ਼ਕਤੀ ਵੀ ਹੈ। ਫੁਰਮਾਨ ਹੈ :

***ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥***

(ਪੰਨਾ ੨੮੪)

ਸ੍ਰੀ ਗੁਰੂ ਨਾਨਕ ਦੇਵ ਜੀ ਜਪੁ ਜੀ ਸਾਹਿਬ ਵਿਚ ਫੁਰਮਾਉਂਦੇ ਹਨ :

***ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥*** (ਪੰਨਾ ੪)

ਭਾਵ ਜਿਤਨਾ ਕੁਛ ਉਸ ਪ੍ਰਭੂ ਦਾ ਰਚਿਆ ਹੋਇਆ ਹੈ, ਉਤਨਾ ਨਾਮ ਹੈ ਤੇ ਨਾਮ ਤੋਂ ਬਿਨਾ ਕੋਈ ਥਾਂ ਨਹੀਂ ਹੈ। 'ਆਸਾ ਕੀ ਵਾਰ' ਵਿਚ ਸਤਿਗੁਰੂ ਫੁਰਮਾਉਂਦੇ ਹਨ ਕਿ ਨਿਰੰਕਾਰ ਨੇ ਆਪ ਸ੍ਰਿਸ਼ਟੀ ਰਚਨਾ ਕਰਕੇ ਉਸ ਦੇ ਆਰੰਭ ਵਿਚ ਨਾਮ ਰਚਿਆ ਹੈ :

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*** (ਪੰਨਾ ੪੬੩)

ਗੁਰਮਤਿ ਵਿਚ ਤਾਂ ਉਸ ਮਨੁੱਖ ਨੂੰ ਜੀਵਤ ਮੰਨਿਆਂ ਗਿਆ ਹੈ, ਜਿਸ ਦੇ ਮਨ ਵਿਚ ਪ੍ਰਭੂ ਦਾ ਨਾਮ ਹੈ। ਇਸ ਤੋਂ ਬਿਨਾ ਮਨੁੱਖ ਜੀਵਤ ਨਹੀਂ ਕਿਹਾ ਜਾ ਸਕਦਾ :

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥***

(ਪੰਨਾ ੧੪੨)

ਸਾਡੇ ਸਮਾਜ ਦੇ ਕੁਝ ਪ੍ਰਤੀਸ਼ਤ ਲੋਕਾਂ ਨੇ ਇਹੋ ਨਾਹਰਾ ਦਿੱਤਾ ਕਿ ਮਨੁੱਖ ਦੀ ਲੋੜ ਕੇਵਲ ਰੋਟੀ, ਕੱਪੜਾ, ਮਕਾਨ ਹੀ ਹੈ। ਇਸ ਤੋਂ ਬਿਨਾ ਨਾਮ, ਦਾਨ, ਇਸ਼ਨਾਨ, ਅਧਿਆਤਮਿਕ ਜੀਵਨ ਤੇ ਧਰਮ ਕਰਮ ਦੀ ਲੋੜ ਹੀ ਨਹੀਂ ਹੈ। ਭਾਵੇਂ ਕਿਰਤ ਬਹੁਤ

ਮਹਾਨ ਹੈ, ਪਰ ਕਿਸੇ ਮਨੁੱਖ ਦੇ ਜੀਵਨ ਵਿਚ ਇਕੱਲੀ ਰੋਟੀ ਹੀ ਪੂਰੇ ਗੁਣ ਨਹੀਂ ਪੈਦਾ ਕਰ ਸਕਦੀ। ਕਿਰਤ ਜਾਂ ਰੋਟੀ ਤਕ ਸੀਮਤ ਮਨੁੱਖ ਲੋਭੀ, ਫਰੇਬੀ ਤੇ ਮਾਇਆ ਇਕੱਠੀ ਕਰਨ ਵਾਲੀ ਮਸ਼ੀਨ ਬਣ ਕੇ ਰਹਿ ਜਾਵੇਗਾ। ਨੈਤਿਕ ਕਦਰਾਂ ਕੀਮਤਾਂ, ਸੁਥਰੀ ਜੀਵਨ ਜਾਚ, ਲੋਕ ਭਲਾਈ, ਦਯਾ, ਨਿਮਰਤਾ, ਪਰਉਪਕਾਰ ਦੀ ਭਾਵਨਾ ਪੈਦਾ ਕਰਨ ਲਈ ਭਗਤੀ ਦੀ ਵੀ ਲੋੜ ਹੈ। ਭੋਜਨ ਤਨ ਦੀ ਲੋੜ ਹੈ ਤੇ ਭਜਨ ਮਨ ਦੀ ਲੋੜ ਹੈ। ਹੁਣ ਸਵਾਲ ਹੈ ਕਿ ਕੋਈ ਮਨੁੱਖ ਦਸਾਂ ਨਹੁੰਆਂ ਦੀ ਕਿਰਤ ਵੀ ਕਰਦਾ ਹੋਵੇ, ਬੇਈਮਾਨੀ ਵੀ ਨਾ ਕਰੇ, ਤਾਂ ਕੀ ਉਸ ਨੂੰ ਵੀ ਨਾਮ ਜਪਣ ਦੀ ਲੋੜ ਹੈ ?

ਇਸ ਸਵਾਲ ਦਾ ਜਵਾਬ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਵਿਚੋਂ ਲੈਂਦੇ ਹਾਂ। ਪਹਿਲੀ ਉਦਾਸੀ ਵੇਲੇ ਗੁਰੂ ਜੀ ਭਾਈ ਲਾਲੋ ਦੇ ਘਰ ਗਏ ਅਤੇ ਫੁਰਮਾਇਆ ਕਿ ਭਾਈ ਲਾਲੋ ! ਸਾਰੀ ਉਮਰ ਕਿੱਲੇ ਹੀ ਘੜਦਾ ਰਹੇਂਗਾ ਕਿ ਮਨ ਵੀ ਘੜੇਂਗਾ। ਭਾਈ ਲਾਲੋ ਜੀ ਤਾਂ ਸੱਚੀ ਕਿਰਤ ਕਰਦੇ ਸਨ। ਪਰ ਗੁਰੂ ਜੀ ਨੇ ਫੁਰਮਾਇਆ ਕਿ ਕਿਰਤ ਦੇ ਨਾਲ ਨਾਲ ਕਰਤੇ ਦਾ ਨਾਮ ਜਪਣਾ ਵੀ ਜ਼ਰੂਰੀ ਹੈ। ਸਿੱਖ ਧਰਮ ਨੇ ਕਿਰਤ ਨਾਲ ਕੀਰਤੀ ਨੂੰ ਜੋੜਿਆ ਹੈ। ਸਰੀਰ ਦੀ ਤੰਦਰੁਸਤੀ ਤੇ ਜੀਵਤ ਰਹਿਣ ਲਈ ਕਿਰਤ ਕਰਨੀ ਇਕ ਸਾਧਨ ਹੈ, ਪਰ ਜੀਵਨ ਮਨੋਰਥ ਨਾਮ ਜਪਣਾ ਹੈ। ਭਾਈ ਲਾਲੋ ਜੀ ਵਾਲੀ ਸਾਖੀ ਬਹੁਤ ਵੱਡਾ ਉਪਦੇਸ਼ ਹੈ।

ਸਾਡੇ ਸਮਾਜ ਦਾ ਬਹੁਤਾ ਵਰਗ ਧਨ ਮਾਲ ਇਕੱਠਾ ਕਰਨ ਨੂੰ ਹੀ ਜੀਵਨ ਦੀ ਅੰਤਮ ਪ੍ਰਾਪਤੀ ਮੰਨੀ ਬੈਠਾ ਹੈ। ਇਸੇ ਲਈ ਇੱਕੀਵੀਂ ਸਦੀ ਵਿਚ ਸਭ ਤੋਂ ਵੱਧ ਮਾਨਸਿਕ ਰੋਗੀ ਹਨ। ਬਹੁਤੇ ਰੋਗੀ ਵੀ ਉਹ ਹਨ ਜਿਨ੍ਹਾਂ ਪਾਸ ਖਾਧ ਪਦਾਰਥ ਵੀ ਬਹੁਤ ਹਨ। ਮਨ ਨੇ ਟਿਕਣਾ ਹੈ ਨਾਮ ਜਪਣ ਨਾਲ ਤੇ ਨਾਮ ਜਪਣ ਨੂੰ ਬਹੁਤਾ ਵਰਗ ਸਮਾਂ ਹੀ ਨਹੀਂ ਦਿੰਦਾ। ਸਰਲ ਸ਼ਬਦਾਂ ਵਿਚ ਸਮਝਣਾ ਹੋਵੇ ਤਾਂ ਅਜੋਕੇ ਯੁਗ ਵਿਚ ਤਨ ਦੀ ਖੁਰਾਕ ਤੇ ਹਾਰ ਸ਼ਿੰਗਾਰ ਦੀ ਪੂਰੀ ਦੌੜ ਲੱਗੀ ਹੋਈ ਹੈ, ਪਰ ਮਨ ਦੀ ਖੁਰਾਕ ਤੇ ਸ਼ਿੰਗਾਰ ਦਾ ਖ਼ਿਆਲ ਹੀ ਨਹੀਂ ਹੈ। ਮਨ ਦੀ ਖੁਰਾਕ ਨਾਮ ਹੈ ਤੇ ਇਸ ਦਾ ਸ਼ਿੰਗਾਰ ਵੀ ਕਰਤੇ ਦੇ ਸਿਮਰਨ ਨਾਲ ਹੋਣਾ ਹੈ। ਅਸੀਂ ਰਹਰਾਸਿ ਬਾਣੀ ਵਿਚ ਪੜ੍ਹਦੇ ਹਾਂ :

***ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥***

(ਪੰਨਾ ੧੪੨੯)

ਜਾਂ ਫਿਰ ਅਨੰਦੁ ਸਾਹਿਬ ਬਾਣੀ ਵਿਚ ਜਦ ਪੜ੍ਹਦੇ ਹਾਂ ਤਾਂ ਸੰਦੇਸ਼ ਮਿਲਦਾ ਹੈ :

***ਸਾਚਾ ਨਾਮੁ ਮੇਰਾ ਆਧਾਰੋ***
***ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥*** (ਪੰਨਾ ੯੧੭)

ਸੱਚਾਈ ਇਹ ਹੈ ਕਿ ਕਿਰਤ ਕਰਨ ਤੇ ਨਾਮ ਜਪਣ ਨੂੰ ਵੱਖ-ਵੱਖ ਨਹੀਂ ਸਮਝਣਾ, ਸਗੋਂ ਇਹ ਇਕ ਹਨ। ਗੁਰਬਾਣੀ ਵਿਚ ਦੋ ਭਗਤਾਂ ਦਾ ਵਾਰਤਾਲਾਪ ਹੈ :

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸਮ੍ਹਾਲਿ॥***
***ਹਾਥ ਪਾਉ ਕਰਿ ਕਾਮੁ ਸਭਿ ਚੀਤੁ ਨਿਰੰਜਨ ਨਾਲਿ॥*** (ਪੰਨਾ ੧੩੭੬)

ਭਾਵ ਆਪਣੀ ਕਿਰਤ ਕਾਰ ਕਰਦਿਆਂ ਪ੍ਰਭੂ ਦਾ ਸਿਮਰਨ ਵੀ ਕਰਨਾ ਹੈ। ਨਾਮ ਜਪਦਿਆਂ ਅਸੀਂ ਗੁਰਬਾਣੀ ਦਾ ਪਾਠ ਕਰਦੇ ਹਾਂ। ਸ਼ਬਦ ਸ਼ਕਤੀ ਵੀ ਹੈ ਤੇ ਜੋਤ ਵੀ ਹੈ। ਇਹ ਜੋਤ ਸਦਾ ਪ੍ਰਕਾਸ਼ਮਈ ਹੈ। ਨਾਮ ਇਕ ਅਜਿਹਾ ਪ੍ਰਕਾਸ਼ ਹੈ ਜਿਸ ਦੇ ਕਾਰਨ ਮਨੁੱਖ ਅਗਿਆਨਤਾ ਨੂੰ ਖ਼ਤਮ ਕਰਕੇ ਆਤਮਾ ਨੂੰ ਪ੍ਰਕਾਸ਼ਮਈ ਕਰਦਾ ਹੈ। ਨਾਮ ਦੀ ਸ਼ਕਤੀ ਹੀ ਮਨੁੱਖ ਨੂੰ ਅਹਿਸਾਸ ਕਰਵਾਉਂਦੀ ਹੈ ਕਿ ਮਨੁੱਖਤਾ ਦਾ ਵਿਕਾਸ ਕੇਵਲ ਸਰੀਰਕ ਸ਼ਕਤੀ ਨਹੀਂ, ਸਗੋਂ ਅੰਦਰੂਨੀ ਚੇਤਨਾ ਦੀ ਪਹਿਚਾਣ ਕਰਨੀ ਹੈ। ਅਸੀਂ ਰੋਜ਼ਾਨਾ ਜਪੁ ਜੀ ਸਾਹਿਬ ਬਾਣੀ ਦਾ ਪਾਠ ਕਰਦੇ ਹਾਂ ਤਾਂ ਇਹੋ ਪ੍ਰੇਰਨਾ ਮਿਲਦੀ ਹੈ :

***ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥*** (ਪੰਨਾ ੪)

ਮਨੁੱਖ ਦੀ ਮਲੀਨ ਹੋਈ ਮੱਤ ਨਾਮ ਦੇ ਰੰਗ ਨਾਲ ਪਵਿੱਤਰ ਕੀਤੀ ਜਾ ਸਕਦੀ ਹੈ। ਨਾਮ ਜਪਣ ਨਾਲ ਹੋਰ ਕੀ ਹੁੰਦਾ ਹੈ ? ਨਾਮ ਜਪਣ ਵਾਲੇ ਵਿਚ ਹਉਮੈ ਨਹੀਂ ਰਹਿੰਦੀ। ਉਹ ਰੱਬੀ ਹੁਕਮ ਅਨੁਸਾਰ ਜੀਊਂਦਾ ਹੈ। ਨਾਮ ਹਿਰਦੇ ਨੂੰ ਪਵਿੱਤਰ ਕਰਦਾ ਹੈ। ਨਾਮ ਮਨੁੱਖੀ ਮਨ ਨੂੰ ਸਾਧ ਕੇ ਸ਼ੁੱਧ ਕਰਦਾ ਹੈ। ਨਾਮ ਦੀ ਸ਼ਕਤੀ ਕਿੰਨੀ ਹੈ ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਾਪੁ ਸਾਹਿਬ ਵਿਚ ਫੁਰਮਾਉਂਦੇ ਹਨ :

***ਨਮੋ ਮੰਤ੍ਰ ਮੰਤ੍ਰੰ॥ ਨਮੋ ਜੰਤ੍ਰ ਜੰਤ੍ਰੰ॥***
***ਨਮੋ ਇਸਟ ਇਸਟੇ॥ ਨਮੋ ਤੰਤ੍ਰ ਤੰਤ੍ਰੰ॥*** (ਜਾਪੁ ਸਾਹਿਬ)

ਭਾਵ ਪ੍ਰਭੂ ਦਾ ਨਾਮ ਮੰਤਰਾਂ, ਜੰਤਰਾਂ ਤੇ ਤੰਤਰਾਂ ਤੋਂ ਸਿਰਮੌਰ ਹੈ। ਨਾਮ ਹੀ ਇਸਟਾਂ ਸਿਰ ਇਸ਼ਟ ਹੈ ਭਾਵ ਛੋਟੇ ਛੋਟੇ ਕਲਪਤ ਦੇਵੀ-ਦੇਵਤੇ, ਮੜ੍ਹੀ-ਮਸਾਣ, ਧਾਗੇ-ਤਵੀਤ, ਟੂਣੇ ਟਾਮਣ, ਵਰਤ, ਸਰਾਧ ਨਹੀਂ ਮੰਨਣੇ, ਕਿਉਂਕਿ ਪ੍ਰਭੂ ਦੇ ਨਾਮ ਦੀ ਸ਼ਕਤੀ ਅੱਗੇ ਸਭੇ ਹੀ ਤੁਛ ਹਨ। ਨਾਮ ਦੀ ਸ਼ਕਤੀ ਦਾ ਭਰੋਸਾ ਮਨ ਵਿਚ ਰੱਖਣਾ ਹੈ।

ਇਕ ਗੱਲ ਧਿਆਨ ਵਿਚ ਰੱਖਣੀ ਕਿ ਅੱਜ ਕੱਲ੍ਹ ਦੇਹਧਾਰੀ ਲੋਕ ਕੰਨਾਂ 'ਚ ਨਾਮ ਦਾਨ ਦੇਣ ਦਾ ਵਪਾਰ ਕਰ ਰਹੇ ਹਨ। ਸਿੱਖ ਨੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉੱਪਰ ਨਿਸਚਾ ਰੱਖਣਾ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਨਾਮ ਬਾਣੀ ਦਾ ਅਭਿਆਸ ਸਿਰਲੇਖ ਹੇਠ ਦਰਜ ਹੈ ਕਿ, 'ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੇ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੇ। ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ—ਜਪੁ, ਜਾਪੁ ਅਤੇ ੧੦ ਸਵੱਯੇ (ਸ੍ਰਾਵਗ ਸੁਧ ਵਾਲੇ)—ਇਹ ਬਾਣੀਆਂ ਅਮ੍ਰਿਤ ਵੇਲੇ ਪੜ੍ਹਨੀਆਂ। ਸੋ ਦਰ ਰਹਰਾਸਿ—ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਸੋਹਿਲਾ ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ। ਅੰਮ੍ਰਿਤ ਵੇਲੇ ਅਤੇ ਸੋ ਦਰ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

ਨਾਮ ਜਪਣ ਵਾਲਿਆਂ ਦੀ ਮਹਿਮਾ ਬਿਆਨ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਪ੍ਰਭੂ ਦੇ ਨਾਮ ਨੂੰ ਧਿਆਇਆ, ਉਹ ਆਪਣੀ ਕਮਾਈ ਸਫ਼ਲੀ ਕਰ ਗਏ। ਸਤਿਗੁਰ ਜੀ ਕਥਨ ਕਰਦੇ ਹਨ ਕਿ ਨਾਮ ਸਿਮਰਨ ਵਾਲਿਆਂ ਦੇ ਤਾਂ ਮੁੱਖ ਉਜਲੇ ਹੁੰਦੇ ਹੀ ਹਨ, ਪਰ ਉਹਨਾਂ ਦੀ ਸੰਗਤ ਕਰਕੇ ਹੋਰ ਕਿੰਨੀ ਦੁਨੀਆਂ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦੀ ਹੈ। ਇਹ ਗੁਰਵਾਕ ਸਾਨੂੰ ਨਾਮ ਜਪਣ ਲਈ ਸੁਚੇਤ ਕਰਦਾ ਹੈ :

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*** (ਪੰਨਾ ੮)

*ਅਭਿਆਸ ਲਈ ਪ੍ਰਸ਼ਨ :—*

(ੳ) 'ਨਾਮ ਜਪਣਾ' ਵਿਸ਼ੇ ਸੰਬੰਧੀ ਭਾਵਪੂਰਵਕ ਜਾਣਕਾਰੀ ਦਿਓ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਗੁਰਮਤਿ ਵਿਚ ਕਿਸ ਮਨੁੱਖ ਨੂੰ ਜੀਵਤ ਮੰਨਿਆਂ ਗਿਆ ਹੈ ?

ਉੱਤਰ : ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਿਆ ਹੈ। ਫੁਰਮਾਨ ਹੈ :-
ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥

ਪ੍ਰਸ਼ਨ 2 : ਕਿਰਤ ਕਰਨੀ ਤੇ ਨਾਮ ਜਪਣਾ ਵੱਖ-ਵੱਖ ਨਹੀਂ, ਸਗੋਂ ਇਕ ਹਨ। ਇਸ ਸੰਬੰਧੀ ਗੁਰਬਾਣੀ ਦਾ ਫੁਰਮਾਨ ਦਿਓ।

ਉੱਤਰ : ਨਾਮਾ ਕਹੇ ਤਿਲੋਚਨਾ ਮੁਖ ਤੇ ਰਾਮੁ ਸਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭਿ ਚੀਤੁ ਨਿਰੰਜਨ ਨਾਲਿ॥

ਪ੍ਰਸ਼ਨ 3 : ਪ੍ਰਭੂ ਨਾਮ ਦੀ ਸ਼ਕਤੀ ਸੰਬੰਧੀ ਦਸਮ ਪਾਤਸ਼ਾਹ ਜੀ ਦਾ ਕੀ ਫੁਰਮਾਨ ਹੈ ?

ਉੱਤਰ : ਨਮੋ ਮੰਤ੍ਰ ਮੰਤ੍ਰੰ॥ ਨਮੋ ਜੰਤ੍ਰ ਜੰਤ੍ਰੰ॥ ਨਮੋ ਇਸਟ ਇਸਟੇ॥ ਨਮੋ ਤੰਤ੍ਰ ਤੰਤ੍ਰੰ॥

ਪ੍ਰਸ਼ਨ 4 : ਗੁਰਮਤਿ ਅਨੁਸਾਰ ਮਨੁੱਖ ਦੀ ਮਲੀਨ ਮੱਤ ਕਿਵੇਂ ਪਵਿੱਤਰ ਹੋ ਸਕਦੀ ਹੈ ?

ਉੱਤਰ : ਮਨੁੱਖ ਦੀ ਮਲੀਨ ਮੱਤ ਨਾਮ ਦੇ ਰੰਗ ਨਾਲ ਪਵਿੱਤਰ ਹੋ ਸਕਦੀ ਹੈ। ਫੁਰਮਾਨ ਹੈ :
ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

ਪ੍ਰਸ਼ਨ 5 : ਨਾਮ ਜਪਣ ਵਾਲੇ ਦੀ ਮਹਿਮਾ ਜਪੁ ਜੀ ਸਾਹਿਬ ਬਾਣੀ ਵਿਚ ਕਿਵੇਂ ਬਿਆਨ ਕੀਤੀ ਹੈ ?

ਉੱਤਰ : ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

ਭਾਵ ਜਿਨ੍ਹਾਂ ਨੇ ਨਾਮ ਜਪਿਆ, ਉਨ੍ਹਾਂ ਦੇ ਮੁੱਖ ਤਾਂ ਉਜਲੇ ਹੁੰਦੇ ਹੀ ਹਨ, ਪਰ ਉਨ੍ਹਾਂ ਦੀ ਸੰਗਤ ਕਰਕੇ ਅਨੇਕਾਂ ਹੋਰ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦੇ ਹਨ।

# ਵੰਡ ਛਕਣਾ

ਗੁਰਮਤਿ ਦਾ ਤੀਜਾ ਮੁੱਖ ਉਪਦੇਸ਼ 'ਵੰਡ ਛਕਣਾ' ਹੈ। ਮਨੁੱਖ ਸੰਸਾਰ ਵਿਚ ਰਹਿੰਦਾ ਹੋਇਆ ਸੱਚੀ ਸੁੱਚੀ ਕਿਰਤ ਕਰੇ ਤੇ ਕਿਰਤ ਕਰਦਾ ਹੋਇਆ ਪ੍ਰਭੂ ਦਾ ਨਾਮ ਜਪੇ। ਨਾਮ ਜਪਦਿਆਂ ਉਹਦੀ ਇਹ ਭਾਵਨਾ ਪ੍ਰਪੱਕ ਹੋਵੇਗੀ :

***ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥***
***ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥*** (ਪੰਨਾ ੨੫੭)

ਭਾਵ ਸਭ ਨੂੰ ਦਾਤਾਂ ਦੇਣ ਵਾਲਾ ਇਕ ਦਾਤਾ ਹੈ ਤੇ ਉਸ ਕਰਤੇ ਦੇ ਭੰਡਾਰਿਆਂ ਵਿਚ ਕਿਧਰੇ ਤੋਟ ਨਹੀਂ ਆਉਂਦੀ। ਉਸ ਕਰਤੇ ਦੀ ਰਜ਼ਾ 'ਚ ਰਹਿਣ ਵਾਲਾ ਮਨੁੱਖ ਵੰਡ ਕੇ ਛਕਣਾ ਆਪਣਾ ਪਰਮ ਧਰਮ ਸਮਝੇਗਾ।

'ਵੰਡ ਛਕਣ' ਤੋਂ ਭਾਵ ਆਪਣੀ ਕਿਰਤ ਕਮਾਈ ਦੁਆਰਾ ਆਪਣੀਆਂ ਪਰਿਵਾਰਕ ਲੋੜਾਂ ਨੂੰ ਪੂਰਾ ਕਰਨ ਦੇ ਨਾਲ ਨਾਲ ਹੋਰ ਲੋੜਵੰਦਾਂ ਦੀ ਵੀ ਮਦਦ ਕਰਨੀ ਹੈ। ਸਤਿਗੁਰਾਂ ਦਾ ਫੁਰਮਾਨ ਹੈ :

***'ਘਾਲਿ ਖਾਇ ਕਿਛੁ ਹਥਹੁ ਦੇਇ'*** (ਪੰਨਾ ੧੨੪੫)

ਭਾਵ ਕਿਰਤ ਕਰਨੀ ਤੇ ਕੁਝ ਹੱਥੋਂ ਦੇ ਕੇ ਵੰਡ ਕੇ ਵੀ ਛਕਣਾ ਹੈ। ਇਸ ਨਾਲ ਇਕ ਤਾਂ ਮਨੁੱਖ ਦੀ ਕਿਸੇ ਨਾਲ ਧੋਖਾ ਕਰਨ ਜਾਂ ਸ਼ੋਸ਼ਣ ਕਰਨ ਦੀ ਬਿਰਤੀ ਨੂੰ ਰੋਕ ਪੈਂਦੀ ਹੈ ਅਤੇ ਦੂਸਰਾ ਜੋੜ ਜੋੜ ਕੇ ਅੰਬਾਰ ਲਾਉਣ ਦੀ ਰੁਚੀ ਵਿਚ ਬਦਲਾਉ ਆਉਂਦਾ ਹੈ। ਵੰਡ ਛਕਣ ਨਾਲ ਧਨ ਪਦਾਰਥਾਂ ਪ੍ਰਤੀ ਬੇਲੋੜਾ ਲੋਭ ਖ਼ਤਮ ਹੁੰਦਾ ਹੈ, ਜੇ ਕਰ ਬੇਲੋੜਾ ਲੋਭ ਨਹੀਂ ਤਾਂ ਮੋਹ ਵੀ ਘਟੇਗਾ। ਮੋਹ ਘਟਣ ਨਾਲ ਹੰਕਾਰ ਨਹੀਂ ਹੋਵੇਗਾ, ਕਿਉਂਕਿ ਲੋਭ ਤੇ ਮੋਹ ਦਾ ਤੀਜਾ ਰੂਪ ਹੰਕਾਰ ਹੈ। ਫਿਰ ਹੰਕਾਰਿਆ ਤੇ ਹਉਮੈ ਗ੍ਰਸਤ ਬੰਦਾ ਕ੍ਰੋਧੀ ਹੁੰਦਾ ਹੈ। ਵੰਡ ਛਕਣ ਦੀ ਬਿਰਤੀ ਨਾਲ ਇਹਨਾਂ ਰੋਗਾਂ ਤੋਂ ਬਚਦਾ ਹੈ ਅਤੇ ਉਸ ਵਿਚ ਸਹਿਜਤਾ, ਨਿਮਰਤਾ ਤੇ ਦਇਆ ਵੱਧਦੀ ਹੈ। ਇਕ ਚੰਗੇ ਸਮਾਜ ਵਿਚ ਗ਼ਰੀਬ, ਲੋੜਵੰਦ, ਅਪਾਹਜ ਤੇ ਰੋਗੀ ਦੀ ਸਹਾਇਤਾ ਸਮਾਜ ਤੋਂ ਵੱਧ ਕੇ ਕੋਈ ਨਹੀਂ ਕਰ ਸਕਦਾ।

ਸੰਸਾਰਕ ਤਲ 'ਤੇ ਵਿਚਾਰ ਕਰੀਏ ਤਾਂ ਕੁਝ ਲੋਕ ਬਹੁਤ ਅਮੀਰ ਹਨ ਤੇ ਕੁਝ ਬਹੁਤ ਗ਼ਰੀਬ ਹਨ। ਕਈ ਵਾਰ ਗ਼ਰੀਬ ਬੰਦੇ ਨੂੰ ਤਾਂ ਰੋਟੀ ਵੀ ਨਹੀਂ ਜੁੜਦੀ। ਇਸੇ ਤਰ੍ਹਾਂ ਬੀਮਾਰ ਨੂੰ, ਅਪਾਹਜ ਤੇ ਕੁਦਰਤੀ ਆਫ਼ਤਾਂ ਕਰਕੇ ਟੁੱਟੇ ਸਮਾਜ ਨੂੰ ਸਹਾਇਤਾ ਦੀ ਲੋੜ ਹੁੰਦੀ ਹੈ। ਇਹ ਸਹਾਇਤਾ ਕੌਣ ਕਰੇ ?

ਪਿਛਲੇ ਸਮਿਆਂ ਵਿਚ ਦਾਨ ਪ੍ਰਣਾਲੀ ਇਸ ਲੋੜ ਦੀ ਪੂਰਤੀ ਕਰਦੀ ਸੀ। ਦਾਨ ਤੋਂ ਭਾਵ ਕੋਈ ਵੀ ਮਨੁੱਖ, ਭਾਵੇਂ ਕਿਸੇ ਤਰ੍ਹਾਂ ਵੀ ਯੋਗ ਜਾਂ ਅਯੋਗ ਕਿਰਤ ਕਰਦਾ ਸੀ ਤਾਂ

ਉਹ ਦਾਨ ਦੇ ਤੌਰ 'ਤੇ ਦੂਸਰਿਆਂ ਨੂੰ ਦਿੰਦਾ ਸੀ। ਦਾਨ ਕਰਨ ਵਾਲੇ ਭਲੇ ਪੁਰਸ਼ ਵੀ ਸਨ ਅਤੇ ਕਈਆਂ ਦੇ ਮਨ ਵਿਚ ਹੰਕਾਰ ਵੀ ਹੋ ਜਾਂਦਾ ਸੀ। ਸਿੱਖ ਧਰਮ ਦੇ ਸਥਾਪਤ ਹੋਣ ਤੋਂ ਪਹਿਲਾਂ ਧਾਰਮਿਕ ਦੁਨੀਆਂ ਵਿਚ ਇਹ ਵਿਸ਼ਵਾਸ ਦ੍ਰਿੜ੍ਹ ਸੀ ਕਿ ਦਾਨ ਦੇਣਾ ਤਾਂ ਰੱਬ ਦੇ ਖਾਤੇ ਵਿਚ ਉਧਾਰ ਪਾਉਣਾ ਹੈ, ਜੋ ਕਈ ਗੁਣਾ ਵੱਧ ਕੇ ਫਿਰ ਦਾਨ ਕਰਨ ਵਾਲੇ ਨੂੰ ਮਿਲਦਾ ਹੈ। ਸ਼ਾਇਦ ਇਸ ਦੇ ਪਿੱਛੇ ਵੀ ਭਾਵਨਾ ਚੰਗੀ ਹੀ ਹੋਵਗੀ ਕਿ ਤਕੜੇ ਲੋਕ, ਗ਼ਰੀਬਾਂ ਲੋੜਵੰਦਾਂ ਦੀ ਮਦਦ ਕਰਨ।

ਹੁਣ ਅੱਗੋਂ ਲੋੜਵੰਦ ਦੋ ਪ੍ਰਕਾਰ ਦੇ ਹੋ ਗਏ। ਇਕ ਤਾਂ ਵਿਚਾਰੇ ਉਹ ਸਨ ਜੋ ਅੰਗਹੀਣ, ਕਿਸੇ ਰੋਗ ਤੋਂ ਪੀੜਤ, ਲਾਵਾਰਸ ਜਾਂ ਬਿਰਧ ਉਮਰ ਵਿਚ ਪੇਟ ਦੀ ਪੂਰਤੀ ਕਰਨ ਜੋਗੇ ਨਹੀਂ ਸਨ। ਇਹ ਤਾਂ ਹੱਕਦਾਰ ਸਨ। ਦੂਸਰੀ—ਤੰਦਰੁਸਤ, ਵਿਹਲੜ ਤੇ ਸ਼ੈਤਾਨ ਲੋਕਾਂ ਦੀ ਉਹ ਜਮਾਤ ਪੈਦਾ ਹੋ ਗਈ ਜੋ ਪਾਖੰਡ ਕਰਮ ਕਰਕੇ ਦੁਨੀਆਂ ਨੂੰ ਗੁੰਮਰਾਹ ਕਰਨ ਲੱਗ ਪਏ। ਇਹ ਲੋਕ ਦਾਨੀਆਂ ਨੂੰ ਕਈ ਗੁਣਾ ਵੱਧ ਦਿਵਾਉਣ ਦਾ ਭਰੋਸਾ ਦਿਵਾਉਂਦੇ ਸਨ। ਇਸ ਦਾ ਨੁਕਸਾਨ ਇਹ ਹੋਇਆ ਕਿ ਦਾਨ ਲੋੜਵੰਦਾਂ ਤਕ ਘੱਟ ਜਾਂਦਾ ਸੀ ਤੇ ਵੱਡਾ ਹਿੱਸਾ ਪਾਖੰਡੀ ਲੋਕ ਲੈ ਜਾਂਦੇ ਸਨ। ਇਹ ਸਵਰਗ-ਨਰਕ ਦੀਆਂ ਗੱਲਾਂ ਤੇ ਫੋਕਟ ਕਰਮ ਕਾਂਡਾਂ ਨਾਲ ਅਮੀਰਾਂ ਨੂੰ ਗੁੰਮਰਾਹ ਕਰਕੇ ਦਾਨ ਵਜੋਂ ਲੈ ਲੈਂਦੇ ਸਨ।

ਗੁਰੂ ਸਾਹਿਬਾਂ ਨੇ ਇਸ ਤਰ੍ਹਾਂ ਦਾਨ ਦੇ ਸਹਾਰੇ ਪਲਣ ਵਾਲੀ ਵਿਹਲੜ ਜਮਾਤ ਤੇ ਸਮੂਹ ਸਮਾਜ ਨੂੰ ਪ੍ਰੇਰਤ ਕੀਤਾ ਕਿ ਸੱਚਾ ਧਰਮੀ ਉਹ ਹੈ ਜੋ ਕਿਰਤ ਕਰਦਾ, ਨਾਮ ਜਪਦਾ ਤੇ ਵੰਡ ਕੇ ਛਕਦਾ ਹੈ। ਵੰਡ ਛਕਣਾ, ਦਾਨ ਕਰਨ ਨਾਲੋਂ ਵੱਖਰੇ ਭਾਵ ਅਰਥ ਰੱਖਦਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਸੁਚੇਤ ਕਰਦੇ ਹਨ :

***ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥***
***ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥*** (ਪੰਨਾ ੧੨੪੫)

ਭਾਵ ਪ੍ਰਭੂ ਦਾ ਸਿਮਰਨ ਕਰਦਿਆਂ ਤੇ ਦਾਨ ਕਰਦਿਆਂ ਮਨੁੱਖ ਦਾ ਸੁਚੇਤ ਹੋਣਾ ਜ਼ਰੂਰੀ ਹੈ। ਵਿਹਲੜ ਤੇ ਤੰਦਰੁਸਤ ਲੋਕਾਂ ਨੇ ਪਾਖੰਡ ਕਰਮ ਕਰਕੇ ਸਮਾਜ ਨੂੰ ਹਰ ਯੁੱਗ ਵਿਚ ਬਹੁਤ ਗੁੰਮਰਾਹ ਕੀਤਾ ਹੈ। ਆਹ ਧਾਗੇ ਤਵੀਤ ਕਰਨੇ, ਟੂਣੇ ਟਾਮਣ, ਭੂਤ ਕੱਢਣੇ, ਓਪਰੀ ਕਸਰ, ਰਾਸ਼ੀਆਂ, ਟੇਵਿਆਂ ਦੇ ਭਰਮ, ਜੰਤਰਾਂ ਮੰਤਰਾਂ ਤੰਤਰਾਂ ਰਾਹੀਂ ਆਰਥਿਕ ਲੁੱਟ ਸਭ ਵਿਹਲੜ ਲੋਕਾਂ ਦਾ ਵੱਡਾ ਵਪਾਰ ਹੈ।

ਸਿੱਖ ਗੁਰੂ ਸਾਹਿਬਾਂ ਨੇ ਰਹਿਮਤ ਕੀਤੀ ਤੇ ਗੁਰਬਾਣੀ ਵਿਚ ਇਹਨਾਂ ਸਭ ਫੋਕਟ ਕਰਮ ਕਾਂਡਾਂ ਨੂੰ ਪਾਖੰਡ ਕਰਮ ਕਹਿ ਕੇ ਸਮਾਜ ਨੂੰ ਸੁਚੇਤ ਕੀਤਾ। ਹੁਣ ਗ਼ਰੀਬ, ਅਪਾਹਜ, ਰੋਗੀ ਤੇ ਲੋੜਵੰਦ ਦੀ ਤਾਂ ਜ਼ਰੂਰਤ ਹੈ ਕਿ ਸਮਾਜ ਉਸ ਦੀ ਮਦਦ ਕਰੇ। ਸਤਿਗੁਰਾਂ ਨੇ ਦਸਵੰਧ ਭਾਵ ਆਪਣੀ ਕਮਾਈ ਦਾ ਦਸਵਾਂ ਹਿੱਸਾ ਲੋੜਵੰਦ ਨੂੰ ਤੇ ਧਰਮ ਕਰਮ ਲੇਖੇ ਲਾਉਣ ਦੀ ਮਰਯਾਦਾ ਕਾਇਮ ਕੀਤੀ। ਇਸੇ ਲਈ ਲਿਖਿਆ ਹੁੰਦਾ ਹੈ ਕਿ

ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਹੈ। ਇਸ ਦੇ ਨਾਲ ਸੰਸਾਰ ਨੂੰ ਪ੍ਰੇਰਨਾ ਦਿੱਤੀ ਕਿ ਵੰਡ ਕੇ ਛਕਣ ਨਾਲ ਉਸ ਪਰਮ ਪਿਤਾ ਦੀ ਦਿੱਤੀ ਦਾਤ ਵਿਚ ਤੋਟ ਨਹੀਂ ਆਉਂਦੀ, ਸਗੋਂ ਵਾਧਾ ਹੀ ਹੁੰਦਾ ਹੈ। ਫੁਰਮਾਣ ਹੈ :

***ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥***

(ਪੰਨਾ ੧੮੬)

ਇਸ ਲਈ ਪ੍ਰਭੂ ਪਿਤਾ ਤੋਂ ਮਿਲੀ ਹੋਈ ਦਾਤ ਮਨੁੱਖੀ ਭਾਈਚਾਰੇ ਨੂੰ ਰਲ ਮਿਲ ਕੇ ਖ਼ਰਚਣੀ ਚਾਹੀਦੀ ਹੈ। ਇਸ ਸਿਧਾਂਤ ਨਾਲ ਸਮੂਹ ਸਮਾਜ ਦਾ ਆਪਸੀ ਮਿਲਵਰਤਣ ਵਧਦਾ ਹੈ। ਦਾਤਾ ਤਾਂ ਇਕ ਪ੍ਰਭੂ ਹੈ ਤੇ ਸਾਰੀ ਮਨੁੱਖਤਾ ਨੇ ਉਸ ਦੇ ਪਾਸੋਂ ਹੀ ਮੰਗ ਕਰਨੀ ਹੈ :

***ਤੂੰ ਦਾਤਾ ਦਾਤਾਰ ਤੇਰਾ ਦਿਤਾ ਖਾਵਣਾ॥*** (ਪੰਨਾ ੬੫੨)

ਜਦੋਂ ਸਾਰਿਆਂ ਦਾ ਦਾਤਾ ਹੀ ਇਕ ਹੈ ਤਾਂ ਮਨੁੱਖਾਂ ਵਿਚ ਦਾਤਾ ਤੇ ਭਿਖਾਰੀ ਵਾਲੀ ਸੋਚ ਹੀ ਨਹੀਂ ਪੈਦਾ ਹੋਵੇਗੀ। ਇਸ ਤਰ੍ਹਾਂ ਗੁਰਮਤਿ ਨੇ ਇਕ ਪ੍ਰਭੂ ਨੂੰ ਦਾਤਾ ਹੋਣ ਦਾ ਦ੍ਰਿੜ੍ਹ ਵਿਸ਼ਵਾਸ ਕਰਵਾ ਕੇ ਆਮ ਮਨੁੱਖ ਦੇ ਮਨ ਵਿਚੋਂ ਆਪ ਦਾਤਾ ਹੋਣ ਦਾ ਝੂਠਾ ਵਹਿਮ ਦੂਰ ਕੀਤਾ। ਹਰ ਪ੍ਰਕਾਰ ਦੀ ਦਾਤ ਉਸ ਪ੍ਰਭੂ ਦੇ ਹੱਥ ਹੈ ਤੇ ਸਾਰਾ ਜਗਤ ਹੀ ਭਿਖਾਰੀ ਹੈ :

***ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ॥*** (ਪੰਨਾ ੧੪੨੮)

ਜਦ ਇਹ ਸਭ ਦਾਤੇ ਦੀ ਦਾਤ ਹੈ ਤਾਂ ਵੰਡ ਕੇ ਛਕਣ ਦੀ ਭਾਵਨਾ ਪੈਦਾ ਹੋਈ। ਸਾਡੇ ਖ਼ਾਲਸਈ ਬੋਲਿਆਂ ਵਿਚੋਂ ਵੀ ਇਹੋ ਸੰਦੇਸ਼ ਮਿਲਦਾ ਹੈ ਕਿ ਜੇ ਕਰ ਕੋਈ ਅਪਾਹਜ ਵਿਅਕਤੀ, ਬਾਹਾਂ ਤੋਂ ਵਿਹੂਣਾ ਹੈ ਤਾਂ ਉਸ ਨੂੰ ਲੱਖਬਾਹਾ ਸਿੰਘ ਕਿਹਾ ਜਾਂਦਾ ਹੈ। ਜੇ ਕਰ ਕਿਸੇ ਦੀ ਲੱਤ ਵਿਚ ਨੁਕਸ ਹੈ ਤਾਂ ਉਸ ਨੂੰ ਸੁਚਾਲਾ ਸਿੰਘ ਤੇ ਨੇਤਰਹੀਣ ਨੂੰ ਸੂਰਮਾ ਸਿੰਘ ਕਿਹਾ ਜਾਂਦਾ ਹੈ। ਇਹਨਾਂ ਖ਼ਾਲਸਈ ਬੋਲਿਆਂ ਵਿਚ ਵੀ ਆਸ਼ਾਵਾਦ ਹੈ। ਇਹਨਾਂ ਵਿਚੋਂ ਕਿਸੇ ਨੂੰ ਸਹਾਇਤਾ ਦੀ ਲੋੜ ਤਾਂ ਪੈ ਸਕਦੀ ਹੈ, ਪਰ ਪ੍ਰਭੂ ਦਾ ਪਰਿਵਾਰ ਸਮਝ ਕੇ ਕਰਨੀ ਹੈ। ਇਹਨਾਂ ਨੂੰ ਕਿਸੇ ਕਮੀ ਦਾ ਅਹਿਸਾਸ ਨਹੀਂ ਹੋਣ ਦੇਣਾ।

ਸਿੱਖੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਗੁਰਮੁਖ ਜੀਵਨ ਨੂੰ ਸਫ਼ਲ ਕਰਨ ਲਈ ਧਰਮ ਦੀ ਕਿਰਤ ਕਰਦੇ ਤੇ ਦੂਜਿਆਂ ਨਾਲ ਵੰਡ ਕੇ ਛੱਕਦੇ ਭਾਵ ਹੱਥੋਂ ਦੇ ਕੇ ਭਲਾ ਮਨਾਉਂਦੇ ਹਨ :

***ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥*** (ਵਾਰ ਛੇਵੀਂ)

ਇਸ ਲਈ ਮਨੁੱਖਤਾ ਉੱਪਰ ਜਦ ਵੀ ਭੀੜ ਪਈ ਤਾਂ ਸਿੱਖ ਸਮਾਜ ਨੇ ਬੀਮਾਰਾਂ, ਕਾਲ ਪੀੜਤਾਂ ਤੇ ਸਮੂਹ ਲੋੜਵੰਦਾਂ ਦੀ ਤਨੋ-ਮਨੋ-ਧਨੋ ਮਦਦ ਕੀਤੀ, ਕਿਉਂਕਿ ਗੁਰੂ ਸਾਹਿਬਾਂ ਦੀ ਸਿੱਖ ਨੂੰ ਇਹ ਮਹਾਨ ਸਿੱਖਿਆ ਹੈ। ਸਾਡੇ ਲੰਗਰਾਂ ਵਿਚ ਨਗਾਰਾ ਖੜਕਣਾ ਇਸ ਗੱਲ ਦਾ ਸੁਨੇਹਾ ਸੀ ਤੇ ਹੈ ਕਿ ਕੋਈ ਭੁੱਖਾ ਨਾ ਰਹੇ।

ਅੱਜ ਵੀ ਸਿੱਖ ਸਮਾਜ ਵਿਚ ਜੇ ਕਰ ਹਰ ਲੋੜਵੰਦ ਦੀ ਮਦਦ ਕਰਨ ਦੀ ਭਾਵਨਾ ਹੈ ਤਾਂ ਇਸ ਪਿੱਛੇ ਵੰਡ ਛਕਣ ਦੀ ਪ੍ਰੇਰਨਾ ਸ਼ਕਤੀ ਹੈ ਜੋ ਗੁਰੂ ਸਾਹਿਬਾਂ ਨੇ ਆਪਣੇ ਵਾਰਸਾਂ ਦੇ ਮਨਾਂ ਵਿਚ ਵਸਾਈ ਹੋਈ ਹੈ। ਇਸ ਲਈ ਸਿੱਖ ਧਰਮ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਸੁਨਹਿਰੀ ਸਿਧਾਂਤਾਂ ਨੇ ਵਿਸ਼ਵ ਦੇ ਧਰਮਾਂ ਵਿਚੋਂ ਮੂਹਰਲੀ ਕਤਾਰ ਵਿਚ ਖੜੇ ਹੋਣ ਦਾ ਮਾਣ ਦਿੱਤਾ ਹੈ ਤੇ ਵੰਡ ਛਕਣਾ ਮਨੁੱਖਤਾ ਦੇ ਪ੍ਰੇਮ ਦਾ ਵੱਡਾ ਸੂਤਰ ਹੈ।

*ਅਭਿਆਸ ਲਈ ਪ੍ਰਸ਼ਨ :—*

(ੳ) 'ਵੰਡ ਛਕਣਾ ਵਿਸ਼ੇ ਉੱਪਰ ਜਾਣਕਾਰੀ ਭਰਪੂਰ ਲੇਖ ਲਿਖੋ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : 'ਵੰਡ ਛਕਣ' ਤੋਂ ਕੀ ਭਾਵ ਹੈ ?

ਉੱਤਰ : ਵੰਡ ਛਕਣ ਤੋਂ ਭਾਵ ਆਪਣੀ ਕਿਰਤ ਕਮਾਈ ਦੁਆਰਾ ਆਪਣੀਆਂ ਪਰਿਵਾਰਕ ਲੋੜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਹੋਰ ਲੋੜਵੰਦਾਂ ਦੀ ਵੀ ਮਦਦ ਕਰਨੀ ਹੈ। ਸਤਿਗੁਰਾਂ ਦਾ ਫੁਰਮਾਣ ਹੈ, 'ਘਾਲਿ ਖਾਇ ਕਿਛੁ ਹਥਹੁ ਦੇਇ।' ਭਾਵ ਕਿਰਤ ਕਰਨੀ ਤੇ ਕੁਝ ਹੱਥੋਂ ਦੇ ਕੇ ਵੰਡ ਛਕਣਾ ਹੈ।

ਪ੍ਰਸ਼ਨ 2 : ਗੁਰਬਾਣੀ ਵਿੱਚ ਬੰਦਗੀ ਤੇ ਦਾਨ ਕਰਨ ਵਾਲਿਆਂ ਨੂੰ ਕਿਵੇਂ ਸੁਚੇਤ ਕੀਤਾ ਹੈ ?

ਉੱਤਰ : ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਫ਼ੁਰਮਾਣ ਹੈ : ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥ ਅਕਲੀ ਪੜ੍ਹਿ ਕੇ ਬੁਝੀਐ ਅਕਲੀ ਕੀਚੈ ਦਾਨੁ॥

ਭਾਵ ਪ੍ਰਭੂ ਦਾ ਸਿਮਰਨ ਤੇ ਦਾਨ ਕਰਦਿਆਂ ਮਨੁੱਖ ਦਾ ਸੁਚੇਤ ਹੋਣਾ ਜ਼ਰੂਰੀ ਹੈ।

ਪ੍ਰਸ਼ਨ 3 : ਉਸ ਪ੍ਰਭੂ ਦੀ ਦਾਤ ਨੂੰ ਵੰਡ ਕੇ ਛਕਣ ਨਾਲ ਕੀ ਹੁੰਦਾ ਹੈ ?

ਉੱਤਰ : ਸਤਿਗੁਰਾਂ ਨੇ ਸੰਸਾਰ ਨੂੰ ਪ੍ਰੇਰਨਾ ਦਿੱਤੀ ਕਿ ਵੰਡ ਕੇ ਛਕਣ ਨਾਲ ਉਸ ਪ੍ਰਭੂ ਦੀ ਦਾਤ ਵਿਚ ਤੋਟ ਨਹੀਂ ਆਉਂਦੀ, ਸਗੋਂ ਵਾਧਾ ਹੀ ਹੁੰਦਾ ਹੈ। ਫੁਰਮਾਨ ਹੈ :

ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥

ਪ੍ਰਸ਼ਨ 4: ਭਾਈ ਗੁਰਦਾਸ ਜੀ ਨੇ ਕਿਰਤ ਕਰਨ ਤੇ ਵੰਡ ਕੇ ਛਕਣ ਸੰਬੰਧੀ ਕੀ ਲਿਖਿਆ ਹੈ ?

ਉੱਤਰ : ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਗੁਰਮੁਖ ਜੀਵਨ ਨੂੰ ਸਫ਼ਲ ਕਰਨ ਲਈ ਧਰਮ ਦੀ ਕਿਰਤ ਕਰਦੇ ਤੇ ਦੂਜਿਆਂ ਨਾਲ ਵੰਡ ਕੇ ਛਕਦੇ, ਭਾਵ ਹੱਥੋਂ ਦੇ ਕੇ ਭਲਾ ਮਨਾਉਂਦੇ ਹਨ। ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥

ਪ੍ਰਸ਼ਨ 5 : ਸਿੱਖ ਧਰਮ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਸਿਧਾਂਤਾਂ ਨੇ ਕੀ ਮਾਣ ਦਿੱਤਾ ?

ਉੱਤਰ : ਸਤਿਗੁਰਾਂ ਦੇ ਬਖ਼ਸ਼ੇ ਇਨ੍ਹਾਂ ਸਿਧਾਂਤਾਂ ਨੇ ਸਿੱਖ ਧਰਮ ਨੂੰ ਵਿਸ਼ਵ ਦੇ ਧਰਮਾਂ ਵਿਚੋਂ ਮੂਹਰਲੀ ਕਤਾਰ ਵਿਚ ਖੜੇ ਹੋਣ ਦਾ ਮਾਣ ਦਿੱਤਾ ਹੈ। 'ਵੰਡ ਛਕਣਾ' ਮਨੁੱਖਤਾ ਦੇ ਪ੍ਰੇਮ ਦਾ ਵੱਡਾ ਸੂਤਰ ਹੈ।

~~~~~~~~~~~~~~~~~~~~
~~~~~~~~~~~~~~~~~~~~

# ਸਾਧ ਸੰਗਤ

ਗੁਰਬਾਣੀ ਵਿਚ ਸਾਧ ਅਤੇ ਸੰਤ ਸ਼ਬਦ ਸਮਾਨ ਅਰਥਾਂ ਵਿਚ ਅਨੇਕ ਵਾਰ ਆਏ ਹਨ। ਸਾਧ ਜਾਂ ਸਾਧੂ ਤੋਂ ਭਾਵ ਧਰਮ ਦੇ ਰਸਤੇ ਉੱਪਰ ਚੱਲਣ ਵਾਲੇ ਭਲੇ ਪੁਰਸ਼ ਤੋਂ ਹੈ। ਸੰਗਤ ਦੇ ਸ਼ਬਦੀ ਅਰਥ ਹਨ ਮੇਲ ਜਾਂ ਮਿਲ ਬੈਠਣਾ। ਸਾਧ ਸੰਗਤ ਤੋਂ ਭਾਵ ਉਤਮ ਲੋਕਾਂ ਦਾ ਮਿਲ ਬੈਠਣਾ ਹੈ।

ਸਿੱਖ ਧਰਮ ਵਿਚ ਸਾਧ ਸੰਗਤ ਨੂੰ ਸਿੱਖੀ ਆਚਰਣ ਦਾ ਮੁੱਖ ਅਧਾਰ ਮੰਨਿਆਂ ਗਿਆ ਹੈ। ਹਰ ਸਿੱਖ ਰੋਜ਼ਾਨਾ ਅਰਦਾਸ ਵਿਚ ਇਹ ਮੰਗ ਕਰਦਾ ਹੈ :

***ਸੋਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ।***

ਇਸ ਲਈ ਗੁਰਮੁਖ ਪਿਆਰਿਆਂ ਦੇ ਇਕੱਠ ਦਾ ਨਾਮ ਹੀ ਸਤਿਸੰਗਤ ਜਾਂ ਸਾਧ ਸੰਗਤ ਹੈ। ਸੰਗਤ ਕੀ ਹੈ ਅਤੇ ਇਸ ਬਾਰੇ ਕਥਨ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

***ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥*** (ਪੰਨਾ ੭੨)

ਸਤਿਸੰਗਤ ਜਾਂ ਸਾਧ ਸੰਗਤ ਉਹ ਹੈ ਜਿੱਥੇ ਕੇਵਲ ਇਕ ਪ੍ਰਭੂ ਦੇ ਨਾਮ ਦੀ ਹੀ ਵਿਚਾਰ ਚਰਚਾ ਜਾਂ ਬੰਦਗੀ ਹੋਵੇ। ਇਸ ਤਰ੍ਹਾਂ ਗੁਰੂ ਦੀ ਕਿਰਪਾ ਨਾਲ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨ ਰੂਪੀ ਸੁੱਕੀ ਟਾਹਣੀ ਵੀ ਹਰੀ ਹੋ ਜਾਂਦੀ ਹੈ। ਇਹ ਸੁੱਕੇ ਕੱਖਾਂ ਦੇ ਹਰੇ ਹੋਣ ਦੇ ਸਮਾਨ ਹੈ। ਸਤਿਸੰਗਤ ਦੀ ਮਹਿਮਾ ਅਸੀਂ ਰੋਜ਼ਾਨਾ ਰਹਰਾਸਿ ਬਾਣੀ ਦਾ ਪਾਠ ਕਰਦੇ ਹੋਏ, ਪੜ੍ਹਦੇ ਤੇ ਸੁਣਦੇ ਹਾਂ :

***ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥***
***ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥*** (ਪੰਨਾ ੧੦)

ਸਿਆਣਿਆਂ ਦਾ ਕਥਨ ਹੈ ਕਿ ਆਮ ਮਨੁੱਖ ਦੀ ਜੀਵਨ ਘਾੜਤ ਵਿਚ ਤਿੰਨ ਪ੍ਰਕਾਰ ਦੇ ਸੰਸਕਾਰਾਂ ਦਾ ਹਿੱਸਾ ਹੁੰਦਾ ਹੈ। ਕੁਝ ਸੰਸਕਾਰ ਮਨੁੱਖ ਆਪਣੇ ਮਾਤਾ-ਪਿਤਾ ਤੋਂ ਲੈਂਦਾ ਹੈ। ਦੂਸਰਾ ਸਮਾਜਿਕ ਪ੍ਰਾਣੀ ਹੋਣ ਕਰਕੇ ਮਨੁੱਖ ਦੂਸਰੇ ਦੀ ਸੰਗਤ ਤੇ ਵਿਚਾਰਾਂ ਦਾ ਪ੍ਰਭਾਵ ਬਹੁਤ ਜਲਦੀ ਕਬੂਲਦਾ ਹੈ। ਤੀਸਰਾ ਇਹ ਨਿੱਜੀ ਅਨੁਭਵ ਜਾਂ ਤਜ਼ਰਬੇ ਰਾਹੀਂ ਆਪੇ ਦਾ ਵਿਕਾਸ ਕਰਦਾ ਹੈ।

ਹੁਣ ਇਹਨਾਂ ਤਿੰਨਾਂ ਵਿਚੋਂ ਹੀ ਸੰਗਤ ਦਾ ਅਸਰ ਵਧੇਰੇ ਹੁੰਦਾ ਹੈ। ਮਨੁੱਖੀ ਜੀਵਨ ਦਾ ਅਧਾਰ ਉਸ ਦੇ ਵਿਚਾਰ ਹੁੰਦੇ ਹਨ। ਇਸ ਪ੍ਰਕਾਰ ਕਿਸੇ ਮਨੁੱਖ ਦੀ ਜੀਵਨ ਉਸਾਰੀ ਵਿਚ ਸੰਗਤ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਉਤਮ ਪੁਰਖਾਂ ਦੀ ਸੰਗਤ ਆਤਮਿਕ ਉਨਤੀ ਲਈ ਵੱਡਾ ਸਾਧਨ ਹੈ।

ਸਾਡਾ ਲੋਕ ਮੁਹਾਵਰਾ ਹੈ, 'ਜੈਸੀ ਸੰਗਤ ਵੈਸੀ ਰੰਗਤ'। ਭਗਤ ਕਬੀਰ ਜੀ ਤਾਂ ਮਨੁੱਖੀ ਮਨ ਨੂੰ ਪੰਛੀ ਦੀ ਤਰ੍ਹਾਂ ਮੰਨਦੇ ਹਨ। ਇਹ ਉਡ-ਉਡ ਕੇ ਦਸ ਦਿਸ਼ਾਵਾਂ ਵੱਲ ਜਾਂਦਾ ਹੈ। ਜਿਸ ਤਰ੍ਹਾਂ ਦਾ ਇਸ ਨੂੰ ਸੰਗਤ ਵਿਚੋਂ ਵਿਚਾਰਾਂ ਦਾ ਭੋਜਨ ਮਿਲਦਾ ਹੈ, ਉਸੇ ਤਰ੍ਹਾਂ ਦਾ ਹੋ ਜਾਂਦਾ ਹੈ।

***ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥***
***ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥***

(ਪੰਨਾ ੧੩੬੯)

ਇਸ ਦਾ ਭਾਵ ਕਿ ਬੁਰੀ ਸੰਗਤ ਮਨੁੱਖ ਨੂੰ ਬੁਰਾ ਬਣਾ ਦਿੰਦੀ ਹੈ ਅਤੇ ਚੰਗੀ ਸੰਗਤ ਤੋਂ ਚੰਗਾ ਪ੍ਰਭਾਵ ਕਬੂਲ ਕਰ ਲੈਂਦਾ ਹੈ। ਇਸੇ ਲਈ ਸਿੱਖ ਧਰਮ ਵਿਚ ਸਾਧ ਸੰਗਤ ਭਾਵ ਉਤਮ ਪੁਰਖਾਂ ਦੀ ਸੰਗਤ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਪਿਛੋਕੜ ਵਿਚ ਜਾਈਏ ਤਾਂ ਹਿੰਦੁਸਤਾਨ ਦੇ ਪੁਰਾਣੇ ਮੱਤਾਂ ਵਿਚ ਨਿੱਜੀ ਜਾਂ ਵਿਅਕਤੀਗਤ ਆਚਰਣ ਦੀ ਉਸਾਰੀ ਉੱਪਰ ਹੀ ਬਹੁਤਾ ਜ਼ੋਰ ਦਿੱਤਾ ਗਿਆ ਸੀ। ਰਿਸ਼ੀਆਂ ਦਾ ਜੰਗਲਾਂ ਵਿਚ ਤਪ ਕਰਨਾ, ਜੋਗੀਆਂ ਦਾ ਸਮਾਧੀ ਲਾ ਕੇ ਬੈਠਣਾ, ਮੰਦਰਾਂ ਵਿਚ ਸਿਰਫ਼ ਠਾਕੁਰ ਜਾਂ ਪੁਜਾਰੀ ਲਈ ਥਾਂ ਹੋਣੀ ਇਹ ਸਭ ਇਸ ਵਿਚਾਰ ਦੇ ਪ੍ਰਤੀਕ ਹਨ ਕਿ ਸਤਿਸੰਗਤ ਦਾ ਰੁਝਾਨ ਨਹੀਂ ਸੀ। ਗੁਰੂ ਸਾਹਿਬਾਂ ਨੇ ਰੋਜ਼ਾਨਾ ਹੀ ਸਤਿਸੰਗਤ ਕਰਨ ਦਾ ਉਪਦੇਸ਼ ਦੇ ਕੇ ਸਮਾਨਤਾ ਤੇ ਜਮਾਤੀ ਆਚਰਣ ਦੀ ਉਸਾਰੀ ਲਈ ਸੇਧ ਦਿੱਤੀ। ਸਿੱਖ ਸੰਗਤ ਵਿਚ ਇਹ ਸ਼ੁੱਭ ਭਾਵਨਾ ਕੰਮ ਕਰਦੀ ਹੈ ਕਿ ਸੰਗਤ ਵਿਚ ਵਾਹਿਗੁਰੂ ਤੇ ਗੁਰੂ ਨਿਵਾਸ ਕਰਦੇ ਹਨ। ਇਹ ਸਿਧਾਂਤ ਸਿੱਖੀ ਦਾ ਹੈ :

***ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ॥***

(ਪੰਨਾ੧੩੧੪)

ਸਿੱਖ ਧਰਮ ਵਿਚ ਮਨੁੱਖ ਨੂੰ ਕਰਮ ਯੋਗੀ ਬਣਾਇਆ ਹੈ। ਇਕਾਂਤ ਵਿਚ ਰਹਿਣ ਨਾਲ ਮਨ ਕੋਈ ਵਧੇਰੇ ਕਾਬੂ ਨਹੀਂ ਆਉਂਦਾ। ਸਤਿਗੁਰਾਂ ਨੇ ਸਿੱਖ ਨੂੰ ਇਕਾਂਤ ਦੀ ਥਾਂ ਸਤਿਸੰਗਤ ਅਤੇ ਸੰਨਿਆਸ ਦੀ ਥਾਂ ਗ੍ਰਹਿਸਤ ਮਾਰਗ ਧਾਰਨਾ ਦੱਸਿਆ ਹੈ। ਸਤਿਸੰਗਤ ਵਿਚ ਸ਼ੁਭ ਗੁਣ ਪੈਦਾ ਹੁੰਦੇ ਹਨ ਤੇ ਅਉਗਣ ਦੂਰ ਹੁੰਦੇ ਹਨ।

***ਊਤਮ ਸੰਗਤਿ ਊਤਮੁ ਹੋਵੈ॥ਗੁਣ ਕਉ ਧਾਵੈ ਅਵਗਣ ਧੋਵੈ॥*** (ਪੰਨਾ ੪੧੪)

ਸਭ ਤੋਂ ਵੱਡੀ ਗੱਲ ਕਿ ਮਨੁੱਖੀ ਮਨ ਸ਼ੀਸ਼ੇ ਦੀ ਤਰ੍ਹਾਂ ਹੈ। ਇਸ ਵਿਚ ਜਿਹਾ ਅਕਸ਼ ਪਵੇਗਾ ਉਹੋ ਜਿਹਾ ਹੀ ਦਿੱਸੇਗਾ। ਜਾਂ ਕਹਿ ਲਉ ਮਨੁੱਖੀ ਮਨ ਪਾਣੀ ਦੀ ਤਰ੍ਹਾਂ ਹੈ, ਇਸ

ਵਿਚ ਕੋਈ ਰੰਗ ਘੋਲ ਦਿਉ, ਉਸੇ ਦਾ ਰੂਪ ਹੀ ਹੋ ਜਾਵੇਗਾ। ਇਸੇ ਲਈ ਸਾਧ ਸੰਗਤ ਕਰਨ ਦੀ ਵਾਰ-ਵਾਰ ਪ੍ਰੇਰਨਾ ਕੀਤੀ ਗਈ ਹੈ। ਕਈ ਵਾਰ ਮਨੁੱਖ ਚੰਗਾ ਹੁੰਦਾ ਹੈ ਤੇ ਅਨਜਾਣੇ ਵਿਚ ਸੰਗਤ ਬੁਰੀ ਹੋ ਜਾਵੇ ਤਾਂ ਉਸ ਦਾ ਨੁਕਸਾਨ ਹੋ ਜਾਂਦਾ ਹੈ। ਇਸ ਨੂੰ ਕੁਸੰਗਤ ਦੀ ਮਾਰ ਕਿਹਾ ਜਾਂਦਾ ਹੈ। ਭਗਤ ਕਬੀਰ ਜੀ ਨੇ ਇਕ ਸਲੋਕ ਵਿਚ ਅਜਿਹਾ ਹੀ ਰੂਪਕ ਚਿਤਰਿਆ ਹੈ ਕਿ ਬੇਰੀ ਦੇ ਰੁੱਖ ਪਾਸ ਉਗੇ ਹੋਏ ਕੇਲੇ ਦੇ ਬੂਟੇ ਦਾ ਕੀ ਹਾਲ ਹੁੰਦਾ ਹੈ। ਬੇਰੀ ਹਵਾ ਚੱਲੀ ਤੋਂ ਝੂਲਦੀ ਹੈ ਤੇ ਉਸ ਦੇ ਕੰਡਿਆਂ ਨਾਲ ਕੇਲੇ ਦੇ ਕੋਮਲ ਪੱਤੇ ਚੀਰੇ ਜਾਂਦੇ ਹਨ। ਇਸੇ ਤਰ੍ਹਾਂ ਚੰਗੇ ਮਨੁੱਖ ਦਾ ਕਈ ਵਾਰ ਭੈੜੇ ਮਨੁੱਖ ਪਾਸ ਬੈਠਣ ਨਾਲ ਹੀ ਨੁਕਸਾਨ ਹੋ ਜਾਂਦਾ ਹੈ। ਫੁਰਮਾਣ ਹੈ :

***ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟ ਜੁ ਬੇਰਿ॥***
***ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥*** (ਪੰਨਾ ੧੩੬੯)

ਇਸੇ ਲਈ ਭਲੇ ਪੁਰਸ਼ਾਂ ਨੇ ਪੰਜਾਂ ਦੀ ਸੰਗਤ ਤੋਂ ਵਰਜਿਆ ਹੈ। ਝੂਠੇ ਆਦਮੀ ਦੀ ਸੰਗਤ ਨਾ ਕਰੋ, ਧੋਖਾ ਦੇਵੇਗਾ। ਦੂਜਾ ਮੂਰਖ ਦੀ ਸੰਗਤ ਤੋਂ ਬਚੋ, ਨੁਕਸਾਨ ਹੀ ਹੋਵੇਗਾ। ਤੀਜਾ ਕੰਜੂਸ ਦੀ ਸੰਗਤ ਤੋਂ ਬਚੋ, ਉਹ ਮਨ ਦਾ ਕਠੋਰ ਹੁੰਦਾ ਹੈ। ਚੌਥਾ ਕਾਇਰ ਜਾਂ ਡਰਪੋਕ ਦੀ ਸੰਗਤ ਨਾ ਕਰੋ, ਉਹ ਤੁਹਾਨੂੰ ਢਹਿੰਦੀ ਕਲਾ ਵਾਲਾ ਬਣਾ ਦੇਵੇਗਾ। ਪੰਜਵਾਂ ਦੁਸ਼ਟ ਦੀ ਸੰਗਤ ਤੋਂ ਬਚੋ, ਉਹ ਕਿਸੇ ਦਾ ਭਲਾ ਨਹੀਂ ਕਰ ਸਕਦਾ। ਇਸ ਦੇ ਨਾਲ ਸਮੂਹ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਕਿਸੇ ਨਸ਼ੇੜੀ, ਨਿਕੰਮੇ, ਨਲਾਇਕ, ਨਾਸਤਿਕ ਤੇ ਨਾਂਹਵਾਚੀ ਸੋਚ ਵਾਲੇ ਦੀ ਭੁੱਲ ਕੇ ਵੀ ਸੰਗਤ ਨਾ ਕਰਨ। ਦੂਜੇ ਪਾਸੇ ਭਲੇ ਲੋਕਾਂ ਦੀ ਸੰਗਤ ਕਰਨ ਨਾਲ ਸਮਾਜ ਵਿਚ, ਪਰਿਵਾਰ ਵਿਚ ਤੇ ਸੰਸਾਰ ਵਿਚ ਸ਼ੋਭਾ ਮਿਲਦੀ ਹੈ।

ਇਸ ਲਈ ਜਦੋਂ ਵੀ ਸਮਾਂ ਮਿਲੇ ਸਤਿਸੰਗਤ ਜ਼ਰੂਰ ਕਰਨੀ ਹੈ। ਸਾਧ ਸੰਗਤ ਕਰਨੀ ਆਪਣਾ ਵਿਕਾਸ ਹੈ। ਮਨੁੱਖ ਦੇ ਵਿਚਾਰਾਂ ਵਿਚੋਂ ਜਾਤ ਪਾਤ, ਊਚ ਨੀਚ ਤੇ ਛੂਤ ਛਾਤ ਦੇ ਭਰਮ ਤੇ ਵਿਤਕਰਾ ਦੂਰ ਹੁੰਦਾ ਹੈ। ਸਾਧ ਸੰਗਤ ਵਿਚ ਨਿਮਰਤਾ ਤੇ ਸਮਝ ਆਉਂਦੀ ਹੈ ਕਿ ਅਸੀਂ ਸਾਰੇ ਇਕ ਪਰਮਾਤਮਾ ਦੀ ਸੰਤਾਨ ਹਾਂ। ਇਸ ਤਰ੍ਹਾਂ ਦਯਾ, ਧਰਮ, ਸ਼ਰਧਾ, ਭਾਵਨਾ ਵਿਚ ਪ੍ਰਪੱਕਤਾ ਆਉਂਦੀ ਹੈ। ਮਨੁੱਖਤਾ ਦਾ ਇਕੱਠੇ ਮਿਲ ਕੇ ਬੈਠਣਾ ਹੀ ਵੱਡਾ ਵਿਕਾਸ ਹੈ। 'ਏਕ ਨੂਰ ਤੇ ਸਭਿ ਜਗ ਉਪਜਿਆ' ਅਤੇ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੀਆਂ ਸ਼ੁੱਭ ਭਾਵਨਾਵਾਂ ਸਾਧ ਸੰਗਤ ਵਿਚ ਹੀ ਪ੍ਰਪੱਕ ਹੁੰਦੀਆਂ ਹਨ। ਸਿੱਖ ਧਰਮ ਵਿਚ ਸਾਧ ਸੰਗਤ ਆਤਮਿਕ ਉਨਤੀ, ਸਮਾਜਿਕ ਤਰੱਕੀ ਤੇ ਸਾਂਝੇ ਕੌਮੀ ਜੀਵਨ ਦੀ ਉਸਾਰੀ ਲਈ ਅੱਤ ਜ਼ਰੂਰੀ ਹੈ। ਇਸੇ ਸੰਬੰਧੀ ਸਤਿਗੁਰੂ ਪੰਚਮ ਪਾਤਸ਼ਾਹ ਜੀ ਦਾ ਉਪਦੇਸ਼ ਹੈ :

***ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ॥੧ ਰਹਾਉ॥***
***ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥***

(ਪੰਨਾ ੧੨੯੯)

*ਅਭਿਆਸ ਲਈ ਪ੍ਰਸ਼ਨ :—*

(ੳ) 'ਸਾਧ ਸੰਗਤ' ਦੀ ਮਹਾਨਤਾ ਸੰਬੰਧੀ ਚਾਨਣਾ ਪਾਓ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : 'ਸਾਧ ਸੰਗਤ' ਤੋਂ ਕੀ ਭਾਵ ਹੈ ?

ਉੱਤਰ : ਸਾਧ ਜਾਂ ਸਾਧੂ ਤੋਂ ਭਾਵ ਧਰਮ ਦੇ ਰਸਤੇ ਉੱਪਰ ਚਲਣ ਵਾਲੇ ਉਹਨਾਂ ਭਲੇ ਪੁਰਸ਼ਾਂ ਤੋਂ ਹੈ ਜਿਨ੍ਹਾਂ ਨੇ ਆਪਣੀਆਂ ਗਿਆਨ ਤੇ ਕਰਮ ਇੰਦਰੀਆਂ ਨੂੰ ਸਾਧਿਆ ਹੋਇਆ ਹੈ। ਇਸ ਲਈ ਸਾਧ ਸੰਗਤ ਤੋਂ ਭਾਵ ਉਤਮ ਲੋਕਾਂ ਦੀ ਸੰਗਤ ਹੈ।

ਪ੍ਰਸ਼ਨ 2 : ਸਾਧ ਸੰਗਤ ਜਾਂ ਸਤ ਸੰਗਤ ਕਿਸ ਨੂੰ ਕਿਹਾ ਜਾਂਦਾ ਹੈ ?

ਉੱਤਰ : ਸਾਧ ਸੰਗਤ ਜਾਂ ਸਤਸੰਗਤ ਉਹ ਹੈ ਜਿੱਥੇ ਕੇਵਲ ਪ੍ਰਭੂ ਦੇ ਨਾਮ ਦੀ ਹੀ ਵਿਚਾਰ ਚਰਚਾ ਜਾਂ ਬੰਦਗੀ ਹੋਵੇ। ਫੁਰਮਾਨ ਹੈ :

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥

ਪ੍ਰਸ਼ਨ 3 : ਸਾਧ ਸੰਗਤ ਜਾਂ ਸਤਸੰਗਤ ਦੀ ਮਹਿਮਾ ਸਬੰਧੀ ਅਸੀਂ ਰੋਜ਼ਾਨਾ ਰਹਰਾਸਿ ਬਾਣੀ ਵਿਚ ਕੀ ਪੜ੍ਹਦੇ ਤੇ ਸੁਣਦੇ ਹਾਂ ?

ਉੱਤਰ : ਇਸ ਸੰਬੰਧੀ ਅਸੀਂ ਰੋਜ਼ਾਨਾ ਰਹਰਾਸਿ ਬਾਣੀ ਵਿਚ ਪੜ੍ਹਦੇ ਤੇ ਸੁਣਦੇ ਹਾਂ :

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥

ਪ੍ਰਸ਼ਨ 4 : 'ਸਾਧ ਸੰਗਤ' ਕਰਨ ਨਾਲ ਮਨੁੱਖ ਨੂੰ ਕੀ ਲਾਭ ਹੁੰਦਾ ਹੈ ?

ਉੱਤਰ : ਸਾਧ ਸੰਗਤ ਕਰਨ ਨਾਲ ਮਨੁੱਖ ਦੇ ਵਿਚਾਰਾਂ ਵਿਚੋਂ ਜਾਤ ਪਾਤ, ਊਚ ਨੀਚ ਤੇ ਛੂਤ ਛਾਤ ਦੇ ਭਰਮ ਤੇ ਵਿਤਕਰਾ ਦੂਰ ਹੁੰਦਾ ਹੈ। ਸਾਧ ਸੰਗਤ ਵਿਚ ਨਿਮਰਤਾ ਤੇ ਸਮਝ ਆਉਂਦੀ ਹੈ ਕਿ ਅਸੀਂ ਸਾਰੇ ਇਕ ਪਰਮਾਤਮਾ ਦੀ ਸੰਤਾਨ ਹਾਂ। ਇਸ ਤਰ੍ਹਾਂ ਦਯਾ, ਧਰਮ, ਸ਼ਰਧਾ ਤੇ ਭਾਵਨਾ ਵਿਚ ਪ੍ਰਪੱਕਤਾ ਆਉਂਦੀ ਹੈ।

ਪ੍ਰਸ਼ਨ 5 : 'ਸਾਧ ਸੰਗਤ' ਦੀ ਮਹਿਮਾ ਸੰਬੰਧੀ ਪੰਚਮ ਪਾਤਸ਼ਾਹ ਜੀ ਦਾ ਕੀ ਫੁਰਮਾਨ ਹੈ ?

ਉੱਤਰ : ਸਾਧ ਸੰਗਤ ਦੀ ਮਹਿਮਾਂ ਸੰਬੰਧੀ ਸਤਿਗੁਰਾਂ ਦਾ ਫੁਰਮਾਨ ਹੈ :

ਬਿਸਰਿ ਗਈ ਸਭਿ ਤਾਤਿ ਪਰਾਈ॥
ਜਬ ਤੇ ਸਾਧ ਸੰਗਤਿ ਮੋਹਿ ਪਾਈ॥ ੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

~~~~~~~~~~~~~~~~~~~~
~~~~~~~~~~~~~~~~~~~~

# ਸਿਮਰਨ

ਸਿਮਰਨ ਤੋਂ ਭਾਵ ਯਾਦ ਕਰਨਾ ਹੈ। ਇਸ ਪ੍ਰਕਾਰ ਵਾਹਿਗੁਰੂ ਦੇ ਗੁਣਾਂ ਨੂੰ ਮਨ ਵਿਚ ਵਸਾ ਕੇ ਉਹਨਾਂ ਗੁਣਾਂ ਨੂੰ ਵਾਰ-ਵਾਰ ਯਾਦ ਕਰਨਾ ਸਿਮਰਨ ਹੈ। ਗੁਰਮਤਿ ਅਨੁਸਾਰ ਪ੍ਰਭੂ ਮਿਲਾਪ ਦੀ ਸਹੀ ਵਿਧੀ ਸਿਮਰਨ ਹੈ। ਇਕ ਗੱਲ ਵਿਚਾਰਨ ਵਾਲੀ ਹੈ ਕਿ ਕੋਈ ਵੀ ਕਿਸੇ ਨੂੰ ਕਦੋਂ ਯਾਦ ਕਰਦਾ ਹੈ ? ਉਹ ਉਸ ਸਮੇਂ ਕਰਦਾ ਹੈ ਜਦੋਂ ਉਸ ਨੂੰ ਮਹਿਸੂਸ ਹੋਵੇ ਕਿ ਮੈਂ ਉਸ ਪਾਸੋਂ ਵਿਛੜਿਆ ਹੋਇਆ ਹਾਂ। ਜੇ ਕਰ ਵਿਛੋੜੇ ਦਾ ਹੀ ਅਹਿਸਾਸ ਨਹੀਂ ਤਾਂ ਯਾਦ ਜਾਂ ਸਿਮਰਨ ਕਰਨ ਦੀ ਜ਼ਰੂਰਤ ਹੀ ਖ਼ਤਮ ਹੋ ਜਾਂਦੀ ਹੈ। ਇਸੇ ਲਈ ਬਿਰਹੋਂ ਜਾਂ ਵਿਛੋੜੇ ਨੂੰ ਸੁਲਤਾਨ ਕਿਹਾ ਗਿਆ ਹੈ। ਬਾਬਾ ਫ਼ਰੀਦ ਜੀ ਫੁਰਮਉਂਦੇ ਹਨ :

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥***

(ਪੰਨਾ ੧੩੭੯)

ਭਾਵ ਜਿਸ ਸਰੀਰ ਵਿਚ ਪਭੂ ਵਿਛੋੜੇ ਦਾ ਅਹਿਸਾਸ ਹੀ ਨਹੀਂ, ਉਹ ਤਾਂ ਫਿਰ ਸ਼ਮਸ਼ਾਨ ਘਾਟ ਦੀ ਤਰ੍ਹਾਂ ਹੈ।

ਹੁਣ ਸਵਾਲ ਇਹ ਹੋਵੇਗਾ ਕਿ ਸਿਮਰਨ ਦੀ ਲੋੜ ਕਿਉਂ ਹੈ ? ਗੁਰਮਤਿ ਅਨੁਸਾਰ ਆਤਮਾ, ਪਰਮਾਤਮਾ ਦਾ ਅੰਸ਼ ਹੈ। ਇਹ ਸਾਗਰ ਵਿਚੋਂ ਪਾਣੀ ਦੀ ਬੂੰਦ ਦੇ ਵੱਖਰਾ ਹੋ ਜਾਣ ਵਾਂਗ ਪਰਮ ਆਤਮਾ ਤੋਂ ਅਲੱਗ ਹੋ ਗਈ ਹੈ। ਇਹ ਜੁਦਾ ਹੋਈ ਆਤਮਾ ਨੂੰ ਸੰਸਾਰ ਦੇ ਰਸਾਂ ਕਸਾਂ ਰੂਪੀ ਮਾਇਆ ਨੇ ਏਨਾ ਪ੍ਰਭਾਵਤ ਕਰ ਲਿਆ ਹੈ ਕਿ ਇਹ ਆਪਣੇ ਅਸਲੇ ਨੂੰ ਭੁੱਲ ਗਈ ਹੈ। ਇਸ ਲਈ ਗੁਰਬਾਣੀ ਵਿਚ ਮਨੁੱਖ ਨੂੰ ਪ੍ਰੇਰਿਆ ਗਿਆ ਹੈ :

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***

(ਪੰਨਾ ੪੪੧)

ਇਸ ਲਈ ਆਪਣਾ ਮੂਲ ਪਹਿਚਾਣ ਕੇ ਪ੍ਰਭੂ ਨਾਲ ਲਿਵ ਜੋੜਨ ਲਈ ਸਿਮਰਨ ਜ਼ਰੂਰੀ ਹੈ। ਵਿਛੋੜੇ ਦਾ ਮਿਲਾਪ ਸਿਮਰਨ ਨਾਲ ਹੀ ਹੋ ਸਕਦਾ ਹੈ। ਯਾਦ ਕਰਨਾ ਜਾਂ ਸਿਮਰਨ ਇਕ ਅਜਿਹੀ ਸ਼ਕਤੀ ਹੈ, ਜਿਸ ਦਾ ਉੱਤਰ ਇਤਿਹਾਸਕ ਸਾਖੀਆਂ ਵਿਚ ਵੀ ਮਿਲਦਾ ਹੈ। ਬੇਬੇ ਨਾਨਕੀ ਜੀ ਦੀ ਨਿੱਘੀ ਯਾਦ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਬਗਦਾਦ ਵਿਚ ਬੈਠੇ ਪ੍ਰੇਰਨਾ ਦੇ ਰਹੀ ਹੈ ਤੇ ਉਹ ਫੁਰਮਾਉਂਦੇ ਹਨ ਕਿ ਮਰਦਾਨਿਆਂ !

ਬੇਬੇ ਯਾਦ ਕਰਦੀ ਹੈ। ਸਿਮਰਨ ਆਪਣੇ ਆਪ ਵਿਚ ਇਕ ਗੁਪਤ ਸ਼ਕਤੀ ਹੈ, ਜਿਸ ਨਾਲ ਆਤਮਿਕ ਬਲ ਪ੍ਰਾਪਤ ਹੁੰਦਾ ਹੈ। ਸੁਖਮਨੀ ਸਾਹਿਬ ਬਾਣੀ ਵਿਚ ਸਤਿਗੁਰਾਂ ਦਾ ਫੁਰਮਾਨ ਹੈ :

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥***

(ਪੰਨਾ ੨੬੨)

ਭਾਵ ਪਰਮਾਤਮਾ ਨੂੰ ਸਿਮਰੋ ਤੇ ਸਿਮਰਨ ਕਰ-ਕਰ ਕੇ ਸੁੱਖਾਂ ਦੀ ਪ੍ਰਾਪਤੀ ਕਰੋ। ਸਿਮਰਨ ਨਾਲ ਸਰੀਰ ਦੇ ਦੁੱਖ ਤੇ ਕਸ਼ਟ ਮਿਟਦੇ ਹਨ। ਸਿਮਰਨ ਦੀ ਇਸ ਲਈ ਵੀ ਜ਼ਰੂਰਤ ਹੈ ਕਿ ਜਿਸ ਦਾ ਅਸੀਂ ਸਿਮਰਨ ਕਰਨਾ ਹੈ, ਉਹ ਵੱਡਾ ਸਮਰੱਥ ਹੈ। ਸਿਮਰਨ ਨਾਲ ਉਸ ਵੱਡੇ ਦਾਤੇ ਦੀ ਬਖ਼ਸ਼ਿਸ਼ ਤੇ ਆਪਣੀ ਤੁਛਤਾ ਦਾ ਅਹਿਸਾਸ ਹੁੰਦਾ ਹੈ। ਇਸ ਨਾਲ ਨਿਮਰਤਾ ਤੇ ਹਲੀਮੀ ਆਉਂਦੀ ਹੈ ਅਤੇ ਮਨੁੱਖ ਸਤਿ-ਸੰਤੋਖ ਜਿਹੇ ਗੁਣਾਂ ਦਾ ਧਾਰਨੀ ਹੁੰਦਾ ਹੈ। ਸਿਮਰਨ ਵਿਚ ਸਾਧਕ ਏਨਾ ਮਗਨ ਹੋ ਜਾਂਦਾ ਹੈ ਕਿ ਉਹ ਸੰਸਾਰਕ ਕੰਮ ਕਾਰ ਕਰਦਾ ਹੋਇਆ ਵੀ ਸਿਮਰਨ ਕਰੀ ਜਾਂਦਾ ਹੈ। ਗੁਰਬਾਣੀ ਵਿਚ ਸਿਮਰਨ ਬਾਰੇ ਬੇਅੰਤ ਪੰਕਤੀਆਂ ਹਨ।

***ਤੈਡੇ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ॥***

(ਪੰਨਾ ੫੨੦)

ਭਾਵ, ਹੇ ਪ੍ਰਭੂ ! ਤੇਰੇ ਸਿਮਰਨ ਨਾਲ ਸਭ ਕੁਛ ਪ੍ਰਾਪਤ ਹੋਇਆ ਹੈ ਅਤੇ ਕੋਈ ਮੁਸ਼ਕਲ ਨਹੀਂ ਆਈ। ਇਸ ਲਈ ਸਿਮਰਨ ਦੀ ਸ਼ਕਤੀ ਨੂੰ ਸਮਝਣਾ ਜ਼ਰੂਰੀ ਹੈ।

ਹੁਣ ਸਿਮਰਨ ਕਰਨ ਲਈ ਸਾਧਕ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਮੁੱਖ ਗੱਲ ਉਦਮੀ ਤੇ ਸਾਵਧਾਨ ਹੋਣਾ ਜ਼ਰੂਰੀ ਹੈ। ਉਦਮੀ-ਤੰਦਰੁਸਤ ਸਰੀਰ ਬਿਨਾ ਨਹੀਂ ਹੋ ਸਕਦਾ। ਇਸ ਲਈ ਰੋਗੀ, ਨਸ਼ਈ ਤੇ ਵਿਸ਼ਈ ਮਨੁੱਖ ਸਾਵਧਾਨ ਨਹੀਂ ਹੋਵੇਗਾ। ਫੁਰਮਾਨ ਹੈ :

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***

(ਪੰਨਾ ੬੧੧)

ਭਾਵ ਪਹਿਲਾਂ ਇਸ਼ਨਾਨ ਕਰਨਾ ਤੇ ਫਿਰ ਸਿਮਰਨ ਕਰਨਾ ਹੈ। ਇਸ ਪ੍ਰਕਾਰ ਮਨ ਤੇ ਤਨ ਅਰੋਗ ਰਹਿੰਦੇ ਹਨ। ਤਨ ਦੀ ਪਵਿੱਤਰਤਾ ਲਈ ਪਾਣੀ ਹੈ ਅਤੇ ਮਨ ਦੀ ਪਵਿੱਤਰਤਾ ਲਈ ਬਾਣੀ ਹੈ। ਇਹ ਵਿਚਾਰਨ ਵਾਲਾ ਨੁਕਤਾ ਹੈ ਕਿ ਕੁਦਰਤ ਦੀ ਹਰ ਵਸਤ ਇਕ ਪੱਕੇ ਨਿਯਮ ਵਿਚ ਹੈ। ਸੋ ਆਪਣੇ ਮਨ ਨੂੰ ਇਕ ਪੱਕੇ ਖ਼ਿਆਲ 'ਤੇ ਟਿਕਾਉਣਾ ਹੈ, ਜਿਸ ਨੂੰ ਭਰੋਸਾ ਕਿਹਾ ਜਾਂਦਾ ਹੈ। ਜਿਸ ਦਾ ਸਿਮਰਨ ਕਰਨਾ ਹੈ ਉਸ ਉੱਪਰ ਸ਼ੰਕਾ ਨਹੀਂ ਕਰਨਾ। ਬਹੁਤੇ ਲੋਕ ਸ਼ੰਕਿਆਂ ਵਿਚ ਪੈ ਗਏ ਹਨ ਅਤੇ ਸ਼ੰਕੇ ਵਾਲੇ ਦਾ ਭਰੋਸਾ ਪੱਕਾ ਨਹੀਂ ਹੋ ਸਕਦਾ। ਇਸੇ ਲਈ ਅਸੀਂ ਰੋਜ਼ਾਨਾ ਅਰਦਾਸ ਵਿਚ ਭਰੋਸਾ ਦਾਨ ਮੰਗਦੇ ਹਾਂ।

ਭਰੋਸੇ ਵਾਲੇ ਦਾ ਹਿਰਦਾ ਪੁਕਾਰ ਉਠਦਾ ਹੈ :

***ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ॥***

(ਪੰਨਾ ੬੭੭)

ਸੋ ਸਾਧਕ ਦੀ ਇਹ ਪ੍ਰਤੀਤ ਪੱਕੀ ਹੋਵੇ ਕਿ 'ਤੂ ਮੇਰਾ ਰਾਖਾ ਸਭਨੀ ਥਾਈਂ।' ਗੁਰ ਸ਼ਬਦ ਵਿਚ ਹਰ ਪ੍ਰਕਾਰ ਦੇ ਭਰਮ ਨੂੰ ਕੱਟ ਦੇਣ ਦੀ ਸ਼ਕਤੀ ਹੈ। ਗੁਰ ਸ਼ਬਦ ਰਾਹੀਂ ਗਿਆਨ ਰੂਪੀ ਚਾਨਣ ਹੁੰਦਾ ਹੈ। ਹੁਣ ਗਿਆਨ ਹੋਣ ਅਤੇ ਹਿਰਦੇ ਅੰਦਰ ਪ੍ਰਕਾਸ਼ ਹੋਣ ਵਿਚ ਵੱਡਾ ਫ਼ਰਕ ਹੈ। ਇਕ ਹੈ ਜਾਨਣਾ ਤੇ ਦੂਜਾ ਹੈ ਮਾਨਣਾ। ਜਿਵੇਂ ਖੰਡ ਮਿੱਠੀ ਹੈ, ਇਹ ਜਾਨਣਾ ਹੈ ਅਤੇ ਖੰਡ ਮੂੰਹ ਵਿਚ ਪਾ ਲਈ, ਇਹ ਮਾਨਣਾ ਹੈ। ਪ੍ਰਭੂ ਦੇ ਸਿਮਰਨ ਨੂੰ ਮਾਨਣ ਲਈ ਸਤਿਗੁਰਾਂ ਨੇ ਬੇਅੰਤ ਵਾਰ ਪ੍ਰੇਰਨਾ ਕੀਤੀ ਹੈ :

***ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥***

(ਪੰਨਾ ੨੯੫)

ਉਸ ਦੀ ਮਹਿਮਾ ਨੂੰ ਵਾਰ-ਵਾਰ ਗਾਉਣਾ ਹੀ ਸਿਮਰਨ ਹੈ। ਸਿਮਰਨ ਕਰਨ ਨਾਲ ਹੁਕਮੀ ਬੰਦਾ ਬਣ ਜਾਂਦਾ ਹੈ। ਸਿਮਰਨ ਕਰਨ ਵਾਲਾ ਸੰਤੋਖੀ ਹੁੰਦਾ ਹੈ। ਸੰਤੋਖੀ ਮਨੁੱਖ ਸਦਾ ਪਰਉਪਕਾਰੀ ਹੁੰਦਾ ਹੈ।

***ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥***

(ਪੰਨਾ ੨੬੩)

ਪਰਉਪਕਾਰੀ ਮਨੁੱਖ ਹਰ ਥਾਂ ਮਾਣ ਪਾਉਂਦਾ ਹੈ। ਸਿਮਰਨ ਵਾਲੇ ਨੂੰ ਜਦ ਸੰਸਾਰ ਦੀ ਹਰੇਕ ਦਾਤ ਦੇ ਪਿੱਛੇ, ਦਾਤਾ ਨਜ਼ਰ ਆਵੇ ਤਾਂ ਉਸ ਦਾ ਸ਼ੁਕਰਾਨਾ ਕਰਦਾ ਹੋਇਆ, ਆਤਮਿਕ ਵਿਕਾਸ ਵੱਲ ਜਾਂਦਾ ਹੈ। ਤੱਤਸਾਰ ਵਜੋਂ ਹਰ ਮਨੁੱਖ ਆਪਣੇ ਸੁਭਾਅ ਤੇ ਵਿਚਾਰਾਂ ਨਾਲ ਵਿਕਾਸ ਕਰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਨੇ ਪ੍ਰਭੂ ਨੂੰ ਸਿਮਰਿਆ, ਉਹ ਉਹੋ ਜਿਹਾ ਹੀ ਹੋ ਜਾਂਦਾ ਹੈ।

***ਜੈਸਾ ਸੇਵੈ ਤੈਸੋ ਹੋਇ॥*** (ਪੰਨਾ ੨੨੩)

ਅਕਾਲ ਪੁਰਖ ਦਾ ਸਰੂਪ ਸਤਿਗੁਰਾਂ ਨੇ ਮੂਲ ਮੰਤਰ ਵਿਚ ਬਿਆਨ ਕੀਤਾ ਹੈ। ਉਹ ਪ੍ਰਭੂ ਇਕ ਹੈ ਅਤੇ ਨਿਰਭਉ ਤੇ ਨਿਰਵੈਰ ਹੈ। ਹੁਣ ਜੇ ਕਰ ਉਸ ਦਾ ਸਿਮਰਨ ਕਰਨ ਵਾਲੇ ਮਨੁੱਖ ਵਿਚ ਇਹ ਗੁਣ ਹੋਣਗੇ ਤਾਂ ਸਾਡੇ ਬੇਲੋੜੇ ਡਰ ਤੇ ਬੇਲੋੜੇ ਵੈਰ ਆਪਣੇ ਆਪ ਹੀ ਖ਼ਤਮ ਹੋ ਜਾਣਗੇ। ਸਰਬਤ ਦਾ ਭਲਾ ਹੋਵੇਗਾ। ਸਿਮਰਨ ਵਾਲਾ ਕਿਸੇ ਦਾ ਬੁਰਾ ਨਹੀਂ ਕਰ ਸਕਦਾ, ਕਿਉਂਕਿ ਉਹ ਹਰ ਹਿਰਦੇ ਵਿਚ ਪ੍ਰਭੂ ਨੂੰ ਦੇਖਦਾ ਹੈ। ਇਸ ਲਈ ਨਿਤਨੇਮ ਤੋਂ ਇਲਾਵਾ ਕਿਸੇ ਗੁਰਬਾਣੀ ਦੇ ਸ਼ਬਦ ਰਾਹੀਂ, ਮੂਲ ਮੰਤਰ ਦੇ ਪਾਠ ਜਾਂ ਵਾਹਿਗੁਰੂ ਦੇ ਸਿਮਰਨ ਨਾਲ ਉਸ ਕਰਤੇ ਨੂੰ ਯਾਦ ਕਰਨਾ ਸਿਮਰਨ ਦਾ ਸਰਲ ਸਾਧਨ ਹੈ। ਮਨੁੱਖ ਦੀ ਦਿਮਾਗ਼ੀ ਸ਼ਕਤੀ ਵੱਧਦੀ ਹੈ। ਧਿਆਨ ਜਾਂ ਇਕਾਗਰਤਾ ਨਾਲ ਪ੍ਰਭੂ ਭਰੋਸਾ ਕਾਇਮ ਹੁੰਦਾ

ਹੈ ਅਤੇ ਸ਼ਰਧਾ ਭਾਵਨਾ ਪ੍ਰਪੱਕ ਹੁੰਦੀ ਹੈ। ਇਸ ਲਈ ਸਿਮਰਨ ਆਪੇ ਦਾ ਵਿਕਾਸ, ਗਿਆਨ ਦਾ ਪ੍ਰਕਾਸ਼ ਤੇ ਸਦਾ ਸਦਾ ਵਿਗਾਸ (ਆਨੰਦ, ਖ਼ੁਸ਼ੀ) ਹੈ।

*ਅਭਿਆਸ ਲਈ ਪ੍ਰਸ਼ਨ :—*

(ੳ) 'ਸਿਮਰਨ' ਸੰਬੰਧੀ ਗੁਰਮਤਿ ਦੀ ਰੋਸ਼ਨੀ ਵਿਚ ਚਾਨਣਾ ਪਾਓ।

*ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : ਸਿਮਰਨ ਤੋਂ ਕੀ ਭਾਵ ਹੈ ?

ਉੱਤਰ : ਸਿਮਰਨ ਤੋਂ ਭਾਵ ਯਾਦ ਕਰਨਾ ਹੈ। ਉਸ ਵਾਹਿਗੁਰੂ ਦੇ ਗੁਣਾਂ ਨੂੰ ਮਨ ਵਿਚ ਵਸਾ ਕੇ ਉਸ ਦੇ ਨਾਮ ਨੂੰ ਵਾਰ ਵਾਰ ਯਾਦ ਕਰਨਾ ਸਿਮਰਨ ਹੈ। ਗੁਰਮਤਿ ਅਨੁਸਾਰ ਪ੍ਰਭੂ ਮਿਲਾਪ ਦੀ ਸਹੀ ਵਿਧੀ ਸਿਮਰਨ ਹੈ।

ਪ੍ਰਸ਼ਨ 2 : ਇਕ ਇਨਸਾਨ ਨੂੰ ਸਿਮਰਨ ਦੀ ਲੋੜ ਕਿਉਂ ਹੈ ?

ਉੱਤਰ : ਗੁਰਮਤਿ ਅਨੁਸਾਰ ਆਤਮਾ ਪਰਮਾਤਮਾ ਦਾ ਅੰਸ਼ ਹੈ। ਇਹ ਸਾਗਰ ਵਿਚੋਂ ਪਾਣੀ ਦੀ ਬੂੰਦ ਦੇ ਵੱਖਰਾ ਹੋ ਜਾਣ ਵਾਂਗ ਪਰਮ ਆਤਮਾ ਤੋਂ ਅਲੱਗ ਹੋ ਗਈ ਹੈ। ਇਸ ਲਈ ਵਿਛੜੇ ਦਾ ਮਿਲਾਪ ਸਿਮਰਨ ਨਾਲ ਹੀ ਹੋ ਸਕਦਾ ਹੈ।

ਪ੍ਰਸ਼ਨ 3 : ਸਿਮਰਨ ਬਾਰੇ ਸੁਖਮਨੀ ਸਾਹਿਬ ਬਾਣੀ ਵਿਚ ਸਤਿਗੁਰਾਂ ਦਾ ਕੀ ਫੁਰਮਾਨ ਹੈ ?

ਉੱਤਰ : ਸਤਿਗੁਰਾਂ ਦਾ ਫੁਰਮਾਨ ਹੈ :

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥

ਭਾਵ ਪਰਮਾਤਮਾ ਨੂੰ ਸਿਮਰੋ ਤੇ ਸਿਮਰਨ ਕਰ-ਕਰ ਕੇ ਸੁੱਖਾਂ ਦੀ ਪ੍ਰਾਪਤੀ ਕਰੋ। ਸਿਮਰਨ ਨਾਲ ਸਰੀਰ ਦੇ ਦੁੱਖ ਤੇ ਕਸ਼ਟ ਮਿਟਦੇ ਹਨ।

ਪ੍ਰਸ਼ਨ 4 : ਸਿਮਰਨ ਕਰਨ ਲਈ ਸਾਧਕ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ?

ਉੱਤਰ : ਸਿਮਰਨ ਕਰਨ ਲਈ ਸਾਧਕ ਉਦਮੀ ਤੇ ਸਾਵਧਾਨ ਹੋਣਾ ਜ਼ਰੂਰੀ ਹੈ। ਉਦਮੀ-ਤੰਦਰੁਸਤ ਸਰੀਰ ਬਿਨਾ ਨਹੀਂ ਹੋ ਸਕਦਾ। ਇਸ ਲਈ ਰੋਗੀ, ਨਸ਼ਈ ਤੇ ਵਿਸ਼ਈ ਮਨੁੱਖ ਸਾਵਧਾਨ ਨਹੀਂ ਹੋਵੇਗਾ।

ਪ੍ਰਸ਼ਨ 5 : ਸਿਮਰਨ ਕਰਨ ਨਾਲ ਮਨੁੱਖ ਨੂੰ ਕੀ ਲਾਭ ਹੁੰਦਾ ਹੈ ?

ਉੱਤਰ : ਸਿਮਰਨ ਨਾਲ ਮਨੁੱਖ ਦੀ ਦਿਮਾਗੀ ਸ਼ਕਤੀ ਵੱਧਦੀ ਹੈ। ਧਿਆਨ ਜਾਂ ਇਕਾਗਰਤਾ ਨਾਲ ਪ੍ਰਭੂ ਭਰੋਸਾ ਕਾਇਮ ਹੁੰਦਾ ਹੈ ਅਤੇ ਸ਼ਰਧਾ ਭਾਵਨਾ ਪ੍ਰਪੱਕ ਹੁੰਦੀ ਹੈ। ਇਸ ਲਈ ਸਿਮਰਨ ਆਪੇ ਦਾ ਵਿਕਾਸ, ਗਿਆਨ ਦਾ ਪ੍ਰਕਾਸ਼ ਤੇ ਸਦਾ-ਸਦਾ ਵਿਗਾਸ (ਆਨੰਦ, ਖ਼ੁਸ਼ੀ) ਹੈ।

~~~~~~~~~~~~~~~~~~~~
~~~~~~~~~~~~~~~~~~~~

# ਅਰਦਾਸ ਦੀ ਮਹੱਤਤਾ

ਵਿਦਵਾਨਾਂ ਦਾ ਕਥਨ ਹੈ ਕਿ ਅਰਦਾਸ ਦਾ ਇਤਿਹਾਸ ਓਨਾ ਹੀ ਪੁਰਾਣਾ ਹੈ, ਜਿੰਨਾ ਕੁ ਪੁਰਾਣਾ ਇਤਿਹਾਸ ਮਨੁੱਖ ਦਾ ਹੈ। ਅਰਦਾਸ ਮਨੁੱਖੀ ਆਤਮਾ ਦਾ ਆਪਣੇ ਮੂਲ ਪਰਮਾਤਮਾ ਵੱਲ ਰੁਖ ਕਰਨਾ ਹੈ। ਮਨੁੱਖ ਸੁਭਾਵਕ ਤੌਰ 'ਤੇ ਕਮਜ਼ੋਰ ਹੈ ਅਤੇ ਸੰਸਾਰ ਵਿਚ ਘਟਨਾਵਾਂ ਦੀ ਹਨੇਰੀ ਚਲਦੀ ਹੈ। ਜਦ ਇਨਸਾਨ ਹਾਲਾਤ ਦਾ ਟਾਕਰਾ ਨਹੀਂ ਕਰ ਸਕਦਾ ਤਾਂ ਉਸ ਦਾ ਮਨ ਡੋਲਦਾ ਹੈ। ਹਰ ਕਮਜ਼ੋਰ ਨੂੰ ਇਕ ਤਕੜੇ ਦਾ ਸਹਾਰਾ ਹੁੰਦਾ ਹੈ, ਜਿਵੇਂ ਵੇਲ ਨੂੰ ਰੁੱਖ ਦਾ ਸਹਾਰਾ, ਬੱਚੇ ਨੂੰ ਮਾਂ ਦਾ ਸਹਾਰਾ ਅਤੇ ਸੁੱਕ ਰਹੀ ਬਨਾਸਪਤੀ ਨੂੰ ਬਾਰਸ਼ ਦਾ ਸਹਾਰਾ ਹੁੰਦਾ ਹੈ।

ਪਰਮਾਤਮਾ ਸਰਬ ਸ਼ਕਤੀਮਾਨ ਹੈ। ਉਸ ਉੱਪਰ ਭਰੋਸਾ ਮਨੁੱਖ ਨੂੰ ਬਹੁਤ ਸਾਰੀਆਂ ਪਰੇਸ਼ਾਨੀਆਂ ਤੋਂ ਬਚਾਉਂਦਾ ਹੈ। ਇਸ ਲਈ ਸਾਰੇ ਆਸਤਿਕ ਮੱਤ ਅਰਦਾਸ ਉੱਪਰ ਸਹਿਮਤ ਹਨ। ਮਨੁੱਖ ਖ਼ੁਸ਼ੀ ਸਮੇਂ ਸ਼ੁਕਰਾਨੇ ਦੀ ਅਰਦਾਸ ਕਰਦਾ ਹੈ, ਗ਼ਮੀ ਸਮੇਂ ਆਤਮਿਕ ਬਲ ਲਈ ਅਤੇ ਦੁਬਿਧਾ ਵਿਚ ਉਸ ਨੂੰ ਸਹਾਈ ਹੋਣ ਲਈ ਧਿਆਉਂਦਾ ਹੈ। ਸਭ ਤੋਂ ਵੱਡੀ ਗੱਲ ਕਿ ਅਰਦਾਸ ਮਨ ਦੀ ਸ਼ਾਂਤੀ ਤੇ ਬਲ ਹੈ ਕਿ ਮੈਂ ਆਪਣੇ ਤੋਂ ਵੱਡੀ ਸ਼ਕਤੀ ਨਾਲ ਜੁੜਿਆ ਹੋਇਆ ਹਾਂ।

ਅਰਦਾਸ ਸ਼ਬਦ ਦੇ ਅਰਥਾਂ ਵੱਲ ਜਾਈਏ ਤਾਂ ਅਰਦਾਸ ਤੋਂ ਭਾਵ ਬੇਨਤੀ ਕਰਨੀ ਜਾਂ ਮਨੋਕਾਮਨਾ ਹੈ। ਸਿੱਖ ਧਰਮ ਵਿਚ ਅਰਦਾਸ ਦੀ ਬਹੁਤ ਮਹਾਨਤਾ ਹੈ। ਹਰ ਕਾਰਜ ਦੇ ਆਰੰਭ ਵਿਚ ਜਾਂ ਸੰਪੂਰਨ ਹੋਣ 'ਤੇ ਸ਼ੁਕਰਾਨੇ ਦੀ ਅਰਦਾਸ ਕੀਤੀ ਜਾਂਦੀ ਹੈ। ਸਤਿਗੁਰਾਂ ਦਾ ਸਿੱਖ ਨੂੰ ਆਦੇਸ਼ ਹੈ ਕਿ ਜਦ ਕੋਈ ਵੀ ਕੰਮ ਕਰਨਾ ਲੋੜੀਏ ਤਾਂ ਪ੍ਰਭੂ ਅੱਗੇ ਅਰਦਾਸ ਕਰਨੀ ਹੈ।

***ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥***
***ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥*** (ਪੰਨਾ ੯੧)

ਗੁਰਮਤਿ ਵਿਚ ਅਰਦਾਸ ਦੇ ਨਿਯਮ ਸਾਫ਼ ਦੱਸੇ ਗਏ ਹਨ ਕਿ ਕੇਵਲ ਕਰਤਾਰ ਅੱਗੇ ਅਰਦਾਸ ਕਰਨੀ ਅਤੇ ਖਲੋ ਕੇ ਤੇ ਹੱਥ ਜੋੜ ਕੇ ਪ੍ਰਾਰਥਨਾ ਕਰਨੀ ਹੈ :

***ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥***
***ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥***

(ਪੰਨਾ ੧੦੯੩ )

ਸਿੱਖੀ ਦਾ ਦ੍ਰਿੜ੍ਹ ਨਿਸ਼ਚਾ ਹੈ ਕਿ ਸ਼ੁੱਧ ਮਨ ਹੋ ਕੇ ਭਰੋਸੇ ਨਾਲ ਕੀਤੀ ਅਰਦਾਸ ਸਦਾ ਪ੍ਰਵਾਨ ਹੁੰਦੀ ਹੈ। ਸਿੱਖੀ ਵਿਚ ਜਨਮ, ਵਿਆਹ, ਮ੍ਰਿਤਕ ਸੰਸਕਾਰ ਸਮੇਂ, ਹਰ ਦੁੱਖ-ਸੁੱਖ ਤੇ ਖ਼ੁਸ਼ੀ ਗ਼ਮੀ ਵਿਚ ਅਰਦਾਸ ਕੀਤੀ ਜਾਂਦੀ ਹੈ। ਰੋਜ਼ ਮਰਯਾਦਾ ਅਨੁਸਾਰ ਨਿਤਨੇਮ ਉਪਰੰਤ ਅਰਦਾਸ ਕਰਨੀ ਹੈ।

ਸਿੱਖ ਧਰਮ ਵਿਚ ਅਰਦਾਸ ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਪ੍ਰਤੀਤ ਹੁੰਦੀ ਹੈ। ਜਦ ਰਾਇ ਬੁਲਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਦਾਸੀਆਂ 'ਤੇ ਜਾਣ ਵੇਲੇ ਮੁੜ ਦਰਸ਼ਨ ਦੇਣ ਦੀ ਬੇਨਤੀ ਕੀਤੀ ਤਾਂ ਸਤਿਗੁਰਾਂ ਨੇ ਉੱਤਰ ਦਿੱਤਾ ਕਿ ਜੇ ਕਰ ਸਾਨੂੰ ਮਿਲਣ ਲਈ ਮਨ ਕਰੇ ਤਾਂ ਹੱਥ ਜੋੜ ਕੇ ਨਿਰੰਕਾਰ ਅੱਗੇ ਅਰਦਾਸ ਕਰਨੀ। ਇਸੇ ਤਰ੍ਹਾਂ ਜਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਪੰਜਾਬ ਵੱਲ ਚੜ੍ਹਾਈ ਕੀਤੀ ਤਾਂ ਦਸਮ ਪਾਤਸ਼ਾਹ ਜੀ ਨੇ ਉਸ ਨੂੰ ਹੁਕਮ ਕੀਤਾ ਕਿ ਜਦ ਕੋਈ ਭੀੜ ਬਣੇ ਤਾਂ ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਅਰਦਾਸ ਕਰਨੀ।

ਅਰਦਾਸ—ਇਕੱਲਾ ਸਿੱਖ ਵੀ ਕਰਦਾ ਹੈ ਤੇ ਸੰਗਤਿ ਰੂਪ ਵਿਚ ਅਰਦਾਸ ਵੀ ਸਿੱਖ ਧਰਮ ਦਾ ਜ਼ਰੂਰੀ ਅੰਗ ਹੈ। ਸਿੱਖ ਪੰਥ ਦਾ ਦ੍ਰਿੜ੍ਹ ਨਿਸਚਾ ਹੈ ਕਿ ਗੁਰੂ ਤੇ ਸੰਗਤ ਦੀ ਹਾਜ਼ਰੀ ਵਿਚ ਵਾਹਿਗੁਰੂ ਆਪ ਵਰਤਦਾ ਹੈ। ਸਿੱਖ ਸੰਗਤ ਵਿਚ ਹੱਥ ਜੋੜ ਕੇ ਗੁਰੂ ਅੱਗੇ ਅਰਦਾਸ ਕਰਦੇ ਹਨ, ਕਿਉਂਕਿ ਸਤਿਗੁਰਾਂ ਵਿਚ ਵਾਹਿਗੁਰੂ ਰਮਿਆ ਹੋਇਆ ਸੀ। ਸਤਿਗੁਰਾਂ ਨੇ ਹੀ ਸਾਨੂੰ ਵਾਹਿਗੁਰੂ ਦਾ ਗਿਆਨ ਬਖ਼ਸ਼ਿਆ ਅਤੇ ਗੁਰੂ ਸਾਹਿਬਾਂ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਤਿਗੁਰਾਂ ਨੇ ਸਤਿ ਪੁਰਖ ਨੂੰ ਜਾਣਿਆਂ ਅਤੇ ਸਿੱਖ ਸੰਗਤ ਸਤਿਗੁਰੂ ਤੇ ਸਤਿ ਪੁਰਖ ਨੂੰ ਹਾਜ਼ਰ ਨਾਜ਼ਰ ਜਾਣ ਕੇ ਅਰਦਾਸ ਕਰਦੀ ਹੈ। ਫ਼ੁਰਮਾਣ ਹੈ:

***ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥***
***ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥***

(ਪੰਨਾ ੨੮੬)

ਸੰਸਾਰ ਦੀ ਕੋਈ ਹੋਰ ਅਰਦਾਸ ਏਨੇ ਜ਼ਫ਼ਰ ਜਾਲ ਕੇ ਹੋਂਦ ਵਿਚ ਨਹੀਂ ਆਈ, ਜਿੰਨੀ ਘਾਲਣਾ ਨਾਲ ਸਿੱਖ ਅਰਦਾਸ ਦੀ ਰਚਨਾ ਹੋਈ ਹੈ। ਸ਼ਾਇਦ ਹੀ ਕਿਧਰੇ ਵਾਰਤਕ ਦਾ ਏਨਾ ਮਹਾਨ ਸੰਖੇਪ ਰੂਪ ਸੰਸਾਰ ਸਾਹਿਤ ਵਿਚ ਹੋਵੇ। ਇਹ ਮਾਣ ਵਾਲੀ ਗੱਲ ਹੈ ਕਿ ਏਨੇ ਵੱਡੇ ਇਤਿਹਾਸ ਰੂਪੀ ਸਾਗਰ ਨੂੰ ਕਿਸੇ ਨੇ ਸੰਖੇਪ ਸ਼ੈਲੀ ਰੂਪੀ ਗਾਗਰ ਵਿਚ ਬੰਦ ਕੀਤਾ ਹੋਵੇ। ਇਹ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਪੰਥ ਖ਼ਾਲਸਾ ਦੀ ਸਾਂਝੀ ਰਚਨਾ ਹੈ। ਅਰਦਾਸ ਉਹ ਮਹਾਨ ਰਚਨਾ ਹੈ ਜਿਸ ਨੂੰ ਹਰ ਸਿੱਖ ਸ਼ਰਧਾ ਤੇ ਗੰਭੀਰਤਾ ਨਾਲ ਦੁਹਰਾਉਂਦਾ ਜਾਂਦਾ ਹੈ ਅਤੇ ਇਸ ਦੇ ਨਾਇਕਾਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਨਾਲ ਜੁੜਦਾ ਹੈ। ਅਰਦਾਸ ਪਲਾਂ ਵਿਚ ਹੀ ਬੀਤੇ ਪੰਜ ਸਦੀਆਂ ਦੇ ਮਹਾਨ ਇਤਿਹਾਸ, ਸਿੱਖੀ ਸਿਧਾਂਤ, ਪਰੰਪਰਾਵਾਂ, ਮਰਯਾਦਾ ਤੇ ਸਿੱਖੀ ਜੀਵਨ ਜਾਚ ਦੇ ਨਿਯਮਾਂ

ਨੂੰ ਦ੍ਰਿੜ੍ਹ ਕਰਵਾ ਦਿੰਦੀ ਹੈ।

ਸਰਲ ਸ਼ਬਦਾਂ ਵਿਚ ਅਰਦਾਸ ਦੀ ਮਹੱਤਤਾ ਨੂੰ ਜਾਨਣਾ ਹੋਵੇ ਤਾਂ ਪਹਿਲਾਂ ਪਰਮੇਸ਼ਰ ਨੂੰ ਯਾਦ ਕਰਕੇ ਦਸ ਗੁਰੂ ਸਾਹਿਬਾਨ ਨੂੰ ਧਿਆਇਆ ਜਾਂਦਾ ਹੈ, ਜਿਨ੍ਹਾਂ ਦੀ ਬਖ਼ਸ਼ਿਸ਼ ਨਾਲ ਸਾਨੂੰ ਧਰਮ ਦੇ ਮਾਰਗ, ਵਾਹਿਗੁਰੂ ਦੀ ਸ਼ਕਤੀ ਤੇ ਅਰਦਾਸ ਦੀ ਸੋਝੀ ਆਈ ਹੈ। ਫਿਰ ਦਸ ਗੁਰੂ ਸਾਹਿਬਾਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਵਾਹਿਗੁਰੂ ਧਿਆਉਂਦੇ ਹਾਂ। ਸਾਡੇ ਗੁਰੂ ਜੀ ਵੀ ਜੁਗੋ ਜੁਗ ਅਟੱਲ ਤੇ ਗੁਰੂ ਦਾ ਪੰਥ ਵੀ ਜੁਗੋ ਜੁਗ ਅਟੱਲ ਰਹੇਗਾ।

ਫਿਰ ਅਸੀਂ ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀ ਮੁਕਤੇ, ਸ਼ਹੀਦਾਂ, ਮੁਰੀਦਾਂ, ਹਠੀਆਂ, ਜਪੀਆਂ, ਤਪੀਆਂ ਤੇ ਗੁਰੂ ਪੰਥ ਨੂੰ ਸਮਰਪਿਤ ਸਮੂਹ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰਦੇ ਹਾਂ। ਇਹ ਸਭਨਾਂ ਦੇ ਸਿਦਕ, ਸਿਰੜ ਤੇ ਕੁਰਬਾਨੀ ਨੂੰ ਸਜਦਾ ਹੈ।

ਤੀਜੇ ਬੰਦ ਵਿਚ ਸਮੂਹ ਸਿੰਘਾਂ ਸਿੰਘਣੀਆਂ ਦੀ ਕੁਰਬਾਨੀ ਦਾ ਧਿਆਨ ਧਰਿਆ ਜਾਂਦਾ ਹੈ, ਜਿਨ੍ਹਾਂ ਧਰਮ ਨਹੀਂ ਹਾਰਿਆ। ਉਹਨਾਂ ਨੇ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ’ਤੇ ਚੜ੍ਹੇ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ। ਪਲਾਂ ਵਿਚ ਹੀ ਸ਼ਹੀਦਾਂ ਦਾ ਇਤਿਹਾਸ ਅੱਖਾਂ ਸਾਹਮਣੇ ਆ ਜਾਂਦਾ ਹੈ। ਫਿਰ ਆਪਣੇ ਤਖ਼ਤਾਂ ਤੇ ਸਰਬਤ ਗੁਰਦੁਆਰਿਆਂ ਦਾ ਧਿਆਨ ਧਰਦੇ ਹਾਂ ਜੋ ਪੰਥ ਦੀ ਅਜ਼ਾਦ ਹੋਂਦ ਤੇ ਨਿਆਰੀਆਂ ਰਵਾਇਤਾਂ ਦੇ ਬੀਤੀਆਂ ਸਦੀਆਂ ਤੋਂ ਲੈ ਕੇ ਜੁਗਾਂ ਜੁਗਾਂਤਰਾਂ ਤਕ ਅਧਾਰ ਹਨ।

ਇਸੇ ਤਰ੍ਹਾਂ ਹਰ ਸਿੱਖ ਸਮੂਹ ਖ਼ਾਲਸੇ ਲਈ ਵਾਹਿਗੁਰੂ ਦੇ ਨਾਮ ਦੀ ਦਾਤ ਮੰਗਦਾ ਹੈ ਤਾਂ ਕਿ ਸਰਬ ਸੁੱਖ ਹੋਵੇ ਤੇ ਜਿੱਥੇ ਵੀ ਖ਼ਾਲਸਾ ਹੈ ਉਸ ਦੀ ਰੱਛਿਆ ਤੇ ਰਿਆਇਤ ਦੀ ਬੇਨਤੀ ਹੈ। ਦੇਗ ਤੇਗ ਦੀ ਫ਼ਤਹਿ ਹੋਵੇ ਤੇ ਪੰਥ ਦੀ ਜਿੱਤ ਹੋਵੇ। ਜਦ ਪ੍ਰਭੂ ਸਹਾਈ ਹੋਵੇ ਤਾਂ ਖ਼ਾਲਸਾ ਜੀ ਕੇ ਬੋਲ ਬਾਲੇ ਤੇ ਸਿੱਖ ਸੱਭਿਆਚਾਰ ਪ੍ਰਫੁੱਲਤ ਹੋਵੇ।

ਅੱਗੇ ਸਮੁੱਚੇ ਪੰਥ ਦੀ ਸਿਧਾਂਤਕ ਮੰਗ ਹੈ, ਸਿੱਖੀ ਦਾਨ ਅਤੇ ਕੇਸ ਦਾਨ ਤਾਂ ਕਿ ਇਹ ਗੁਰੂ ਦੀ ਮੋਹਰ ਤੇ ਕੁਦਰਤ ਦਾ ਬਖ਼ਸ਼ਿਆ ਸਰੂਪ ਕਾਇਮ ਰਹੇ, ਰਹਿਤ ਵਿਚ ਪ੍ਰਪੱਕ ਰਹੀਏ। ਰੋਜ਼ਾਨਾ ਬਿਬੇਕ ਦਾਨ ਮੰਗਿਆ ਜਾਂਦਾ ਹੈ ਤਾਂ ਕਿ ਸਾਡੇ ਤਰਕਵਾਦੀ ਜਿਹੇ ਸ਼ੰਕੇ ਨਾ ਹੋਣ, ਸਗੋਂ ਗੁਰੂ ਭਰੋਸਾ, ਸਿਦਕ, ਸ਼ਰਧਾ, ਵਿਸ਼ਵਾਸ ਬੁਲੰਦ ਰਹੇ। ਪ੍ਰਭੂ ਦੇ ਨਾਮ ਦੀ ਦਾਤ ਮੰਗਦੇ ਹਾਂ ਤੇ ਅੰਮ੍ਰਿਤਸਰ ਜੀ ਦੇ ਇਸ਼ਨਾਨ ਜੋ ਸਾਨੂੰ ਕੇਂਦਰੀ ਧੁਰੇ ਨਾਲ ਜੋੜਦੇ ਹਨ। ਜੋਦੜੀ ਕਰਦੇ ਹਾਂ ਕਿ ਅਸੀਂ ਸ਼ਕਤੀ ਦੇ ਕੇਂਦਰ ਨਾਲ ਸਦਾ ਜੁੜੇ ਰਹੀਏ ਅਤੇ ਚੌਕੀਆਂ, ਝੰਡੇ, ਬੁੰਗੇ ਜੁਗੋ ਜੁੱਗ ਅਟੱਲ ਰਹਿਣ ਤੇ ਧਰਮ ਦੀ ਜੈਕਾਰ ਹੋਵੇ। ਸਾਡਾ ਮਨ ਨੀਵਾਂ ਰਹੇ ਤਾਂ ਨਿਮਰਤਾ ਵਾਲੇ ਦੀ ਮੱਤ ਉੱਚੀ ਹੁੰਦੀ ਹੈ, ਪਰ ਵਾਹਿਗੁਰੂ ਜੀ ਮੱਤ ਦੇ ਰਾਖੇ

ਤੁਸੀਂ ਹੋ ਤੇ ਇਹ ਗੁਣ ਬਖ਼ਸ਼ ਦੇਵੋ। ਅੱਗੇ ਵਿਛੜੇ ਹੋਏ ਗੁਰਧਾਮਾਂ ਦੇ ਦਰਸ਼ਨਾਂ ਦੀ ਅਰਦਾਸ ਹੈ।

ਸਾਰੀ ਅਰਦਾਸ ਉਪਰੰਤ ਸਵਾਲ ਹੈ ਕਿ ਸਿੱਖ ਆਪਣੇ ਧਰਮ ਵਿਚ ਪੱਕਾ ਕਿਵੇਂ ਰਹਿ ਸਕਦਾ ਤੇ ਕਿਸ ਕਿਸਮ ਦੇ ਮਨੁੱਖਾਂ ਨਾਲ ਮੇਲ ਜੋਲ ਹੋਵੇ। ਇਸ ਦਾ ਉੱਤਰ ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ। ਅਗਲੀ ਪੰਕਤੀ ਵਿਚ ਗੁਰੂ ਪੰਥ ਤੇ ਸ੍ਰੀ ਗੁਰੂ ਨਾਨਕ ਜੀ ਇਕ ਮਿਕ ਹਨ ਕਿ ਪੰਥ ਨੇ ਗੁਰੂ ਨਾਨਕ ਦੀ ਮੋਹਰ ਵਰਤੀ ਹੈ। ਇਸ ਵਿਚ ਨਾਮ, ਚੜ੍ਹਦੀ ਕਲਾ, ਭਾਣਾ ਤੇ ਸਰਬੱਤ ਦੇ ਭਲੇ ਦੀ ਜੋਦੜੀ ਹੈ। ਫਿਰ ਫ਼ਤਹਿ ਹੈ ਕਿ ਖ਼ਾਲਸਾ ਵਾਹਿਗੁਰੂ ਦਾ ਹੈ ਤੇ ਫ਼ਤਹਿ ਵੀ ਉਸੇ ਦੀ ਹੋਣੀ ਹੈ ਅਤੇ ਜੈਕਾਰੇ ਵਿਚ ਸੰਦੇਸ਼ ਹੈ ਕਿ ਨਿਹਾਲ ਉਹੀ ਹੋਵੇਗਾ ਜੋ ਸੱਚੇ ਸ੍ਰੀ ਅਕਾਲ ਦਾ ਨਾਉਂ ਲਏਗਾ।

ਇਸ ਲਈ ਸਿੱਖ ਧਰਮ ਵਿਚ ਅਰਦਾਸ ਦੀ ਬਹੁਤ ਮਹੱਤਤਾ ਹੈ। ਅਰਦਾਸ ਪਰਮਾਤਮਾ ਦੀ ਸ਼ਕਤੀ ਤੇ ਆਪੇ ਦੀ ਤੁਛਤਾ ਦਾ ਗਿਆਨ ਹੈ। ਅਰਦਾਸ ਉੱਚੇ ਆਤਮਿਕ ਮੰਡਲਾਂ ਵਿਚ ਲੈ ਜਾਂਦੀ ਹੈ। ਅਰਦਾਸ ਦੀ ਬਰਕਤ ਨਾਲ ਮਹਾਨ ਕਾਰਜ ਸੰਪੂਰਨ ਹੋਏ। ਅਰਦਾਸ ਨੇ ਸਿੱਖ ਨੂੰ ਉਦਮੀ ਬਣਾਇਆ ਤੇ ਪ੍ਰਣ ਕਰਕੇ ਨਿਭਾਉਣਾ ਸਿਖਾਇਆ। ਅਰਦਾਸ ਆਤਮਿਕ ਸ਼ਕਤੀ ਹੈ। ਸਭ ਦੇ ਭਲੇ ਦੀ ਜੋਦੜੀ ਤੇ ਸਤਸੰਗੀਆਂ ਵਿਚ ਆਪਣਾਪਨ ਪੈਦਾ ਹੋਣਾ ਅਰਦਾਸ ਦੀ ਬਰਕਤ ਹੈ। ਮੁੱਕਦੀ ਗੱਲ ਕਿ ਸੰਸਾਰ ਵਿਚ ਜੇ ਕੋਈ ਨਿਆਸਰੇ ਦਾ ਆਸਰਾ ਹੈ ਤਾਂ ਪ੍ਰਭੂ ਅੱਗੇ ਅਰਦਾਸ ਹੈ। ਇਸੇ ਲਈ ਅਸੀਂ ਅਰਦਾਸ ਸ਼ੁਰੂ ਕਰਨ ਤੋਂ ਪਹਿਲਾਂ ਸੰਗਤੀ ਰੂਪ ਵਿਚ ਇਹ ਸ਼ਬਦ ਪੜ੍ਹਦੇ ਹਾਂ :

ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥

(ਪੰਨਾ ੨੬੮)

### *ਅਭਿਆਸ ਲਈ ਪ੍ਰਸ਼ਨ :—*

(ੳ) ਅਰਦਾਸ ਦੀ ਮਹੱਤਤਾ ਸੰਬੰਧੀ ਭਾਵ ਪੂਰਵਕ ਜਾਣਕਾਰੀ ਦਿਓ।

### *ਸੰਖੇਪ ਉੱਤਰ ਵਾਲੇ ਪ੍ਰਸ਼ਨ :—*

ਪ੍ਰਸ਼ਨ 1 : 'ਅਰਦਾਸ' ਤੋਂ ਕੀ ਭਾਵ ਹੈ ?

ਉੱਤਰ : ਅਰਦਾਸ ਸ਼ਬਦ ਦੇ ਅਰਥਾਂ ਨੂੰ ਵਿਚਾਰੀਏ ਤਾਂ ਅਰਦਾਸ ਤੋਂ ਭਾਵ ਬੇਨਤੀ ਕਰਨੀ ਜਾਂ ਮਨੋਕਾਮਨਾ ਹੈ। ਅਰਦਾਸ ਮਨੁੱਖੀ ਆਤਮਾ ਦਾ ਆਪਣੇ ਮੂਲ ਪਰਮਾਤਮਾ ਵੱਲ ਰੁਖ ਕਰਨਾ ਹੈ। ਪਰਮਾਤਮਾ ਸਰਬ ਸ਼ਕਤੀਮਾਨ ਹੈ। ਉਸ ਉੱਪਰ ਭਰੋਸਾ ਮਨੁੱਖ ਨੂੰ ਬਹੁਤ ਸਾਰੀਆਂ ਪਰੇਸ਼ਾਨੀਆਂ ਤੋਂ ਬਚਾਉਂਦਾ ਹੈ।

ਪ੍ਰਸ਼ਨ 2 : ਅਰਦਾਸ ਬਾਰੇ ਸਤਿਗੁਰਾਂ ਦਾ ਸਿੱਖ ਨੂੰ ਕੀ ਆਦੇਸ਼ ਹੈ ?

ਉੱਤਰ : ਸਤਿਗੁਰਾਂ ਦਾ ਆਦੇਸ਼ ਹੈ ਕਿ ਜਦ ਕੋਈ ਵੀ ਕੰਮ ਕਰਨਾ ਲੋੜੀਏ ਤਾਂ ਪ੍ਰਭੂ ਅੱਗੇ ਅਰਦਾਸ ਕਰਨੀ ਹੈ। ਫੁਰਮਾਨ ਹੈ :

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥

ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥

ਪ੍ਰਸ਼ਨ 3: ਗੁਰਮਤਿ ਵਿਚ ਅਰਦਾਸ ਕਰਨ ਦੇ ਕੀ ਨਿਯਮ ਦੱਸੇ ਗਏ ਹਨ ?

ਉੱਤਰ : ਗੁਰਮਤਿ ਵਿਚ ਅਰਦਾਸ ਦੇ ਨਿਯਮ ਦੱਸੇ ਗਏ ਹਨ ਕਿ ਕੇਵਲ ਕਰਤਾਰ ਅੱਗੇ ਅਰਦਾਸ ਕਰਨੀ ਹੈ ਅਤੇ ਖਲੋ ਕੇ ਤੇ ਹੱਥ ਜੋੜ ਕੇ ਕਰਨੀ ਹੈ। ਫੁਰਮਾਨ ਹੈ :

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥

ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥

ਪ੍ਰਸ਼ਨ 4 : ਰੋਜ਼ਾਨਾ ਅਰਦਾਸ ਵਿਚ ਸਿੱਖ ਆਪਣੇ ਧਰਮ ਵਿਚ ਪੱਕਾ ਰਹਿਣ ਲਈ ਕਿਸ ਕਿਸਮ ਦੇ ਮਨੁੱਖਾਂ ਦੀ ਸੰਗਤ ਦੀ ਮੰਗ ਕਰਦਾ ਹੈ ?

ਉੱਤਰ : ਅਰਦਾਸ ਵਿਚ ਹਰ ਸਿੱਖ ਮੰਗ ਕਰਦਾ ਹੈ ਕਿ ਵਾਹਿਗੁਰੂ ! ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ। ਇਸ ਲਈ ਪਤਿਤ, ਸਿਰ ਗੁੰਮ, ਤਰਕੀ, ਤਨਖਾਹੀਏ ਜਾਂ ਨਾਸਤਿਕ ਬੰਦਿਆਂ ਦੀ ਸੰਗਤ ਨਾਲ ਸਿੱਖੀ ਭਰੋਸਾ ਨਹੀਂ ਰਹੇਗਾ, ਸਗੋਂ ਕਿਰਤ ਕਰਨ, ਨਾਮ ਜਪਣ, ਵੰਡ ਛਕਣ ਵਾਲੇ, ਸ਼ਰਧਾ ਭਾਵਨਾਂ ਵਾਲੇ ਤੇ ਬਾਣੀ ਬਾਣੇ ਦੇ ਧਾਰਨੀ ਗੁਰਮੁਖ ਪਿਆਰਿਆਂ ਦੀ ਸੰਗਤ ਨਾਲ ਮਨੁੱਖ ਧਰਮ ਵਿਚ ਪੱਕਾ ਰਹਿੰਦਾ ਹੈ।

ਪ੍ਰਸ਼ਨ 5 : ਇਕ ਸਿੱਖ ਲਈ ਅਰਦਾਸ ਦੀ ਮਹੱਤਤਾ ਬਾਰੇ ਸੰਖੇਪ ਸ਼ਬਦਾਂ ਵਿਚ ਲਿਖੋ ?

ਉੱਤਰ : ਅਰਦਾਸ ਪਰਮਾਤਮਾ ਦੀ ਸ਼ਕਤੀ ਤੇ ਆਪੇ ਦੀ ਤੁਛਤਾ ਦਾ ਗਿਆਨ ਹੈ। ਅਰਦਾਸ ਮਨੁੱਖ ਨੂੰ ਉੱਚੇ ਆਤਮਿਕ ਮੰਡਲਾਂ ਵਿਚ ਲੈ ਜਾਂਦੀ ਹੈ। ਅਰਦਾਸ ਦੀ ਬਰਕਤ ਨਾਲ ਮਹਾਨ ਕਾਰਜ ਸੰਪੂਰਨ ਹੋਏ। ਅਰਦਾਸ ਨੇ ਸਿੱਖ ਨੂੰ ਉਦਮੀ ਬਣਾਇਆ ਤੇ ਪ੍ਰਣ ਕਰਕੇ ਨਿਭਾਉਣਾ ਸਿਖਾਇਆ। ਅਰਦਾਸ ਪਲਾਂ ਵਿਚ ਹੀ ਬੀਤੇ ਪੰਜ ਸਦੀਆਂ ਦੇ ਮਹਾਨ ਇਤਿਹਾਸ, ਸਿੱਖੀ ਸਿਧਾਂਤ, ਪਰੰਪਰਾਵਾਂ, ਮਰਯਾਦਾ ਤੇ ਸਿੱਖੀ ਜੀਵਨ ਜਾਚ ਦੇ ਨਿਯਮਾਂ ਨੂੰ ਦ੍ਰਿੜ ਕਰਵਾ ਦਿੰਦੀ ਹੈ।

ਪ੍ਰਸ਼ਨ ਪੱਤਰ ਦੀ ਰੂਪ ਰੇਖਾ :

# ਦਰਜਾ-ਦੂਜਾ

## ਪਰਚਾ ਦੂਜਾ—ਸਿੱਖ ਇਤਿਹਾਸ ਤੇ ਰਹਿਤ ਮਰਯਾਦਾ

ਸਮਾਂ : 3 ਘੰਟੇ ਕੁਲ ਅੰਕ : 100

(ਭਾਗ-ੳ)

ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿਚ ਲਿਖੋ :

1 . ਭਾਈ ਦਿਆਲਾ ਜੀ ਦੇ ਜੀਵਨ ਤੇ ਸ਼ਹੀਦੀ ਬਾਰੇ ਵਿਸਤਾਰ ਪੂਰਵਕ ਚਾਨਣਾ ਪਾਓ।

2. ਨਵਾਬ ਕਪੂਰ ਸਿੰਘ ਜੀ ਦੇ ਜੀਵਨ ਇਤਿਹਾਸ ਸੰਬੰਧੀ ਤੁਸੀਂ ਕੀ ਜਾਣਦੇ ਹੋ ?

3. ਅਕਾਲੀ ਫੂਲਾ ਸਿੰਘ ਜੀ ਦਾ ਜੀਵਨ ਇਤਿਹਾਸ ਲਿਖੋ ? 2X10=20

(ਭਾਗ-ਅ)

ਪਹਿਲਾ ਪ੍ਰਸ਼ਨ ਜ਼ਰੂਰੀ ਹੈ, ਬਾਕੀ ਦੋਨਾਂ ਵਿਚੋਂ ਇਕ ਪ੍ਰਸ਼ਨ ਕਰੋ :

1 . ਛੋਟੇ ਘੱਲੂਘਾਰੇ ਦੇ ਇਤਿਹਾਸ ਸੰਬੰਧੀ ਵਿਸਤਾਰ ਸਹਿਤ ਸਮਝਾਓ।

2. ਆਹਲੂਵਾਲੀਆ ਮਿਸਲ ਦੀ ਇਤਿਹਾਸਕ ਜਾਣਕਾਰੀ ਦਿਓ।

3. ਮਿਸਲ ਸ਼ਹੀਦਾਂ ਦੇ ਇਤਿਹਾਸ ਸੰਬੰਧੀ ਚਾਨਣਾ ਪਾਓ। 2X10=20

(ਭਾਗ-ੲ)

ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਦੋ ਪ੍ਰਸ਼ਨ ਹੱਲ ਕਰੋ :

1. ਮੁਖਵਾਕ ਤੋਂ ਕੀ ਭਾਵ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਹੁਕਮ ਲੈਣ ਦੀ ਕੀ ਵਿਧੀ ਸਮਝਾਈ ਹੈ ?

2. ਅਖੰਡ ਪਾਠ ਤੋਂ ਕੀ ਭਾਵ ਹੈ ਅਤੇ ਸਿੱਖ ਰਹਿਤ ਮਰਯਾਦਾ ਵਿਚ ਅਖੰਡ ਪਾਠ ਸਿਰਲੇਖ ਹੇਠ ਇਸ ਦੀ ਕੀ ਮਰਯਾਦਾ ਦੱਸੀ ਗਈ ਹੈ ?

3. ਗੁਰਦੁਆਰੇ ਦੇ ਭਾਵ ਅਰਥ ਦੱਸੋ ਅਤੇ ਸਿੱਖ ਰਹਿਤ ਮਰਯਾਦਾ ਵਿਚ ਗੁਰਦੁਆਰੇ ਸਿਰਲੇਖ ਹੇਠ ਰੋਜ਼ਾਨਾ ਦੀ ਮਰਯਾਦਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਸੰਬੰਧੀ ਕੀ ਉਪਦੇਸ਼ ਹੈ ? 2X10=20

~~~~~~~~~~~~~~~~~~~~
~~~~~~~~~~~~~~~~~~~~

(ਭਾਗ-ਸ)

ਹੇਠ ਲਿਖਿਆਂ ਵਿਚੋਂ ਦੋ ਵਿਸ਼ਿਆਂ ਬਾਰੇ ਭਾਵ ਪੂਰਵਕ ਜਾਣਕਾਰੀ ਦਿਓ :

1. ਕਿਰਤ ਕਰਨੀ
2. ਵੰਡ ਛਕਣਾ
3. ਅਰਦਾਸ ਦੀ ਮਹੱਤਤਾ 2X10=20

(ਭਾਗ-ਹ)

ਹੇਠ ਲਿਖਿਆਂ ਵਿਚੋਂ ਦਸ ਪ੍ਰਸ਼ਨਾਂ ਦੇ ਉੱਤਰ ਸੰਖੇਪ ਤੇ ਸਪੱਸ਼ਟ ਰੂਪ ਵਿਚ ਦਿਓ। ਹਰੇਕ ਪ੍ਰਸ਼ਨ ਦੇ 2 ਨੰਬਰ ਹਨ :

1. ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਦਾ ਇਤਿਹਾਸ ਕਿਸ ਸਮੇਂ ਨਾਲ ਸਬੰਧਿਤ ਹੈ ?
2. ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ ਮਾਤਾ ਸੁੰਦਰੀ ਜੀ ਨੇ ਨਵਾਬ ਕਪੂਰ ਸਿੰਘ ਪਾਸ ਕਦੋਂ ਭੇਜਿਆ ?
3. ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਨੇ ਮੱਸਾ ਰੰਘੜ ਤੋਂ ਕਿਵੇਂ ਬਦਲਾ ਲਿਆ ?
4. ਛੋਟੇ ਘੱਲੂਘਾਰੇ ਦੇ ਸਥਾਨ ਅਤੇ ਯਾਦਗਾਰ ਬਾਰੇ ਤੁਸੀਂ ਕੀ ਜਾਣਦੇ ਹੋ ?
5. ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾ ਕਿਉਂ ਕੀਤਾ ?
6. ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਦੀਵੇ ਮਚਾ ਕੇ ਆਰਤੀ ਕਰਨੀ ਜਾਂ ਟੱਲ ਖੜਕਾਉਣੇ ਆਦਿ ਸੰਬੰਧੀ ਕੀ ਉਪਦੇਸ਼ ਹੈ ?
7. ਸਾਧਾਰਨ ਪਾਠ ਤੋਂ ਕੀ ਭਾਵ ਹੈ ?
8. ਸਿੱਖ ਰਹਿਤ ਮਰਯਾਦਾ ਅਨੁਸਾਰ ਸਧਾਰਨ ਪਾਠ ਜਾਂ ਅਖੰਡ ਪਾਠ ਦੇ ਭੋਗ ਦੀ ਕੀ ਮਰਯਾਦਾ ਹੈ ?
9. ਨਾਮ ਜਪਣ ਵਾਲੇ ਦੀ ਮਹਿਮਾ ਜਪੁ ਜੀ ਸਾਹਿਬ ਬਾਣੀ ਵਿਚ ਕਿਵੇਂ ਬਿਆਨ ਕੀਤੀ ਹੈ ?
10. ਸਾਧ ਸੰਗਤ ਕਰਨ ਨਾਲ ਮਨੁੱਖ ਨੂੰ ਕੀ ਲਾਭ ਹੁੰਦਾ ਹੈ ?
11. 'ਸਿਮਰਨ' ਬਾਰੇ ਸੁਖਮਨੀ ਸਾਹਿਬ ਬਾਣੀ ਵਿਚ ਸਤਿਗੁਰਾਂ ਦਾ ਕੀ ਫੁਰਮਾਨ ਹੈ ?
12. ਗੁਰਮਤਿ ਵਿਚ ਅਰਦਾਸ ਕਰਨ ਦੇ ਕੀ ਨਿਯਮ ਦੱਸੇ ਗਏ ਹਨ ? 10X2=20